Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com

ਸਾਲ-5, ਅੰਕ-1, ਜਨਵਰੀ 2015

Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220

Registration No. 210836300

ਸੰਪਾਦਕੀ



## ਨਿੱਕੀਆਂ ਜਿੰਦਾਂ 'ਤੇ ਤਾਲਿਬਾਨੀ ਕਹਿਰ

ਦਹਿਸ਼ਤਗਰਦੀ ਅਖਾੜਿਆਂ ਵਿਚ ਸੰਸਾਰ ਪੱਧਰ 'ਤੇ ਖੇਡ ਰਹੇ ਧੜਿਆਂ ਵਲੋਂ ਕੌਮੀ ਕਦਰਾਂ-ਕੀਮਤਾਂ ਨੂੰ ਲਤਾੜਦੇ ਹੋਏ ਸੰਸਾਰ ਨੂੰ ਤਬਾਹੀ ਕੰਢੇ ਪਹੁੰਚਾਉਣ ਵਿਚ ਬਣਦਾ ਯੋਗਦਾਨ ਪਾਇਆ ਜਾ ਰਿਹਾ ਹੈ। ਬਿਨਾਂ ਕਿਸੇ ਨਾਢੂ ਖਾਂ ਦੀ ਪ੍ਰਵਾਹ ਦੇ, ਖੰਭ ਨਾ ਹੋਣ ਦੇ ਬਾਵਜੂਦ ਦਹਿਸ਼ਤਗਰਦ ਪਰਿੰਦੇ ਖੁੱਲ੍ਹੇ ਆਕਾਸ਼ ਵਿਚ ਕਲਾਬਾਜ਼ੀਆਂ ਲਾ ਰਹੇ ਹਨ। ਪਿਸ਼ਾਵਰ ਵਿਚ ਨਿੱਹਥੇ ਬਾਲ ਮਾਸੂਮਾਂ 'ਤੇ ਕੀਤਾ ਹਮਲਾ ਇਨ੍ਹਾਂ ਦੇ ਬੁਲੰਦ ਹੌਸਲਿਆਂ ਦੀ ਮਿਸ਼ਾਲ ਹੋ ਨਿਬੜਿਆ। ਹੋਮਵਰਕ ਦੀਆਂ ਤਿਆਰ ਕੀਤੀਆਂ ਡਾਇਰੀਆਂ ਵਾਂਗ 16 ਦਸੰਬਰ 2014, ਸਮਾਂ ਸਵੇਰੇ 10.30 ਵਜੇ ਦਿਨ ਮੰਗਲਵਾਰ ਤਾਲਿਬਾਨੀਆਂ ਦੀ ਦਹਿਸ਼ਤੀ ਡਾਇਰੀ ਵਿਚ ਪਹਿਲਾਂ ਹੀ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾ ਚੁੱਕਿਆ ਸੀ। ਸਮੇਂ ਦੀ ਨਜ਼ਾਕਤ ਨੂੰ ਵੇਖਦੇ ਹੋਏ ਦਹਿਸ਼ਤਗਰਦ ਨੀਮ ਫੌਜੀ ਬਲਾਂ ਦੀਆਂ ਵਰਦੀਆਂ ਪਹਿਨ ਆਰਮੀ ਮਕਤਬੇ ਦਾਖਲ ਹੋ ਗਏ। ਜ਼ਹਾਦੀ ਨਸ਼ੇ ਵਿਚ ਚੂਰ ਇਨ੍ਹਾਂ ਜਾਲਮਾਂ ਦੇ ਮਾਰੂ ਹਥਿਆਰਾਂ ਨੇ ਫੁੱਲਾਂ ਵਾਂਗ ਟਹਿਕਦੇ ਬੱਚਿਆਂ ਦੀਆਂ ਖੁਸ਼ੀਆਂ, ਚੀਕਾਂ ਵਿਚ ਬਦਲ ਦਿੱਤੀਆਂ। ਕੁਝ ਹੀ ਪਲਾਂ ਵਿਚ ਹਾਸਿਆਂ ਦੀ ਥਾਂ ਮਾਤਮ ਛਾ ਗਿਆ ਅਤੇ ਚਾਨਣ ਦੀ ਥਾਂ ਹਨੇਰੇ ਨੇ ਮੱਲ ਲਈ। ਦੇਖਦੇ ਹੀ ਦੇਖਦੇ 132 ਬੱਚਿਆਂ ਸਮੇਤ 141 ਜਾਨਾਂ ਮੌਤ ਦੀ ਝੋਲੀ ਸਮਾ ਗਈਆਂ। ਆਪਣੀ ਅਰਥੀ ਦੇ ਹਸਤਾਖ਼ਰ ਮੋਏ ਬੱਚਿਆਂ ਨੂੰ ਜਦੋਂ ਮਾਂ ਬਾਪ ਨੇ ਆਪਣੇ ਹੱਥੀਂ ਚੁੱਕਿਆ ਤਾਂ ਪੈਂਦੀਆਂ ਕਿਲਕਾਰੀਆਂ ਨੇ ਅਸਮਾਨ ਤੱਕ ਨੂੰ ਰਵਾ ਦਿੱਤਾ। ਇਸ ਵਹਿਸ਼ੀਆਣੇ ਹਮਲੇ ਨੇ ਵਾਹਗੇ ਦੇ ਆਰ-ਪਾਰ ਹੰਝੂਆਂ ਦਾ ਹੜ ਵਹਾ ਦਿੱਤਾ ਅਤੇ ਖਾਰੇ ਪਾਣੀ ਨੇ ਸਰਹੱਦ ਦੀਆਂ ਲਕੀਰਾਂ ਤੱਕ ਮਿਟਾ ਦਿੱਤੀਆਂ।

ਇਸ ਘਟਨਾ ਨੂੰ ਸਹਿਣ ਨਾ ਕਰਦੇ ਹੋਏ ਪਾਕਿਸਤਾਨ ਦੇ ਏ.ਆਰ.ਵਾਈ. ਚੈਨਲ ਦੀ ਐਂਕਰ ਸਨਮ ਬਲੋਚ ਫੁੱਟ-ਫੁੱਟ ਰੋ ਪਈ। ਮਰੇ ਬੱਚਿਆਂ ਦੀ ਸ਼ਰਧਾਂਜਲੀ ਹਿੱਤ ਮੋਮਬੱਤੀਆਂ ਬਾਲਣ ਵਾਲੀ ਸਨਮ, ਮੋਮਬੱਤੀਆਂ ਪਿਘਲਣ ਤੋਂ ਪਹਿਲਾਂ ਆਪ ਹੀ ਪਿਘਲ ਗਈ। ਇਸ ਸਮੇਂ ਉਸਦੇ ਮੂੰਹੋਂ ਨਿਕਲੇ ਆਪ ਮੁਹਾਰੇ ਸ਼ਬਦਾਂ, "ਮੈਂ ਨਾਉਮੀਦ ਹੂੰ। ਕੁਝ ਵੀ ਚੰਗਾ ਨਹੀਂ ਹੋਗਾ।" ਨੇ ਪਾਕਿ ਵਾਸੀਆਂ ਦੇ ਦਰਦ ਨੂੰ ਜ਼ਰਬਾਂ ਦੇ ਦਿੱਤੀਆਂ। ਬਲੋਚ ਦੀਆਂ ਇਨ੍ਹਾਂ ਭੁੱਲਾਂ ਵਿਚ ਲੋਕਾਂ ਦੇ ਭਵਿੱਖੀ ਸੁਪਨਿਆਂ ਦੀਆਂ ਤਸਵੀਰਾਂ ਚਕਨਾਚੂਰ ਹੋ ਗਈਆਂ। ਤਾਲਿਬਾਨੀ ਧਮਾਕੇ ਨਾਲ, ਤਾਲਿਬਾਨ ਨੇ ਜਿਥੇ ਫੌਜੀ ਕਾਰਵਾਈਆਂ ਦੀ ਭਾਜੀ ਮੋੜੀ, ਉਥੇ ਹੀ ਨੋਬਲ ਪੁਰਸਕਾਰ ਜੇਤੂ ਮਲਾਲਾ ਯੂਸਫਜ਼ਈ ਦੀ ਕੁੜੀਆਂ ਪ੍ਰਤੀ ਸ਼੍ਰੋਮਣੀ ਸੋਚ ਨੂੰ ਕੁਚਲਣ ਦਾ ਪੈਗਾਮ ਵੀ ਦੇ ਦਿੱਤਾ। ਕਦੇ ਪਾਕਿ ਦੀ ਝੋਲੀ ਵਿਚ ਪਲਣ ਵਾਲਾ ਇਹ ਸਪੋਲੀਆ ਅੱਜ ਸੱਪ ਬਣਕੇ ਇਸਦੇ ਵਾਸੀਆਂ ਨਾਲ ਹੀ ਸ਼ਿਕਾਰ ਖੇਡ ਰਿਹਾ ਹੈ। 'ਸਪੋਲੀਏ ਤੋਂ ਸੱਪ ਬਣਿਆ ਤਾਲਿਬਾਨ ਅੱਜ ਆਪਣੇ ਪਾਲਣ ਹਾਰ ਨੂੰ ਹੀ ਭੁੱਲ ਬੈਠਾ ਹੈ। ਲੰਬੇ ਸਮੇਂ ਤੋਂ ਦਹਿਸ਼ਤਗਰਦੀ ਲਈ ਪਨਾਹਗਾਰ ਬਣੇ ਪਾਕਿਸਤਾਨ ਨੂੰ ਦੁਨੀਆ ਦੇ ਕੁੱਲ ਦੇਸ਼ਾਂ ਵਿਚ 'ਸਨੇਕ ਕੰਟਰੀ' ਦਾ ਲਕਬ ਮਿਲਿਆ ਹੋਇਆ ਹੈ। 'ਖੂਹ ਪੁਟਦੇ ਨੂੰ ਖਾਤਾ ਤਿਆਰ' ਵਾਲੀ ਕਹਾਵਤ ਪਾਕਿਸਤਾਨ ਉਪਰ ਖੂਬ ਢੁੱਕਦੀ ਹੈ। ਦੂਜਿਆਂ ਦੇ ਖ਼ਾਤਮੇ ਦੀ ਸੋਚਣ ਵਾਲਾ, ਅੱਜ ਆਪ ਹੀ ਬੈਂਟੀਲੇਟਰ ਤੇ ਪਿਆ ਨਜ਼ਰ ਆ ਰਿਹਾ ਹੈ। ਦਹਿਸ਼ਤਗਰਦੀ ਬੇਲਗਾਮ ਦੌੜ ਰਹੀ ਹੈ। ਸਪੋਲੀਏ ਦੀ ਮਾਂ, ਪਾਕਿ ਧਰਤੀ ਨੂੰ ਇਸ ਦਾ ਕੋਈ ਤੋੜ ਨਹੀਂ ਲੱਭ ਰਿਹਾ। ਪਾਕਿ ਸਰਕਾਰ ਨੂੰ ਹੋਏ ਅਹਿਸਾਸ ਵਿਚ ਬਹੁਤ ਦੇਰੀ ਹੋ ਚੁੱਕੀ ਹੈ। ਇਹ ਅੱਤਵਾਦੀਆਂ ਪ੍ਰਤੀ ਜਿਸ ਅਹਿਸਾਸ ਦੀ ਗੱਲ ਅੱਜ ਕਰ ਰਿਹਾ ਹੈ ਜੇਕਰ ਇਹ ਅਹਿਸਾਸ ਕੁਝ ਸਮਾਂ ਪਹਿਲਾਂ ਹੋ ਜਾਂਦਾ ਤਾਂ ਮਾਂ-ਬਾਪ ਆਪਣੇ ਜਿਗਰ ਦੇ ਟੁਕੜਿਆਂ ਨੂੰ ਹੱਥ ਨਾ ਧੋਣੇ ਪੈਂਦੇ।

ਅੰਤ ਵਿਚ ਅਸੀਂ ਇਹ ਹੀ ਕਹਿ ਸਕਦੇ ਹਾਂ ਕਿ ਇਹ ਵਰਤਾਰਾ ਪਾਕਿ ਸਬੰਧੀ ਨਾ ਹੋ ਕੇ ਸਮੁੱਚੇ ਕੌਮੀ ਪੱਧਰ ਲਈ ਇਕ ਵੰਗਾਰ ਹੈ ਅਤੇ ਇਸ ਦਾ ਹੱਲ ਵੀ ਕੌਮੀ ਪੱਧਰ 'ਤੇ ਹੀ ਹੋਣਾ ਚਾਹੀਦਾ ਹੈ।

- ਹਰਬੰਸ ਸਿੰਘ



6

ਹੈਲੋ, ਮੈਂ ਪੰਜਾਬ ਬੋਲਦਾ ਹਾਂ ! ਮੇਰੀ ਫ਼ਰਿਆਦ ਸੁਣੋ !!



10

ਅੰਧ ਵਿਸ਼ਵਾਸ-ਪ੍ਰਧਾਨ ਮੰਤਰੀ ਅਤੇ ਇਕ ਦਹਿਸ਼ਤੀ ਚੁੱਪ..,



26

ਨਾਗਪੁਰ ਸੈਂਟਰਲ ਜੇਲ੍ਹ ਤੋਂ ਹੇਮ ਮਿਸ਼ਰਾ ਦਾ ਖਤ




28

ਸਿੱਖ ਸੰਕਲਪ ਬਨਾਮ ਜਾਤ-ਪਾਤ ਦਾ ਵਰਤਾਰਾ

SUPER VISA INSURANCE

Punjab Insurance Inc PUNJAB INSURANCE INC.



Sherjang Singh Rana
416.910.9000

• Life Insurance • Mortgage Insurance
• Critical Illness Insurance • Disability Insurance
• RESP, RRSP

www.punjabinsurance.ca



Ravinder Singh Basra
416.845.6232

# ਅੱਤਵਾਦੀ ਪਾਗਲਪਣ ਦੀ ਇਤਿਹਾਸ-ਪਿਸ਼ਾਵਰ ਸਕੂਲ ਹਮਲਾ



ਦਰਬਾਰਾ ਸਿੰਘ ਕਾਹਲੋਂ

16 ਦਸੰਬਰ, 2014 ਨੂੰ ਪਿਸ਼ਾਵਰ ਅੰਦਰ ਆਰਮੀ ਪਬਲਿਕ ਸਕੂਲ ਅਤੇ ਡਿਗਰੀ ਕਾਲਜ ਕੰਪਲੈਕਸ ’ਤੇ 7 ਖੂੰਖਾਰ ਤਹਿਰੀਕ-ਏ-ਤਾਲਿਬਾਨ ਆਫ਼ ਪਾਕਿਸਤਾਨ ਦੇ ਮਿਲੀਟੈਂਟਾਂ ਵਲੋਂ ਹਮਲਾ ਸੰਨ 2014 ਦੇ ਆਖ਼ਰੀ ਦਿਨਾਂ ਵਿਚ ‘ਅੱਤਵਾਦੀ ਪਾਗਲਪਣ ਦੀ ਬੇਮਿਸਾਲ ਇਤਹਾਸ’ ਹੋ ਗੁਜ਼ਰਿਆ ਹੈ। ਇਸ ਹਮਲੇ ਵਿਚ ਅੱਤਵਾਦੀਆਂ ਨੇ ਬੇਗੁਨਾਹ ਮਾਸੂਮ 132 ਵਿਦਿਆਰਥੀ ਅਤੇ 9 ਅਧਿਆਪਕਾਂ ਅਤੇ ਹੋਰ ਸਕੂਲ ਸਟਾਂਫ਼ ਮੈਂਬਰ ਮਾਰ ਮੁਕਾਏ। ਇਹ ਮਿਲੀਟੈਂਟ ਜੋ ਅਰਧ ਫੌਜੀ ਬਲਾਂ ਦੀ ਵਰਦੀ ਵਿਚ ਐਸਾ ਬਰਬਰਤਾਪੂਰਵਕ ਕਾਰਨਾਮਾ ਅੰਜਾਮ ਦੇਣ ਲਈ ਸਵੇਰੇ 10.30 ਵਜੇ ਘੁਸੇ ਸਨ ਆਖ਼ਰ ਜ਼ਬਰਦਸਤ ਗੋਲੀਬਾਰੀ ਮੁਕਾਬਲੇ ਵਿਚ ਫੌਜੀ ਬਲਾਂ ਦੀ ਕਾਰਵਾਈ ਵਿਚ ਸ਼ਾਮ ਨੂੰ ਮਾਰੇ। ਇਨ੍ਹਾਂ ਵਿਚੋਂ 4 ਨੇ ਤਾਂ ਆਪਣੇ ਆਪ ਨੂੰ ਉਡਾ ਲਿਆ।

ਸਾਲ 2014 ਦੇ ਅੰਦਰ ਅਨੇਕ ਥਾਵਾਂ ’ਤੇ ਅੱਤਵਾਦੀ ਹਮਲਿਆਂ ਦੀਆਂ ਘਟਨਾਵਾਂ ਵਾਪਰੀਆਂ। ਇਰਾਕ ਅਤੇ ਸੀਰੀਆ ਅੰਦਰ ਆਈ. ਐਸ. ਆਈ. ਐਸ. ਜਹਾਦੀ ਤਨਜ਼ੀਮ ਨੇ ਵੱਡਾ ਤਹਿਲਕਾ ਮਚਾ ਰੱਖਿਆ। ਕੈਨੇਡਾ ਦੀ ਪਾਰਲੀਮੈਂਟ ਅਤੇ ਸਿਡਨੀ (ਆਸਟ੍ਰੇਲੀਆ) ਵਿਚ ਇਕੱਲੇ ਇਕੱਲੇ ਅੱਤਵਾਦੀ ਵਲੋਂ ਹਮਲੇ ਹੋਏ। ਅਪ੍ਰੈਲ, 2014 ਵਿਚ ਨਾਇਜੇਰੀਆਈ ਇਸਲਾਮਿਕ ਮਿਲੀਟੈਂਟ ਗਰੁੱਪ ਬੋਕੋ-ਹਰਮ ਨੇ ਇਕ ਸਕੂਲ ਵਿਚੋਂ 300 ਦੇ ਕਰੀਬ ਵਿਦਿਆਰਥਣਾਂ ਅਗਵਾ ਕਰ ਲਈਆਂ ਪਰ ਉਨ੍ਹਾਂ ਨੇ ਮੁਸਲਿਮ ਲੜਕੀਆਂ ਦੀ ਪੜ੍ਹਾਈ ਦੇ ਵਿਰੋਧ ਵਿਚ ਅਗਵਾ ਵਿਦਿਆਰਥਣਾਂ ਨੂੰ ਕਤਲ ਨਾ ਕੀਤਾ।

ਤਾਲਿਬਾਨਾਂ ਨੇ ਇਹ ਹਮਲਾ ਪਾਕਿਸਤਾਨੀ ਫੌਜ ਵਲੋਂ ਉਨ੍ਹਾਂ ਦੇ ਖੈਬਰ-ਪਖਤੂਨਵਾ ਪ੍ਰਾਂਤ ਵਿਚ ਕਬਾਇਲੀ ਇਲਾਕਿਆਂ ਅਤੇ ਵਜ਼ੀਰਸਤਾਨ ਵਿਚੋਂ ਉਨ੍ਹਾਂ ਦੇ ਸਫ਼ਾਏ ਲਈ ਸ਼ੁਰੂ ਕੀਤੇ ‘ਜ਼ਬਰ-ਏ-ਅਜ਼ਬ’ ਅਪ੍ਰੇਸ਼ਨ ਦੇ ਬਦਲੇ ਵਜੋਂ ਕੀਤਾ। ਫ਼ੌਜੀ ਅਪਰੇਸ਼ਨ ਵਿਚ ਹੁਣ ਤੱਕ ਤਾਲਿਬਾਨਾਂ ਦੇ ਕਰੀਬ 1800 ਅੱਤਵਾਦੀ, ਪਰਿਵਾਰਕ ਮੈਂਬਰ, ਬੱਚੇ ਅਤੇ ਔਰਤਾਂ ਮਾਰ ਦਿੱਤੇ। ਉਨ੍ਹਾਂ ਦੇ ਟਿਕਾਣੇ ਅਤੇ ਰਿਹਾਇਸ਼ਗਾਹਾਂ ਢਹਿ ਢੇਰੀ ਕੀਤੇ।

ਤਾਲਿਬਾਨਾਂ ਦੇ ਬੁਲਾਰੇ ਮੁਹੰਮਦ ਖੁਰਾਸਾਨੀ ਇਸ ਹਮਲੇ ਸਬੰਧੀ ਜਾਰੀ ਬਿਆਨ ਵਿਚ ਸਪਸ਼ਟ ਕੀਤਾ, “ਅਸੀਂ ਇਸ ਹਮਲੇ ਲਈ ਆਰਮੀ ਸਕੂਲ ਇਸ ਲਈ ਨਿਸ਼ਾਨਾ ਬਣਾਇਆ ਕਿਉਂਕਿ ਸਰਕਾਰ ਅਤੇ ਫੌਜ ਸਾਡੇ ਪਰਿਵਾਰਾਂ, ਔਰਤਾਂ ਅਤੇ ਬੱਚਿਆਂ ਨੂੰ ਨਿਸ਼ਾਨਾ ਬਣਾ ਰਹੀ ਹੈ। ਅਸੀਂ ਚਾਹੁੰਦੇ ਹਾਂ ਕਿ ਉਨ੍ਹਾਂ ਨੂੰ ਵੀ ਪੀੜ ਮਹਿਸੂਸ ਹੋਵੇ।”

ਫੌਜ ਵਲੋਂਉਤਰੀ ਵਜ਼ੀਰਸਤਾਨ ਅਤੇ ਖੁਦਮੁਖਤਾਰ ਕਬਾਇਲੀ ਖੇਤਰਾਂ ਵਿਚ ਕਾਰਵਾਈ ਦੌਰਾਨ ਜਿਸ ਬ੍ਰਿਗੇਡ ਵਲੋਂ ਕਾਰਵਾਈ ਕੀਤੀ ਜਾ ਰਹੀ ਹੈ ਉਹ ਦਾ ਹੈਡਕੁਆਰਟਰ ਪਿਸ਼ਾਵਰ ਹੋਣ ਕਰਕੇ ਹੀ ਤਾਲਿਬਾਨ ਮਿਲੀਟੈਂਟਾਂ ਨੇ ਆਰਮੀ ਸਕੂਲ ਪਿਸ਼ਾਵਰ ਨੂੰ ਆਪਣੇ ਹਮਲੇ ਦਾ ਸ਼ਿਕਾਰ ਬਣਾਇਆ ਤਾਂ ਕਿ ਉਨ੍ਹਾਂ ਦੇ ਬੱਚੇ ਨਿਸ਼ਾਨਾ ਬਣਾਏ ਜਾ ਸਕਣ। ਉਨ੍ਹਾਂ ਦੇ ਪਰਿਵਾਰਾਂ ਨੂੰ ਜ਼ਬਰ ਪਹੁੰਚਾਉਣ ਵਾਲਿਆਂ ਦੇ ਪਰਿਵਾਰਾਂ ਨੂੰ ਵੀ ਜ਼ਰਬ ਮਹਿਸੂਸ ਹੋ ਸਕੇ।

ਪਾਕਿਸਤਾਨ ਜੋ ਅੱਜ ਅੱਤਵਾਦੀ ਹਮਲਿਆਂ ਦਾ ਬੁਰੀ ਤਰ੍ਹਾਂ ਸ਼ਿਕਾਰ ਹੈ, ਇਸ ਲਈ ਇਹ ਖੁਦ ਜ਼ਿੰਮੇਵਾਰ ਹੈ। ਉਰਦੂ ਜ਼ੁਬਾਨ ਦਾ ਮਸ਼ਹੂਰ ਸ਼ੇਅਰ ਇਸ ਘਟਨਾਕ੍ਰਮ ਦੀ ਬਾਖੂਬੀ ਬਿਆਨੀ ਕਰਦਾ ਹੈ :

“ਵਕਤ ਕਰਤਾ ਹੈ ਪਰਵਰਿਸ਼ ਬਰਸੋਂ,
ਹਾਦਸਾ ਏਕ ਦਮ ਨਹੀਂ ਹੋਤਾ।”

ਸੋਵੀਅਤ ਯੂਨੀਅਨ ਫੌਜ ਵਲੋਂ ਅਫ਼ਗਾਨਿਸਤਾਨ ਅੰਦਰ ਦਖ਼ਲ ਨਾ ਵਿਰੋਧ ਜਨਰਲ ਜ਼ਿਆ ਉੱਲ ਹੱਕ ਹਕੂਮਤ ਨੇ ਅਮਰੀਕਾ ਅਤੇ ਪੱਛਮੀ ਦੇਸ਼ਾਂ ਦੀ ਉਕਸਾਹਟ ਅਤੇ ਸਾਊਦੀ ਅਰਬ ਦੇ ਧੰਨ ਨਾਲ ਕਰਨਾ ਸ਼ੁਰੂ ਕੀਤਾ। ਅਫ਼ਗਾਨਿਸਤਾਨ ਵਿਚੋਂ ਸੋਵੀਅਤ ਫੌਜਾਂ ਦੇ ਨਿਕਾਲੇ ਲਈ ਅਰਬ,ਪਸ਼ਤੂਨ ਅਤੇ ਕਬਾਇਲੀ ਗੁਰੀਲੇ, ਸੀ. ਆਈ. ਏ. ਅਮਰੀਕੀ ਖੁਫ਼ੀਆ ਏਜੰਸੀ ਨੇ ਪਿਸ਼ਾਵਰ ਨੂੰ ਹੈਡਕੁਆਰਟਰ ਬਣਾ ਕੇ, ਤਿਆਰ ਕਰਨੇ ਸ਼ੁਰੂ ਕਰ ਦਿੱਤੇ। ਉਨ੍ਹਾਂ ਦੇ ਹੱਥਾਂ ਵਿਚ ਬੰਦੂਕਾਂ, ਗੋਲੀ ਸਿੱਕਾ ਸਿਖਲਾਈ ਰਾਹੀਂ ਦੇ ਕੇ ਅਫ਼ਗਾਨਿਸਤਾਨ ਵਿਚ ਧੱਗਿਆ ਓਸਾਮਾ ਬਿਲ ਲਾਦੇਨ ‘ਅੱਲ ਕਾਇਦਾ’ ਸਰਗਣਾ ਵੀ ਅਮਰੀਕੀ-ਪਾਕਿਸਤਾਨ ਦੀ ਇਸੇ ਨੀਤੀ ਦੀ ਦੇਣ ਸੀ ਜਿਸ ਨੇ ਅਮਰੀਕੀ ਵਰਲਡ ਸੈਂਟਰ ਨੂੰ 11 ਸਤੰਬਰ, 2001 (9/11) ਕਾਰਵਾਈ ਰਾਹੀਂ ਉਡਾਇਆ ਸੀ। ਅਫ਼ਗਾਨਿਸਤਾਨ ਵਿਚੋਂ ਸੋਵੀਅਤ ਫੌਜਾਂ ਤਾਂ ਨਿਕਲ ਗਈਆਂ ਪਰ ਪਸ਼ਤੂਨ-ਅਰਬ ਮਿਲੀਟੈਂਟਾਂ ਪਿਸ਼ਾਵਰ ਨੂੰ ਨਹੀਂ ਛੱਡਿਆ। 80ਵੀਂ ਦਹਾਕੇ ਤੋਂ ਉਨ੍ਹਾਂ ਦਾ 20 ਲੱਖ ਆਬਾਦੀ ਦੇ ਸ਼ਹਿਰ ਪਿਸ਼ਾਵਰ ਅਤੇ ਕਬਾਇਲੀ ਖੇਤਰਾਂ ਵਿਚ ਕਬਜ਼ਾ ਜਾਰੀ ਰਿਹਾ। ਫੌਜ ਅਤੇ ਪੁਲਿਸ ਲਗਾਤਾਰ ਤਮਾਸ਼ਬੀਨ ਬਣੀ ਚਲੀ ਰਹੀ।

ਸੰਨ 1992 ਤੋਂ ਸ਼ੀਆ ਫਿਰਕੇ ਨੂੰ ਨਿਸ਼ਾਨਾ ਬਣਾਇਆ ਜਾਣ ਲੱਗਾ। ਸੁੰਨੀ ਮੁਸਲਮਾਨਾਂ ਨੇ ਮਿਲੀਟੈਂਟਾਂ ਦਾ ਸਾਥ ਜਾਰੀ ਰੱਖਿਆ। 28 ਅਕਤੂਬਰ, 2009 ਵਿਚ ਮੀਨਾ ਬਜ਼ਾਰ ਪਿਸ਼ਾਵਰ ਵਿਚ ਮਿਲੀਟੈਂਟਾਂ ਵਲੋਂ ਇਕ ਕਾਰ ਬੰਬ ਧਮਾਕੇ ਵਿਚ 137 ਲੋਕ ਮਾਰ ਮੁਕਾਏ ਸਨ। ਸਤੰਬਰ, 2013 ਵਿਚ ਤਾਲਿਬਾਨਾਂ ਨੇ ਪਿਸ਼ਾਵਰ ਅੰਦਰ ਇਕ ਈਸਾਈ ਚਰਚ ਨੂੰ ਨਿਸ਼ਾਨਾ ਬਣਾਇਆ ਜਿਸ ਵਿਚ 127 ਈਸਾਈ ਇਬਾਦਤ ਕਰਦੇ ਮਾਰੇ ਗਏ ਅਤੇ 250 ਦੇ ਕਰੀਬ ਜ਼ਖ਼ਮੀ ਹੋਏ।

ਪਾਕਿਸਤਾਨ ਅੰਦਰ ਸੰਨ 2001 ਤੋਂ ਤਾਲਿਬਾਨੀ ਹਮਲਿਆਂ ਵਿਚ 50,000 ਤੋਂ ਵੱਧ ਲੋਕ ਮਾਰੇ ਗਏ ਹਨ। ਤਾਲਿਬਾਨਾਂ ਨਾਲ ਪਾਕਿਸਤਾਨ ਫੌਜ ਦੀ ਜੰਗ ਬਹੁਤ ਹੀ ਪੇਚੀਦਾ ਦੌਰ ਵਿਚ ਪਹੁੰਚ ਚੁੱਕੀ ਹੈ। ਉਨ੍ਹਾਂ ਦੇ ਹੌਸਲੇ ਬਹੁਤ ਵਧੇ ਹੋਏ ਹਨ।





AVTAR SINGH KAMBOJ
Real Estate Representative
Dir: 416-319-9830
Email: akamboj@trebnet.com
Sutton
Residential, Commercial & Investment
SUTTON-ROYAL REALTY BROKERAGE
INDEPENDENTLY OWNED AND OPERATED
45 Woodbine Downs Blvd., #3
Toronto, Ontario M9W 6N5
Bus: 416-748-7900 Fax: 416-674-1682



INSURANCE!
Save up to 51%
• Auto • Home
• Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
905.459.0555
270 Orenda Rd., Unit # 200 Brampton, ON L6T 4X6

ਪਾਕਿਸਤਾਨ ਪਹਿਲਾਂ ਤਾਂ ਤਾਲਿਬਾਨਾਂ ਨੂੰ ਭਾਰਤ ਅਤੇ ਪਾਕਿਸਤਾਨ ਸਰਹੱਦਾਂ ਤੇ ਵਾੜ ਵਜੋਂ ਵਰਤਦਾ ਰਿਹਾ ਹੈ। ਉਨ੍ਹਾਂ ਨੂੰ ਫੌਜੀ ਸਿਖਲਾਈ ਅਤੇ ਗੋਲਾ ਬਾਰੂਦ ਮੁਹੱਈਆ ਕਰਵਾ ਕੇ ਭਾਰਤ ਅਤੇ ਅਫ਼ਗਾਨਿਸਤਾਨ ਅੰਦਰ ਧਕੇਲਦਾ ਰਿਹਾ ਹੈ ਅਤਿਵਾਦੀ ਕਾਰਵਾਈਆਂ ਲਈ। ਅਮਰੀਕਾ, ਪੱਛਮ ਅਤੇ ਸਾਊਦੀ ਅਰਬ ਤੋਂ ਮਿਲੀਅਨ ਡਾਲਰ ਇਮਦਾਦ ਪ੍ਰਾਪਤ ਕਰਦਾ ਰਿਹਾ ਹੈ। ਅਮਰੀਕਾ ਇਸ ਦੋਹਰੀ ਚਾਲ ਤੋਂ ਭਲੀਭਾਂਤ ਜਾਣੂ ਹੈ ਪਰ ਪਾਕਿਸਤਾਨ ਨੂੰ ਯੁੱਧਨੀਤਕ ਫੌਜੀ ਅੱਡੇ ਵਜੋਂ ਛੱਡਣ ਲਈ ਤਿਆਰ ਨਹੀਂ।

ਅੱਜ ਤਾਲਿਬਾਨ ਦੇ ਦੋ ਗੁੱਟ ਆਈ. ਐਸ. ਆਈ. ਐਸ. ਨਾਲ ਹੱਥ ਮਲਾ ਚੁੱਕੇ ਹਨ। ਉਨ੍ਹਾਂ ਦਾ ਮੁੱਖ ਨਿਸ਼ਾਨਾ ਪਾਕਿਸਤਾਨ ਰਾਜ 'ਤੇ ਕਬਜ਼ਾ ਕਰਨਾ ਹੈ। ਇਸ ਦੇਸ਼ ਅੰਦਰ ਮੁਸਲਿਮ ਕੱਟੜਵਾਦੀ ਆਈ. ਐਸ. ਆਈ. ਐਸ. ਹਕੂਮਤ ਸਥਾਪਤ ਕਰਨਾ ਹੈ। ਆਰਮੀ ਸਕੂਲ ਤੇ ਹਮਲਾ ਪਾਕਿਸਤਾਨੀ ਫੌਜ ਅਤੇ ਨਵਾਜ਼ ਸ਼ਰੀਫ਼ ਸਰਕਾਰ ਲਈ ਖ਼ਤਰੇ ਦੀ ਘੰਟੀ ਸਾਬਤ ਹੋ ਰਿਹਾ ਹੈ। ਇਸ ਤੋਂ ਪਹਿਲਾਂ ਤਾਲਿਬਾਨ ਰਾਵਲਪਿੰਡੀ ਦੇ ਫੌਜੀ ਕਨਟੋਨਮੈਂਟ, ਕਰਾਚੀ ਦੇ ਸਮੁੰਦਰੀ ਫੌਜ ਦੇ ਹੈਡਕੁਆਰਟਰ ਅਤੇ ਪਿਸ਼ਾਵਰ ਹਵਾਈ ਅੱਡੇ ਕਾਮਰਾ ਅਤੇ ਕੌਮਾਂਤਰੀ ਅੱਡੇ ਨੂੰ ਆਪਣਾ ਨਿਸ਼ਾਨਾ ਬਣਾ ਚੁੱਕੇ ਹਨ।

ਪਿਸ਼ਾਵਰ ਸ਼ਹਿਰ ਅਤੇ ਇਲਾਕਾ ਬਹੁਤ ਹੀ ਪੁਰਾਣਾ ਸ਼ਾਨਾਮੱਤਾ ਇਤਿਹਾਸ ਅਤੇ ਸਭਿਆਚਾਰ ਆਪਣੀਆਂ ਪਰਤਾਂ ਵਿਚ ਸਮੋਈ ਬੈਠਾ ਹੈ। ਇਹ ਸ਼ਹਿਰ ਮਹਾਨ ਅਸ਼ੋਕ ਅਤੇ ਕਨਿਸ਼ਕ ਦੀ ਛੋਹ ਅਤੇ ਸਭਿਆਚਾਰ ਦਾ ਕੇਂਦਰ ਰਿਹਾ। ਬੁੱਧ ਧਰਮ ਦਾ ਵਿਸ਼ੇਸ਼ ਕੇਂਦਰ ਰਿਹਾ। ਸਿੱਖ ਰਾਜ ਵੇਲੇ ਮਹਾਨ ਜੰਗਜੂ ਜਰਨੈਲ ਹਰੀ ਸਿੰਘ ਨਲੂਆ ਇਸ ਦਾ ਗਵਰਨਰ ਰਿਹਾ। ਵਿਦਿਆ, ਤਹਿਜ਼ੀਬ, ਧਰਮ ਦਰਸ਼ਨ ਦਾ ਕੇਂਦਰ ਰਿਹਾ। ਲੇਕਿਨ ਇਸ 'ਤੇ ਤਾਲਿਬਾਨ ਗਲਬੇ ਨੇ ਇਸ ਸ਼ਹਿਰ ਦੀ ਤਹਿਜ਼ੀਬ, ਸਭਿਆਚਾਰ, ਭਾਈਚਾਰੇ ਦਾ ਨਾਸ ਸੁੱਟ ਦਿੱਤਾ। ਸਿੱਖ ਵਪਾਰੀ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਕਰਕੇ ਉਹ ਵੱਡੀ ਗਿਣਤੀ ਵਿਚ ਹਿਜ਼ਰਤ ਕਰ ਗਏ ਹਨ।

ਤਾਲਿਬਾਨਾਂ ਨੇ ਖੈਬਰ-ਪਖਤੂਨਵਾ ਦੇ ਵੱਡੇ ਹਿੱਸਿਆਂ ਵਿਚ ਸਕੂਲ ਢਹਿ ਢੇਰੀ ਕਰ ਦਿੱਤੇ ਹਨ। ਖਾਸ ਕਰਕੇ ਲੜਕੀਆਂ ਦੇ ਸਕੂਲ। ਸਵਾਤ ਘਾਟੀ ਵਿਚ ਔਰਤ ਸਿੱਖਿਆ ਨੂੰ ਪ੍ਰੋਤਸਾਹਤ ਕਰਨ ਵਾਲੀ ਮਲਾਲਾ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ। ਉਸ ਦੀ ਤਾਲਿਬਾਨਾਂ ਵਿਰੁੱਧ ਜੰਗ ਅਤੇ ਅਸੀਮ ਹੌਂਸਲੇ ਕਰਕੇ ਸਭ ਤੋਂ ਛੋਟੀ ਉਮਰ ਦੀ ਲੜਕੀ ਨੂੰ ਨੋਬਲ ਇਨਾਮ ਨਾਲ ਸਨਮਾਨਿਤ ਕੀਤਾ ਗਿਆ ਹੈ। ਪਾਕਿਸਤਾਨ ਦੇ 8 ਮਿਲੀਅਨ ਸਕੂਲ ਵੰਚਿਤ ਬੱਚਿਆਂ ਨੂੰ ਜਿਨ੍ਹਾਂ ਵਿਚ ਦੋ ਤਿਹਾਈ ਲੜਕੀਆਂ ਸ਼ਾਮਲ ਹਨ, ਨੂੰ ਮਲਾਲ ਯੂਸਫ਼ਜ਼ਈ ਸੰਨ 2015 ਵਿਚ ਇਗਲੈਂਡ ਤੋਂ ਸੁਦੇਸ਼ ਪਰਤ ਕੇ ਸਕੂਲ ਭੇਜਣ ਦੀ ਲਹਿਰ ਚਲਾਉਣਾ ਚਾਹੁੰਦੀ ਹੈ, ਪਰ ਵਿਰੋਧ ਵਿਚ ਖੜ੍ਹੇ, ਤਾਲਿਬਾਨ ਉਸ ਨੂੰ ਮਾਰ ਮੁਕਾਉਣ ਲਈ ਤੁਲੇ ਹੋਏ ਹਨ। ਤਾਲਿਬਾਨ ਇਨ੍ਹਾਂ ਇਲਾਕਿਆਂ ਵਿਚੋਂ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਅਗਵਾ ਕਰਕੇ ਪੁਲਿਸ ਅਤੇ ਫੌਜ ਵਲੋਂ ਪਕੜੇ ਮਿਲੀਟੈਂਟ ਨੂੰ ਛੁਡਾਉਣ ਲਈ ਵਰਤਦੇ ਹਨ। ਇਸ ਨੀਤੀ ਵਿਚ ਡਾ. ਅਜਮਲ ਖਾਨ ਵੀ ਸ਼ਾਮਲ ਹਨ ਜੋ ਪਿਸ਼ਾਵਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸਨ। ਉਨ੍ਹਾਂ ਨੂੰ ਅਗਵਾ ਕਰਕੇ 4 ਸਾਲਾਂ ਬਾਅਦ ਮਿਲੀਟੈਂਟਾਂ ਦੀ ਰਿਹਾਈ ਬਦਲੇ ਛੱਡਿਆ। ਮੱਧ ਏਸ਼ੀਆਈ ਖਿੱਤੇ 'ਚ ਨਸ਼ਿਆਂ ਦੇ ਵਪਾਰ ਲਈ ਇਹ ਜ਼ਿੰਮੇਵਾਰ ਹਨ।

ਪਾਕਿਸਤਾਨ ਦੇ ਧਾਰਮਿਕ ਮੁਲਾਣੇ, ਜਗੀਰਦਾਰ, ਕਬਾਇਲੀ ਸਰਗਣੇ, ਰਾਜਨੀਤਕ ਦਲ ਅਤੇ ਬਦਨਾਮ ਖੁਫ਼ੀਆ ਏਜੰਸੀ ਆਈ. ਐਸ. ਆਈ. ਇਨ੍ਹਾਂ ਤਾਲਿਬਾਨਾਂ ਦੇ ਕੁਝ ਗੁੱਟਾਂ ਦੀ ਮਦਦ ਕਰਦੇ ਹਨ। ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੇ ਅਸਤੀਫ਼ੇ ਦੀ ਮੰਗ ਕਰ ਰਹੇ ਤਹਿਰੀਕ-ਏ-ਇਨਸਾਫ਼ ਆਗੂ ਇਮਰਾਨ ਖਾਨ ਸਰਕਾਰ ਤੋਂ ਤਾਲਿਬਾਨਾਂ ਨਾਲ ਗੱਲਬਾਤ ਸ਼ੁਰੂ ਕਰਨ ਦੀ ਮੰਗ ਕਰ ਰਹੇ ਹਨ। ਪਾਕਿਸਤਾਨ ਸਾਖ਼ਰਤਾ ਖੇਤਰ 'ਚ 20 ਦੇਸ਼ਾਂ ਵਿਚੋਂ 113ਵਾਂ ਸ਼ਰਮਨਾਕ ਥਾਂ ਰੱਖਦਾ ਹੈ ਜਿਸ ਦੇ 4 ਪ੍ਰਤੀਸ਼ਤ ਲੋਕ ਅਨਪੜ੍ਹ ਅਤੇ 56 ਪ੍ਰਤੀਸ਼ਤ ਸਾਖ਼ਰ ਹਨ। ਹੈਰਾਨਗੀ ਦੀ ਗੱਲ ਇਹ ਹੈ ਕਿ ਖੈਬਰ ਪਖਤੂਨਵਾ ਰਾਜ ਵਿਚ ਤਾਲਿਬਾਨੀ ਵਿਚਾਰਧਾਰਾ ਸਕੂਲ ਸਿਲੇਬਸ ਵਿਚ ਸ਼ਾਮਲ ਕੀਤੀ ਗਈ ਹੈ। ਗਰੀਬ, ਅਨਪੜ੍ਹ, ਬੇਰੁਜ਼ਗਾਰ ਲੋਕ ਇਸ ਖੂੰਖਾਰ ਅਮਾਨਵੀ ਤਨਜ਼ੀਮ ਦੇ ਧੜਾਧੜ ਰੰਗਰੂਟ ਬਣ ਰਹੇ ਹਨ।

ਇਸ ਅੱਤਵਾਦੀ ਪਾਗਲਾਨਾ ਘਟਨਾ ਦੀ ਪੂਰੇ ਵਿਸ਼ਵ ਦੇ ਆਗੂਆਂ, ਯੂ. ਐਨ. ਸਕੱਤਰ ਜਨਰਲ ਬਾਨ ਕੀ ਮੂਨ, ਧਾਰਮਿਕ ਅਤੇ ਸਮਾਜ ਸੇਵੀ ਸ਼ਖਸੀਅਤਾਂ ਘੋਰ ਨਿੰਦਾ ਕੀਤੀ ਹੈ। ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਆਪਣੇ ਹਮਰੁਤਬਾ ਨਵਾਜ਼ ਸ਼ਰੀਫ਼ ਨਾਲ ਟੈਲੀਫੋਨ 'ਤੇ ਦੁਖ ਪ੍ਰਗਟ ਕੀਤਾ। ਪਾਕਿਸਤਾਨ ਜੇ ਆਪਣੀ ਹੋਂਦ ਕਾਇਮ ਰੱਖਣਾ ਚਾਹੁੰਦਾ ਹੈ ਤਾਂ ਅਫ਼ਗਾਨਿਸਤਾਨ ਅਤੇ ਭਾਰਤ ਨਾਲ ਮਿਲਕੇ ਇਸ ਅੱਤਵਾਦੀ ਤਨਜ਼ੀਮ ਅਤੇ ਅੱਤਵਾਦ ਨੂੰ ਖ਼ਤਮ ਕਰਨਾ ਚਾਹੀਦਾ ਹੈ। ਆਪਸੀ ਤਨਾਜ਼ੇ ਮਿਲ ਬੈਠ ਕੇ ਨਜਿੱਠਣੇ ਚਾਹੀਦੇ ਹਨ। ਇਸ ਤਨਜ਼ੀਮ ਵਲੋਂ ਆਈ. ਐਸ. ਆਈ. ਐਸ. ਨਾਲ ਗਠਜੋੜ ਕਰਨ ਨਾਲ ਇਹ ਹੋਰ ਵੀ ਖਤਰਨਾਕ ਬਣ ਗਈ ਹੈ। ਆਰਥਿਕ ਦੀਵਾਲੀਆਪਣ ਦੇ ਸ਼ਿਕਾਰ ਪਾਕਿਸਤਾਨ ਦੀ ਪਕੜ ਤੋਂ ਬਾਹਰ ਹੋ ਚੁੱਕੀ ਹੈ। ਅਫ਼ਗਾਨਿਸਤਾਨ ਤੋਂ ਅਮਰੀਕਾ ਅਤੇ ਨਾਟੋ ਫੌਜਾਂ ਦੀ ਵਾਪਸੀ ਕਰਕੇ ਸਥਿਤੀ ਹੋਰ ਵੀ ਬੇਕਾਬੂ ਹੋ ਗਈ ਹੈ।

**ਸਾਬਕਾ ਰਾਜ ਸੂਚਨਾ ਕਮਿਸ਼ਨਰ, ਪੰਜਾਬ**
**ਬਰੈਂਪਟਨ, ਕੈਨੇਡਾ**
001-416-857-7665

# ਨਸਲੀ ਵਿਤਕਰਾ-ਅਮਰੀਕੀ ਨਿਆਂ ਪ੍ਰਣਾਲੀ ਦਾ ਗਰਭਪਾਤ

**ਦਰਬਾਰਾ ਸਿੰਘ ਕਾਹਲੋਂ**

ਅਮਰੀਕਾ ਜੋ ਅੱਜ 'ਵਿਸ਼ਵ ਥਾਣੇਦਾਰ' ਦੀ ਨਿੰਦਣਯੋਗ ਭੂਮਿਕਾ ਨਿਭਾ ਰਿਹਾ ਹੈ ਹਕੀਕਤ ਵਿਚ ਘਰੋਗੀ ਤੌਰ 'ਤੇ ਬਹੁਤ ਹੀ ਵਹਿਸ਼ਿਆਨਾ 'ਪੁਲਿਸ ਰਾਜ' ਵਜੋਂ ਸਥਾਪਤ ਹੈ। ਇਸ ਨੇ ਲੋਕਤੰਤਰ ਦੇ ਨਾਮ ਹੇਠ ਦੋਹਰਾ ਮਖੌਟਾ ਪਹਿਨ ਰੱਖਿਆ ਹੈ। ਇਕ ਉਹ ਜੋ ਵਿਸ਼ਵ ਬਰਾਦਰੀ ਨੂੰ ਵੱਖ-ਵੱਖ ਕੌਮਾਂਤਰੀ ਸੰਗਠਨਾਂ ਦੀਆਂ ਬੈਠਕਾਂ ਵਿਚ 'ਵਿਸ਼ਵ ਦੇ ਤਾਕਤਵਰ, ਇਨਸਾਫ਼ ਪਸੰਦ, ਮਾਨਵੀ ਅਧਿਕਾਰਾਂ ਦੇ ਰਾਖੇ ਲੋਕਤੰਤਰ' ਦਾ ਖੇਖ਼ਨ ਕਰਦਾ ਦਰਸਾਉਂਦਾ ਹੈ ਅਤੇ ਦੂਸਰਾ ਘਰੋਗੀ ਤੌਰ 'ਤੇ ਨਸਲੀ ਵਿਤਕਰੇ, ਆਰਥਿਕ ਬੇਇਨਸਾਫ਼ੀ, ਵਹਿਸ਼ਿਆਨਾ ਪੁਲਿਸ ਰਾਜ ਅਤੇ ਨਿਆਂ ਪ੍ਰਣਾਲੀ ਦੇ ਗਰਭਪਾਤ ਵਾਲਾ।

ਅਮਰੀਕਾ ਅੰਦਰ ਕਾਲੇ ਰੰਗ ਦੇ ਅਫਰੀਕਨ ਅਤੇ ਦੂਸਰੇ ਸ਼ਹਿਰੀਆਂ, ਘੱਟ ਗਿਣਤੀਆਂ ਅਤੇ ਪਛੜੇ ਗਰੀਬ ਲੋਕਾਂ ਨਾਲ ਬੇਇਨਸਾਫ਼ੀ, ਨਸਲੀ ਵਿਤਕਰਾ, ਅੰਨਿਆਂ ਅਤੇ ਬਰਾਬਰਤਾਪੂਰਨਕ ਵਰਤਾਓ ਲਗਾਤਾਰ ਜਾਰੀ ਹੈ। ਰਾਸ਼ਟਰਪਤੀ ਅਬਰਾਹਮ ਲਿੰਕਨ ਅਤੇ ਜਨਤਕ ਆਗੂ ਮਾਰਟਿਨ ਲੂਥਰ ਕਿੰਗ ਦੀਆਂ ਕੁਰਬਾਨੀਆਂ ਪੱਥਰ ਦਿਲ ਅਤੇ ਲੱਕੜ ਦੇ ਸਿਰ ਵਾਲੀ ਸਰਮਾਏਦਾਰ ਗੋਰੀ ਜਮਾਤ ਤੇ ਬਿਲਕੁਲ ਬੇਅਸਰ ਸਾਬਤ ਹੋਈਆਂ ਹਨ।

9 ਅਗਸਤ ਨੂੰ 18 ਸਾਲਾ ਕਾਲਾ ਗੱਭਰੂ ਫਰਗੂਸਨ ਵਿਖੇ ਸੇਂਟ ਲੂਇਸ ਕਾਊਂਟੀ (ਮਸੂਰੀ ਸੂਬਾ) ਅੰਦਰ ਗੋਰੇ ਪੁਲਿਸ ਅਫ਼ਸਰ ਡਾਰੇਨ ਵਿਲਸਨ ਵਲੋਂ ਗੈਰ ਪੇਸ਼ੇਵਰਾਨਾ ਕਾਰਵਾਈ ਰਾਹੀਂ ਗੋਲੀਆਂ ਨਾਲ ਭੁੰਨ ਸੁੱਟਿਆ ਸੀ। ਗੱਭਰੂ ਮਾਈਕਲ ਬਰਾਊਨ ਨੇ ਸਟੋਰ ਵਿਚ ਛੋਟੀ ਜਿਹੀ ਚੋਰੀ ਕੀਤੀ ਸੀ। ਗੋਰੇ ਅਫ਼ਸਰ ਨੇ ਉਸ ਨੂੰ ਆਤਮ ਸਮਰਪਣ ਲਈ ਕਿਹਾ। ਨਿਹੱਥੇ ਗੱਭਰੂ ਨੇ ਜਦੋਂ ਆਪਣੇ ਦੋਵੇਂ ਹੱਥ ਉਪਰ ਉਠਾਏ ਤਾਂ ਪੁਲਿਸ ਅਫ਼ਸਰ ਨੇ ਉਸ ਨੂੰ ਕਾਬੂ ਕਰਨ ਦੀ ਬਜਾਏ, 6 ਗੋਲੀਆਂ ਨਾਲ ਭੁੰਨ ਸੁੱਟਿਆ। ਇਹ ਮਨੁੱਖੀ ਅਧਿਕਾਰਾਂ ਦਾ ਘਿਨਾਉਣਾ ਕਤਲ, ਨਸਲੀ ਵਿਤਕਰੇ ਭਰਿਆ ਕਾਰਨਾਮਾ ਸੀ। ਉਦੋਂ ਵੀ ਇਸ ਕਾਰਵਾਈ ਖਿਲਾਫ਼ ਅਮਰੀਕਾ ਅੰਦਰ ਵਿਰੋਧ ਪ੍ਰਦਰਸ਼ਨ ਹੋਏ ਸਨ। ਫਿਰ ਵੀ ਲੋਕ ਸਮਝਦੇ ਸਨ ਕਿ ਇਸ ਗੈਰ ਪੇਸ਼ੇਵਾਰਾਨਾ ਨਸਲੀ ਵਿਤਕਰੇ ਭਰੀ 'ਪੁਲਿਸ ਰਾਜ' ਕਾਰਵਾਈ ਵਿਰੁੱਧ ਅਮਰੀਕੀ ਨਿਆਂਪਾਲਿਕਾ ਜ਼ਰੂਰ ਪੀੜਤ ਪਰਿਵਾਰ ਨੂੰ ਇਨਸਾਫ਼ ਦੇਵੇਗੀ।

24 ਨਵੰਬਰ, 2014 ਨੂੰ ਗਰਾਂਡ ਜਿਊਰੀ ਦਾ ਫੈਸਲਾ ਆਇਆ। ਇਸ ਨੇ ਦੋਸ਼ੀ ਪੁਲਿਸ ਅਫ਼ਸਰ ਨੂੰ ਬੇਦੋਸ਼ਾ ਕਰਾਰ ਦੇ ਦਿੱਤਾ। ਇਸ ਨਸਲੀ ਵਿਤਕਰੇ, ਕਾਨੂੰਨ ਦੇ ਬੜੀ ਹੁਸ਼ਿਆਰੀ ਅਤੇ ਯੋਜਨਾਬੰਦੀ ਨਾਲ ਕੀਤੇ ਗਰਭਪਾਤ ਵਿਰੁੱਧ ਅਮਰੀਕਾ ਦੇ ਵੱਖ-ਵੱਖ ਸੂਬਿਆਂ ਦੇ ਕਰੀਬ 100 ਸ਼ਹਿਰਾਂ ਵਿਚ ਨਸਲੀ ਦੰਗੇ ਭੜਕ ਪਏ। ਪੁਲਿਸ ਰਾਜ ਦੇ ਅਤਿਆਚਾਰ ਅਤੇ ਨਿਆਂ ਪ੍ਰਣਾਲੀ ਦੇ ਗਰਭਪਾਤ ਵਿਰੁੱਧ ਜਲਸੇ, ਜਲੂਸਾਂ, ਮੁਜ਼ਾਹਰਿਆਂ, ਭੰਨਤੋੜ, ਅਗਜ਼ਨੀ ਭਰੀ ਕਾਰਵਾਈ ਭੜਕ ਉਠੀ। ਲੋਕਾਂ ਰਸਤੇ ਬੰਦ ਕਰ ਦਿੱਤੇ।

ਮਸੂਰੀ ਰਾਜ ਦੇ ਗਵਰਨਰ ਜੇਅ ਨਿਕਸਨ ਨੂੰ ਐਮਰਜੈਂਸੀ ਦਾ ਐਲਾਨ ਕਰਨਾ ਪਿਆ। ਉਸ ਨੇ ਬੇਵਕੂਫਾਨਾ ਕਾਰਵਾਈ ਕਰਦੇ 'ਨੈਸ਼ਨਲ ਗਾਰਡਜ਼' ਥਾਂ ਥਾਂ ਤਾਇਨਾਤ ਕਰ ਦਿੱਤੇ। ਇਜ ਕਰਕੇ ਪੁਲਿਸ ਬਲਾਂ ਦਾ 'ਫੌਜੀਕਰਨ' ਕਰ ਦਿੱਤਾ।

ਅਮਰੀਕੀ ਪ੍ਰਧਾਨ ਨੂੰ ਲੋਕਾਂ ਦੇ ਨਸਲੀ ਵਿਤਕਰੇ ਨਾਲ ਪੱਛੇ ਦਿਲਾਂ ਨੂੰ ਮਰਹਮ ਲਾਉਣ ਲਈ ਕੌਮ ਨੂੰ ਸੰਬੋਧਨ ਕਰਨਾ ਪਿਆ। ਉਸ ਨੇ ਲੋਕਾਂ ਨੂੰ ਸਮਝਾਉਣ ਦਾ ਯਤਨ ਕੀਤਾ ਕਿ ਅਮਰੀਕਾ ਕੌਮ ਕਾਨੂੰਨ ਦੇ ਰਾਜ 'ਤੇ ਉਸਾਰੀ ਗਈ ਹੋਈ ਹੈ। ਇਸ ਨੂੰ ਗਰਾਂਡ ਜਿਊਰੀ ਦਾ ਫੈਸਲਾ ਸਵੀਕਾਰ ਕਰਨਾ ਚਾਹੀਦਾ ਹੈ। ਉਸ ਨੇ ਮੰਨਿਆ ਕਿ ਦੇਸ਼ ਵਿਚ ਨਸਲੀ ਵਿਤਕਰਾ ਅਤੇ ਵੱਖਰੇਵਾਂ ਪਾਇਆ ਜਾਂਦਾ ਹੈ, ਪਰ ਇਹ ਕੋਈ ਵੀ ਸਮੱਸਿਆ ਨਹੀਂ ਜਿਸ ਦਾ ਹੱਲ ਨਾ ਕੀਤਾ ਜਾ ਸਕੇ। ਅਮਰੀਕੀ ਕਾਂਗਰਸ ਦੇ ਕਾਲੇ ਕਾਕਸ ਦੀ ਮੁਖੀ ਮਾਰਸੀਆ ਫੱਜ ਨੇ ਸਪਸ਼ਟ ਕਿਹਾ, "ਫਰਗੂਸਨ ਗਰਾਂਡ ਜਿਊਰੀ ਵਲੋਂ ਪੁਲਿਸ ਅਫ਼ਸਰ ਡਾਰੇਨਵਿਲਸਨ ਨੂੰ ਮਾਈਕਲ ਬਰਾਊਨ ਦੀ ਮੌਤ ਲਈ ਦੋਸ਼ੀ ਨਾ ਠਹਿਰਾਉਣਾ ਨਿਆਂ ਦਾ ਗਰਭਪਾਤ ਹੈ। ਇਹ ਉਨ੍ਹਾਂ ਅਮਰੀਕੀਆਂ ਦੇ ਮੂੰਹ 'ਤੇ ਚਪੇੜ ਹੈ ਜੋ ਲਗਾਤਾਰ ਇਹ ਆਸ ਅਤੇ ਭਰੋਸਾ ਰੱਖਦੇ ਹਨ ਕਿ ਆਖ਼ਰ ਨਿਆਂ ਦੀ ਜਿੱਤ ਹੋਵੇਗੀ।"

ਦਰਅਸਲ ਪੁਲਿਸ ਅਫ਼ਸਰ ਨੂੰ ਬਚਾਉਣ ਲਈ ਜਿਊਰੀ ਦੇ ਕਰੀਬ ਸਾਰੇ ਮੈਂਬਰ ਗੋਰੇ ਨਿਯੁਕਤ ਕੀਤੇ ਗਏ ਸਨ। ਫਰਗੂਸਨ ਵਿਚ ਦੋ-ਤਿਹਾਈ ਅਬਾਦੀ ਅਫਰੀਕਨ-ਅਮਰੀਕਨਾਂ ਦੀ ਹੈ ਪਰ 'ਪੁਲਿਸ ਰਾਜ' ਦੀ ਹਕੀਕਤ ਇਹ ਹੈ ਕਿ ਪੁਲਿਸ ਅੰਦਰ ਦੋ-ਤਿਹਾਈ ਕਰਮਚਾਰੀ ਗੋਰੇ ਭਰਤੀ ਕੀਤੇ ਹੋਏ ਹਨ। ਕੀ ਇਹ ਨਸਲੀ ਵਿਤਕਰੇ ਦੀ ਸ਼ਰਮਨਾਕ ਮਿਸਾਲ ਨਹੀਂ ਹੈ? ਅਕਸਰ ਗਲੀਆਂ, ਚੌਰਾਹਿਆਂ, ਜਨਤਕ ਥਾਵਾਂ, ਪਾਰਕਾਂ ਵਿਚ ਕਾਲੇ ਲੋਕਾਂ ਨੂੰ ਛੋਟੇ-ਮੋਟੇ ਦੋਸ਼ਾਂ ਲਈ ਪੁਲਿਸ ਨਿਸ਼ਾਨਾ ਬਣਾ ਕੇ ਜੁਰਮਾਨੇ ਠੋਕਦੀ ਰਹਿੰਦੀ ਹੈ। ਥਾਣਿਆਂ ਵਿਚ ਬੰਦ ਕਰਦੀ ਰਹਿੰਦੀ ਹੈ।

ਕੁਨੈਕਟੀਕਟ ਤੋਂ ਕੈਲੇਫੋਰੀਆਂ ਤੱਕ ਕਰੀਬ 70 ਪੁਲਿਸ ਥਾਣਿਆਂ ਦਾ ਰਿਕਾਰਡ ਦਰਸਾਉਂਦਾ ਹੈ ਕਿ ਕਾਲੇ ਗ੍ਰਿਫ਼ਤਾਰ ਕੀਤੇ ਜਾਣ ਜਾਂ ਪਕੜੇ ਜਾਣ ਵਾਲੇ ਲੋਕਾਂ ਦੀ ਗਿਣਤੀ, ਗੋਰੇ ਗ੍ਰਿਫ਼ਤਾਰ ਜਾਂ ਪਕੜੇ ਜਾਣ ਵਾਲਿਆਂ ਨਾਲੋਂ 10 ਗੁਣਾ ਜ਼ਿਆਦਾ ਹੁੰਦੀ ਹੈ। ਯੂ. ਐਸ. ਏ. ਟੂਡੇ ਅਨੁਸਾਰ ਕਲੇਟਨ ਕਸਬਾ ਜੋ ਫਰਗੂਸਨ ਨੇੜੇ ਹੈ, ਵਿਚ ਕਾਲੇ ਲੋਕਾਂ ਦੀ ਗਿਣਤੀ 8 ਪ੍ਰਤੀਸ਼ਤ ਹੈ, ਪਰ ਪੁਲਿਸ ਵਲੋਂ ਗ੍ਰਿਫ਼ਤਾਰ ਕੀਤੇ ਜਾਣ ਵਾਲੇ ਕਾਲੇ ਲੋਕਾਂ ਦੇ ਕੇਸ 57 ਪ੍ਰਤੀਸ਼ਤ ਹੁੰਦੇ ਹਨ। ਐਫ. ਬੀ. ਆਈ. ਅੰਕੜੇ ਦਰਸਾਉਂਦੇ ਹਨ ਕਿ ਬਰਕਲੇ, ਕੈਲੇਫੋਰਨੀਆ, ਮੈਡੀਸਨ, ਵਿਸਕਾਂਸਿਨ ਆਦਿ ਵਿਖੇ ਦੂਸਰੀਆਂ ਨਸਲਾਂ ਅਤੇ ਗਰੁੱਪਾਂ ਨਾਲੋਂ ਗ੍ਰਿਫ਼ਤਾਰ ਕੀਤੇ ਜਾਂਦੇ ਕਾਲੇ ਲੋਕਾਂ ਦੀ ਗਿਣਤੀ 9 ਗੁਣਾ ਜ਼ਿਆਦਾ ਹੈ। ਇਸ ਵਿਵਸਥਾ ਲਈ ਅਮਰੀਕਾ ਦੀਆਂ ਆਰਥਿਕ, ਸਮਾਜਿਕ ਅਤੇ ਨਸਲੀ ਨੀਤੀਆਂ ਜ਼ਿੰਮੇਵਾਰ ਹਨ।

ਆਮ ਸ਼ਹਿਰਾਂ ਵਿਚ ਹੀ ਨਹੀਂ ਬਲਕਿ ਨਿਊਯਾਰਕ, ਸ਼ਿਕਾਗੋ, ਓਕਲੈਂਡ ਆਦਿ ਵਿਖੇ ਪੁਲਿਸ ਦੁਆਰਾ ਕਾਲੇ ਅਫਰੀਕਨ ਅਮਰੀਕੀ ਲੋਕਾਂ ਨੂੰ ਗੋਲੀ ਦਾ ਨਿਸ਼ਾਨਾ ਬਣਾਉਣਾ ਆਮ ਗੱਲ ਹੈ। 'ਦਾ ਪਰੋ ਪਬਲਿਕਾ' ਅਨੁਸਾਰ ਹਾਲ ਹੀ ਵਿਚ ਕੁਝ ਸਾਲਾਂ ਵਿਚ ਗੋਰੇ ਨੌਜਵਾਨਾਂ ਮੁਕਾਬਲੇ ਕਾਲੇ ਨੌਜਵਾਨ 21 ਗੁਣਾਂ ਵੱਧ ਗੋਲੀ ਦਾ ਨਿਸ਼ਾਨਾ ਬਣਾ ਕੇ ਮਾਰੇ ਗਏ।

ਵਿਡੰਬਨਾ ਇਹ ਹੈ ਕਿ ਛੋਟੇ-ਛੋਟੇ ਭੁਲੇਖਿਆਂ ਬਦਲੇ ਪੁਲਿਸ ਬਦੇਸ਼ੀ ਕਾਲਿਆਂ ਜਾਂ ਰੈਜ਼ੀਡੈਂਟਾਂ ਦੀ ਜਾਨ ਲੈ ਲੈਂਦੀ ਹੈ। ਮਿਸਾਲ ਵਜੋਂ ਸੰਨ 1997 ਵਿਚ ਹੈਤੀਅਨ ਪਰਵਾਸੀ ਅਬਨੇਰ ਲੂਇਸਮਾ ਬਾਥਰੂਮ ਵਿਚ ਢੇਰ ਕਰ ਦਿੱਤਾ। ਸੰਨ 1999 ਵਿਚ ਨਿਹੱਥਾ ਅਫਰੀਕਨ ਪਰਵਾਸੀ ਅਮਾਡਨ ਡੀਆਲੋਟੋ ਇਸ ਕਰਕੇ ਢੇਰ ਕਰ ਦਿੱਤਾ ਕਿਉਂਕਿ ਪੁਲਿਸ ਨੇ ਉਸ ਦੇ ਬਟੂਏ ਨੂੰ ਗੰਨ ਸਮਝ ਲਿਆ। ਸੰਨ 2000 ਵਿਚ ਚੋਣ ਲੜ ਰਹੇ ਸੈਨੇਟਰ ਗਿਊਲੀਆਨੀ ਦੇ ਕਾਲੇ ਸੁਰੱਖਿਆ ਗਾਰਡ ਨੂੰ ਅੰਡਰ ਕਵਰ ਪੁਲਿਸ ਅਫ਼ਸਰ ਨੇ ਮਾਰ ਦਿੱਤਾ। ਇਹ ਉਦਾਹਰਣਾਂ ਅਮਰੀਕੀ ਪੁਲਿਸ ਰਾਜ ਦੀ ਵਹਿਸ਼ਿਆਨਾ ਭਰੀ ਮਾਨਸਿਕਤਾ ਦੇ ਠੋਸ ਸਬੂਤ ਹਨ।

ਫਰਗੂਸਨ ਕਾਂਡ ਤੋਂ ਪੈਦਾ ਹੋਏ ਨਸਲੀ ਦੰਗਿਆਂ, ਪੁਲਿਸ, ਪ੍ਰਸ਼ਾਸਨ ਅਤੇ ਅਮਰੀਕੀ ਰਾਜ ਵਿਰੋਧੀ ਜਨਤਕ ਰੋਹ ਬਾਰੇ ਮੈਕਡਾਨਲਡ ਕੰਪਨੀ ਵਿਖੇ ਆਪਣੇ ਕੰਪਿਊਟਰਾਂ ਲਈ ਬਿਜਲੀ ਲੈ ਕੇ ਸਟੋਰੀਆਂ ਟਾਈਪ ਕਰ ਰਹੇ ਮੀਡੀਆ ਕਰਮਚਾਰੀਆਂ ਅਤੇ ਪੱਤਰਕਾਰਾਂ ਨੂੰ ਪੁਲਿਸ ਨੇ ਨਿਸ਼ਾਨਾ ਬਣਾਇਆ ਅਤੇ ਦੋ ਰਿਪੋਰਟਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਿਸ ਦੇ ਤਾਂਡਵ ਨਾਚ ਦਾ ਅਮਰੀਕੀ ਸੱਚ ਇਹ ਹੈ।

ਦਰਅਸਲ ਅਮਰੀਕਾ ਅੰਦਰ ਲਗਾਤਾਰ ਘੱਟ ਗਿਣਤੀ ਸਿੱਖਾਂ, ਮੁਸਲਮਾਨਾਂ, ਕਾਲੇ ਅਫਰੀਕਨ-ਅਮਰੀਕੀਆਂ ਨੂੰ ਨਸਲ ਭੇਦ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਕਾਲੇ ਲੋਕਾਂ ਦੇ ਬੱਚੇ ਵੱਖਰੇ ਸਕੂਲਾਂ ਵਿਚ ਪੜ੍ਹਦੇ ਹਨ। ਉਨ੍ਹਾਂ ਲਈ ਆਵਾਜਾਈ ਲਈ ਵੱਖਰੇ ਵਾਹਨ ਅਤੇ ਬੱਸਾਂ ਦਾ ਪ੍ਰਬੰਧ ਹੈ। ਉਨ੍ਹਾਂ ਲਈ ਵੱਖਰੇ ਹਸਪਤਾਲਾਂ ਅਤੇ ਕੌਫੀ ਹਾਊਸਾਂ ਦਾ ਪ੍ਰਬੰਧ ਹੈ। ਇਥੋਂ ਤੱਕ ਕਿ ਪਾਰਕਾਂ ਵਿਚ ਵੱਖਰੇ ਬੈਂਚਾਂ ਦਾ ਪ੍ਰਬੰਧ ਹੈ। ਅਮਰੀਕਾ ਵਿਚ ਵਿਦੇਸ਼ਾਂ ਤੋਂ ਆਉਂਦੇ ਲੋਕਾਂ ਦੀ ਸੁਰੱਖਿਆ ਦੇ ਨਾਂਅ ਹੇਠ ਬੇਇੱਜ਼ਤੀ ਭਰੀ ਛਾਣਬੀਣ ਹੁੰਦੀ ਹੈ।

ਸੋਚਣ ਅਤੇ ਸਮਝਣ ਵਾਲੀ ਸੱਚਾਈ ਇਹ ਹੈ ਕਿ ਕੀ ਐਸੇ ਵਿਤਕਰੇ, ਭੇਦਭਾਵ ਅਤੇ ਅਪਮਾਨ ਨੂੰ ਅਮਰੀਕਾ ਵਿਚ ਵਸਦੇ ਕਾਲੇ ਅਤੇ ਦੂਸਰੀਆਂ ਘੱਟ ਗਿਣਤੀਆਂ ਦੇ ਨਾਗਰਿਕ ਭੁਲਾ ਸਕਦੇ ਹਨ? ਕੀ ਉਨ੍ਹਾਂ ਦੀਆਂ ਭਾਵਨਾਵਾਂ, ਜਜ਼ਬਾਤਾਂ, ਆਜ਼ਾਦੀ ਦੀ ਲੋਅ ਵੇਖਣ ਦੀਆਂ ਚਾਹਤਾਂ ਨੂੰ ਦਬਾਇਆ ਜਾ ਸਕਦਾ ਹੈ? ਅਮਰੀਕਾ ਦੀਆਂ ਭੇਦਭਾਵ ਭਰੀਆਂ ਆਰਥਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸਨਿਕ ਨੀਤੀਆਂ ਇਨ੍ਹਾਂ ਨਸਲਾਂ ਅਤੇ ਵਰਗਾਂ ਵਿਚ ਬੇਰੁਜ਼ਗਾਰੀ, ਗਰੀਬੀ, ਅਸੁਰੱਖਿਆ, ਅਵਿਸ਼ਵਾਸ ਪੈਦਾ ਕਰਨ ਵਿਚ ਸਹਾਈ ਹੋਈਆਂ ਹਨ ਜੋ ਅਮਰੀਕੀ ਵਿਕਾਸ, ਸ਼ਾਂਤੀ ਅਤੇ ਭਾਈਚਾਰਕ ਸਾਂਝ ਲਈ ਵੱਡਾ ਰੋੜਾ ਬਣੀਆਂ ਪਈਆਂ ਹਨ। ਇਹ ਲੋਕ ਅਤੇ ਖਾਸ ਕਰਕੇ ਇਨ੍ਹਾਂ ਨਾਲ ਸਬੰਧਤ ਨੌਜਵਾਨ ਆਰਥਿਕਤਾ ਦੇ ਅਪਰਾਧੀਕਰਨ ਨੂੰ ਉਭਾਰਨ ਵੱਲ ਰੁਚਿਤ ਹੋ ਰਹੇ ਹਨ। ਸਮਾਜਿਕ ਅਤੇ ਨਸਲੀ ਅਪਰਾਧਾਂ ਵਿਚ ਸ਼ਾਮਲ ਹੋ ਰਹੇ ਹਨ।

ਅਮਰੀਕਾ ਖੁਦ ਮਾਨਵੀ ਅਧਿਕਾਰਾਂ ਦਾ ਘਾਣ ਕਰ ਰਿਹਾ ਹੈ। ਲੋਕਤੰਤਰੀ ਕਦਰਾਂ ਕੀਮਤਾਂ ਦਾ ਘਾਣ ਕਰ ਰਿਹਾ ਹੈ। ਦੂਸਰੇ ਦੇਸ਼ਾਂ ਵਿਚ ਲੋਕਤੰਤਰ ਦਾ ਵਿਰੋਧੀ ਹੈ। ਜੇ ਕੋਈ ਦੇਸ਼ ਤਾਕਤਵਰ ਬਣ ਰਿਹਾ ਹੈ, ਆਰਥਿਕ ਤਾਕਤ ਜਾਂ ਫੌਜੀ ਸ਼ਕਤੀ ਵਜੋਂ ਉਭਰ ਰਿਹਾ ਹੈ ਤਾਂ ਉਸ ਦੇ ਦਿਲ ਵਿਚ ਸੂਲ ਵਜੋਂ ਚੁੱਭਦਾ ਹੈ। ਇਹ ਨੀਤੀ ਵਿਸ਼ਵ ਸ਼ਾਂਤੀ, ਆਪਸੀ ਕੌਮਾਂਤਰੀ ਭਾਈਵਾਲੀ, ਆਪਸੀ ਸਹਿਹੋਂਦ ਲਈ ਘਾਤਿਕ ਹੈ। ਇਹ ਪਰਿਵਰਤਿਤ ਸੋਚ ਉਸ ਦੀ ਘਰੋਗੀ ਲੋਕਤੰਤਰ, ਭਾਈਚਾਰਕ ਮਦਭਾਵ, ਆਰਥਿਕ ਇਨਸਾਫ਼, ਫਿਰਕੂ ਸਦਭਾਵਨਾ ਵਿਰੋਧੀ ਨੀਤੀਆਂ ਦੀ ਦੇਣ ਹੈ।

ਅਮਰੀਕੀ ਲੋਕਾਂ ਨੂੰ ਸਰਮਾਏਦਾਰ ਨਸਲਵਾਦੀ, ਪੁਲਿਸ ਰਾਜਵਾਦੀ, ਕੌਮਾਂਤਰੀ ਥਾਣੇਦਾਰਵਾਦੀ ਜੁੰਡਲੀਬਾਜ਼ ਆਗੂਆਂ ਦੀਆਂ ਚਾਲਾਂ ਨੂੰ ਸਮਝਣ ਦੀ ਲੋੜ ਹੈ। ਨਿਆਂ ਸ਼ਾਂਤੀ ਦਾ ਪ੍ਰਤੀਕ ਹੁੰਦਾ ਹੈ। ਜਦਕਿ ਅਨਿਆਂ ਅਰਾਜਕਤਾ ਦਾ ਪ੍ਰਤੀਕ ਹੁੰਦਾ ਹੈ। ਅਮਰੀਕਾ ਦੇ ਗੋਰੇ-ਕਾਲੇ, ਘੱਟ ਗਿਣਤੀਆਂ ਅਤੇ ਹੋਰ ਨਸਲਾਂ ਅਤੇ ਗਰੁੱਪਾਂ ਦੇ ਲੋਕਾਂ ਨੂੰ ਸਮਾਜਿਕ ਨਿਆਂ, ਲੋਕਤੰਤਰ, ਕਾਨੂੰਨ ਦੇ ਰਾਜ ਅਤੇ ਆਰਥਿਕ ਬਰਾਬਰੀ-ਨਸਲੀ ਬਰਾਬਰੀ ਲਈ ਫੈਸਲਾਕੁੰਨ ਘੋਲ ਤਿੱਖਾ ਕਰਨ ਦੀ ਲੋੜ ਹੈ। ਇਸ ਪ੍ਰਾਪਤੀ ਲਈ ਸਭ ਨੂੰ ਇਸ ਸਾਂਝੇ ਪਲੇਟਫਾਰਮ 'ਤੇ ਇਕਜੁਟ ਹੋਣ ਦੀ ਲੋੜ ਹੈ।

**ਸਾਬਕਾ ਰਾਜ ਸੂਚਨਾ ਕਮਿਸ਼ਨਰ, ਪੰਜਾਬ**
**ਬਰੈਂਪਟਨ, ਕੈਨੇਡਾ**
001-416-857-7665

## ਮਾਲਟਾ ਕਿਸ਼ਤੀ ਕਾਂਡ ਦੇ ਪੰਜਾਬੀਆਂ ਨੂੰ ਯਾਦ ਕਰਦੇ ਹੋਏ

# ਮਨਹੂਸ ਪਾਣੀਆਂ ਅਤੇ ਮਾਰੂਥਲਾਂ ਰਾਹੀਂ ਹੋ ਰਿਹਾ ਹੈ ਗੈਰ-ਕਾਨੂੰਨੀ ਪਰਵਾਸ



**ਲੰਡਨ ਤੋਂ ਨਰਪਾਲ ਸਿੰਘ ਸ਼ੇਰਗਿੱਲ**

ਸੰਸਾਰ ਭਰ ਵਿਚ ਕਾਨੂੰਨੀ ਅਤੇ ਗੈਰ-ਕਾਨੂੰਨੀ ਪਰਵਾਸ ਵਾਲੇ ਰਸਤਿਆਂ ਅਤੇ ਇਰਾਦਿਆਂ ਦੀ ਚਰਚਾ ਕਰਦੇ ਹੋਏ ਅਸੀਂ ਇਸ ਨਤੀਜੇ ਉੱਤੇ ਪੁੱਜਦੇ ਹਾਂ ਕਿ ਇਸ ਵੇਲੇ ਲਗਭਗ 23 ਕਰੋੜ ਪਰਵਾਸੀ ਆਪਣੀ ਜਨਮ ਭੂਮੀ ਨੂੰ ਛੱਡ ਕੇ ਦੁਰ-ਦੁਰੇਡੇ ਦੇ ਦੇਸ਼ਾਂ ਨੂੰ ਆਪਣੇ ਦੇਸ਼ ਨਾਲੋਂ ਵਧੀਆ, ਸੁਰੱਖਿਅਤ, ਅਮੀਰ ਅਤੇ ਅਮਨ ਪਸੰਦ ਸਮਝਦੇ ਹੋਏ ਵਿਦੇਸ਼ਾਂ ਵਿਚ ਵਸੇ ਹੋਏ ਹਨ। ਇਨ੍ਹਾਂ ਵਿਚ ਲਗਭਗ 6 ਕਰੋੜ ਉਹ ਭਾਰਤੀ ਪਰਵਾਸੀ ਹਨ, ਜੋ ਆਮ ਜਾਂ ਆਪਣੇ ਉਨ੍ਹਾਂ ਵੱਡੇ-ਵਡੇਰਿਆਂ ਦੀ ਔਲਾਦ ਹਨ, ਜਿਨ੍ਹਾਂ ਦੀਆਂ ਜੜ੍ਹਾਂ ਭਾਰਤ ਨਾਲ ਜੁੜੀਆਂ ਹੋਈਆਂ ਹਨ। ਭਾਰਤ ਤੋਂ ਇਹ ਪਰਵਾਸ ਬਰਤਾਨਵੀ ਸਮਾਜ ਦੀ ਬਸਤੀ ਤੋਂ ਲੈ ਕੇ ਅੱਜ-ਕੱਲ੍ਹ ਦੇ ਭਾਰਤੀ ਆਗੂਆਂ ਵੱਲੋਂ ਵਿਸ਼ਵ ਦੀ ਆਰਥਿਕ ਸ਼ਕਤੀ ਹੋਣ ਦਾ ਦਾਅਵਾ ਕਰ ਰਹੇ ਸੁਤੰਤਰ ਭਾਰਤੀ ਲੋਕਰਾਜ ਤੱਕ ਨਿਰੰਤਰ ਜਾਰੀ ਹੈ। ਇਹ ਭਾਰਤੀ ਜਿੱਥੇ ਅੱਜ-ਕੱਲ੍ਹ 50 ਤੋਂ 60 ਦੇਸ਼ਾਂ ਵਿਚ ਘੁੱਗ ਵਸ ਰਹੇ ਹਨ, ਉੱਤੇ ਸੰਸਾਰ ਦੇ ਘੱਟੋ-ਘੱਟ 100 ਦੇਸ਼ਾਂ ਵਿਚ ਡੰਗ-ਟਪਾਊ ਪਰਵਾਸ ਵਕਤੀ ਰੁਜ਼ਗਾਰ ਜਾਂ ਉੱਚ-ਵਿਦਿਆ ਪ੍ਰਾਪਤ ਕਰਨ ਲਈ ਵਿਚਰਦੇ ਵੇਖੇ ਜਾ ਰਹੇ ਹਨ। ਮਹਿਕ-ਭਰਪੂਰ ਗੁਲਾਬ ਜਾਂ ਹੋਰ ਫੁੱਲਾਂ ਨਾਲ ਜਿੱਥੇ ਖੂੰਖਾਰ ਕੰਡਿਆਂ ਦਾ ਨਹੁੰ-ਮਾਸ ਦਾ ਰਿਸ਼ਤਾ ਬਣ ਜਾਂਦਾ ਹੈ, ਉਸੇ ਤਰ੍ਹਾਂ ਵਿਦੇਸ਼ਾਂ ਵਿਚ ਜਿਵੇਂ ਆਪਣੀ ਜਨਮ-ਭੂਮੀ ਛੱਡ ਕੇ ਵਿਦੇਸ਼ੀ ਧਰਤੀ 'ਤੇ ਪਰਵਾਸੀਆਂ ਨੇ ਸ਼ਾਨਾ-ਮੱਤੀ ਪ੍ਰਾਪਤੀ ਕਰ ਕੇ ਜਸ ਖੱਟਿਆ ਅਤੇ ਸੁੱਖ ਮਾਣਿਆ ਹੈ, ਉਸੇ ਤਰ੍ਹਾਂ ਹਜ਼ਾਰਾਂ ਪਰਵਾਸੀ ਹਰ ਵਰ੍ਹੇ ਲਾਲਚੀ ਰਿਸ਼ਤੇਦਾਰਾਂ, ਦਲਾਲਾਂ ਜਾਂ ਪਰਵਾਸ ਦੇ ਦੁੱਕੀ ਅਤੇ ਅਖੌਤੀ ਮਾਹਿਰਾਂ ਦੇ ਕਹਿਣੇ ਲੱਗ ਕੇ ਸਹਾਰਾ ਮਾਰੂਥਲ ਦੀ ਤੱਤੀ ਲੂਹ ਜਾਂ ਯੂਰਪ ਦੇ ਪਾਣੀਆਂ ਦੀਆਂ ਜਾਨ-ਲੇਵਾ ਘੁੰਮਣਘੇਰੀਆਂ ਦਾ ਸ਼ਿਕਾਰ ਹੁੰਦੇ ਹੋਏ ਆਪਣੀ ਮੰਜ਼ਿਲ 'ਤੇ ਪਹੁੰਚਣ ਤੋਂ ਪਹਿਲਾਂ ਹੀ ਦਮ ਤੋੜ ਜਾਂਦੇ ਵੇਖੇ ਗਏ ਹਨ। ਬੀਤੇ ਮਹੀਨੇ ਇੱਧਰ ਯੂਰਪ ਵਿਚ ਇਟਲੀ ਦੇ ਪਾਣੀਆਂ ਵਿਚ ਲਾਂਪਾਡੂਸਾ ਵਿਖੇ ਅਕਤੂਬਰ 2013 ਵਿਚ ਡੁੱਬ ਕੇ ਮਰੇ 360 ਪਰਵਾਸੀਆਂ ਦਾ ਬਰਸੀ ਸਮਾਗਮ ਆਯੋਜਿਤ ਕੀਤਾ ਗਿਆ ਹੈ, ਇਹ ਮੱਧ ਸਾਗਰ ਦੇ ਇਹੋ ਖੂਨੀ ਘੁੰਮਣਘੇਰੀਆਂ ਵਾਲੇ ਪਾਣੀ ਹਨ, ਜਿੱਥੇ ਦਸੰਬਰ 1996 ਵਿਚ ਪੌਣੇ ਦੋ ਸੌ ਪੰਜਾਬੀਆਂ ਨਾਲ ਜਾਨਲੇਵਾ ਮਾਲਟਾ ਕਿਸ਼ਤੀ ਕਾਂਢ ਵਾਪਰਿਆ ਸੀ।

ਇਨ੍ਹਾਂ ਜਾਨਲੇਵਾ ਪਾਣੀਆਂ ਵਾਂਗ ਗੈਰ-ਕਾਨੂੰਨੀ ਪਰਵਾਸ ਲਈ ਜਿਹੜੇ ਹੋਰ ਮਾਰੂ ਅਤੇ ਖਤਰਨਾਕ ਰਸਤੇ ਵਰਤੇ ਜਾਂਦੇ ਹਨ, ਉਨ੍ਹਾਂ ਵਿਚ ਕੇਂਦਰੀ ਜਾਂ ਲਾਤਿਨ ਅਮਰੀਕਾ ਦੇਸ਼ਾਂ ਤੋਂ ਅਮਰੀਕਾ ਵਿਚ ਦਾਖਲ ਹੋਣ ਵਾਲਾ ਬਰਾਸਤਾ ਮੈਕਸੀਕੋ ਲਾਂਘਾ, ਏਸ਼ੀਆਈ ਜਾਂ ਸਾਰਕ ਦੇਸ਼ਾਂ ਵਿਚੋਂ ਥਾਈਲੈਂਡ ਤੱਕ ਬਰਾਸਤਾ ਬੰਗਾਲ ਦੀ ਖਾੜੀ, ਥਾਈਲੈਂਡ ਅਤੇ ਇੰਡੋਨੇਸ਼ੀਆ ਤੋਂ ਆਸਟ੍ਰੇਲੀਆ ਦਾ ਸਮੁੰਦਰੀ ਤੱਟ, ਸਹਾਰਾ ਮਾਰੂਥਲ ਰਾਹੀਂ ਅਫਰੀਕਾ ਦਾ ਉੱਤਰੀ ਤੱਟ, ਮੱਧ ਪੂਰਬੀ ਦੇਸ਼ਾਂ ਤੱਕ ਪੁੱਜਣ ਲਈ ਅਦਨ ਦਾ ਆਲਾ-ਦੁਆਲਾ ਅਤੇ ਜਾਂ ਯੂਰਪ ਵਿਚ ਬਰਾਸਤਾ ਗਰੀਸ ਅਤੇ ਇਟਲੀ ਦੇ ਲਾਂਪਾਡੂਸਾ ਵਰਗੇ ਡੰਗ-ਟਪਾਊ ਪਰ ਖਤਰਨਾਕ ਪਾਣੀਆਂ ਵਾਲੇ ਰਸਤੇ ਹਨ, ਜਿੱਥੇ ਪਿਛਲੇ ਵਰ੍ਹਿਆਂ ਦੌਰਾਨ ਇਰਾਕ, ਸੀਰੀਆ, ਅਫਗਾਨਿਸਤਾਨ ਆਦਿ ਤਨਾਅ ਭਰਪੂਰ ਰਾਜਨੀਤਿਕ ਸਥਿਤੀ ਵਾਲੇ ਦੇਸ਼ਾਂ ਤੋਂ ਪਰਵਾਸੀ ਗੈਰ-ਕਾਨੂੰਨੀ ਢੰਗ ਨਾਲ ਯੂਰਪੀ ਸੰਘ ਦੇ 28 ਮੈਂਬਰ ਦੇਸ਼ਾਂ ਵਿਚ ਦਾਖਲ ਹੁੰਦੇ ਆਪਣੀਆਂ ਜਾਨਾਂ ਗੁਆ ਚੁੱਕੇ ਹਨ। ਬਹੁਤੇ ਗੈਰਕਾਨੂੰਨੀ ਪਰਵਾਸੀ ਅਮਰੀਕਾ ਅਤੇ ਯੂਰਪ ਵਿਚ ਪੁੱਜ ਆ ਰਹੇ ਹਨ, ਇਨ੍ਹਾਂ ਦੇ ਡੰਗ-ਟਪਾਊ ਅੰਕੜਿਆਂ ਵੱਲ ਗੌਰ ਫਰਮਾਓ!

**ਅਮਰੀਕਾ ਵਿਚ ਗੈਰ-ਕਾਨੂੰਨੀ ਪਰਵਾਸੀ** : 21 ਸਦੀ ਦੇ ਸ਼ੁਰੂ ਹੋਣ ਦੇ ਨਾਲ-ਨਾਲ ਅਮਰੀਕਾ ਵਿਚ ਗੈਰ-ਕਾਨੂੰਨੀ ਪਰਵਾਸੀਆਂ ਦੀ ਗਿਣਤੀ ਵਧਦੀ ਹੀ ਜਾ ਰਹੀ ਹੈ। ਅਮਰੀਕਾ ਦੇ ਪਰਵਾਸੀਆਂ ਬਾਰੇ ਗ੍ਰਹਿ ਵਿਭਾਗ, ਡਿਪਾਰਟਮੈਂਟ ਆਫ ਹੋਮ ਸਕਿਊਰਟੀ ਅਨੁਸਾਰ 2000 ਤੋਂ ਹੁਣ ਤੱਕ ਗੈਰ-ਕਾਨੂੰਨੀ ਪਰਵਾਸੀਆਂ ਦੀ ਗਿਣਤੀ ਦੁੱਗਣੀ ਹੋ ਗਈ ਹੈ, ਜੋ ਇਸ ਵੇਲੇ ਇਕ ਕਰੋੜ ਪੰਦਰਾਂ ਲੱਖ ਦੇ ਆਲੇ-ਦੁਆਲੇ ਘੁੰਮ ਰਹੀ ਹੈ। ਭਾਰਤ ਦਾ ਗੈਰ-ਕਾਨੂੰਨੀ ਪਰਵਾਸੀਆਂ ਦੀ ਸੂਚੀ ਵਿਚ 7ਵੇਂ ਨੰਬਰ 'ਤੇ ਨਾਉਂ ਬੋਲਦਾ ਹੈ, ਜਿਸ ਦੇ ਲਗਭਗ ਢਾਈ ਲੱਖ ਨਾਗਰਿਕ ਇਸ ਵੇਲੇ ਅਮਰੀਕਾ ਦੇ ਵੱਖੋ-ਵੱਖਰੇ ਰਾਜਾਂ ਵਿਚ ਦਿਨ ਕਟੀ ਕਰ ਰਹੇ ਹਨ ਅਤੇ ਕਈ ਵਰ੍ਹਿਆਂ ਤੋਂ ਇੱਥੇ ਕਾਨੂੰਨੀ ਤੌਰ 'ਤੇ ਪੱਕੇ ਹੋ ਕੇ ਸਥਾਈ ਤੌਰ 'ਤੇ ਰਿਹਾਇਸ਼ੀ ਹੱਕ ਪ੍ਰਾਪਤ ਕਰਨ ਦੇ ਸੁਪਨੇ ਵੇਖ ਰਹੇ ਹਨ। ਹੋਰ ਜਿਹੜੇ ਦੇਸ਼ਾਂ ਦੇ ਗੈਰ-ਕਾਨੂੰਨੀ ਪਰਵਾਸੀ ਵਿਚਰ ਰਹੇ ਹਨ, ਉਨ੍ਹਾਂ ਵਿਚੋਂ ਮੈਕਸੀਕੋ, ਐਲ ਸਲਵਾਡੋਰ, ਗੌਤਮਾਲਾ, ਹੌਂਡਰਸ, ਚੀਨ, ਫਿਲਪੀਨ, ਕੋਰੀਆ ਐਕੂਆਡੋਰ ਅਤੇ ਵੀਅਤਨਾਮ, ਭਾਰਤ ਸਮੇਤ ਪਿਛਲੇ 10 ਦੇਸ਼ਾਂ ਵਿਚ ਵਰਨਣਯੋਗ ਹਨ, ਜਿੱਥੋਂ ਦੇ ਪਰਵਾਸੀ ਇਥੇ 10 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਇੱਥੇ ਹੀ ਦੜੇ ਹੋਏ ਹਨ।

ਭਾਵੇਂ ਅਮਰੀਕਾ ਵਿਚ ਵਗੈਰ ਕਾਨੂੰਨੀ ਸਟੇਟਸ ਅਤੇ ਵਗੈਰ ਕਾਨੂੰਨੀ ਵੀਜ਼ੇ ਤੋਂ ਲੱਖਾਂ ਪਰਵਾਸੀ ਲਗਭਗ ਹਰ ਪ੍ਰਾਂਤ ਜਾਂ 'ਸਟੇਟ' ਵਿਚ ਦਿਨ ਕਟੀ ਕਰ ਰਹੇ ਹਨ, ਪਰ ਸਭ ਤੋਂ ਵੱਧ ਪਰਵਾਸੀ ਖੇਤੀ-ਪਰਬਲ ਪ੍ਰਾਂਤ ਅਤੇ ਪੰਜਾਬੀਆਂ ਦੀ ਸਭ ਤੋਂ ਵੱਧ ਵਸੋਂ ਵਾਲੇ ਪ੍ਰਾਂਤ ਕੈਲੀਫੋਰਨੀਆ ਵਿਚ ਠਹਿਰੇ ਜਾਂ ਟਿਕੇ ਹੋਏ ਹਨ। ਇਕ ਪ੍ਰਕਾਸ਼ਿਤ ਰਿਪੋਰਟ ਅਨੁਸਾਰ ਕੈਲੀਫੋਰਨੀਆ ਵਿਚ 29 ਲੱਖ, ਟੈਕਸਾਜ ਵਿਚ 16 ਲੱਖ, ਫਲੋਰੇਡਾ ਵਿਚ 10 ਲੱਖ, ਇਲੀਨੁਆਇਸ ਵਿਚ 5 ਲੱਖ, ਨਿਊਯਾਰਕ ਵਿਚ ਸਾਢੇ 5 ਲੱਖ, ਐਰੀਜ਼ੋਨਾ ਵਿਚ 5 ਲੱਖ, ਜਾਰਜੀਆ ਵਿਚ ਸਾਢੇ 4 ਲੱਖ, ਨਿਊਜਰਸੀ ਵਿਚ ਸਵਾ ਚਾਰ ਲੱਖ, ਨਾਰਥ ਕੈਰੋਲੀਨਾ ਵਿਚ 3 ਲੱਖ, ਵਾਸ਼ਿੰਗਟਨ ਪ੍ਰਾਂਤ ਵਿਚ ਪੌਣੇ ਤਿੰਨ ਲੱਖ ਪਰਵਾਸੀ ਘੱਟੋ-ਘੱਟ ਇਨ੍ਹਾਂ ਰਾਜਾਂ ਵਿਚ ਵਸਦੇ ਜਾਂ ਡੰਗ ਟਪਾ ਰਹੇ ਹਨ ਅਤੇ ਬਾਕੀ ਸਾਰੇ ਰਾਜਾਂ ਵਿਚ ਲਗਭਗ 30 ਲੱਖ ਪਰਵਾਸੀ ਗੈਰ-ਕਾਨੂੰਨੀ ਢੰਗ ਨਾਲ ਵੀਜ਼ੇ ਦੀ ਮਿਆਦ ਟੱਪ ਜਾਣ ਜਾਂ ਅਮਰੀਕੀ ਨਾਗਰਿਕ ਨਾਲ ਸ਼ਾਦੀ ਕਰਵਾ ਕੇ ਜਾਂ ਉਸ ਦੇ ਬੱਚਾ ਪੈਦਾ ਕਰਕੇ ਕਿਸੇ ਵੇਲੇ ਅਮਰੀਕੀ ਨਾਗਰਕਿ ਦਾ ਮਾਪਾ ਬਣਨ ਦੇ ਆਧਾਰ ਉੱਤੇ ਪੱਕਾ ਹੋਣ ਦੇ ਬਹਾਨੇ ਜਾਂ ਇਰਾਦੇ ਨਾਲ ਰਹਿੰਦੇ ਵੇਖੇ ਗਏ ਹਨ।



ਮਹਿਕ-ਭਰਪੂਰ ਗੁਲਾਬ ਜਾਂ ਹੋਰ ਫੁੱਲਾਂ ਨਾਲ ਜਿੱਥੇ ਖੂੰਖਾਰ ਕੰਡਿਆਂ ਦਾ ਨਹੁੰ-ਮਾਸ ਦਾ ਰਿਸ਼ਤਾ ਬਣ ਜਾਂਦਾ ਹੈ, ਉਸੇ ਤਰ੍ਹਾਂ ਵਿਦੇਸ਼ਾਂ ਵਿਚ ਜਿਵੇਂ ਆਪਣੀ ਜਨਮ-ਭੂਮੀ ਛੱਡ ਕੇ ਵਿਦੇਸ਼ੀ ਧਰਤੀ 'ਤੇ ਪਰਵਾਸੀਆਂ ਨੇ ਸ਼ਾਨਾ-ਮੱਤੀ ਪ੍ਰਾਪਤੀ ਕਰ ਕੇ ਜਸ ਖੱਟਿਆ ਅਤੇ ਸੁੱਖ ਮਾਣਿਆ ਹੈ, ਉਸੇ ਤਰ੍ਹਾਂ ਹਜ਼ਾਰਾਂ ਪਰਵਾਸੀ ਹਰ ਵਰ੍ਹੇ ਲਾਲਚੀ ਰਿਸ਼ਤੇਦਾਰਾਂ, ਦਲਾਲਾਂ ਜਾਂ ਪਰਵਾਸ ਦੇ ਦੁੱਕੀ ਅਤੇ ਅਖੌਤੀ ਮਾਹਿਰਾਂ ਦੇ ਕਹਿਣੇ ਲੱਗ ਕੇ ਸਹਾਰਾ ਮਾਰੂਥਲ ਦੀ ਤੱਤੀ ਲੂਹ ਜਾਂ ਯੂਰਪ ਦੇ ਪਾਣੀਆਂ ਦੀਆਂ ਜਾਨ-ਲੇਵਾ ਘੁੰਮਣਘੇਰੀਆਂ ਦਾ ਸ਼ਿਕਾਰ ਹੁੰਦੇ ਹੋਏ ਆਪਣੀ ਮੰਜ਼ਿਲ 'ਤੇ ਪਹੁੰਚਣ ਤੋਂ ਪਹਿਲਾਂ ਹੀ ਦਮ ਤੋੜ ਜਾਂਦੇ ਵੇਖੇ ਗਏ ਹਨ।

**ਯੂਰਪ ਵਿਚ ਗੈਰ-ਕਾਨੂੰਨੀ ਪਰਵਾਸੀ** : ਪਿਛਲੇ ਲਗਾਤਾਰ ਕਈ ਦਹਾਕਿਆਂ ਤੋਂ ਯੂਰਪ ਦੇ ਪੱਛਮੀ ਅਤੇ ਅਮੀਰ ਸਮਝੇ ਤੇ ਪਰਚਾਰੇ ਜਾਂਦੇ ਬਰਤਾਨੀਆ, ਫਰਾਂਸ, ਜਰਮਨੀ, ਬੈਲਜ਼ੀਅਮ, ਹਾਲੈਂਡ ਆਦਿ ਦੇਸ਼ਾਂ ਵਿਚ ਪੁੱਜਣ ਲਈ ਏਸ਼ੀਆਈ, ਅਫਰੀਕੀ ਅਤੇ ਮੱਧ ਪੂਰਬੀ ਦੇਸ਼ਾਂ ਦੇ ਪਰਵਾਸੀ ਕਾਨੂੰਨੀ ਜਾਂ ਗੈਰ-ਕਾਨੂੰਨੀ ਢੰਗ ਨਾਲ ਪੁੱਜਦੇ ਆ ਰਹੇ ਹਨ। ਯੂਰਪੀ ਸੰਘ ਦੇ ਮੈਂਬਰ ਦੇਸ਼ਾਂ ਵਿਚ ਸੋਵੀਅਤ ਯੂਨੀਅਨ ਤੋਂ ਆਜ਼ਾਦ ਹੋਏ ਰੂਸ ਦੇ ਸਰਹੱਦੀ ਦੇਸ਼ ਅਤੇ ਪੂਰਬੀ ਯੂਰਪ ਦੇ ਗਰੀਬ ਦੇਸ਼ਾਂ ਦੇ ਪਰਵਾਸੀ ਯੂਰਪੀ ਅੰਦਰੂਨੀ ਕਾਨੂੰਨਾਂ ਦਾ ਫਾਇਦਾ ਉਠਾਉਂਦੇ ਹੋਏ ਪੱਛਮੀ ਯੂਰਪੀ ਦੇਸ਼ਾਂ ਵਿਚ ਪੁੱਜ ਕੇ ਸਥਾਨਕ ਨਾਗਰਿਕਾਂ ਦੇ ਰਿਹਾਇਸ਼ੀ ਅਤੇ ਰੁਜ਼ਗਾਰੀ ਹੱਕਾਂ 'ਤੇ ਛਾਪੇ ਮਾਰਨ ਲੱਗ ਪਏ ਹਨ, ਜਿਸ ਦੇ ਨਤੀਜੇ ਵਜੋਂ ਇਸ ਵੇਲੇ ਆਵਾਸ-ਪਰਵਾਸ ਕਾਨੂੰਨਾਂ ਦੇ ਮਾਮਲੇ ਤੇ ਪੱਛਮੀ ਅਤੇ ਪੂਰਬੀ ਦੇਸ਼ਾਂ ਵਿਚ ਤਨਾਅ ਭਰਪੂਰ ਸਥਿਤੀ ਬਣੀ ਹੋਈ ਹੈ।


ਜਿੱਥੇ ਬਰਤਾਨੀਆ ਇਕ ਸੁਤੰਤਰ ਅਤੇ ਵੱਖਰਾ ਟਾਪੂ-ਨੁਮਾ ਦੇਸ਼ ਹੋਣ ਕਾਰਨ ਇਸ ਦੀ ਆਵਾਸੀ ਨੀਤੀ, ਯੂਰਪ ਦੇ ਸ਼ੈਂਗਨ ਸਮਝੌਤੇ ਅਨੁਸਾਰ ਵੱਖਰੀ ਅਤੇ ਸੁਤੰਤਰ ਹੈ ਅਤੇ ਇਸ ਦੇਸ਼ ਨੇ ਆਪਣੀਆਂ ਸਰਹੱਦਾਂ ਦੀ ਰਾਖੀ ਬਾਕੀ ਯੂਰਪੀ ਸੰਘ ਦੇ ਆਵਾਸੀ ਕਾਨੂੰਨਾਂ ਤੋਂ ਵੱਖਰੀ ਅਤੇ ਨਿਰਪੱਖ ਰੱਖੀ ਹੋਈ ਹੈ, ਹੁਣ ਬਰਤਾਨੀਆ ਵੱਲੋਂ 70ਵਿਆਂ ਅਤੇ 80ਵਿਆਂ ਵਾਲੀ ਪਨਾਹਗੀਰ-ਨੀਤੀ ਵਿਚ ਵੀ ਸਖਤੀ ਕੀਤੀ ਹੋਈ ਹੈ, ਉੱਥੇ ਯੂਰਪੀ ਸੰਘ ਦੇ ਕਈ ਅਮੀਰ ਦੇਸ਼ਾਂ ਦੀਆਂ ਪਨਾਹਗਿਰੀ ਅਤੇ ਭੱਤਾ ਸਹੂਲਤਾਂ ਦਾ ਮੱਧ ਪੂਰਬ ਦੇ ਸਿਰੀਆ ਅਤੇ ਇਰਾਕ ਦੇਸ਼ ਅਤੇ ਜਾਂ ਪੂਰਬੀ ਯੂਰਪ ਦੇ ਰੁਮਾਨੀਆ, ਪੋਲੈਂਡ ਅਤੇ ਰੂਸ ਦੇ ਸਰਹੱਦੀ ਗਰੀਬ ਦੇਸ਼ਾਂ ਦੇ ਪਰਵਾਸੀ ਲਾਭ ਉਠਾਉਣ ਲਈ ਮਨੁੱਖੀ ਤਸਕਰੀ ਰਾਹੀਂ ਸਵੀਡਨ, ਜਰਮਨੀ, ਸਵਿਟਜਰਲੈਂਡ ਅਤੇ ਪਿਛਲੇ ਵਰ੍ਹਿਆਂ ਤੋਂ ਇਟਲੀ ਵਿਚ ਪੁੱਜਣ ਲੱਗ ਪਏ ਹਨ। ਇਸ ਵਰ੍ਹੇ ਜਨਵਰੀ ਤੋਂ ਲੈ ਕੇ ਪਿਛਲੇ ਮਹੀਨੇ ਦੇ ਅਖੀਰ ਤੱਕ ਲਗਭਗ ਡੇਢ ਲੱਖ ਪਰਵਾਸੀ ਇਟਲੀ ਪੁੱਜ ਕੇ ਡੰਗ-ਟਪਾਊ ਸਿਆਸੀ ਪਨਾਹਗੀਰ ਬਣਦੇ ਵੇਖੇ ਗਏ ਹਨ, ਜਿੱਥੋਂ ਉਹ ਮਨੁੱਖੀ ਤਸਕਰਾਂ ਰਾਹੀਂ ਆਪਣਾ ਸਭ ਕੁਝ ਲੁਟਾ ਕੇ ਪੱਛਮੀ ਯੂਰਪ, ਕੈਨੇਡਾ ਜਾਂ ਅਮਰੀਕਾ ਤੱਕ ਵੱਖੋ-ਵੱਖਰੀਆਂ ਹੱਦਾਂ ਅਤੇ ਸਰਹੱਦਾਂ ਟੱਪ ਰਹੇ ਹਨ, ਜਿਨ੍ਹਾਂ ਵਿਚੋਂ ਬੀਤੇ ਵਰ੍ਹਿਆਂ ਦੌਰਾਨ ਸੈਂਕੜੇ ਨਹੀਂ ਹਜ਼ਾਰਾਂ ਦੀ ਗਿਣਤੀ ਵਿਚ ਮੱਧ ਮਹਾਂਸਾਗਰ ਦੇ ਮਨਹੂਸ ਪਾਣੀਆਂ ਦਾ ਸ਼ਿਕਾਰ ਹੁੰਦੇ ਆ ਰਹੇ ਹਨ। ਮਨੁੱਖੀ ਅਧਿਕਾਰਾਂ ਦੀ ਕੌਮਾਂਤਰੀ ਸੰਸਥਾ, ਐਮਨੈਸਟੀ ਇੰਟਰਨੈਸ਼ਨਲ ਅਨੁਸਾਰ ਯੂਰਪੀ ਸੰਘ ਦੇ ਮੈਂਬਰ ਦੇਸ਼ ਜਾਂ ਆਪਣੀਆਂ ਸਰਹੱਦਾਂ ਸੰਭਾਲਣ ਯੋਗ ਅਤੇ ਨਾ ਹੀ ਗਰੀਬੀ, ਬੇਰੁਜ਼ਗਾਰੀ ਅਤੇ ਤਨਾਅ ਭਰਪੂਰ ਜਾਂ ਤਾਨਾਸ਼ਾਹੀ ਰਾਜਾਂ ਦੇ ਪੀੜਤ ਲੋਕਾਂ ਨੂੰ ਪਨਾਹ ਦੇਣ ਦੇ ਯੋਗ ਹਨ। ਇਸ ਵੇਲੇ ਯੂਰਪੀ ਸੰਘ ਦੇ 28 ਦੇਸ਼ਾਂ ਵਿਚ ਗੈਰ-ਕਾਨੂੰਨੀ ਪਰਵਾਸੀਆਂ ਦੀ ਗਿਣਤੀ 30 ਲੱਖ ਦੇ ਦੁਆਲੇ ਘੁੰਮ ਰਹੀ ਹੈ।

**ਗੈਰ-ਕਾਨੂੰਨੀ ਪਰਵਾਸ ਅਤੇ ਕਾਨੂੰਨੀ ਸਖਤੀਆਂ** : ਬੇਸ਼ੱਕ ਗੈਰ-ਕਾਨੂੰਨੀ ਪਰਵਾਸੀਆਂ ਨੂੰ ਸਸਤੇ ਭਾਅ ਜਾਂ ਘੱਟ ਵੇਤਨ 'ਤੇ ਕੰਮ ਕਰਨ ਕਾਰਨ ਯੂਰਪ ਦੀਆਂ ਕਈ ਸਰਕਾਰਾਂ ਇਨ੍ਹਾਂ ਨੂੰ ਗ੍ਰਿਫਤਾਰ ਕਰਕੇ ਦੇਸ਼ ਨਿਕਾਲ ਦੇਣ ਤੋਂ ਗੋਲੇ ਕਬੂਤਰ ਵਾਂਗ ਅੱਖਾਂ ਬੰਦ ਕਰਕੇ ਮਚਲੀਆਂ ਹੋਈਆਂ ਵੇਖੀਆਂ ਹਨ, ਪਰ ਕਈ ਦੇਸ਼ਾਂ ਨੇ ਮਨੁੱਖੀ ਤਸਕਰਾਂ ਅਤੇ ਗੈਰਕਾਨੂੰਨੀ ਪਰਵਾਸੀਆਂ 'ਤੇ ਕਾਫੀ ਸਖਤੀ ਕਰ ਦਿੱਤੀ ਹੈ।

- ਬਰਤਾਨੀਆ ਵਿਚ ਗੈਰ-ਕਾਨੂੰਨੀ ਕਾਮੇ ਨੂੰ ਆਪਣੇ ਵਪਾਰਕ ਅਦਾਰੇ ਵਿਚ ਦਿਹਾੜੀ-ਦੱਪਾ ਕਰਾਉਣ ਵਾਲੇ ਕੰਪਨੀ ਮਾਲਕ ਨੂੰ 10 ਹਜ਼ਾਰ ਪੌਂਡ (ਸਾਢੇ 9 ਲੱਖ ਰੁਪਏ) ਜੁਰਮਾਨਾ ਕੀਤਾ ਜਾਂਦਾ ਹੈ ਅਤੇ ਗੈਰਕਾਨੂੰਨੀ ਪਰਵਾਸੀ ਨੂੰ ਆਪਣੇ ਘਰ ਵਿਚ ਕਮਰਾ ਕਿਰਾਏ 'ਤੇ ਦੇਣ ਬਦਲੇ 3000 ਪੌਂਡ (ਪੌਣੇ ਤਿੰਨ ਲੱਖ ਰੁਪਏ) ਜੁਰਮਾਨਾ ਕੀਤਾ ਜਾਂਦਾ ਹੈ। ਬਰਤਾਨੀਆ ਦਾ ਪ੍ਰਧਾਨ ਮੰਤਰੀ ਡੇਵਿਡ ਕੈਮਰਨ ਖੁਦ ਛਾਪੇ ਮਾਰਨ ਲੱਗ ਪਿਆ ਹੈ।
- ਬੀਤੀ 20 ਨਵੰਬਰ ਨੂੰ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਇਕ ਭਾਸ਼ਣ ਰਾਹੀਂ ਐਲਾਨ ਕੀਤਾ ਹੈ ਕਿ ਅਮਰੀਕਾ ਵਿਚ 5 ਵਰ੍ਹੇ ਤੋਂ ਵੱਧ ਰਹਿਣ ਵਾਲੇ ਗੈਰ-ਕਾਨੂੰਨੀ ਪਰਵਾਸੀਆਂ ਨੂੰ ਆਮ ਮੁਆਫੀਨਾਮਾ ਦਿੱਤਾ ਜਾਵੇਗਾ, ਜਿਸ ਦੇ ਅਧੀਨ ਅਮਰੀਕਾ ਵਿਚ ਉਨ੍ਹਾਂ ਦੇ ਜਨਮੇ ਬੱਚਿਆਂ ਦੇ ਆਧਾਰ 'ਤੇ ਉਹ ਮਾਪੇ ਅਮਰੀਕਾ ਵਿਚ ਰਹਿ ਵੀ ਸਕਣਗੇ ਅਤੇ ਇੱਥੇ ਬਣਾਏ ਜਾਂ ਜਨਮੇ ਬੱਚਿਆਂ ਦੇ ਆਧਾਰ 'ਤੇ ਪਰਿਵਾਰਕ ਭੱਤੇ ਵੀ ਲੈ ਸਕਣਗੇ।
- ਅਮਰੀਕਾ ਦੇ ਗ੍ਰਹਿ ਵਿਭਾਗ, ਡਿਪਾਰਟਮੈਂਟ ਆਫ ਹੋਮ ਸਕਿਊਰਟੀ ਨੇ ਵਾਸ਼ਿੰਗਟਨ ਡੀ.ਸੀ. ਰਾਜਧਾਨੀ ਦੀ ਵੱਖੀ ਵਿਚ ਵਰਜੀਨੀਆ ਵਿਖੇ ਇਨ੍ਹਾਂ ਲੱਖਾਂ ਪਰਵਾਸੀਆਂ ਦੇ ਕਾਗਜ਼ਾਂ ਦੀ ਛਾਣਬੀਨ ਕਰਨ ਲਈ 1000 ਕਰਮਚਾਰੀਆਂ ਦੀ ਭਰਤੀ ਕਰਨ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ, ਜੋ ਲਗਭਗ 50 ਲੱਖ ਗੈਰਕਾਨੂੰਨੀ ਤੌਰ 'ਤੇ ਅਮਰੀਕਾ ਰਹਿੰਦੇ ਪ੍ਰਵਾਸੀਆਂ ਨੂੰ ਕਾਨੂੰਨੀ ਤੌਰ 'ਤੇ ਰਹਿਣ ਵਿਚ ਸਹਾਈ ਹੋਣਗੇ।

ਮੋਬਾਇਲ : 0790-3190-838
Email: shergill@journalist.com

# ਅਮਰੀਕੀ ਚੌਧਰਵਾਦ ਬਨਾਮ ਇਸਲਾਮਿਕ ਮੂਲਵਾਦ ਦੇ ਵਿਸ਼ਵ ਸਰੋਕਾਰ



**ਡਾ. ਸਵਰਾਜ ਸਿੰਘ**

ਇਸਲਾਮ ਵਿੱਚ ਵਧ ਰਿਹਾ ਮੂਲਵਾਦ ਦਾ ਰੁਝਾਨ ਅਮਰੀਕਾ ਨੂੰ ਆਪਣਾ ਮੁੱਖ ਵਿਰੋਧੀ ਮੰਨਦਾ ਹੈ। ਪਹਿਲਾਂ ਅਲਕਾਇਦਾ ਅਤੇ ਤਾਲਿਬਾਨ ਅਮਰੀਕਾ ਨਾਲ ਲੜ ਰਹੇ ਸਨ। ਇਹ ਸੁੰਨੀ ਮੁਸਲਮਾਨਾਂ ਵਿੱਚ ਸਰਗਰਮ ਹਨ। ਫ਼ਲਸਤੀਨੀਆਂ ਵਿੱਚ ਹਮਾਸ ਵੀ ਇਸੇ ਕਤਾਰ ਵਿੱਚ ਆਉਂਦਾ ਹੈ। ਘੱਟ ਗਿਣਤੀ ਸ਼ੀਆ ਮੁਸਲਮਾਨਾਂ ਵਿੱਚ ਇਰਾਨ ਅਤੇ ਲੈਬਨਾਨ ਵਿੱਚ ਹਿਜ਼ਬੁਲਾ ਅਤੇ ਸੀਰੀਆ ਵਿੱਚ ਪ੍ਰਧਾਨ ਅਸਾਦ, ਸਾਰੇ ਅਮਰੀਕਾ ਨੂੰ ਆਪਣਾ ਮੁੱਖ ਵਿਰੋਧੀ ਮੰਨਦੇ ਹਨ। ਇਹ ਸਾਰੇ ਕਿਸੇ ਨਾ ਕਿਸੇ ਢੰਗ ਨਾਲ ਅਮਰੀਕਾ ਨਾਲ ਲੜ ਰਹੇ ਹਨ ਪਰ ਹੁਣ ਸੁੰਨੀ ਬਹੁ-ਗਿਣਤੀ ਵਿੱਚ ਆਈ.ਐੱਸ. (ਇਸਲਾਮਿਕ ਸਟੇਟ) ਅਮਰੀਕਾ ਨਾਲ ਸਭ ਤੋਂ ਤਿੱਖੀ ਅਤੇ ਹਿੰਸਾ ਵਾਲੀ ਲੜਾਈ ਲੜ ਰਹੀ ਹੈ। ਇਸ ਦਾ ਉਦੇਸ਼ ਪੁਰਾਣੀ ਖ਼ਿਲਾਫ਼ਤ ਵਾਂਗ ਇੱਕ ਨਵੀਂ ਇਸਲਾਮਿਕ ਖ਼ਿਲਾਫ਼ਤ ਸਥਾਪਤ ਕਰਨਾ ਹੈ, ਜਿਸ ਦਾ ਖ਼ਲੀਫ਼ਾ ਜਿੱਥੇ ਕਿਤੇ ਵੀ ਮੁਸਲਮਾਨ ਰਹਿੰਦੇ ਹਨ, ਉੱਥੇ ਆਪਣਾ ਧਾਰਮਿਕ ਅਧਿਕਾਰ ਸਥਾਪਤ ਕਰੇਗਾ। ਅੱਜ ਅਮਰੀਕਾ ਨੂੰ ਕਈ ਮੁਸਲਮਾਨ ਦੇਸ਼ਾਂ ਵਿੱਚ ਇਸਲਾਮਿਕ ਮੂਲਵਾਦੀਆਂ ਨਾਲ ਲੜਨਾ ਪੈ ਰਿਹਾ ਹੈ ਜਿਵੇਂ ਕਿ ਇਰਾਕ, ਅਫ਼ਗਾਨਿਸਤਾਨ, ਸੁਮਾਲੀਆ, ਲਿਬੀਆ, ਸੀਰੀਆ ਅਤੇ ਉਮਾਨ ਵਿੱਚ ਤਾਂ ਵੱਡੇ ਪੱਧਰ 'ਤੇ ਲੜਾਈ ਹੋ ਰਹੀ ਹੈ ਪਰ ਇਸਲਾਮਿਕ ਮੂਲਵਾਦੀ ਸੰਸਾਰ ਦੇ ਹਰ ਹਿੱਸੇ ਵਿੱਚ ਅਮਰੀਕਨ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ ਜਿਵੇਂ ਕਿ ਇੰਡੋਨੇਸ਼ੀਆ, ਕੀਨੀਆ, ਲੈਬਨਾਨ, ਸਾਊਦੀ ਅਰਬ ਅਤੇ ਪਾਕਿਸਤਾਨ ਆਦਿ ਵਿੱਚ ਹੋਇਆ ਹੈ। ਭਾਵੇਂ ਸੁੰਨੀ ਬਹੁਗਿਣਤੀ ਅਤੇ ਸ਼ੀਆ ਘੱਟ-ਗਿਣਤੀ ਵਿਚਕਾਰ ਮੱਤਭੇਦ ਹਨ ਅਤੇ ਇਸਲਾਮਿਕ ਸਟੇਟ ਦੇ ਅਲਕਾਇਦਾ ਨਾਲ ਮੱਤਭੇਦ ਹਨ ਪਰ ਇੱਕ ਗੱਲ 'ਤੇ ਸਾਰੇ ਇਸਲਾਮਿਕ ਮੂਲਵਾਦੀ ਸੰਗਠਨ ਸਹਿਮਤ ਹਨ ਕਿ ਅਮਰੀਕਾ ਹੀ ਉਨ੍ਹਾਂ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਅਮਰੀਕਨ ਅਗਵਾਈ ਹੇਠ ਪੱਛਮ ਉਨ੍ਹਾਂ 'ਤੇ ਸੱਭਿਆਚਾਰਕ ਹਮਲਾ ਕਰ ਰਿਹਾ ਹੈ ਅਤੇ ਇਸਲਾਮਿਕ ਸੱਭਿਅਤਾ, ਉਸ ਦੇ ਜੀਵਨ ਢੰਗ ਅਤੇ ਕਦਰਾਂ-ਕੀਮਤਾਂ ਨੂੰ ਖੋਰਾ ਲਾ ਕੇ ਉਨ੍ਹਾਂ 'ਤੇ ਆਪਣਾ ਸੱਭਿਆਚਾਰ, ਆਪਣਾ ਜੀਵਨ ਢੰਗ ਅਤੇ ਆਪਣੀਆਂ ਕਦਰਾਂ-ਕੀਮਤਾਂ ਠੋਸਣਾ ਚਾਹੁੰਦਾ ਹੈ। ਇਸ ਦਾ ਵਿਰੋਧ ਕਰਨਾ ਉਨ੍ਹਾਂ ਦਾ ਧਾਰਮਿਕ ਫ਼ਰਜ਼ ਬਣਦਾ ਹੈ। ਇਸ ਧਾਰਨਾ ਹੇਠ ਇਸਲਾਮਿਕ ਮੂਲਵਾਦੀ ਸੰਗਠਨਾਂ ਦਾ ਅਮਰੀਕਾ ਵਿਰੋਧੀ ਸੰਘਰਸ਼ ਹੋਰ ਤਿੱਖਾ ਅਤੇ ਹੋਰ ਹਿੰਸਕ ਹੁੰਦਾ ਜਾ ਰਿਹਾ ਹੈ। ਇਸ ਦਾ ਅਸਰ ਕਿੰਨਾ ਵਧ ਰਿਹਾ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਅਮਰੀਕਾ, ਕੈਨੇਡਾ ਅਤੇ ਯੂਰਪੀਨ ਦੇਸ਼ਾਂ ਵਿੱਚ ਰਹਿੰਦੇ ਮੁਸਲਮਾਨ ਵੀ ਇਨ੍ਹਾਂ ਸੰਗਠਨਾਂ ਵਿੱਚ ਸ਼ਾਮਲ ਹੁੰਦੇ ਜਾ ਰਹੇ ਹਨ।

ਅਮਰੀਕਨ ਚੌਧਰ ਅਤੇ ਇਸ ਦੇ ਹੇਠ ਸਥਾਪਤ ਇੱਕ ਧਰੁਵੀ ਸੰਸਾਰਕ ਵਿਵਸਥਾ ਨੂੰ ਮੁੱਖ ਤੌਰ 'ਤੇ ਤਿੰਨ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਹਿਲੀ ਆਰਥਿਕ ਚੁਣੌਤੀ ਜਿਸ ਵਿੱਚ ਸਭ ਤੋਂ ਅੱਗੇ ਚੀਨ ਹੈ, ਦੂਜੀ ਫ਼ੌਜੀ ਚੁਣੌਤੀ ਜਿਸ ਵਿੱਚ ਸਭ ਤੋਂ ਅੱਗੇ ਰੂਸ ਹੈ ਅਤੇ ਤੀਜੀ ਸਿਧਾਂਤਕ ਚੁਣੌਤੀ ਜਿਸ ਵਿੱਚ ਸਭ ਤੋਂ ਅੱਗੇ ਇਸਲਾਮਿਕ ਮੂਲਵਾਦੀ ਹਨ। ਚੀਨ ਦੀ ਆਰਥਿਕ ਚੁਣੌਤੀ ਕਿੰਨੀ ਕੁ ਗੰਭੀਰ ਹੈ ਇਸ ਗੱਲ ਦਾ ਅੰਦਾਜ਼ਾ ਇਸ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਇੰਟਰਨੈਸ਼ਨਲ ਮਾਨੀਟਰੀ ਫ਼ੰਡ ਦੀ ਸਾਲ 2014 ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਤੁਲਨਾਤਮਕ ਖ਼ਰੀਦ ਸ਼ਕਤੀ (ਪਰਚੇਜ਼ਿੰਗ ਪਾਵਰ ਪੈਰਿਟੀ) ਦੇ ਆਧਾਰ 'ਤੇ ਚੀਨ ਦੀ ਆਰਥਿਕਤਾ ਅਮਰੀਕਾ ਨਾਲੋਂ ਵੱਡੀ ਹੋ ਗਈ ਹੈ। ਬਰਿਕਸ ਅਤੇ ਸ਼ੰਘਾਈ ਕਾਰਪੋਰੇਸ਼ਨ ਵਰਗੀਆਂ ਸੰਸਥਾਵਾਂ ਅਮਰੀਕਨ ਸਰਦਾਰੀ ਹੇਠ ਸਥਾਪਤ ਸੰਸਥਾਵਾਂ ਨੂੰ ਵੱਡੀ ਚੁਣੌਤੀ ਦੇ ਰਹੀਆਂ ਹਨ ਜਿਵੇਂ ਕਿ ਬਰਿਕਸ ਆਪਣਾ ਬੈਂਕ ਬਣਾਉਣ ਜਾ ਰਹੀ ਹੈ ਜੋ ਕਿ ਵਰਲਡ ਬੈਂਕ ਲਈ ਵੱਡੀ ਚੁਣੌਤੀ ਸਾਬਤ ਹੋ ਸਕਦਾ ਹੈ। ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸੰਸਾਰ ਵਿੱਚ ਅਮਰੀਕਾ ਅਤੇ ਪੱਛਮ ਦੀ ਚੌਧਰ ਅੰਤ ਵਿੱਚ ਉਸ ਦੀ ਆਰਥਿਕ ਸ਼ਕਤੀ 'ਤੇ ਨਿਰਭਰ ਹੈ। ਜਦੋਂ ਅਮਰੀਕਾ ਤੇ ਪੱਛਮ ਆਰਥਿਕ ਤੌਰ 'ਤੇ ਕਮਜ਼ੋਰ ਹੋ ਚੁੱਕੇ ਹਨ ਤਾਂ ਉਹ ਸੰਸਾਰ 'ਤੇ ਆਪਣੀ ਚੌਧਰ ਅਤੇ ਪ੍ਰਬਲਤਾ ਜ਼ਿਆਦਾ ਦੇਰ ਕਾਇਮ ਨਹੀਂ ਰੱਖ ਸਕਦੇ। ਭਾਵੇਂ ਸਮਾਏਦਾਰੀ ਵਿਵਸਥਾ ਵਿੱਚ ਆਰਥਿਕ ਸੰਕਟ ਆਉਂਦੇ ਰਹੇ ਹਨ ਅਤੇ ਇੱਕ ਤਰ੍ਹਾਂ ਨਾਲ ਸੰਕਟ ਸਰਮਾਏਦਾਰੀ ਵਿਵਸਥਾ ਦੀ ਮੰਗ ਹਨ ਪਰ ਸਰਮਾਏਦਾਰੀ ਦਾ ਮੌਜੂਦਾ ਸੰਕਟ ਉਨ੍ਹਾਂ ਨਾਲੋਂ ਵੱਖਰਾ ਹੈ। ਸ਼ੁਰੂ ਤੋਂ ਹੀ ਸਰਮਾਏਦਾਰੀ ਵਿੱਚ ਸੰਕਟ ਆਏ ਅਤੇ ਉਸ ਨੇ ਕੁਝ ਸੁਧਾਰ ਕਰ ਕੇ ਅਤੇ ਆਪਣੀਆਂ ਨੀਤੀਆਂ ਬਦਲ ਕੇ ਇਨ੍ਹਾਂ ਵਿੱਚੋਂ ਨਿਕਲਣ ਦਾ ਯਤਨ ਕੀਤਾ ਜੋ ਕਿ ਕੰਮ ਕਰਦਾ ਰਿਹਾ। ਇਸ ਲਈ ਅਸੀਂ ਇਨ੍ਹਾਂ ਨੂੰ ਸਾਈਕਲਿਕ ਜਾਂ ਚੱਕਰ ਜਾਂ ਆਰਜ਼ੀ ਸੰਕਟ ਕਹਿ ਸਕਦੇ ਹਾਂ ਪਰ ਪੱਛਮੀ ਸਰਮਾਏਦਾਰੀ ਦਾ ਮੌਜੂਦਾ ਸੰਕਟ ਜੋ ਕਿ ਸਾਲ 2008 ਵਿੱਚ ਸ਼ੁਰੂ ਹੋਇਆ ਹੈ, ਇਨ੍ਹਾਂ ਤੋਂ ਵੱਖਰਾ ਹੈ। ਇਹ ਟਰਮੀਨਲ ਜਾਂ ਆਖ਼ਰੀ ਸੰਕਟ ਸਾਬਤ ਹੋਣ ਜਾ ਰਿਹਾ ਹੈ। ਪੱਛਮੀ ਸਮਰਾਏਦਾਰੀ ਪਹਿਲਾਂ ਵਾਂਗ ਕੁਝ ਸੁਧਾਰ ਕਰ ਕੇ ਜਾਂ ਆਪਣੀਆਂ ਨੀਤੀਆਂ ਬਦਲ ਕੇ ਇਸ ਵਿੱਚੋਂ ਬਾਹਰ ਨਹੀਂ ਆ ਸਕਦੀ। ਇਸ ਲਈ ਉਸ ਨੂੰ ਆਪਣੀ ਵਿਵਸਥਾ ਵਿੱਚ ਬੁਨਿਆਦੀ ਬਦਲ ਲਿਆਉਣਾ ਪਵੇਗਾ। ਦੂਜੇ ਸ਼ਬਦਾਂ ਵਿੱਚ ਇੱਕ ਧਰੁਵੀ ਸੰਸਾਰਕ ਵਿਵਸਥਾ ਜਿਸ ਵਿੱਚ ਅਮਰੀਕਾ ਦੀ ਚੌਧਰ ਅਤੇ ਪੱਛਮ ਦੀ ਸਰਦਾਰੀ ਸੀ, ਦੀ ਥਾਂ 'ਤੇ ਬਹੁ-ਧਰੁਵੀ ਸੰਸਾਰਕ ਵਿਵਸਥਾ ਨੂੰ ਸਵੀਕਾਰਨਾ ਪਵੇਗਾ ਜਿਸ ਵਿੱਚ ਸੰਸਾਰ ਇੱਕ ਜਾਂ ਦੋ ਦੀ ਥਾਂ 'ਤੇ ਕਈ ਸ਼ਕਤੀ ਦੇ ਕੇਂਦਰ ਸਥਾਪਤ ਹੋ ਜਾਣਗੇ ਜੋ ਕਿ ਇੱਕ-ਦੂਜੇ ਨੂੰ ਸੰਤੁਲਿਤ ਕਰਦੇ ਹੋਏ ਸੰਸਾਰਕ ਸ਼ਕਤੀ ਦਾ ਸੰਤੁਲਨ ਕਾਇਮ ਰੱਖ ਸਕਣਗੇ।

ਫ਼ੌਜੀ ਪੱਖ ਤੋਂ ਅਮਰੀਕਾ ਤੇ ਪੱਛਮ ਨੂੰ ਮੁੱਖ ਤੌਰ 'ਤੇ ਰੂਸ ਵੱਲੋਂ ਚੁਣੌਤੀ ਮਿਲ ਰਹੀ ਹੈ। ਰੂਸ ਨੇ ਯੂਰਪ ਵਿੱਚ ਆਪਣੇ ਰਸੂਖ਼ ਦੀ ਇੱਕ ਤਰ੍ਹਾਂ ਨਾਲ ਲੀਕ ਖਿੱਚ ਦਿੱਤੀ ਹੈ ਕਿ ਉਸ ਦੇ ਅੰਦਰ ਉਹ ਕੋਈ ਵੀ ਫ਼ੌਜੀ ਦਖ਼ਲ ਬਰਦਾਸ਼ਤ ਨਹੀਂ ਕਰੇਗਾ। ਇਸੇ ਸਿਧਾਂਤ ਹੇਠ ਪਹਿਲਾਂ ਉਸ ਨੇ ਜਾਰਜੀਆ ਵਿੱਚ ਪੱਛਮ ਪੱਖੀ ਸਰਕਾਰ 'ਤੇ ਹਮਲਾ ਕਰ ਕੇ ਉਸ ਨੂੰ ਕਰਾਰੀ ਹਾਰ ਦਿੱਤੀ ਤੇ ਹੁਣ ਉਹ ਯੂਕਰੇਨ ਵਿੱਚ ਪੱਛਮ ਨੂੰ ਵੱਡੀ ਚੁਣੌਤੀ ਦੇ ਰਿਹਾ ਹੈ। ਪਹਿਲਾਂ ਉਸ ਨੇ ਕਰੀਮੀਆ ਨੂੰ ਆਪਣੇ ਵਿੱਚ ਮਿਲਾ ਲਿਆ ਅਤੇ ਹੁਣ ਪੂਰਬੀ ਯੂਕਰੇਨ ਵਿੱਚ ਰੂਸੀ ਬਹੁ-ਗਿਣਤੀ ਵਾਲੇ ਇਲਾਕਿਆਂ ਨੂੰ ਅਮਲੀ ਤੌਰ 'ਤੇ ਆਪਣੇ ਵਿੱਚ ਮਿਲਾ ਰਿਹਾ ਹੈ। ਪੱਛਮੀ ਦੇਸ਼ਾਂ ਨੇ ਇਸ ਦੇ ਪ੍ਰਤੀਕਰਮ ਵਿੱਚ ਰੂਸ 'ਤੇ ਆਰਥਿਕ ਪਾਬੰਦੀਆਂ ਲਾਈਆਂ ਹਨ। ਰੂਸ ਨੇ ਵੀ ਪੱਛਮੀ ਦੇਸ਼ਾਂ 'ਤੇ ਜਵਾਬੀ ਆਰਥਿਕ ਪਾਬੰਦੀਆਂ ਲਾਈਆਂ ਹਨ ਅਤੇ ਰੂਸ ਹੌਲੀ-ਹੌਲੀ ਆਪਣੇ ਕੁਦਰਤੀ ਵਸੀਲਿਆਂ ਦਾ ਮੂੰਹ ਪੂਰਬ ਅਰਥਾਤ ਚੀਨ ਵੱਲ ਮੋੜ ਰਿਹਾ ਹੈ। ਲੰਮੇ ਸਮੇਂ ਵਿੱਚ ਇਹ ਪੱਛਮ ਨੂੰ ਹੋਰ ਕਮਜ਼ੋਰ ਕਰੇਗਾ ਕਿਉਂਕਿ ਸੰਸਾਰ ਦੇ ਖੇਤਰਫ਼ਲ ਦੇ ਆਧਾਰ 'ਤੇ ਰੂਸ ਸੰਸਾਰ ਦਾ ਸਭ ਤੋਂ ਵੱਡਾ ਦੇਸ਼ ਹੈ ਅਤੇ ਇਸ ਕੋਲ ਸੰਸਾਰ ਵਿੱਚ ਸਭ ਤੋਂ ਵੱਡੇ ਕੁਦਰਤੀ ਭੰਡਾਰਾਂ ਦੇ ਸੋਮੇ ਹਨ। ਇਨ੍ਹਾਂ 'ਤੇ ਪਹਿਲਾਂ ਪੱਛਮੀ ਦੇਸ਼ਾਂ ਦਾ ਕੰਟਰੋਲ ਸੀ ਜੋ ਹੁਣ ਚੀਨ ਵੱਲ ਚਲਾ ਜਾਵੇਗਾ। ਇਸ ਤੋਂ ਇਲਾਵਾ ਫ਼ੌਜੀ ਤੌਰ 'ਤੇ ਰੂਸ ਦੀ ਵਧ ਰਹੀ ਚੁਣੌਤੀ ਪੱਛਮ ਨੂੰ ਹੋਰ ਕਮਜ਼ੋਰ ਕਰੇਗੀ। ਰੂਸ, ਸੰਸਾਰ ਦਾ ਪਹਿਲਾ ਵੱਡਾ ਦੇਸ਼ ਹੈ ਜਿਸ ਨੇ ਇਹ ਖੁੱਲ੍ਹਾ ਐਲਾਨ ਕਰ ਦਿੱਤਾ ਹੈ ਕਿ ਜੇ ਪੱਛਮੀ ਦੇਸ਼ ਉਸ ਵਿਰੁੱਧ ਕੋਈ ਫ਼ੌਜੀ ਕਾਰਵਾਈ ਕਰਦੇ ਹਨ ਤਾਂ ਉਹ ਪਰਮਾਣੂ ਹਥਿਆਰਾਂ ਦੀ ਵਰਤੋਂ ਕਰ ਸਕਦਾ ਹੈ। ਅਮਰੀਕਾ ਦੇ ਦੂਜੇ ਪੱਛਮੀ ਦੇਸ਼ਾਂ ਨੂੰ ਇਸ ਗੱਲ ਨੂੰ ਬਹੁਤ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਕਿਉਂਕਿ ਅਜਿਹਾ ਹੋਣ ਨਾਲ ਨਾ ਸਿਰਫ਼ ਉਨ੍ਹਾਂ ਦੀ ਸਗੋਂ ਸਾਰੇ ਸੰਸਾਰ ਦੀ ਹੋਂਦ ਦਾਅ 'ਤੇ ਲੱਗ ਜਾਂਦੀ ਹੈ। ਏਸ਼ੀਆ ਵਿੱਚ ਚੀਨ ਆਪਣੀ ਫ਼ੌਜੀ ਸ਼ਕਤੀ ਲਗਾਤਾਰ ਵਧਾਈ ਜਾ ਰਿਹਾ ਹੈ ਅਤੇ ਉਸ ਨੇ ਏਸ਼ਿਆਈ ਖੇਤਰ ਵਿੱਚ ਆਪਣੀ ਸ਼ਕਤੀ ਦਾ ਦਾਅਵਾ ਕਰਨਾ ਵੀ ਸ਼ੁਰੂ ਕਰ ਦਿੱਤਾ ਹੈ। ਸੰਸਾਰ ਦੇ ਸਭ ਤੋਂ ਦੋ ਮਹੱਤਵਪੂਰਨ ਖਿੱਤਿਆਂ ਅਰਥਾਤ ਯੂਰਪ ਅਤੇ ਏਸ਼ੀਆ ਦੋਵਾਂ ਵਿੱਚ ਹੀ ਅਮਰੀਕੀ ਚੌਧਰ ਅਤੇ ਪੱਛਮੀ ਪ੍ਰਬਲਤਾ ਨੂੰ ਵੱਡੀ ਚੁਣੌਤੀ ਮਿਲਣੀ ਸ਼ੁਰੂ ਹੋ ਗਈ ਹੈ। ਅਮਰੀਕਾ ਤੇ ਪੱਛਮੀ ਦੇਸ਼ ਅੱਜ ਇੱਕੋ ਵੇਲੇ ਦੋ ਮਹਾਂਦੀਪਾਂ ਵਿੱਚ ਵੱਡੇ ਪੱਧਰ ਦੀ ਫ਼ੌਜੀ ਚੁਣੌਤੀ ਦਾ ਸਾਹਮਣਾ ਕਰਨ ਦੇ ਸਮਰੱਥ ਨਹੀਂ ਰਹੇ। ਇਸ ਲਈ ਅਮਰੀਕਾ ਦਾ ਸਾਰਾ ਜ਼ੋਰ ਭਾਰਤ ਨੂੰ ਆਪਣੇ ਗੱਠਜੋੜ ਵਿੱਚ ਸ਼ਾਮਲ ਕਰਨ 'ਤੇ ਲੱਗਾ ਹੋਇਆ ਹੈ। ਅਮਰੀਕਾ ਨੂੰ ਲੱਗਦਾ ਹੈ ਕਿ ਜੇ ਭਾਰਤ ਨੂੰ ਚੀਨ ਵਿਰੁੱਧ ਖੜ੍ਹਾ ਕਰ ਦਿੱਤਾ ਜਾਵੇ ਤਾਂ ਫਿਰ ਉਹ ਤੇ ਬਾਕੀ ਪੱਛਮੀ ਦੇਸ਼ ਯੂਰਪ ਵਿੱਚ ਰੂਸ ਨਾਲ ਨਜਿੱਠ ਸਕਦੇ ਹਨ।



*ਅਮਰੀਕਾ ਤੇ ਪੱਛਮ ਆਰਥਿਕ ਤੌਰ 'ਤੇ ਕਮਜ਼ੋਰ ਹੋ ਚੁੱਕੇ ਹਨ ਤਾਂ ਉਹ ਸੰਸਾਰ 'ਤੇ ਆਪਣੀ ਚੌਧਰ ਅਤੇ ਪ੍ਰਬਲਤਾ ਜ਼ਿਆਦਾ ਦੇਰ ਕਾਇਮ ਨਹੀਂ ਰੱਖ ਸਕਦੇ। ਭਾਵੇਂ ਸਰਮਾਏਦਾਰੀ ਵਿਵਸਥਾ ਵਿੱਚ ਆਰਥਿਕ ਸੰਕਟ ਆਉਂਦੇ ਰਹੇ ਹਨ ਅਤੇ ਇੱਕ ਤਰ੍ਹਾਂ ਨਾਲ ਸੰਕਟ ਸਰਮਾਏਦਾਰੀ ਵਿਵਸਥਾ ਦੀ ਮੰਗ ਹਨ ਪਰ ਸਰਮਾਏਦਾਰੀ ਦਾ ਮੌਜੂਦਾ ਸੰਕਟ ਉਨ੍ਹਾਂ ਨਾਲੋਂ ਵੱਖਰਾ ਹੈ।*

ਭਾਰਤ ਦਾ ਅਮਰੀਕਾ ਨਾਲ ਗੱਠਜੋੜ ਭਾਰਤ ਲਈ ਬੇਹੱਦ ਖ਼ਤਰਨਾਕ ਸਾਬਤ ਹੋ ਸਕਦਾ ਹੈ। ਇਸ ਤਰ੍ਹਾਂ ਭਾਰਤ ਨੂੰ ਆਪਣੇ ਰਵਾਇਤੀ ਮਿੱਤਰ ਰੂਸ ਤੋਂ ਹੱਥ ਧੋਣੇ ਪੈਣਗੇ। ਅਮਰੀਕਾ ਅਤੇ ਪੱਛਮੀ ਦੇਸ਼ਾਂ ਵੱਲੋਂ ਭਾਰਤ ਦੀ ਸਹਾਇਤਾ ਸਾਰਥਕ ਸਿੱਧ ਨਹੀਂ ਹੋਵੇਗੀ। ਭਾਰਤ ਦਾ ਅਮਰੀਕਾ ਨਾਲ ਗੱਠਜੋੜ ਹੋ ਜਾਂਦਾ ਹੈ ਤਾਂ ਸੰਸਾਰ ਦੇ ਬਹੁਤ ਸਾਰੇ ਮੁਸਲਮਾਨ ਭਾਰਤ ਨੂੰ ਆਪਣਾ ਦੁਸ਼ਮਣ ਸਮਝਣ ਲੱਗ ਪੈਣਗੇ। ਅਜਿਹਾ ਭਾਰਤ ਦੇ ਬੁਨਿਆਦੀ ਹਿੱਤਾਂ ਦੇ ਅਨੁਕੂਲ ਨਹੀਂ ਹੈ ਅਤੇ ਬਹੁਤ ਖ਼ਤਰਨਾਕ ਵੀ ਹੈ। ਭਾਰਤ ਕਿਸੇ ਗੱਠਜੋੜ ਦਾ ਮੈਂਬਰ ਬਣ ਕੇ ਨਹੀਂ ਸਗੋਂ ਨਿਰਪੱਖ ਰਹਿ ਕੇ ਜ਼ਿਆਦਾ ਸਾਰਥਕ ਭੂਮਿਕਾ ਨਿਭਾਅ ਸਕਦਾ ਹੈ। ਗੁੱਟਾਂ ਤੋਂ ਨਿਰਲੇਪ ਰਹਿਣਾ ਭਾਰਤੀ ਨੀਤੀ ਦੀ ਵੱਡੀ ਪਹਿਲ ਹੋਣੀ ਚਾਹੀਦੀ ਹੈ ਅਤੇ ਦੂਜੀ ਵੱਡੀ ਪਹਿਲ ਭਾਰਤ ਲਈ ਆਪਣੇ ਪਰਖੇ ਹੋਏ ਅਤੇ ਰਵਾਇਤੀ ਮਿੱਤਰ ਰੂਸ ਨਾਲ ਆਪਣੀ ਰਵਾਇਤੀ ਮਿੱਤਰਤਾ ਬਹਾਲ ਕਰਨਾ ਹੋਣੀ ਚਾਹੀਦੀ ਹੈ। ਤੀਜੀ ਵੱਡੀ ਪਹਿਲ ਭਾਰਤ ਲਈ ਦੱਖਣ ਏਸ਼ਿਆਈ ਆਰਥਿਕ ਸੰਘ ਬਣਾਉਣ ਲਈ ਹੋਣੀ ਚਾਹੀਦੀ ਹੈ। ਸਾਡੇ ਕੋਲ ਅਜਿਹਾ ਕਰਨ ਲਈ ਯੂਰਪੀਨ ਯੂਨੀਅਨ ਦਾ ਇੱਕ ਨਮੂਨਾ ਹੈ। ਭਾਰਤ ਅਤੇ ਸੰਸਾਰ ਦੇ ਲੋਕਾਂ ਦੇ ਹਿੱਤ ਮੌਜੂਦਾ ਇੱਕ ਧਰੁਵੀ ਸੰਸਾਰਕ ਵਿਵਸਥਾ ਦੀ ਥਾਂ 'ਤੇ ਬਹੁ-ਧਰੁਵੀ ਸੰਸਾਰਕ ਵਿਵਸਥਾ ਸਥਾਪਤ ਕਰਨ ਵਿੱਚ ਹਨ। ਸੰਸਾਰ ਵਿੱਚ ਅਮਨ-ਸ਼ਾਂਤੀ ਤੇ ਖ਼ੁਸ਼ਹਾਲੀ ਹੁਣ ਸਿਰਫ਼ ਬਹੁ-ਧਰੁਵੀ ਸੰਸਾਰਕ ਵਿਵਸਥਾ ਵਿੱਚ ਹੀ ਸੰਭਵ ਹੈ। ਜੇ ਅਮਰੀਕਾ ਤੇ ਪੱਛਮੀ ਦੇਸ਼ ਅਮਰੀਕੀ ਚੌਧਰ ਅਤੇ ਪੱਛਮੀ ਪ੍ਰਬਲਤਾ ਹੇਠ ਇੱਕ ਧਰੁਵੀ ਸੰਸਾਰਕ ਵਿਵਸਥਾ ਕਾਇਮ ਰੱਖਣਾ ਚਾਹੁੰਦੇ ਹਨ ਤਾਂ ਉਸ ਦਾ ਨਤੀਜਾ ਬਹੁਤ ਭਿਆਨਕ ਅਤੇ ਤਬਾਹਕੁਨ ਤੀਸਰੇ ਸੰਸਾਰਕ ਯੁੱਧ ਵਿੱਚ ਨਿਕਲ ਸਕਦਾ ਹੈ। ਬਹੁਧਰੁਵੀ ਸੰਸਾਰਕ ਵਿਵਸਥਾ ਦਾ ਸੰਕਲਪ ਗੁਰੂ ਨਾਨਕ ਦੇਵ ਜੀ ਦੇ ਪ੍ਰੇਮ, ਸਹਿਣਸ਼ੀਲਤਾ, ਸ਼ਾਂਤੀਪੂਰਵਕ ਸਹਿਹੋਂਦ, ਕੁਦਰਤ ਦੇ ਸਤਿਕਾਰ, ਵਿਆਪਕ ਚਿੰਤਾ ਅਤੇ ਸਰਬੱਤ ਦੇ ਭਲੇ ਦੇ ਸਿਧਾਂਤਾਂ 'ਤੇ ਆਧਾਰਿਤ ਹੈ।

**ACCOUNTANT**
Corporate & Personal Business
Attends: CRA Audits and Appeals
**SUKHDEV SINGH CPA, CGA**
TEL: (905) 793-0909 FAX: (905)-450-2165
10-2084 STEELES AVE EAST, BRAMPTON, L6T 5A6
EMAIL: sukhdevcga@gmail.com

## ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਦਾ ਮਾਮਲਾ

# ਹੈਲੋ, ਮੈਂ ਪੰਜਾਬ ਬੋਲਦਾ ਹਾਂ ! ਮੇਰੀ ਫ਼ਰਿਆਦ ਸੁਣੋ !!

**ਡਾ. ਅਜੀਤ ਪਾਲ ਸਿੰਘ, ਐਮ.ਡੀ.**

1. ਮੈਂ ਯਾਨੀ ਕਿ ਪੰਜਾਬ ਆਪਣੀ ਵਿਥਿਆ ਮੇਰੀ ਇਸ ਧਰਤੀ ਤੇ ਵਗਦੇ ਪੰਜ ਦਰਿਆਵਾਂ ਦੇ ਪਿਛੋਕੜ ਤੋਂ ਸ਼ੁਰੂ ਕਰਨੀ ਚਾਹਾਂਗਾ, ਤਾਂ ਜੋ ਪੰਜਾਬ ਦੇ ਪਾਣੀ ਦੇ ਸੰਕਟ ਸਬੰਧੀ ਅਰਥ-ਭਰਪੂਰ ਢੰਗ ਨਾਲ ਸਮੀਖਿਆ ਕੀਤੀ ਜਾ ਸਕੇ। ਸ਼ਾਇਦ ਆਜ਼ਾਦ ਭਾਰਤ ਦੇ ਨੀਤੀਵਾਨਾਂ ਨੂੰ ਇਸ ਬਾਰੇ ਕੋਈ ਬਹੁਤਾ ਗਿਆਨ ਨਹੀਂ ਕਿ ਮੇਰਾ ਨਾਂਅ ਪੰਜਾਬ (ਪੰਜ-ਆਬ) ਭਾਵ ਪੰਜ ਪਾਣੀ ਕਿਉਂ ਪਿਆ? ਜਦੋਂ ਕਿ ਆਮ ਬੋਲ-ਚਾਲ 'ਚ ਵੀ ਇਸ ਨੂੰ ਪੰਜ ਦਰਿਆਵਾਂ ਸਤਲੁਜ, ਬਿਆਸ, ਰਾਵੀ, ਚਨਾਬ (ਝਨਾਂਅ) ਅਤੇ ਜਿਹਲਮ ਦੀ ਧਰਤੀ ਕਿਹਾ ਜਾਂਦਾ ਹੈ। ਪੰਜਾਬ ਦੇ ਇਨ੍ਹਾਂ ਦਰਿਆਵਾਂ ਦੇ ਕੁਦਰਤੀ ਵਹਿਣਾਂ ਤੋਂ ਵੀ ਰਾਇਪੇਰੀਅਨ ਸਿਧਾਂਤ (riparian principle) ਦੀ ਪੁਸ਼ਟੀ ਹੁੰਦੀ ਹੈ। ਸਦੀਆਂ ਪੁਰਾਣਾ ਪੰਜਾਬ ਦਾ ਇਤਿਹਾਸ ਗਵਾਹ ਹੈ ਕਿ ਰਾਜ ਦੇ ਦਰਿਆਈ ਪਾਣੀਆਂ ਦੀ ਪਹਿਲਾਂ ਕਦੇ ਕੋਈ ਵੰਡ ਨਹੀਂ ਸੀ ਕੀਤੀ ਗਈ।

2. ਦੱਸਣਯੋਗ ਹੈ ਕਿ ਜਿਸ ਤਰ੍ਹਾਂ ਦੇ ਜ਼ਮੀਨੀ ਹਾਲਾਤ ਹਰਿਆਣਾ ਜਾਂ ਰਾਜਸਥਾਨ ਦੇ ਹਨ, ਉਸੇ ਤਰ੍ਹਾਂ ਦੇ ਹੀ ਪੰਜਾਬ ਦੇ ਹਨ। ਫਿਰ ਪੰਜਾਬ ਦਾ ਪਾਣੀ ਰਾਜਧਾਨੀ ਦਿੱਲੀ, ਹਰਿਆਣਾ ਅਤੇ ਰਾਜਸਥਾਨ ਨੂੰ ਕਿਸ ਆਧਾਰ 'ਤੇ ਦਿੱਤਾ ਗਿਆ, ਜਿਸ ਨਾਲ ਕਿ ਪੰਜਾਬ ਦੇ ਹਿਤਾਂ ਦੀ ਹਾਨੀ ਹੋਈ। ਅਗਰ ਹਰਿਆਣਾ ਨੂੰ ਪੰਜਾਬ ਦੇ ਦਰਿਆਵਾਂ 'ਚੋਂ ਪਾਣੀ ਦੇਣ ਬਣਦਾ ਸੀ, ਤਾਂ ਫਿਰ ਅਜਿਹੇ ਇਲਾਕੇ ਪੰਜਾਬ ਤੋਂ ਵੱਖ ਨਹੀਂ ਸੀ ਕੀਤੇ ਜਾਣੇ ਚਾਹੀਦੇ। ਜਦੋਂ ਕਿ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੀ ਇੱਕ ਵੱਖਰੇ ਖਿੱਤੇ ਵਜੋਂ ਸਥਾਪਨਾ ਕੀਤੀ ਗਈ। ਸ਼ਾਇਦ ਰਾਜਨੀਤੀ ਤੋਂ ਪ੍ਰੇਰਿਤ ਪਾਲਿਸੀ ਅਧੀਨ ਅਜਿਹਾ ਕੀਤਾ ਗਿਆ।

3. ਪਰ ਇੱਥੇ ਇਹ ਬਿਆਨ ਕਰਨਾ ਵੀ ਪ੍ਰਸੰਗਿਕ ਹੋਵੇਗਾ ਕਿ ਦੇਸ਼ ਦੀ 1947 ਦੀ ਵੰਡ ਸਮੇਂ ਨਾ ਸਿਰਫ ਮੇਰੀ ਧਰਤੀ ਬਲਕਿ ਮੇਰੇ ਇਹ ਪੰਜ ਦਰਿਆ ਵੀ ਵੰਡੇ ਗਏ। ਜਦੋਂ ਕਿ ਚਨਾਬ ਅਤੇ ਜਿਹਲਮ ਰਾਇਪੇਰੀਅਨ ਸਿਧਾਂਤ ਅਨੁਸਾਰ ਪਾਕਿਸਤਾਨ ਦੇ ਵੰਡ-ਖੇਤਰ 'ਚ ਚਲੇ ਗਏ। ਪਰ ਸਤਲੁਜ, ਬਿਆਸ ਅਤੇ ਰਾਵੀ ਦੇਸ਼ ਦੀ ਵੰਡ ਉਪਰੰਤ ਇੱਧਰਲੇ ਪੰਜਾਬ ਦੇ ਹਿੱਸੇ ਆ ਗਏ ਸਮੇਤ ਯਮੁਨਾ (ਜਮਨਾ) ਦਰਿਆ ਦੇ, ਜੋ ਪਹਿਲਾਂ ਤੋਂ ਹੀ ਅਣ-ਵੰਡੇ ਪੰਜਾਬ ਦੀਆਂ ਹੱਦਾਂ ਅੰਦਰ ਆਉਂਦਾ ਸੀ।

4. ਪੰਜਾਬ ਵਿਚਲੇ ਦਰਿਆਵਾਂ ਦੇ ਪਾਣੀਆਂ 'ਤੇ, ਇਸ ਰਾਜ ਦੇ ਆਪਣੇ ਵਿਸ਼ੇਸ਼ ਅਧਿਕਾਰ ਬਣਦੇ ਹਨ, ਨਾ ਕਿ ਕਿਸੇ ਹੋਰ ਦੇ। ਸੋ ਇਸ ਲਈ ਪੰਜਾਬ ਦੇ ਇਨ੍ਹਾਂ ਦਰਿਆਵਾਂ ਦੇ ਪਾਣੀਆਂ ਦੀ ਵਰਤੋਂ ਕਰਨ ਤੇ, ਪੰਜਾਬ ਤੇ ਕੋਈ ਪਾਬੰਦੀ ਨਹੀਂ ਲਗਾਈ ਜਾ ਸਕਦੀ। ਪਰ ਇੱਥੇ ਪ੍ਰਸ਼ਨ ਇਹ ਵੀ ਪੈਦਾ ਹੁੰਦਾ ਹੈ ਕਿ ਜਦੋਂ 1966 ਦੇ ਪੁਨਰਗਠਨ ਤੋਂ ਪਹਿਲਾਂ ਹਰਿਆਣਾ ਵਜੂਦ 'ਚ ਨਹੀ ਸੀ ਆਇਆ ਤਾਂ ਫਿਰ ਪੰਜਾਬ ਦੇ ਦਰਿਆਵਾਂ ਦਾ ਪਾਣੀ ਰਾਜਸਥਾਨ ਅਤੇ ਰਾਜਧਾਨੀ ਦਿੱਲੀ ਨੂੰ ਕਿਸ ਆਧਾਰ ਤੇ ਦਿੱਤਾ ਗਿਆ? ਪਰ ਹੁਣ ਅਜਿਹਾ ਕਰਨਾ ਯੋਗ ਨਹੀਂ ਬਣਦਾ, ਇਸੇ ਕਰਕੇ ਜਦੋਂ ਕਿ ਪੰਜਾਬ ਵਿੱਚ ਪਾਣੀ ਦਾ ਗੰਭੀਰ ਸੰਕਟ ਉਤਪੰਨ ਹੋ ਗਿਆ ਹੈ। ਹਾਂ! ਅਗਰ ਪੰਜਾਬ ਪਾਸ ਆਪਣੀ ਵਰਤੋਂ ਤੋਂ ਇਲਾਵਾ ਕੋਈ ਫਾਲਤੂ ਪਾਣੀ ਹੈ ਤਾਂ ਦੂਜੇ ਰਾਜਾਂ ਨੂੰ ਦੇਣ ਵਿੱਚ ਕੋਈ ਇਤਰਾਜ਼ ਨਹੀਂ ਹੋਵੇਗਾ।

5. ਯਾਦ ਰਹੇ ਕਿ ਅੰਗਰੇਜ਼ੀ ਸ਼ਾਸਨ ਕਾਲ ਸਮੇਂ ਜਦੋਂ ਪੰਜਾਬ ਵਿੱਚ ਨਹਿਰੀ ਨਿਜ਼ਾਮ ਦੀ ਸਥਾਪਨਾ ਕੀਤੀ ਗਈ ਸੀ, ਉਸ ਸਮੇਂ ਪੰਜਾਬ ਨਾਲ ਕਿਸੇ ਵੀ ਹੋਰ ਰਾਜ ਦਾ ਪਾਣੀਆਂ ਬਾਰੇ ਕਦੇ ਕੋਈ ਤਕਰਾਰ ਨਹੀਂ ਸੀ ਹੋਇਆ। ਫਿਰ ਹੁਣ ਪੰਜਾਬ ਦੇ ਪਾਣੀਆਂ ਦੀ ਵੰਡ ਦਾ ਕੀ ਆਧਾਰ ਬਣਦਾ ਹੈ? ਇਸ ਦਾ ਕੋਈ ਯੋਗ ਉੱਤਰ ਸਾਡੇ ਕਿਸੇ ਵੀ ਰਾਜਨੇਤਾ ਪਾਸ ਨਹੀਂ। ਜਦੋ ਕਿ ਪੰਜਾਬ ਦੀਆਂ ਜ਼ਮੀਨੀ ਹਕੀਕਤਾਂ ਵਿੱਚ ਕੋਈ ਤਬਦੀਲੀ ਨਹੀਂ ਸੀ ਆਈ, ਫਿਰ ਇਸ ਦੇ ਪਾਣੀਆਂ ਦੀ ਵੰਡ ਦਾ ਝਗੜਾ ਕਿਉਂ ਪੈਦਾ ਹੋਇਆ? ਯਾਦ ਰਹੇ ਕਿ ਦੇਸ਼ ਦੀ ਵੰਡ ਸਮੇਂ ਜਾਨੀ-ਮਾਲੀ ਨੁਕਸਾਨ ਤਾਂ ਪੰਜਾਬ ਦਾ ਹੋਇਆ ਅਤੇ ਰਾਜ ਦੇ ਸਿੰਚਾਈ ਵਸੀਲੇ ਨਸ਼ਟ ਹੋ ਗਏ। ਫਿਰ ਇਸ ਹਾਨੀ ਦੀ ਪੂਰਤੀ ਲਈ ਪੰਜਾਬ ਦਾ ਹੀ ਕੁਦਰਤੀ ਤੌਰ 'ਤੇ ਅਧਿਕਾਰ ਬਣਦਾ ਸੀ, ਨਾ ਕਿ ਕਿਸੇ ਹੋਰ ਦੂਜੇ ਰਾਜ ਦਾ। ਫਿਰ ਪੰਜਾਬ ਦੀ ਇਸ ਹਾਨੀ ਦੀ ਪੂਰਤੀ ਕੀਤੀ ਜਾਣੀ ਯੋਗ ਬਣਦੀ ਸੀ ਬਜਾਏ ਦੂਜੇ ਰਾਜਾਂ ਨੂੰ ਲਾਭ ਪਹੁੰਚਾਉਣ ਦੇ।

6. ਦੱਸਣਯੋਗ ਹੈ ਕਿ 1 ਨਵੰਬਰ, 1966 ਦੇ, ਪੰਜਾਬ ਦੇ ਪੁਨਰਗਠਨ ਉਪਰੰਤ ਰਾਇਪੇਰੀਅਨ ਸਿਧਾਂਤ ਅਨੁਸਾਰ ਸਤਲੁਜ, ਬਿਆਸ ਅਤੇ ਰਾਵੀ ਪਹਿਲਾਂ ਵਾਂਗ ਹੀ ਪੁਨਰਗਠਿਤ ਪੰਜਾਬ ਦੇ ਵੰਡ ਖੇਤਰ 'ਚ ਹੀ ਸ਼ਾਮਲ ਰਹੇ, ਜਦੋਂ ਕਿ ਅਣ-ਵੰਡੇ ਪੰਜਾਬ ਦਾ ਯਮੁਨਾ (ਜਮਨਾ) ਦਰਿਆ ਨਵਗਠਿਤ ਰਾਜ ਹਰਿਆਣਾ ਦੇ ਹਿੱਸੇ ਚਲਾ ਗਿਆ, ਇਨ੍ਹਾਂ ਮੁੱਦਿਆਂ ਸਬੰਧੀ ਅਗਲੇ ਪੈਰਿਆਂ 'ਚ, ਵਿਸਥਾਰ ਪੂਰਵਕ ਵੇਰਵਾ ਦਿੱਤਾ ਜਾ ਰਿਹਾ ਹੈ, ਤਾਂ ਜੋ ਤਰਕਸੰਗਤ ਆਧਾਰ ਤੇ ਇਸ ਗੁੰਝਲਦਾਰ ਸਮੱਸਿਆ ਦਾ ਕੋਈ ਅਰਥ ਭਰਪੂਰ ਹੱਲ ਲੱਭਿਆ ਜਾ ਸਕੇ।

7. ਪਰ ਇਹ ਕਹਿਣ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਸਮੇਂ ਦੇ ਹੁਕਮਰਾਨਾਂ ਦੀਆਂ ਇੱਛਾ-ਸ਼ਕਤੀਆਂ ਅਨੁਸਾਰ ਕੁਦਰਤ ਦੇ ਨਿਯਮ ਬਦਲੇ ਨਹੀਂ ਜਾ ਸਕਦੇ, ਅਤੇ ਨਾ ਹੀ ਦਰਿਆਵਾਂ ਦੇ ਵਹਿਣ ਜਾਂ ਭੂਗੋਲਿਕ ਪ੍ਰਸਿਥਤੀਆਂ। ਫਿਰ ਪੰਜਾਬ ਨਾਲ ਪਾਣੀਆਂ ਦੀ ਵੰਡ ਸਬੰਧੀ ਅਜਿਹਾ ਪੱਖਪਾਤੀ ਵਿਵਹਾਰ ਕਿਉਂ? ਸੋ, ਇਸ ਲਈ ਤਰਕਸੰਗਤ ਆਧਾਰ 'ਤੇ, ਇਸ ਸਮੱਸਿਆ ਦਾ ਕੋਈ ਯੋਗ ਹੱਲ ਢੂੰਡਣ ਦਾ ਯਤਨ ਕੀਤਾ ਗਿਆ ਹੈ।

**- ਪਾਣੀਆਂ ਦੇ ਸੰਕਟ ਲਈ ਜ਼ਿਮੇਵਾਰ ਕੌਣ ? -**

8. ਖੈਰ! ਹੁਣ ਮੈਂ ਆਪਣਾ ਵਰਤਾਂਤ ਪੰਜਾਬ ਦੇ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੇ ਉਸ ਬਿਆਨ ਤੋਂ ਸ਼ੁਰੂ ਕਰਨਾ ਚਾਹਾਂਗਾ, ਜੋ ਉਨ੍ਹਾਂ ਵਲੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 29ਵੀਂ ਬਰਸੀ ਦੇ ਸ਼ਹੀਦੀ ਸਮਾਗਮ ਸਮੇਂ ਦਿੱਤਾ ਗਿਆ ਸੀ, ਜੋ ਕੁੱਝ ਇਸ ਤਰ੍ਹਾਂ ਸੀ: "ਰਾਜੀਵ-ਲੌਂਗੋਵਾਲ ਸਮਝੌਤਾ ਲਾਗੂ ਨਾ ਕਰਕੇ ਕਾਂਗਰਸ ਨੇ ਪੰਜਾਬ ਨਾਲ ਧੋਖਾ ਕੀਤਾ"। ਪਰ ਉਹ ਆਪਣੇ ਵਿੱਲਖਣ ਅੰਦਾਜ਼ 'ਚ ਇਹ ਦੱਸਣਾ ਭੁੱਲ ਗਏ ਕਿ ਪੰਜਾਬ ਦੇ ਪਾਣੀਆਂ ਦੀ ਵੰਡ ਸਬੰਧੀ ਰਾਜੀਵ-ਲੌਂਗੋਵਾਲ ਸਮਝੌਤੇ ਦੀਆਂ ਮੱਦਾਂ 9.1 ਤੋਂ 9.3 ਦੇ ਲਾਗੂ ਹੋਣ ਨਾਲ ਰਾਜ 'ਚ ਪਾਣੀਆਂ ਦਾ ਸੰਕਟ ਹੋਰ ਵੀ ਗੰਭੀਰ ਰੂਪ ਧਾਰਨ ਕਰ ਗਿਆ ਹੈ।




9. ਵਰਨਣਯੋਗ ਹੈ ਕਿ ਸੰਵਿਧਾਨਕ ਪੱਖੋਂ ਇਹ ਮੱਦਾਂ ਅਮਲਯੋਗ ਨਹੀਂ ਸਨ, ਕਿਉਂ ਜੋ ਸੰਵਿਧਾਨ ਦੇ ਆਰਟੀਕਲ 246 ਕਲਾਜ਼ (3), ਅਤੇ 7ਵੇਂ ਸ਼ਡਿਊਲ ਦੀ ਰਾਜਾਂ ਦੇ ਅਧਿਕਾਰ-ਖੇਤਰ ਦੀ ਸੂਚੀ ਦੇ ਪਾਣੀ ਸਬੰਧੀ 17ਵੇਂ ਇੰਦਰਾਜ ਅਨੁਸਾਰ, ਇਹ ਵਿਸ਼ਾ ਪੰਜਾਬ ਵਿਧਾਨ ਸਭਾ ਦੇ ਆਪਣੇ ਅਧਿਕਾਰ-ਖੇਤਰ 'ਚ ਆਉਂਦਾ ਹੈ। ਵੈਸੇ ਵੀ, ਪੰਜਾਬ ਦੇ ਤਿੰਨੇ ਦਰਿਆ ਸਤਲੁਜ, ਬਿਆਸ ਅਤੇ ਰਾਵੀ ਅੰਦਰੂਨ ਪੰਜਾਬ ਹਨ ਭਾਵ ਇੰਟਰਾ-ਸਟੇਟ (Intra-State) ਹੋਣ ਕਾਰਨ ਅੰਤਰ-ਰਾਜੀ (Inter-State) ਦਰਿਆਵਾਂ ਦੀ ਸ਼੍ਰੇਣੀ ਵਿੱਚ ਨਹੀਂ ਆਉਂਦੇ।

10. ਇਸ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਰਾਇਪੇਰੀਅਨ ਸਿਧਾਂਤ (riparian principle) ਅਨੁਸਾਰ ਪੰਜਾਬ ਦੇ ਇਨ੍ਹਾਂ ਦਰਿਆਵਾਂ ਤੇ ਸੰਵਿਧਾਨ ਦਾ ਆਰਟੀਕਲ 262 ਲਾਗੂ ਨਹੀਂ ਹੁੰਦਾ, ਜਿਸ ਅਧੀਨ ਕਿ ਅੰਤਰ-ਰਾਜੀ ਪਾਣੀ ਝਗੜਿਆਂ ਦਾ ਐਕਟ 1956 ਉਲੀਕਿਆ ਗਿਆ ਸੀ, ਇਸ ਆਧਾਰ ਤੇ ਨਾ ਤਾਂ ਬਿਆਸ ਅਤੇ ਨਾ ਹੀ ਰਾਵੀ ਦੇ ਪਾਣੀਆਂ ਦੀ ਵੰਡ ਸਬੰਧੀ ਧਾਰਾ 14 ਅਧੀਨ, ਇਸ 'ਚ ਕੀਤੀ ਗਈ ਸੋਧ ਲਾਗੂ ਹੁੰਦੀ ਹੈ ਅਤੇ ਨਾ ਹੀ ਪ੍ਰਸਤਾਵਿਤ 60:40 ਦੇ ਅਨੁਪਾਤ ਨਾਲ ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਦੀ ਵੰਡ ਲਾਗੂ ਕੀਤੀ ਜਾ ਸਕਦੀ ਹੈ ਸਿਵਾਏ ਅੰਤਰ-ਰਾਜੀ ਦਰਿਆ ਯਮੁਨਾ ਦੇ ਪਾਣੀਆਂ ਦੀ ਵੰਡ ਦੇ, ਜੋ ਪਹਿਲਾਂ ਅਣ-ਵੰਡੇ ਪੰਜਾਬ ਦੇ ਵੰਡ-ਖੇਤਰ 'ਚ ਆਉਂਦਾ ਸੀ। ਸੋ, ਇਸ ਆਧਾਰ 'ਤੇ ਯਮੁਨਾ ਦਾ 60% ਹਿੱਸਾ ਪੰਜਾਬ ਦਾ ਬਣਦਾ ਸੀ ਅਤੇ 40% ਹਰਿਆਣਾ ਦਾ। ਵੈਸੇ ਵੀ ਪੰਜਾਬ ਦੇ ਦਰਿਆਵਾਂ ਸਤਲੁਜ, ਬਿਆਸ ਅਤੇ ਰਾਵੀ ਦੇ ਪਾਣੀਆਂ ਦੀ ਵੰਡ ਦੇ ਕਿਸੇ ਵੀ ਦਸਤਾਵੇਜ਼ ਵਿੱਚ ਨਾ ਤਾਂ ਆਰਟੀਕਲ 262 ਅਤੇ ਨਾ ਹੀ 60:40 ਦੇ ਅਨੁਪਾਤ ਬਾਰੇ ਕੋਈ ਵੇਰਵਾ ਦਿੱਤਾ ਗਿਆ ਹੈ।

11. ਉਪਰੋਕਤ ਹਵਾਲਿਆਂ ਦੇ ਸੰਦਰਭ ਵਿੱਚ ਇੱਥੇ ਇਹ ਬਿਆਨ ਕਰਨਾ ਵੀ ਤਰਕਸੰਗਤ ਹੋਵੇਗਾ ਕਿ ਰਾਜੀਵ-ਲੌਂਗੋਵਾਲ ਸਮਝੌਤੇ ਵਿੱਚ ਕਿਤੇ ਵੀ ਇਹ ਦਰਜ ਨਹੀਂ ਕੀਤਾ ਗਿਆ ਕਿ ਸੰਵਿਧਾਨ ਦੇ ਕਿਸ ਆਰਟੀਕਲ (ਅਨੁਛੇਦ) ਅਧੀਨ ਇਸ ਨੂੰ ਲਿਖਤੀ ਰੂਪ ਦਿੱਤਾ ਗਿਆ। ਸਪਸ਼ਟ ਹੈ ਕਿ ਇਸ ਰਾਜਨੀਤਕ ਸਮਝੌਤੇ ਦੇ ਆਧਾਰ ਤੇ, ਨਾ ਸਿਰਫ ਸੰਵਿਧਾਨ ਬਲਕਿ ਕੁਦਰਤੀ ਅਸੂਲਾਂ ਅਤੇ ਦੇਸ਼ 'ਚ ਲਾਗੂ ਕਾਨੂੰਨਾਂ ਦੀ ਵੀ ਉਲੰਘਣਾ ਕੀਤੀ ਗਈ, ਜੋ ਕਿ ਦੇਸ਼ ਦੇ ਅਦਾਲਤੀ ਕਾਨੂੰਨਾਂ ਅਨੁਸਾਰ ਇੱਕ ਅਪਰਾਧਿਕ ਮਾਮਲਾ ਬਣਦਾ ਹੈ। ਕਿਉਂ ਜੋ, ਸੰਵਿਧਾਨ ਦੇ ਆਰਟੀਕਲ 246 ਕਲਾਜ਼ (3) ਦੀਆਂ ਵਿਵਸਥਾਵਾਂ ਅਨੁਸਾਰ ਇਹ ਮਾਮਲਾ ਪੰਜਾਬ ਵਿਧਾਨ ਸਭਾ ਦੇ ਆਪਣੇ ਅਧਿਕਾਰ, ਖੇਤਰ 'ਚ ਆਉਂਦਾ ਹੈ, ਨਾ ਕਿ ਆਰਟੀਕਲ 262 ਅਧੀਨ। ਵੈਸੇ ਵੀ ਹੁਣ ਇਸ ਸਮੇਂ ਪੰਜਾਬ ਦੇ ਕਿਸੇ ਇਲਾਕੇ ਨੂੰ ਪੰਜਾਬ ਤੋਂ ਵੱਖ ਨਹੀਂ ਕੀਤਾ ਜਾ ਸਕਦਾ, ਭਾਵੇਂ ਕਿ ਉਹ ਪੰਜਾਬ ਦਾ ਫਾਜ਼ਿਲਕਾ, ਅਬੋਹਰ ਦਾ ਇਲਾਕਾ ਹੀ ਕਿਉਂ ਨਾ ਹੋਵੇ। ਕਿਉਂ ਜੋ, ਪੰਜਾਬ ਦੇ ਪੁਨਰਗਠਨ ਉਪਰੰਤ ਇਹ ਮੁੱਦਾ ਮੁੜ ਤੋਂ ਦੁਬਾਰਾ ਨਹੀਂ ਖੋਲ੍ਹਿਆ ਜਾ ਸਕਦਾ, ਜਿਸ ਦੀ ਕਿ ਸੰਵਿਧਾਨ ਵਿੱਚ ਕੋਈ ਵਿਵਸਥਾ ਨਹੀਂ ਕੀਤੀ ਗਈ।

12. ਅਗਰ ਸੰਵਿਧਾਨ ਦੇ ਆਰਟੀਕਲ 262 ਨੂੰ, ਉਸ ਦੇ ਸਹੀ ਸੰਦਰਭ ਵਿੱਚ ਵਾਚਿਆ ਜਾਵੇ ਤਾਂ ਉਸ ਵਿੱਚ ਅੰਤਰ-ਰਾਜੀ ਦਰਿਆਵਾਂ ਬਾਰੇ ਸਪਸ਼ਟ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ। ਪਰ, ਜਦੋਂ ਜ਼ਮੀਨੀ ਹਕੀਕਤਾਂ ਅਨੁਸਾਰ ਪੰਜਾਬ ਦੇ ਦਰਿਆ ਕਿਸੇ ਵੀ ਹੋਰ ਰਾਜ ਵਿੱਚੋਂ ਨਹੀਂ ਲੰਘਦੇ ਅਤੇ ਨਾ ਹੀ ਕਿਸੇ ਦੂਸਰੇ ਰਾਜ ਦੀਆਂ ਭੂਗੋਲਿਕ ਹੱਦਾਂ ਅੰਦਰ ਆਉਂਦੇ ਹਨ। ਫਿਰ ਪੰਜਾਬ ਦੇ ਪਾਣੀਆਂ ਦੀ ਵੰਡ ਦਾ ਕੀ ਆਧਾਰ ਬਣਦਾ ਹੈ? ਪਰ ਹੁਣ ਰਾਜੀਵ-ਲੌਂਗੋਵਾਲ ਸਮਝੌਤ 'ਚ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ ਅਤੇ ਨਾ ਹੀ ਇਨ੍ਹਾਂ ਮੁੱਦਿਆਂ ਨੂੰ ਮੁੜ ਤੋਂ ਖੋਲ੍ਹਿਆ ਜਾ ਸਕਦਾ ਹੈ।

13. ਵੈਸੇ ਵੀ, ਰਾਜੀਵ-ਲੌਂਗੋਵਾਲ ਸਮਝੌਤੇ 'ਤੇ ਦਸਤਖ਼ਤ ਕਰਨ ਵਾਲੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਜਾਂ ਸੰਤ ਹਰਚੰਦ ਸਿੰਘ ਲੌਂਗੋਵਾਲ, ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਨੂੰ ਇਹ ਅਧਿਕਾਰ ਪ੍ਰਾਪਤ ਨਹੀਂ ਸੀ ਕਿ ਉਹ ਪੰਜਾਬ ਵਿਧਾਨ ਸਭਾ ਦੇ ਕਾਰਜ-ਖੇਤਰ 'ਚ ਕੋਈ ਦਖ਼ਲ ਦੇ ਸਕਦੇ। ਫਿਰ ਪਾਰਲੀਮੈਂਟ ਨੇ ਵੀ ਕਿਸ ਆਧਾਰ 'ਤੇ ਰਾਜਨੀਤੀ ਤੋਂ ਪ੍ਰੇਰਿਤ ਇਸ ਸਮਝੌਤੇ ਨੂੰ ਆਪਣੀ ਪ੍ਰਵਾਨਗੀ ਦਿੱਤੀ? ਪਰ ਫਿਰ ਵੀ ਅਜਿਹੇ ਗੈਰ-ਸੰਵਿਧਾਨਕ ਸਮਝੌਤੇ ਨੂੰ, ਪੰਜਾਬ ਸਰਕਾਰ ਵਲੋਂ ਕਾਨੂੰਨ ਅਨੁਸਾਰ ਸਰਵਉਚ ਅਦਾਲਤ ਵਿਖੇ ਚੁਣੌਤੀ ਨਹੀਂ ਦਿੱਤੀ ਗਈ।

14. ਸਪਸ਼ਟ ਹੈ ਕਿ ਰਾਜ ਦੇ ਪਾਣੀਆਂ ਦੀ ਵੰਡ ਕਰਨ ਦਾ ਇਹ ਵਿਸ਼ਾ ਕਿਸੇ ਵੀ ਰਾਜਨੇਤਾ ਭਾਵ ਪ੍ਰਧਾਨ ਮੰਤਰੀ, ਮੁਖ ਮੰਤਰੀ ਜਾਂ ਕਿਸੇ ਹੋਰ ਸਿਆਸੀ ਆਗੂ ਦੇ ਅਧਿਕਾਰ ਖੇਤਰ 'ਚ ਨਹੀਂ ਆਉਂਦਾ। ਜਦੋਂ ਕਿ ਪੰਜਾਬ ਦੇ ਪਾਣੀਆਂ ਸਬੰਧੀ ਸੰਵਿਧਾਨਕ ਅਧਿਕਾਰ ਨਾਂ ਤਾਂ ਪਾਰਲੀਮੈਂਟ ਅਤੇ ਨਾ ਹੀ ਕਾਰਜਪਾਲਿਕਾ ਨੂੰ ਪ੍ਰਾਪਤ ਹਨ ਸਿਵਾਏ ਪੰਜਾਬ ਵਿਧਾਨ ਸਭਾ ਦੇ, ਦਸੱਣਯੋਗ ਹੈ ਕਿ ਸੰਵਿਧਾਨ ਦੀਆਂ ਵਿਵਸਥਾਵਾਂ ਅਨੁਸਾਰ ਨਿਆਂਪਾਲਿਕਾ ਵੀ, ਇਨ੍ਹਾਂ 'ਚ ਕੋਈ ਦਖ਼ਲ ਨਹੀਂ ਦੇ ਸਕਦੀ।

15. ਪਰ ਜਦੋਂ ਰਾਜਸਥਾਨ ਨੂੰ ਨਰਮਦਾ ਦੇ ਪਾਣੀਆਂ 'ਚੋਂ ਕਾਨੂੰਨੀ ਤੌਰ 'ਤੇ ਕੋਈ ਹਿੱਸਾ ਨਹੀਂ ਸੀ ਦਿੱਤਾ ਗਿਆ, ਜੋ ਕਿ ਇਕ ਅੰਤਰ-ਰਾਜੀ ਦਰਿਆ ਹੈ। ਫਿਰ ਪੰਜਾਬ ਦੇ ਦਰਿਆਵਾਂ 'ਚੋਂ ਕਿਸ ਆਧਾਰ 'ਤੇ ਪਾਣੀ ਦਿੱਤਾ ਗਿਆ, ਜੋ ਕਿ ਅੰਦਰੂਨ ਪੰਜਾਬ ਹਨ।

16. ਵੈਸੇ ਵੀ, ਸੰਵਿਧਾਨਕ ਵਿਵਸਥਾਵਾਂ ਦੀ ਉਲੰਘਣਾ ਕਰਨਾ ਜਾਂ ਕਾਨੂੰਨ ਤੋੜਨਾ ਘੋਰ ਅਪਰਾਧ ਮੰਨਿਆ ਜਾਂਦਾ ਹੈ। ਫਿਰ ਰਾਜੀਵ-ਲੌਂਗੋਵਾਲ ਸਮਝੌਤੇ ਦੀਆਂ ਪਾਣੀਆਂ ਦੀ ਵੰਡ ਸਬੰਧੀ ਮੱਦਾਂ, ਕਿਸ ਆਧਾਰ 'ਤੇ ਲਾਗੂ ਕੀਤੀਆਂ ਗਈਆਂ? ਇਸ ਬਾਰੇ ਇਹ ਵੀ ਬਿਆਨ ਕਰਨਾ ਯੋਗ ਹੋਵੇਗਾ ਕਿ ਸੰਵਿਧਾਨ ਦੀ ਉਲੰਘਣਾ ਕਰਨ ਅਤੇ ਕਾਨੂੰਨ ਤੋੜਨ ਵਾਲਿਆਂ ਨੂੰ, ਉਨ੍ਹਾਂ ਦੇ ਸੰਵਿਧਾਨਕ ਆਹੁਦਿਆਂ ਤੋਂ ਹਟਾਇਆ ਜਾਣਾ ਨਿਆ-ਸੰਗਤ ਹੈ ਅਤੇ ਇਸ ਆਧਾਰ ਤੇ ਸਬੰਧਿਤ ਸਿਆਸੀ ਪਾਰਟੀਆਂ ਦੀ ਮਾਨਤਾ ਵੀ ਖਤਮ ਕੀਤੀ ਜਾਣੀ ਯੋਗ ਬਣਦੀ ਹੈ।

17. ਯਾਦ ਰਹੇ ਕਿ ਰਾਜੀਵ-ਲੌਂਗੋਵਾਲ ਸਮਝੌਤੇ ਦੀ ਮੱਦ 9.2 ਅਧੀਨ ਪਾਣੀਆਂ ਦੀ ਵੰਡ ਕਰਨ ਸਬੰਧੀ ਇਰਾਡੀ ਟ੍ਰਿਬਿਊਨਲ ਦਾ ਗਠਨ ਕਰਨਾ ਸੰਵਿਧਾਨਕ/ਕਾਨੂੰਨੀ ਪੱਖੋਂ ਇੱਕ ਗਲਤ ਕਾਰਵਾਈ ਸੀ। ਕਿਉਂ ਜੋ, ਇਸ ਨਾਲ ਸੰਵਿਧਾਨ ਦੇ ਆਰਟੀਕਲ 246 ਕਲਾਜ਼ (3) ਦੀ ਉਲੰਘਣਾ ਹੋਈ ਸੀ। ਜਦੋਂ ਕਿ ਪੰਜਾਬ ਦਾ ਕੋਈ ਵੀ ਦਰਿਆ ਅੰਤਰ-ਰਾਜੀ ਦਰਿਆਵਾਂ ਦੀ ਸ਼੍ਰੇਣੀ ਵਿੱਚ ਨਹੀਂ ਆਉਂਦਾ। ਦੱਸਣਯੋਗ ਹੈ ਕਿ ਇਸ ਮੱਦ ਅਨੁਸਾਰ ਇਰਾਡੀ ਟ੍ਰਿਬਿਊਨਲ ਦਾ ਫੈਸਲਾ 6 ਮਹੀਨਿਆਂ 'ਚ ਲਾਗੂ ਕੀਤਾ ਜਾਣਾ ਸੀ, ਜੋ ਵੈਸੇ ਵੀ ਕਾਨੂੰਨੀ ਤੌਰ ਤੇ ਅਮਲਯੋਗ ਨਹੀਂ ਸੀ। ਫਿਰ ਵੀ ਇਸ ਮੱਦ ਨੂੰ ਕਾਨੂੰਨੀ ਪੱਖੋਂ ਚੁਣੌਤੀ ਨਹੀਂ ਦਿੱਤੀ ਗਈ।

18. ਪਰ ਇਸ ਸਮਝੌਤੇ ਦੀ ਮੱਦ 9.3 ਅਧੀਨ ਅਕਾਲੀ ਦਲ ਦੇ ਵੇਲੇ ਦੇ ਮੁੱਖ ਮੰਤਰੀ ਸ੍ਰ. ਸੁਰਜੀਤ ਸਿੰਘ ਬਰਨਾਲਾ ਨੇ ਹੀ ਸਤਲੁਜ-ਯਮੁਨਾ ਲਿੰਕ (ਐਸ. ਵਾਈ. ਐਲ) ਨਹਿਰ ਦੇ ਪੰਜਾਬ ਵਿਚਲੇ ਹਿੱਸੇ ਦੀ ਉਸਾਰੀ ਆਰੰਭ ਕਰਵਾਈ ਸੀ, ਜੋ 15 ਅਗਸਤ, 1986 ਤਕ ਮੁਕੰਮਲ ਕੀਤੀ ਜਾਣੀ ਸੀ। ਪਰ ਕੁੱਝ ਕਾਰਨਾਂ ਕਰਕੇ ਇਹ ਮੁਕੰਮਲ ਨਹੀਂ ਸੀ ਹੋ ਸਕੀ। ਜਦੋਂ ਕਿ ਹੁਣ ਇਹ ਮੱਦਾਂ ਸਮਾਂ-ਵਿਹਾਅ ਚੁੱਕੀਆਂ ਹਨ ਭਾਵ ਟਾਈਮ-ਬਾਰਡ (time barred) ਹਨ। ਇਸ ਸੰਦਰਭ ਵਿੱਚ ਸੰਵਿਧਾਨ ਦੇ

ਆਰਟੀਕਲ 246 ਦੀ ਕਲਾਜ਼ (3) ਵੀ ਵਿਚਾਰਨ ਯੋਗ ਬਣਦੀ ਹੈ।

19. ਪਰ ਇਸ ਸਮਝੌਤੇ ਦੀ ਮੱਦ 7.2 ਅਧੀਨ ਪੁਨਰ-ਗਠਿਤ ਪੰਜਾਬ ਦੇ ਕਥਿਤ ਹਿੰਦੀ ਭਾਸ਼ੀ ਇਲਾਕਿਆਂ ਦੀ ਜੋ ਕਥਿਤ ਤੌਰ 'ਤੇ ਫਾਜ਼ਿਲਕਾ ਅਤੇ ਅਬੋਹਰ 'ਚ ਸ਼ਾਮਲ ਦੱਸੇ ਗਏ ਸਨ, ਦੀ ਸ਼ਨਾਖਤ ਕੀਤੇ ਜਾਣ ਸਬੰਧੀ ਮੈਥਿਊ ਕਮਿਸ਼ਨ ਦਾ ਗਠਨ ਕੀਤਾ ਗਿਆ ਸੀ, ਦੀ ਰਿਪੋਰਟ 31 ਦਸੰਬਰ, 1985 ਤੱਕ ਦੇਣ ਯੋਗ ਸੀ। ਪਰ ਇਹ ਰਿਪੋਰਟ ਕਦੇ ਵੀ ਜਨਤਕ ਨਹੀਂ ਕੀਤੀ ਗਈ। ਜਦੋਂ ਕਿ ਮੱਦ 7.3 ਦੀਆਂ ਵਿਵਸਥਾਵਾਂ ਅਨੁਸਾਰ ਮੈਥਿਊ ਕਮਿਸ਼ਨ ਦੀ ਰਿਪੋਰਟ ਦੇ ਆਧਾਰ 'ਤੇ 26 ਜਨਵਰੀ, 1986 ਨੂੰ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਣਾ ਸੀ। ਪਰ ਇਹ ਮੱਦਾਂ ਵੀ ਮਿੱਥੇ ਸਮੇਂ ਅਨੁਸਾਰ ਲਾਗੂ ਨਹੀਂ ਕੀਤੀਆਂ ਗਈਆਂ। ਅਜਿਹਾ ਹੀ ਕੁੱਝ ਮਾਮਲਾ ਮੱਦਾਂ 7.1 ਅਤੇ 7.4 ਦਾ ਹੈ। ਫਿਰ ਹੁਣ ਇਨ੍ਹਾਂ ਮੱਦਾਂ ਦਾ ਕੀ ਅਰਥ?

20. ਵੈਸੇ ਵੀ ਕਾਨੂੰਨੀ ਪੱਖ ਤੋਂ ਹੁਣ ਰਾਜੀਵ-ਲੌਂਗੋਵਾਲ ਸੰਧੀ ਦੀਆਂ ਇਨ੍ਹਾਂ ਮੱਦਾਂ 'ਚ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ ਅਤੇ ਨਾ ਹੀ ਫਾਜ਼ਿਲਕਾ-ਅਬੋਹਰ ਦੇ ਇਲਾਕਿਆਂ ਸਬੰਧੀ ਮੁੱਦੇ ਨੂੰ ਫਿਰ ਨਵੇਂ ਸਿਰੇ ਤੋਂ ਖੋਲ੍ਹਿਆ ਜਾ ਸਕਦਾ ਹੈ, ਜਿਸ ਦਾ ਕਿ ਪਹਿਲਾਂ ਵੀ ਉਪਰ ਵਿਸਥਾਰ 'ਚ ਵੇਰਵਾ ਦਿੱਤਾ ਗਿਆ ਹੈ। ਯਾਦ ਰਹੇ ਕਿ ਪੰਜਾਬ ਦੇ 1966 ਦੇ ਪੁਨਰਗਠਨ ਉਪਰੰਤ ਹੁਣ ਕੋਈ ਵੀ ਇਸ ਦਾ ਇਲਾਕਾ ਬਿਨਾ ਪੰਜਾਬ ਵਿਧਾਨ ਸਭਾ ਦੀ ਪ੍ਰਵਾਨਗੀ ਦੇ, ਪੰਜਾਬ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਸਪੱਸ਼ਟ ਹੈ ਕਿ ਇਹ ਮੁਦਾ ਸਮਾਂ-ਵਿਹਾਅ ਚੁਕਿਆ ਹੈ ਯਾਨੀ ਕਿ ਟਾਈਮ ਬਾਰਡ (time-barred) ਹੈ।

21. ਦੇਸ਼ ਦੇ ਸਥਾਪਿਤ ਕਾਨੂੰਨਾਂ ਅਨੁਸਾਰ ਧਿਰਾਂ ਵਿਚਕਾਰ ਹੋਏ ਕਿਸੇ ਵੀ ਸਮਝੌਤੇ/ਸੰਧੀ/ਇਕਰਾਰਨਾਮੇ ਨੂੰ ਜਾਂ ਤਾਂ ਪੂਰਨਰੂਪ ਵਿੱਚ ਲਾਗੂ ਕੀਤਾ ਜਾਂਦਾ ਹੈ ਜਾਂ ਫਿਰ ਕਿਸੇ ਇੱਕ ਧਿਰ ਵੱਲੋਂ ਕਿਸੇ ਮੱਦ ਬਾਰੇ ਅਸਹਿਮਤੀ ਦੀ ਸੂਰਤ ਵਿੱਚ, ਅਜਿਹੀ ਨਾ-ਅਮਲਯੋਗ ਲਿਖਤ ਨੂੰ ਮੁੱਢੋਂ ਹੀ ਮਨਸੂਖ ਕਰ ਦਿੱਤਾ ਜਾਂਦਾ ਹੈ। ਯਾਦ ਰਹੇ ਕਿ ਰਾਜੀਵ-ਲੌਂਗੋਵਾਲ ਸਮਝੌਤੇ ਦੀਆਂ ਕੁਲ 11 ਮੱਦਾਂ ਹਨ, ਪਰ ਸਿਵਾਏ ਪਾਣੀਆਂ ਦੀ ਵੰਡ ਸਬੰਧੀ ਮੱਦਾਂ ਦੇ ਕੋਈ ਵੀ ਹੋਰ ਮੱਦ ਲਾਗੂ ਨਹੀਂ ਕੀਤੀ ਗਈ। ਫਿਰ ਇਰਾਡੀ ਟ੍ਰਿਬਿਊਨਲ ਦੇ ਗਠਨ ਦਾ ਕੀ ਅਰਥ ਸੀ? ਜਿਸ ਦੇ ਆਧਾਰ 'ਤੇ ਹੋਰਨਾਂ ਰਾਜਾਂ ਤੋਂ ਇਲਾਵਾ ਰਾਜਧਾਨੀ ਦਿੱਲੀ ਅਤੇ ਰਾਜਸਥਾਨ ਨੂੰ ਵੀ ਪਾਣੀ ਉਪਲੱਬਧ ਕਰਵਾਇਆ ਗਿਆ ਸੀ।

22. ਪਰ ਜਿੱਥੋਂ ਤੱਕ ਮੱਦ ਨੰਬਰ 1 ਦਾ ਸਬੰਧ ਹੈ, ਜਿਸ ਅਧੀਨ ਪਾਣੀਆਂ ਦੀ ਵੰਡ ਦੇ ਵਿਰੋਧ ਵਿੱਚ ਸੰਤ ਲੌਂਗੋਵਾਲ ਦੀ ਅਗਵਾਈ 'ਚ ਅਕਾਲੀ ਦਲ ਵਲੋਂ ਵਿੱਢੇ ਗਏ ਸੰਘਰਸ਼, ਜਿਸ ਨੂੰ ਕਿ ਧਰਮ ਯੁੱਧ ਮੋਰਚੇ ਦਾ ਨਾਮ ਦਿੱਤਾ ਗਿਆ ਸੀ, 'ਚ ਭਾਗ ਲੈਣ ਵਾਲੇ ਅਕਾਲੀ ਵਾਲੰਟੀਅਰਾਂ ਦਾ ਜੋ ਵੀ ਜਾਨੀ-ਮਾਲੀ ਨੁਕਸਾਨ ਹੋਇਆ ਸੀ ਜਾਂ ਪੰਜਾਬ ਵਿਚਲੀ ਕਿਸੇ ਜਾਇਦਾਦ ਨੂੰ ਹਾਨੀ ਪਹੁੰਚੀ ਸੀ, ਉਸ ਦੀ ਪੂਰਤੀ ਲਈ ਐਕਸ-ਗ੍ਰੇਸ਼ੀਆ ਗ੍ਰਾਂਟ ਅਤੇ ਮੁਆਵਜ਼ਾ ਦੇਣ ਦੀ ਵਿਵਸਥਾ ਕੀਤੀ ਗਈ ਸੀ। ਪਰ ਇਸ ਤੇ ਵੀ ਕੋਈ ਅਮਲ ਨਹੀਂ ਹੋਇਆ। ਅਗਰ ਸਾਡੇ ਰਾਜਨੇਤਾ ਹੀ ਸੰਵਿਧਾਨ ਅਤੇ ਕਾਨੂੰਨ ਦੀ ਪਾਲਣਾ ਕਰਨ ਤੋਂ ਆਕੀ ਹੋਣ ਤਾਂ ਫਿਰ ਆਮ ਲੋਕਾਂ ਤੋਂ ਕੀ ਆਸ ਰੱਖੀ ਜਾ ਸਕਦੀ ਹੈ। ਪਰ ਇਸ ਮੱਦ ਅਧੀਨ ਪੀੜਤ-ਲੋਕ ਹੁਣ ਵੀ ਆਪਣੇ ਤੌਰ 'ਤੇ ਮੁਆਵਜਾ ਲੈਣ ਦੇ ਹੱਕਦਾਰ ਹਨ, ਜੋ ਸਬੰਧਤ ਸਰਕਾਰਾਂ ਤੋਂ ਹੁਣ ਵੀ ਕਾਨੂੰਨੀ ਆਧਾਰ 'ਤੇ ਵਸੂਲ ਕੀਤਾ ਜਾ ਸਕਦਾ ਹੈ।

23. ਉਪਰ ਦਿੱਤੇ ਹਵਾਲਿਆਂ ਦੇ ਸੰਦਰਭ ਵਿੱਚ ਇੱਥੇ ਇਹ ਬਿਆਨ ਕਰਨਾ ਤਰਕਸੰਗਤ ਹੋਵੇਗਾ ਕਿ ਸੰਵਿਧਾਨ ਜਾਂ ਕਾਨੂੰਨ ਤੋਂ ਬਾਹਰਾ ਕੋਈ ਅਧਿਕਾਰ, ਕਿਸੇ ਵੀ ਰਾਜਨੇਤਾ ਨੂੰ ਪ੍ਰਾਪਤ ਨਹੀਂ ਭਾਵੇਂ ਕਿ ਉਹ ਕਿਸੇ ਵੀ ਸੰਵਿਧਾਨਕ ਅਹੁਦੇ ਤੇ ਹੀ ਬਿਰਾਜਮਾਨ ਕਿਉਂ ਨਾ ਹੋਵੇ। ਸੋ, ਇਸ ਲਈ ਕੋਈ ਵੀ ਅਜਿਹਾ ਸਮਝੌਤਾ ਕਿਸੇ ਅਜਿਹੀ ਰਾਜਨੀਤਕ ਪਾਰਟੀ ਦੇ ਮੁਖੀ ਨਾਲ ਨਹੀਂ ਸੀ ਕੀਤਾ ਜਾ ਸਕਦਾ, ਜੋ ਰਾਜ ਪ੍ਰਬੰਧ 'ਚ ਸ਼ਾਮਲ ਨਾ ਹੋਵੇ। ਫਿਰ ਸੰਤ ਲੌਂਗੋਵਾਲ ਨੂੰ ਕੀ ਕਾਨੂੰਨੀ ਅਧਿਕਾਰ ਪ੍ਰਾਪਤ ਸੀ, ਜੋ ਰਾਜੀਵ-ਲੌਂਗੋਵਾਲ ਸਮਝੌਤਾ ਉਲੀਕਿਆ ਗਿਆ? ਪਰ ਹੁਣ ਇਸ ਸਮੇਂ ਮੌਜੂਦਾ ਪੰਜਾਬ ਦੀ ਹੱਦ-ਬੰਦੀ ਅਨੁਸਾਰ ਕੋਈ ਵੀ ਇਲਾਕਾ, ਪੰਜਾਬ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਇਸ ਬਾਰੇ ਸੰਵਿਧਾਨ ਦੇ ਆਰਟੀਕਲ 246 ਕਲਾਜ਼ (3) ਅਤੇ 7ਵੇਂ ਸ਼ਡਿਊਲ ਦੀ ਰਾਜਾਂ ਦੇ ਅਧਿਕਾਰ-ਖੇਤਰ ਦੀ ਸੂਚੀ ਦੇ ਜ਼ਮੀਨ ਸਬੰਧੀ 18ਵੇਂ ਇੰਦਰਾਜ ਦਾ ਵੀ ਹਵਾਲਾ ਦੇਣਾ ਯੋਗ ਬਣਦਾ ਹੈ। ਵੈਸੇ ਪੰਜਾਬ ਪੁਨਰਗਠਨ ਐਕਟ-1966 'ਚ ਦਰਜ ਵਿਵਸਥਾਵਾਂ ਦੇ ਅਧਾਰ ਤੇ ਹੁਣ ਇਸ ਸਮੇਂ ਪੰਜਾਬ ਦੇ ਇਲਾਕਿਆਂ ਦੀ ਮੁੜ ਤੋਂ ਹੱਦਬੰਦੀ ਨਹੀਂ ਕੀਤੀ ਜਾ ਸਕਦੀ। ਸਪੱਸ਼ਟ ਹੈ ਕਿ ਪੰਜਾਬ ਵਿਧਾਨ ਸਭਾ ਦੀ ਬਿਨਾਂ ਪ੍ਰਵਾਨਗੀ ਦੇ, ਹੁਣ ਇਸ ਸਮੇਂ ਰਾਜ ਦੀ ਹੱਦਬੰਦੀ ਕੀਤੀ ਜਾਣੀ ਯੋਗ ਨਹੀਂ ਬਣਦੀ।

24. ਅਗਰ ਦੂਜੇ ਗੈਰ-ਰਾਇਪੇਰੀਅਨ ਰਾਜਾਂ ਨੂੰ ਮਾਨਵੀ ਆਧਾਰ 'ਤੇ ਪਾਣੀ ਦਿੱਤਾ ਜਾ ਸਕਦਾ ਸੀ, ਤਾਂ ਫਿਰ ਪੰਜਾਬ ਤੋਂ ਅਜਿਹਾ ਅਧਿਕਾਰ ਕਿਸ ਆਧਾਰ ਤੇ ਖੋਹਿਆ ਗਿਆ? ਅਗਰ ਪੰਜਾਬ ਸਰਕਾਰ ਵੱਲੋਂ ਦੂਜੇ ਰਾਜਾਂ ਨੂੰ ਪਾਣੀ ਦਿੱਤਾ ਜਾਣਾ ਸੀ, ਤਾਂ ਇਸ ਸੰਦਰਭ ਵਿੱਚ ਰਾਜ ਵਿਧਾਨ ਸਭਾ ਦੀ ਸੰਵਿਧਾਨਕ ਪ੍ਰਵਾਨਗੀ ਉਪਲਬੱਧ ਕੀਤੀ ਜਾਣੀ ਜ਼ਰੂਰੀ ਬਣਦੀ ਸੀ।

25. ਵੈਸੇ ਵੀ ਪਰਜਾਤੰਤਰਿਕ ਪ੍ਰਣਾਲੀ ਅਧੀਨ ਦੇਸ਼ ਦੇ ਸੰਵਿਧਾਨ ਅਤੇ ਕਾਨੂੰਨ ਨੂੰ ਹੀ ਮਾਨਤਾ ਦਿੱਤੀ ਜਾਂਦੀ ਹੈ, ਜਦੋਂ ਕਿ ਨਿਆਂਪਾਲਿਕਾ ਵੀ ਇਸ ਦਲੀਲ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦੀ। ਜ਼ਿਕਰਯੋਗ ਹੈ ਕਿ ਜਦੋਂ ਸੰਤ ਲੌਂਗੋਵਾਲ ਆਪ ਖ਼ੁੱਦ ਇੱਕ ਧਰਮ ਅਧਾਰਿਤ ਪਾਰਟੀ ਦੇ ਮੁਖੀ ਸਨ, ਫਿਰ ਉਹ ਰਾਜ ਪ੍ਰਬੰਧ ਦੇ ਮਾਮਲਿਆਂ ਵਿੱਚ ਕਿਵੇਂ ਦਖਲ ਦੇ ਸਕਦੇ ਸਨ? ਖਾਸ ਕਰਕੇ, ਜਦੋਂ ਕਿ ਦੇਸ਼ ਦਾ ਸੰਵਿਧਾਨ ਧਰਮ ਨਿਰਪੱਖਤਾ ਦੇ ਆਧਾਰ 'ਤੇ ਸਿਰਜਿਆ ਗਿਆ ਸੀ।

26. ਸ਼ਾਇਦ ਮੁੱਖ ਮੰਤਰੀ ਬਾਦਲ ਨੂੰ ਸੰਵਿਧਾਨ ਤੇ ਕਾਨੂੰਨ ਬਾਰੇ ਕੋਈ ਬਹੁਤਾ ਗਿਆਨ ਨਹੀਂ, ਜੋ ਉਨ੍ਹਾਂ ਵਲੋਂ ਰਾਜੀਵ-ਲੌਂਗੋਵਾਲ ਸਮਝੌਤੇ ਦੇ ਨਿਰ-ਜਿੰਦ ਘੋੜੇ ਨੂੰ ਮੁੜ ਤੋਂ ਸੁਰਜੀਤ ਕਰਕੇ ਸਵਾਰੀ ਕਰਨ ਦਾ ਯਤਨ ਕੀਤਾ ਗਿਆ, ਜੋ ਸੰਤ ਲੌਂਗੋਵਾਲ ਦੀ ਬਰਸੀ ਸਮੇਂ, ਮੁੱਖ ਮੰਤਰੀ ਵਲੋਂ ਅਜਿਹਾ ਗੈਰ-ਮੁਨਾਸਿਬ ਬਿਆਨ ਦਿੱਤਾ ਗਿਆ। ਵੈਸੇ ਗੈਰ-ਜ਼ਿਮੇਵਾਰ ਸਿਆਸੀ ਆਗੂਆਂ ਨੂੰ, ਜੋ ਸਵਿੰਧਾਨ ਅਤੇ ਕਾਨੂੰਨ ਦੀ ਪਾਲਣਾ ਕਰਨ 'ਚ ਯਕੀਨ ਨਹੀਂ ਰੱਖਦੇ, ਨੂੰ ਸੰਵਿਧਾਨਕ ਅਹੁਦਿਆਂ 'ਤੇ ਬਣੇ ਰਹਿਣ ਦਾ ਕੋਈ ਅਧਿਕਾਰ ਪ੍ਰਾਪਤ ਨਹੀਂ। ਸੋ ਇਸ ਲਈ ਸੰਵਿਧਾਨਕ ਅਹੁਦਿਆਂ ਤੇ ਬਿਰਾਜਮਾਨ ਸਾਡੇ ਸਿਆਸੀ ਆਗੂਆਂ ਨੂੰ ਅਜਿਹੀ ਬਿਆਨਬਾਜ਼ੀ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਜਿਵੇਂ ਕਿ ਮੁੱਖ ਮੰਤਰੀ ਸ੍ਰ. ਬਾਦਲ ਵੱਲੋਂ ਸੰਤ ਲੌਂਗੋਵਾਲ ਦੀ ਬਰਸੀ



ਸਮੇਂ ਭਰਵੇਂ ਇਕੱਠ 'ਚ ਦਿੱਤਾ ਗਿਆ ਅਜਿਹਾ ਗੈਰ-ਜ਼ਰੂਰੀ ਬਿਆਨ। ਇਸ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਸਾਡੇ ਰਾਜਨੇਤਾ ਸੰਵਿਧਾਨ ਨੂੰ ਮਾਨਤਾ ਨਹੀਂ ਦਿੰਦੇ। ਅਜਿਹਾ ਹੀ ਕੁੱਝ ਵਤੀਰਾ ਦੂਜੇ ਰਾਜਾਂ ਦੇ ਮੁੱਖ ਮੰਤਰੀਆਂ ਅਤੇ ਸਿਆਸੀ ਆਗੂਆਂ ਦਾ ਹੈ, ਜੋ ਇਸ ਰਾਜਨੀਤਿਕ ਅਤੇ ਗੈਰ-ਕਾਨੂੰਨੀ ਸਮਝੌਤੇ ਨੂੰ ਲਾਗੂ ਕਰਵਾਉਣ ਲਈ ਯਤਨਸ਼ੀਲ ਹਨ। ਜਦੋਂ ਕਿ ਪਹਿਲਾਂ ਵੀ ਕੇਂਦਰ ਸਰਕਾਰ ਅਤੇ ਦੂਜੇ ਰਾਜਾਂ ਵੱਲੋਂ ਸਬੰਧਿਤ ਅਦਾਲਤਾਂ ਨੂੰ ਗੁੰਮਰਾਹ ਕਰਕੇ, ਆਪਣੇ ਹੱਕ ਵਿੱਚ ਫੈਸਲੇ ਪ੍ਰਾਪਤ ਕੀਤੇ ਗਏ। ਜੋ ਕਿ ਅਦਾਲਤੀ ਕਾਨੂੰਨਾਂ ਅਨੁਸਾਰ ਇੱਕ ਅਪਰਾਧਿਕ ਮਾਮਲਾ ਬਣਦਾ ਹੈ।

27. ਇਸ ਗਲ ਦਾ ਵਿਸ਼ੇਸ਼ ਤੌਰ 'ਤੇ, ਇੱਥੇ ਇਹ ਜ਼ਿਕਰ ਕਰਨਾ ਜ਼ਰੂਰੀ ਬਣਦਾ ਹੈ ਕਿ ਦਰਿਆਈ ਪਾਣੀਆਂ ਦੀ ਵੰਡ ਕਰਨ ਦੀ ਨੀਤੀ ਸਿਰਫ ਪੰਜਾਬ ਦੇ ਦਰਿਆਵਾਂ ਤੇ ਹੀ ਲਾਗੂ ਕੀਤੀ ਗਈ ਹੈ, ਜਦੋਂ ਕਿ ਦੇਸ਼ ਦੇ ਕਿਸੇ ਵੀ ਹੋਰ ਦਰਿਆ ਜਾਂ ਰਾਜ 'ਤੇ ਲਾਗੂ ਨਹੀਂ ਹੈ, ਫਿਰ ਪੰਜਾਬ ਲਈ ਹੀ ਵੱਖਰੇ ਮਾਪਦੰਡ ਕਿਉਂ? ਜਦੋਂ ਕਿ ਸੰਵਿਧਾਨ ਵਿੱਚ ਅਜਿਹੀ ਕੋਈ ਵਿਵਸਥਾ ਨਹੀਂ ਕੀਤੀ ਗਈ, ਜਿਸ ਨਾਲ ਕਿ ਕੁਦਰਤ ਦੇ ਅਸੂਲਾਂ ਨੂੰ ਬਦਲਿਆ ਜਾ ਸਕਦਾ ਹੋਵੇ। ਫਿਰ ਇੱਥੇ ਪ੍ਰਸ਼ਨ ਇਹ ਵੀ ਪੈਦਾ ਹੁੰਦਾ ਹੈ ਕਿ ਦੇਸ਼ ਦਾ ਸੰਵਿਧਾਨ ਸਰਵਉਚ ਹੈ ਜਾਂ ਪਾਣੀਆਂ ਦੀ ਵੰਡ ਸਬੰਧੀ ਅਜਿਹੇ ਗੈਰ-ਕਾਨੂੰਨੀ ਸਮਝੌਤੇ?

28. ਖੈਰ! ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਦੇ ਵਿਸ਼ੇ ਸਬੰਧੀ, ਇੱਥੇ ਸੰਵਿਧਾਨਕ ਵਿਵਸਥਾਵਾਂ ਦਾ ਮੂਲਰੂਪ ਵਿੱਚ ਜ਼ਿਕਰ ਕਰਨਾ ਯੋਗ ਬਣਦਾ ਹੈ, ਜੋ ਕਿ ਇਸ ਤਰ੍ਹਾਂ ਹੈ- Article 246 Clause (3), reads: "Subject to Clauses (1) and (2), the Legislature of any state (***) has exclusive power to make laws for such State or any part thereof with respect to any of the matters enumerated in List-II in the Seventh Schedule (in the Constitution referred to as the 'State List')"-Entry 17th of the said List, pertains to water, meaning thereby, river/canal water, apart from the description given therein the said Entry. So, it makes clear that the Legislative powers of the State Assembly can not be delegated to any individual, howsoever, powerful he/she may be in the political system or the administrative hierarchy or institution whether it is the Parliament or the Executive. As per law even the Judiciary cannot interfere in such matters. However, it is not competent even for the apex court to overrule/ override the above said provisions of the Constitution. Thus it goes to prove that waters of intra-state rivers of Punjab fall beyond the pale of the legal jurisprudence. So it makes clear that the un-Constitutional division of Punjab Rivers Waters is based on surmises and conjectures, which is illegal and unlawful, otherwise.

29. ਪਰ ਇਥੇ ਵਿਚਾਰਨ ਯੋਗ ਮੁੱਦਾ ਇਹ ਵੀ ਹੈ ਕਿ ਰਾਜੀਵ-ਲੌਂਗੋਵਾਲ ਸਮਝੌਤੇ ਵਿੱਚ ਕਿਤੇ ਵੀ ਸੰਵਿਧਾਨਕ ਵਿਵਸਥਾਵਾਂ ਸਬੰਧੀ ਕੋਈ ਜ਼ਿਕਰ ਨਹੀਂ ਕੀਤਾ ਗਿਆ, ਜਦੋਂ ਕਿ ਇਸ ਵਿੱਚ ਪਾਣੀਆਂ ਦੀ ਵੰਡ ਦੀਆਂ ਮੱਦਾਂ ਵੀ ਸ਼ਾਮਲ ਸਨ, ਅਜਿਹਾ ਹੀ ਕੁੱਝ ਮਾਮਲਾ ਪਾਣੀਆਂ ਦੀ ਵੰਡ ਸਬੰਧੀ ਦੂਜੇ ਦਸਤਾਵੇਜ਼ਾਂ ਦਾ ਹੈ, ਜਿਨ੍ਹਾਂ ਦਾ ਵੇਰਵਾ ਅਗਲੇ ਪੈਰਿਆਂ 'ਚ ਦਿੱਤਾ ਜਾ ਰਿਹਾ ਹੈ।

30. ਪੰਜਾਬ ਦੇ ਭੂਗੋਲਿਕ ਮਾਨਚਿਤਰ (ਨਕਸ਼ੇ) ਤੋਂ ਵੀ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਪੰਜਾਬ ਦੇ ਦਰਿਆ, ਜ਼ਮੀਨੀ ਹਕੀਕਤਾਂ ਅਨੁਸਾਰ ਅੰਦਰੂਨ ਪੰਜਾਬ ਹਨ। ਪੰਜਾਬ ਦੇ ਵਸਨੀਕ ਇਸ ਦੀ ਸ਼ਾਹਦੀ ਭਰਦੇ ਹਨ। ਫਿਰ ਪੰਜਾਬ ਦੇ ਇਨ੍ਹਾਂ ਦਰਿਆਵਾਂ ਨੂੰ ਕਿਸ ਆਧਾਰ 'ਤੇ ਅੰਤਰ-ਰਾਜੀ ਦਰਿਆਵਾਂ ਦੀ ਸੰਗਿਆ ਦਿੱਤੀ ਗਈ? ਜਦੋਂ ਕਿ ਕਿਸੇ ਵੀ ਆਧਾਰ 'ਤੇ ਪਾਣੀਆਂ ਦੀ ਵੰਡ ਨਹੀਂ ਸੀ ਕੀਤੀ ਜਾ ਸਕਦੀ।

31. ਪਰ ਨਾਰਦਰਨ ਇੰਡੀਆ ਕੈਨਾਲ ਐਂਡ ਡਰੇਨੇਜ ਐਕਟ 1873 ਦੀਆਂ ਪਾਣੀ ਸਬੰਧੀ ਵਿਵਸਥਾਵਾਂ ਤੋਂ ਵੀ ਇਹ ਸਿੱਧ ਹੁੰਦਾ ਹੈ ਕਿ ਪੰਜਾਬ ਦੇ ਇਨ੍ਹਾਂ ਦਰਿਆਵਾਂ ਤੇ ਨਿਰੋਲਰੂਪ ਵਿੱਚ ਪੰਜਾਬ ਦੇ ਹੀ ਰਾਇਪੇਰੀਅਨ ਸਿਧਾਂਤ ਅਨੁਸਾਰ, ਵਿਸ਼ੇਸ਼ ਅਧਿਕਾਰ ਬਣਦੇ ਹਨ। ਫਿਰ ਦੂਜੇ ਰਾਜਾਂ ਨੂੰ ਕਿਸ ਆਧਾਰ 'ਤੇ ਸਹਿ-ਰਾਇਪੇਰੀਅਨ ਦਾ ਦਰਜਾ ਦਿੱਤਾ ਗਿਆ? ਕਿਉਂ ਜੋ, ਪੰਜਾਬ ਦੇ ਇਹ ਦਰਿਆ ਕਿਸੇ ਵੀ ਹੋਰ ਰਾਜ 'ਚੋਂ ਨਹੀਂ ਲੰਘਦੇ, ਭਾਵੇਂ ਕਿ ਪੰਜਾਬ ਨਾਲ ਲਗਦਾ ਹਰਿਆਣਾ ਜਾਂ ਰਾਜਸਥਾਨ ਹੀ ਕਿਉਂ ਨਾ ਹੋਵੇ। ਫਿਰ ਸਬੰਧਿਤ ਦੂਜੇ ਰਾਜਾਂ ਨੂੰ ਪੰਜਾਬ ਦੇ ਦਰਿਆਵਾਂ ਦਾ ਪਾਣੀ ਕਿਸ ਸੰਵਿਧਾਨਕ ਆਧਾਰ 'ਤੇ ਦਿੱਤਾ ਗਿਆ? ਅਜਿਹਾ ਹੀ ਕੁੱਝ ਮਾਮਲਾ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਅਤੇ ਦਿੱਲੀ ਆਦਿ ਦਾ ਹੈ।

**-ਕੈਨਾਲ ਐਂਡ ਡਰੇਨੇਜ ਐਕਟ ਦੀਆਂ ਵਿਵਸਥਾਵਾਂ ਬਾਰੇ-**

32. ਉਪਰ ਦਿੱਤੇ ਹਵਾਲਿਆਂ ਦੇ ਸੰਦਰਭ ਵਿੱਚ ਇੱਥੇ ਨਾਰਦਰਨ ਇੰਡੀਆ ਕੈਨਾਲ ਐਂਡ ਡਰੇਨੇਜ ਐਕਟ 1873 ਦੀਆਂ ਪਾਣੀ ਸਬੰਧੀ ਵਿਵਸਥਾਵਾਂ ਦਾ ਮੂਲਰੂਪ ਵਿੱਚ ਵੇਰਵਾ ਦੇਣਾ ਜ਼ਰੂਰੀ ਬਣਦਾ ਹੈ, ਜਿਸ ਦੇ ਆਧਾਰ 'ਤੇ ਪੰਜਾਬ ਵਿੱਚ ਨਹਿਰੀ ਨਿਜ਼ਾਮ ਦੀ ਸਥਾਪਨਾ ਕੀਤੀ ਗਈ ਸੀ, ਜਿਨ੍ਹਾਂ ਦਾ ਵੇਰਵਾ ਕੁੱਝ ਇਸ ਤਰ੍ਹਾਂ ਹੈ- Article 246 Clause (3), reads: "Subject to Clauses (1) and (2), the Legislature of any state (***) has exclusive power to make laws for such State or any part thereof with respect to any of the matters enumerated in List-II in the Seventh Schedule (in the Constitution referred to as the 'State List')"-Entry 17th of the said List, pertains to water, meaning thereby, river/canal water, apart from the description given therein the said Entry. So, it makes clear that the Legislative powers of the State Assembly can not be delegated to any individual, howsoever, powerful he/she may be in the political system or the administrative hierarchy or institution whether it is the Parliament or the Executive. As per law even the Judiciary cannot interfere in such matters. However, it is not competent even for the apex court to overrule/

override the above said provisions of the Constitution. Thus it goes to prove that waters of intra-state rivers of Punjab fall beyond the pale of the legal jurisprudence. So it makes clear that the un-Constitutional division of Punjab Rivers Waters is based on surmises and conjectures, which is illegal and unlawful, otherwise.

33. ਯਾਦ ਰਹੇ ਕਿ ਇਸ ਐਕਟ ਵਿੱਚ ਅਣ-ਵੰਡੇ ਪੰਜਾਬ ਤੋਂ ਇਲਾਵਾ ਯੂ. ਪੀ., ਦਿੱਲੀ ਅਤੇ ਮੌਜੂਦਾ ਹਰਿਆਣੇ ਦੇ ਇਲਾਕੇ ਵੀ ਸ਼ਾਮਲ ਸਨ। ਜਦੋਂ ਕਿ ਗੈਰ-ਰਾਇਪੇਰੀਅਨ ਰਾਜ ਹੋਣ ਦੇ ਨਾਤੇ ਰਾਜਸਥਾਨ ਨੂੰ ਇਸ ਐਕਟ 'ਚ ਸ਼ਾਮਿਲ ਨਹੀਂ ਸੀ ਕੀਤਾ ਗਿਆ। ਦੱਸਣਯੋਗ ਹੈ ਕਿ ਰਾਇਪੇਰੀਅਨ ਸਿਧਾਂਤ ਦੇ ਆਧਾਰ ਤੇ ਦਿੱਲੀ ਅਤੇ ਇਨ੍ਹਾਂ ਮੌਜੂਦਾ ਹਰਿਆਣੇ ਦੇ ਇਲਾਕਿਆਂ ਨੂੰ, ਉਸ ਵੇਲੇ ਦੇ ਪੰਜਾਬ ਦੇ ਅੰਤਰ-ਰਾਜੀ ਦਰਿਆ ਯਮੁਨਾ (ਜਮਨਾ) 'ਚੋਂ ਪਾਣੀ ਦਿੱਤਾ ਗਿਆ ਸੀ, ਨਾ ਕਿ ਪੰਜਾਬ ਵਿਚਲੇ ਦਰਿਆਵਾਂ 'ਚੋਂ, ਜੋ ਕਿ ਸਿੰਧ ਬੇਸਿਨ (ਨਦੀ-ਖੇਤਰ) 'ਚ ਪੈਂਦੇ ਸਨ। ਪਰ ਦੇਸ਼ ਦੀ '47 ਦੀ ਵੰਡ ਉਪਰੰਤ ਸਿੰਧ ਬੇਸਿਨ ਦਾ ਆਧਾਰ ਬਿਲਕੁਲ ਹੀ ਖਤਮ ਹੋ ਕੇ ਰਹਿ ਗਿਆ ਹੈ। ਸਪਸ਼ਟ ਹੈ, ਕਿ ਉਸ ਸਮੇਂ ਪੰਜਾਬ ਨੂੰ ਨਿਰੋਲਰੂਪ ਵਿਚ, ਇਸ ਦੇ ਆਪਣੇ ਦਰਿਆਵਾਂ ਸਤਲੁਜ, ਬਿਆਸ ਅਤੇ ਰਾਵੀ 'ਚੋਂ ਹੀ ਪਾਣੀ ਦਿੱਤਾ ਗਿਆ ਸੀ, ਜਿਨ੍ਹਾਂ 'ਤੇ ਕਿ ਕਿਸੇ ਹੋਰ ਰਾਜ ਦਾ ਕੋਈ ਅਧਿਕਾਰ ਨਹੀਂ ਬਣਦਾ।

34. ਭਾਵੇਂ ਕਿ ਰਾਜਸਥਾਨ ਜਾਂ ਹਰਿਆਣੇ ਦੇ ਇਲਾਕਿਆਂ ਨੂੰ ਸਿਆਸੀ ਆਧਾਰ ਤੇ ਪੰਜਾਬ ਦੇ ਇਨ੍ਹਾਂ ਦਰਿਆਵਾਂ ਨਾਲ ਜੋੜਿਆ ਗਿਆ ਹੈ, ਤਾਂ ਵੀ ਪੰਜਾਬ ਦੇ ਹੱਕ ਉਸ ਦੇ ਆਪਣੇ ਦਰਿਆਵਾਂ ਤੋਂ ਖਤਮ ਨਹੀਂ ਕੀਤੇ ਜਾ ਸਕਦੇ। ਕਿਉਂ ਜੋ, ਭੂਗੋਲਿਕ ਪੱਖੋਂ ਇਨ੍ਹਾਂ ਤੇ ਪਹਿਲਾ ਅਧਿਕਾਰ ਪੰਜਾਬ ਦਾ ਹੀ ਬਣਦਾ ਹੈ, ਨਾ ਕਿ ਕਿਸੇ ਹੋਰ ਦੂਜੇ ਰਾਜ ਦਾ। ਅੱਜ ਜਿੱਥੇ ਪਾਣੀ ਦੇ ਸੰਕਟ ਕਾਰਨ ਪੰਜਾਬ ਦੇ ਖੇਤੀ ਅਰਥਚਾਰੇ ਦੀ ਵੱਡੀ ਹਾਨੀ ਹੋਈ ਹੈ, ਉੱਥੇ ਦੂਜੇ ਪਾਸੇ ਸੰਬੰਧਿਤ ਰਾਜਾਂ ਨੂੰ ਪਿਛਲੇ 50 ਸਾਲਾਂ ਤੋਂ ਸਿੰਜਾਈ ਪੱਖੋਂ ਵੀ ਵੱਡਾ ਲਾਭ ਹੋਇਆ ਹੈ।

**-ਪਾਣੀਆਂ ਸਬੰਧੀ ਅੰਗ੍ਰੇਜ਼ੀ ਸਰਕਾਰ ਦੀ ਨੀਤੀ-**

35. ਅੰਗ੍ਰੇਜ਼ੀ ਸ਼ਾਸ਼ਨ ਕਾਲ ਸਮੇਂ, ਜਦੋ 1873 ਵਿੱਚ ਪੰਜਾਬ ਵਿੱਚ ਸਰਹਿੰਦ ਕੈਨਾਲ ਦਾ ਨਿਰਮਾਣ ਕੀਤਾ ਗਿਆ ਤਾਂ ਉਸ ਸਮੇਂ ਦੇ ਪੰਜਾਬ ਵਿਚਲੀਆਂ ਗੈਰ-ਰਾਇਪੇਰੀਅਨ ਰਿਆਸਤਾਂ ਪਟਿਆਲਾ, ਨਾਭਾ, ਜੀਂਦ (ਸੰਗਰੂਰ ਦਾ ਇਲਾਕਾ) ਆਦਿ ਨੂੰ, ਸਰਹਿੰਦ ਕੈਨਾਲ 'ਚੋਂ ਪਾਣੀ ਉਪਲੱਬਧ ਕਰਵਾਉਣ ਸਬੰਧੀ ਅੰਗ੍ਰੇਜ਼ ਸ਼ਾਸਕਾਂ ਵਲੋਂ 18 ਫਰਵਰੀ, 1873 ਨੂੰ ਇਸ ਬਾਰੇ ਜੋ ਸਮਝੋਤਾ ਕੀਤਾ ਗਿਆ ਸੀ, ਉਸ ਵਿੱਚ ਸੇਨਆਰਜ (Seigniorage) ਰੇਟਾਂ ਭਾਵ ਪਾਣੀ ਦੇ ਖਰਚੇ ਦੀ ਵਿਸੇ ਤੌਰ 'ਤੇ ਮੱਦ ਸ਼ਾਮਲ ਕੀਤੀ ਗਈ ਸੀ, ਜਦੋਂ ਕਿ ਹੁਣ ਇਹ ਇਲਾਕੇ ਪੰਜਾਬ ਵਿੱਚ ਸ਼ਾਮਲ ਹੋ ਚੁੱਕੇ ਹਨ।

36. ਪਰ, ਕੁੱਝ ਇਸੇ ਹੀ ਤਰ੍ਹਾਂ ਰਾਜਸਥਾਨ ਦੀ ਗੈਰ-ਰਾਇਪੇਰੀਅਨ ਸਟੇਟ ਬੀਕਾਨੇਰ ਨੂੰ ਮਾਨਵੀ ਆਧਾਰ ਤੇ, ਪੰਜਾਬ ਦੇ ਸਤਲੁਜ ਦਰਿਆ 'ਚੋ, ਫਿਰੋਜ਼ਪੁਰ ਦੇ ਹੁਸੈਨੀਵਾਲਾ ਹੈਡਵਰਕਸ ਤੋਂ ਪਾਣੀ ਦੇਣ ਸਬੰਧੀ 4 ਸਤੰਬਰ, 1920 ਨੂੰ ਜੋ ਸਮਝੌਤਾ ਕੀਤਾ ਗਿਆ ਸੀ, ਉਸ ਵਿੱਚ ਵੀ ਪਾਣੀ ਦੇ ਖਰਚੇ ਦੀ ਮੱਦ ਸ਼ਾਮਲ ਸੀ। ਯਾਦ ਰਹੇ ਕਿ ਇਨ੍ਹਾਂ ਦੋਹਾਂ ਸਮਝੌਤਿਆਂ ਤਹਿਤ ਪੰਜਾਬ ਦੇ ਮਹਿਕਮਾ ਨਹਿਰ ਵਲੋਂ, ਇਨ੍ਹਾਂ ਗੈਰ-ਰਾਇਪੇਰੀਅਨ ਰਿਆਸਤਾਂ ਤੋਂ ਇਹ ਖਰਚਾ ਵਸੂਲਿਆਂ ਜਾਂਦਾ ਸੀ ਅਤੇ ਇਹ ਸਿਲਸਿਲਾ ਆਜ਼ਾਦੀ ਮਿਲਣ ਉਪਰੰਤ ਵੀ 1948 ਤੱਕ ਚਲਦਾ ਰਿਹਾ।

37. ਸਪਸ਼ਟ ਹੈ ਕਿ ਪੰਜਾਬ ਵਿਚਲੀਆਂ ਰਿਆਸਤਾਂ ਅਤੇ ਰਾਜਸਥਾਨ ਦੀ ਬੀਕਾਨੇਰ ਸਟੇਟ ਦਾ, ਪੰਜਾਬ ਦੇ ਦਰਿਆਵਾਂ ਤੇ ਕੋਈ ਰਾਇਪੇਰੀਅਨ ਅਧਿਕਾਰ ਨਹੀਂ ਸੀ ਬਣਦਾ, ਇਸੇ ਕਾਰਨ ਹੀ ਇਨ੍ਹਾਂ ਇਲਾਕਿਆਂ ਨੂੰ ਨਾਰਦਰਨ ਇੰਡੀਆ ਕੈਨਾਲ ਐਂਡ ਡਰੇਨੇਜ ਐਕਟ 1873 ਦੀਆਂ ਵਿਵਸਥਾਵਾਂ ਤੋਂ ਬਾਹਰ ਰੱਖਿਆ ਗਿਆ, ਵਰਨਾ ਅਜਿਹੇ ਇਲਾਕੇ ਇਸ ਐਕਟ ਵਿੱਚ ਜ਼ਰੂਰ ਸ਼ਾਮਲ ਕੀਤੇ ਜਾਂਦੇ। ਪਰ ਜਦੋਂ ਦੇਸ਼ ਦੀ ਵੰਡ ਉਪਰੰਤ ਭੂਗੋਲਿਕ ਪੱਖੋਂ ਪੰਜਾਬ ਦੇ ਦਰਿਆਵਾਂ ਦੇ ਕੁਦਰਤੀ ਵਹਿਣਾਂ 'ਚ ਕੋਈ ਤਬਦੀਲੀ ਨਹੀਂ ਸੀ ਹੋਈ, ਫਿਰ ਕਿਸ ਅਧਾਰ ਤੇ ਰਾਜਸਥਾਨ ਨੂੰ ਵੱਡੀ ਮਾਤਰਾ ਵਿੱਚ ਪਾਣੀ ਦਿੱਤਾ ਗਿਆ? ਸਿੱਟੇ ਵਜੋਂ, ਪੰਜਾਬ ਦੇ ਆਪਣੇ ਵਰਤੋਂ ਯੋਗ ਪਾਣੀ 'ਚ ਵੱਡੀ ਕਟੌਤੀ ਹੋਈ, ਜਿਸ ਨੂੰ ਵਿਚਾਰਨਾ ਅਤਿ ਜ਼ਰੂਰੀ ਬਣਦਾ ਹੈ।

**-ਪਾਣੀਆਂ ਸਬੰਧੀ ਕਾਨੂੰਨ ਬਣਾਉਣ ਦਾ ਅਧਿਕਾਰ-**

38. ਦੱਸਣਯੋਗ ਹੈ ਕਿ ਸੰਵਿਧਾਨਕ ਅਤੇ ਕੈਨਾਲ ਐਂਡ ਡਰੇਨੇਜ ਐਕਟ ਦੀਆਂ ਵਿਵਸਥਾਵਾਂ ਅਨੁਸਾਰ, ਪੰਜਾਬ ਵਿਚਲੇ ਦਰਿਆਂਵਾਂ ਦੇ ਪਾਣੀਆਂ ਸਬੰਧੀ ਕਾਨੂੰਨ ਬਣਾਉਣ ਦਾ ਅਧਿਕਾਰ ਨਾ ਤਾਂ ਹਰਿਆਣਾ ਅਤੇ ਨਾ ਹੀ ਰਾਜਸਥਾਨ ਆਦਿ ਰਾਜਾਂ ਦੀਆਂ ਵਿਧਾਨ ਸਭਾਵਾਂ ਨੂੰ ਪ੍ਰਾਪਤ ਹੈ ਸਿਵਾਏ ਪੰਜਾਬ ਵਿਧਾਨ ਸਭਾ ਦੇ। ਫਿਰ ਸੰਵਿਧਾਨ ਦੀ ਕਿਸ ਵਿਵਸਥਾ (ਆਰਟੀਕਲ) ਅਧੀਨ ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਸਬੰਧੀ ਦਸਤਾਵੇਜ਼ਾਂ ਨੂੰ ਲਿਖਤੀ ਰੂਪ ਦਿੱਤਾ ਗਿਆ?

39. ਪਰ ਇੱਥੇ ਇਹ ਬਿਆਨ ਕਰਨਾ ਵੀ ਸਾਰਥਿਕ ਹੋਵੇਗਾ ਕਿ ਨਾਰਦਰਨ ਇੰਡੀਆ ਕੈਨਾਲ ਐਂਡ ਡਰੇਨੇਜ ਐਕਟ 1873 ਦੀਆਂ ਵਿਵਸਥਾਵਾਂ ਅਨੁਸਾਰ ਪੰਜਾਬ ਦੇ ਪਾਣੀਆਂ ਦੀ ਵੰਡ ਕਰਨ ਦਾ ਕੋਈ ਅਜਿਹਾ ਅਧਿਕਾਰ ਨਾ ਤਾਂ ਰਾਜ ਦੇ ਮੁੱਖ ਮੰਤਰੀ ਨੂੰ ਪ੍ਰਾਪਤ ਹੈ ਅਤੇ ਨਾ ਹੀ ਕਿਸੇ ਹੋਰ ਰਾਜਨੇਤਾ ਨੂੰ, ਕਿ ਉਹ ਪੰਜਾਬ ਦੇ ਕਿਸੇ ਇੱਕ ਖਿੱਤੇ ਦਾ ਪਾਣੀ ਦੂਜੇ ਖਿੱਤੇ ਨੂੰ ਦੇ ਸਕੇ। ਫਿਰ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਸੰਤ ਲੌਂਗੋਵਾਲ ਨੇ ਕਿਸ ਕਾਨੂੰਨੀ ਆਧਾਰ 'ਤੇ ਪਾਣੀਆਂ ਦੀ ਵੰਡ ਸਬੰਧੀ ਮੱਦਾਂ 9.1 ਤੋਂ 9.3, ਇਸ ਸਮਝੌਤੇ 'ਚ ਸ਼ਾਮਲ ਕੀਤੀਆਂ? ਜੋ ਕਿ ਇੱਕ ਗੈਰ-ਸੰਵਿਧਾਨਕ ਕਾਰਵਾਈ ਸੀ।

40. ਇਸੇ ਤਰ੍ਹਾਂ ਹੀ ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਵੱਲੋਂ, ਦੂਜੇ ਗੈਰ-ਰਾਇਪੇਰੀਅਨ ਰਾਜਾਂ ਦੇ ਮੁੱਖ ਮੰਤਰੀਆਂ, ਹਰਿਆਣਾ ਦੇ ਚੌਧਰੀ ਭਜਨ ਲਾਲ, ਰਾਜਸਥਾਨ ਦੇ ਸ਼ਿਵਚਰਨ ਮਾਥੁਰ ਨਾਲ ਰਾਜਨੀਤਕ ਆਧਾਰ 'ਤੇ ਕੀਤਾ ਮਿਤੀ 31 ਦਸੰਬਰ, 1981 ਦਾ ਸਮਝੌਤਾ ਵੀ ਅਮਲਯੋਗ ਨਹੀਂ ਸੀ, ਜਿਸ ਨੂੰ ਕਿ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੇ ਖੁਦ ਆਪਣੇ ਦਸਤਖਤਾਂ ਹੇਠ ਤਸਦੀਕ ਕੀਤਾ ਸੀ। ਫਿਰ ਇਸ ਰਾਜਨੀਤਿਕ ਸਮਝੌਤੇ ਨੂੰ ਕਿਸ ਆਧਾਰ ਤੇ ਮਾਨਤਾ ਦਿੱਤੀ ਗਈ?

41. ਅਜਿਹਾ ਹੀ ਕੁੱਝ ਮਾਮਲਾ 24 ਜੁਲਾਈ, 1985 ਦੇ ਰਾਜੀਵ-ਲੌਂਗੋਵਾਲ ਸਮਝੌਤੇ ਦੀਆਂ ਪਾਣੀਆਂ ਦੀ ਵੰਡ ਸਬੰਧੀ ਮੱਦਾਂ ਦਾ ਹੈ। ਫਿਰ ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਕਿਸ ਸੰਵਿਧਾਨਕ/ਕਾਨੂੰਨੀ ਆਧਾਰ ਤੇ ਕੀਤੀ ਗਈ? ਜਦੋਂ ਕਿ ਵਿਸੇਨਾਲ ਸਬੰਧਿਤ ਕੋਈ ਵੀ ਹੋਰ ਰਾਜ ਜਾਂ ਭਾਰਤ ਸਰਕਾਰ, ਪੰਜਾਬ ਵਿਧਾਨ ਸਭਾ ਦੇ ਕਾਰਜ-ਖੇਤਰ 'ਚ ਦਖਲ ਨਹੀਂ ਸੀ ਦੇ ਸਕਦੀ ਬਲਕਿ ਨਿਆਂਪਾਲਿਕਾ ਨੂੰ ਵੀ ਕੋਈ ਅਜਿਹਾ ਅਧਿਕਾਰ ਪ੍ਰਾਪਤ ਨਹੀਂ ਕਿ ਉਹ ਰਾਜ ਦੇ ਅਧਿਕਾਰ-ਖੇਤਰ ਦੇ ਵਿਸ਼ੇ ਸਬੰਧੀ ਕੋਈ ਦਖਲ ਦੇ ਸਕੇ।

**-ਪੰਜਾਬ ਪੁਨਰਗਠਨ ਐਕਟ 1966 ਦੀਆਂ ਵਿਵਸਥਾਵਾਂ ਬਾਰੇ-**

42. ਜਦੋਂ ਕਿ ਪੰਜਾਬ ਦੇ 1 ਨਵੰਬਰ, 1966 ਦੇ ਪੁਨਰਗਠਨ ਉਪਰੰਤ ਹਰਿਆਣਾ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਪ੍ਰਬੰਧਕੀ ਅਤੇ ਪ੍ਰਸ਼ਾਸਨਿਕ ਪੱਖੋਂ ਦੋਵੇਂ ਹੀ ਵੱਖਰੇ ਖਿੱਤਿਆਂ ਵਜੋਂ ਹੋਂਦ ਵਿੱਚ ਆਏ, ਤਾਂ ਇਨ੍ਹਾਂ ਦੇ ਪੰਜਾਬ ਦੇ ਦਰਿਆਵਾਂ ਤੋਂ ਰਾਇਪੇਰੀਅਨ ਅਤੇ ਸੰਵਿਧਾਨਕ ਅਧਿਕਾਰ ਖੁਦ-ਬ-ਖੁਦ ਹੀ ਖਤਮ ਹੋ ਗਏ ਸਨ। ਫਿਰ ਰਾਜਸਥਾਨ ਦਾ ਵੀ ਪੰਜਾਬ ਦੇ ਦਰਿਆਵਾਂ 'ਤੇ ਕਿਸ ਆਧਾਰ 'ਤੇ ਕਾਨੂੰਨੀ ਅਧਿਕਾਰ ਬਣਦਾ ਹੈ? ਯਾਦ ਰਹੇ ਕਿ ਪੰਜਾਬ ਦੇ ਦਰਿਆ ਪਹਿਲਾਂ ਹੀ ਰਾਜਸਥਾਨ ਦੀਆਂ ਹੱਦਾਂ ਅੰਦਰ ਨਹੀਂ ਸੀ ਆਉਂਦੇ। ਫਿਰ ਪੰਜਾਬ ਦਾ ਪਾਣੀ ਇਸ ਨੂੰ ਕਿਸ ਆਧਾਰ ਤੇ ਦਿੱਤਾ ਗਿਆ?

43. ਖੈਰ! ਅੱਜ ਤੋਂ ਕੋਈ ਡੇਢ ਸਦੀ ਪਹਿਲਾਂ ਜਦੋਂ ਅੰਗ੍ਰੇਜ਼ੀ ਸ਼ਾਸਨ ਕਾਲ ਸਮੇਂ ਪੰਜਾਬ ਵਿੱਚ ਨਹਿਰੀ ਨਿਜ਼ਾਮ ਦੀ ਸਿਰਜਨਾ ਕੀਤੀ ਗਈ ਸੀ ਤਾਂ ਉਸ ਸਮੇਂ ਵੀ ਰਾਇਪੇਰੀਅਨ ਸਿਧਾਂਤ ਨੂੰ ਹੀ ਮੁੱਖ ਆਧਾਰ ਬਣਾਇਆ ਗਿਆ ਸੀ ਅਤੇ ਮਾਨਵਤਾ ਦੇ ਆਧਾਰ 'ਤੇ ਹੀ ਗੰਗ-ਕੈਨਾਲ (ਬੀਕਾਨੇਰ ਨਹਿਰ) ਰਾਹੀਂ ਰਾਜਸਥਾਨ ਨੂੰ ਪਾਣੀ ਉਪਲਬੱਧ ਕਰਵਾਇਆ ਗਿਆ ਸੀ। ਜਦੋਂ ਕਿ ਉਸ ਸਮੇਂ ਬੀਕਾਨੇਰ ਰਿਆਸਤ ਵੱਲੋਂ, ਵੇਲੇ ਦੀ ਪੰਜਾਬ ਸਰਕਾਰ ਨਾਲ ਕੀਤੇ ਐਗਰੀਮੈਂਟ ਦੀਆਂ ਸ਼ਰਤਾਂ ਦੇ ਆਧਾਰ ਤੇ, ਪੰਜਾਬ ਦੇ ਸਤਲੁੱਜ ਦਰਿਆ 'ਚੋਂ ਪਾਣੀ ਦਿੱਤਾ ਗਿਆ ਸੀ।

**-ਭਾਖੜਾ ਡੈਮ ਦੀ ਉਸਾਰੀ ਸਬੰਧੀ ਕੁੱਝ ਵਿਚਾਰ-**

44. ਦੇਸ਼ ਦੇ ਆਗੂਆਂ ਦੀ ਇਹ ਧਾਰਨਾ ਮੂਲੋਂ ਹੀ ਗਲਤ ਹੈ ਕਿ ਭਾਖੜਾ ਡੈਮ ਦੀ ਉਸਾਰੀ ਕਾਰਨ ਪੰਜਾਬ ਦੇ ਦਰਿਆਵਾਂ 'ਚੋਂ ਵਧੇਰੇ ਪਾਣੀ ਆਉਣ ਲੱਗ ਪਿਆ। ਅਗਰ ਹਕੀਕਤ ਵਿੱਚ ਅਜਿਹਾ ਹੁੰਦਾ ਤਾਂ ਪੰਜਾਬ ਵਿੱਚ ਪਾਣੀ ਦਾ ਐਨਾ ਗੰਭੀਰ ਸੰਕਟ ਪੈਦਾ ਨਹੀਂ ਸੀ ਹੋਣਾ, ਜੋ ਅੱਜ ਪੰਜਾਬ ਵਿੱਚ 14 ਲੱਖ ਤੋਂ ਵੀ ਵਧੇਰੇ ਟਿਊਬਵੈਲਾਂ ਨਾਲ ਸਿੰਜਾਈ ਕੀਤੀ ਜਾ ਰਹੀ ਹੈ। ਪਰ ਮੁੱਖ ਮੰਤਰੀ ਬਾਦਲ ਦੇ ਆਪਣੇ ਕਥਨ ਅਨੁਸਾਰ 1 ਲੱਖ 20 ਹਜ਼ਾਰ ਦੇ ਕਰੀਬ ਹੋਰ ਨਵੇਂ ਟਿਊਬਵੈਲ ਕੁਨੈਕਸ਼ਨ ਜਾਰੀ ਕੀਤੇ ਜਾ ਰਹੇ ਹਨ।

45. ਪਰ ਜਿੱਥੋਂ ਤੱਕ ਭਾਖੜਾ ਡੈਮ ਅਤੇ ਇਸ ਖਿੱਤੇ ਦੇ ਹੋਰ ਦੂਜੇ ਡੈਮਾਂ ਦਾ ਸਬੰਧ ਹੈ, ਤਾਂ ਇੱਥੇ ਇਹ ਬਿਆਨ ਕਰਨਾ ਪ੍ਰਸੰਗਿਕ ਹੋਵੇਗਾ ਕਿ ਇਨ੍ਹਾਂ 'ਚ ਵੱਡੇ ਪੱਧਰ ਤੇ ਸਿਲਟ (ਗਾਰ) ਜਮ੍ਹਾਂ ਹੋਣ ਕਾਰਨ, ਇਨ੍ਹਾਂ ਦੀ ਪਾਣੀ ਸਟੋਰ ਕਰਨ ਦੀ ਸਮੱਰਥਾ ਦਿਨੋ-ਦਿਨ ਘਟਦੀ ਜਾ ਰਹੀ ਹੈ, ਜਿਸ ਨਾਲ ਕਿ ਸਾਰੇ ਸਬੰਧਤ ਰਾਜਾਂ ਨੂੰ ਲੋੜ ਅਨੁਸਾਰ ਪਾਣੀ ਉਪਲਬੱਧ ਕਰਵਾਉਣਾ ਦੁਸ਼ਵਾਰ ਹੋ ਜਾਵੇਗਾ। ਫਿਰ ਜਦੋਂ ਕਿ ਭਾਖੜਾ ਡੈਮ ਦੀ ਆਪਣੀ ਮਿਆਦ ਵੀ ਪੁੱਗਣ ਨੇੜੇ ਹੈ, ਤਾਂ ਇਸ ਸੰਭਾਵੀ ਸੰਕਟ ਬਾਰੇ ਗੌਰ ਕਰਨਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ। ਜੇਕਰ ਸਾਡੇ ਖਿੱਤੇ ਦੇ ਇਹ ਡੈਮ ਨਕਾਰਾ ਹੋ ਜਾਂਦੇ ਹਨ, ਤਾਂ ਫਿਰ ਇਸ ਖਿੱਤੇ ਦੀ ਕਰੋੜਾਂ ਦੀ ਅਬਾਦੀ ਲਈ ਪਾਣੀ ਦੇ ਕੀ ਬਦਲਵੇਂ ਪ੍ਰਬੰਧ ਹੋਣਗੇ? ਯਾਦ ਰਹੇ ਕਿ ਅਮਰੀਕਾ ਵਰਗੇ ਵਿਕਸਿਤ ਦੇਸ਼ਾਂ ਵਿੱਚ ਵੀ ਅਜਿਹੇ ਡੈਮ ਅਕਸਰ ਨਕਾਰਾ ਹੋ ਜਾਂਦੇ ਹਨ, ਪਰ ਸਾਡੇ ਕਿਸੇ ਵੀ ਰਾਜਨੇਤਾ ਨੂੰ, ਇਸ ਬਾਰੇ ਕੋਈ ਚਿੰਤਾ ਨਹੀਂ ਸਿਵਾਏ ਸਿਆਸੀ ਰੋਟੀਆਂ ਸੇਕਣ ਦੇ। ਰਾਜ ਪ੍ਰਬੰਧ ਤੇ ਕਾਬਜ਼ ਸਾਡੇ ਨੀਤੀਵਾਨਾਂ ਦੀ ਗੈਰ-ਜ਼ਿਮੇਵਾਰੀ ਦੀ ਇਹ ਸਿਖਰ ਹੈ, ਜੋ ਉਹ ਇਸ ਬਾਰੇ ਸੰਜੀਦਗੀ ਨਾਲ ਸੋਚਣ ਦੀ ਸਮੱਰਥਾ ਨਹੀਂ ਰੱਖਦੇ, ਸਿਵਾਏ ਸਿਆਸੀ ਬਿਆਨ-ਬਾਜ਼ੀ ਕਰਨ ਦੇ।

46. ਸਪਸ਼ਟ ਹੈ ਕਿ ਪੰਜਾਬ ਦੇ ਦਰਿਆਈ ਸੋਮਿਆਂ 'ਚੋਂ, ਦੂਜੇ ਰਾਜਾਂ ਨੂੰ ਜੋ ਵੀ ਪਾਣੀ ਦਿੱਤਾ ਜਾ ਰਿਹਾ ਹੈ, ਉਸ ਕਾਰਨ ਹੀ ਪੰਜਾਬ 'ਚ ਪਾਣੀ ਦਾ ਇਹ ਗੰਭੀਰ ਸੰਕਟ ਪੈਦਾ ਹੋਇਆ। ਪਰ ਫਿਰ ਵੀ ਪੰਜਾਬ ਸਰਕਾਰ ਇਸ ਬਾਰੇ ਕੋਈ ਵੀ ਯੋਗ ਕਾਰਵਾਈ ਕਰਨ ਨੂੰ ਤਿਆਰ ਨਹੀਂ। ਸਪਸ਼ਟ ਹੈ ਕਿ ਜਦੋਂ ਪੰਜਾਬ ਪਾਸ ਕੋਈ ਫਾਲਤੂ ਪਾਣੀ ਉਪਲੱਬਧ ਨਹੀਂ ਸੀ, ਫਿਰ ਇਸ ਦੇ ਪਾਣੀਆਂ ਦੀ ਵੰਡ ਕਿਉਂ ਹੋਈ?

47. ਅੱਜ ਪੰਜਾਬ ਵਿੱਚ ਪਾਣੀ ਦੇ ਸੰਕਟ ਕਾਰਨ ਹਾਲਾਤ ਅਜਿਹੇ ਗੰਭੀਰ ਹੋ ਗਏ ਹਨ ਕਿ ਰਾਜ ਵਿੱਚ ਟਿਊਬਵੈਲਾਂ/ਸਬਮਰਸੀਬਲ ਪੰਪਾਂ ਦੀ ਬਹੁਤਾਤ ਕਾਰਨ ਰਾਜ ਵਿੱਚ ਸਾਲਾਨਾ ਕੋਈ ਤਿੰਨ ਕਰੋੜ ਏਕੜ ਫੀਟ ਧਰਤੀ ਹੇਠਲਾ ਪਾਣੀ, ਸਿੰਜਾਈ ਲਈ ਵਰਤਿਆ ਜਾਂਦਾ ਹੈ। ਫਿਰ ਪਤਾ ਨਹੀਂ ਕਿਉਂ, ਪੰਜਾਬ ਵੱਲੋਂ ਹੋਰ ਵਧੇਰੇ ਨਹਿਰੀ ਪਾਣੀ ਦੀ ਮੰਗ ਨਹੀਂ ਕੀਤੀ ਜਾ ਰਹੀ? ਯਾਦ ਰਹੇ ਕਿ 1947 ਦੀ ਦੇਸ਼ ਦੀ ਵੰਡ ਸਮੇਂ ਪੰਜਾਬ ਦਾ ਸਾਰਾ ਨਹਿਰੀ ਨਿਜ਼ਾਮ ਬਿਖਰ ਗਿਆ ਸੀ, ਜੋ ਫੌਰੀ ਤੌਰ ਤੇ ਭਾਖੜਾ ਡੈਮ ਦੀ ਉਸਾਰੀ ਸ਼ੁਰੂ ਕਰਨੀ ਪਈ, ਜਦੋਂ ਕਿ ਅੰਗਰੇਜ਼ੀ ਸ਼ਾਸਨ ਕਾਲ ਸਮੇਂ 1945 'ਚ ਹੀ ਇਸ ਤੇ ਕੰਮ ਸ਼ੁਰੂ ਹੋ ਗਿਆ ਸੀ। ਪਰ ਦੇਸ਼ ਦੀ ਵੰਡ ਉਪਰੰਤ ਇਹ ਕੰਮ ਫਿਰ ਤੋਂ 1950 ਵਿੱਚ ਸ਼ੁਰੂ ਹੋਇਆ, ਜੋ 1962-63 'ਚ ਮੁਕੰਮਲ ਕੀਤਾ ਗਿਆ।

**-ਧਰਤੀ ਹੇਠਲੇ ਪਾਣੀ ਦੇ ਸੰਕਟ ਬਾਰੇ-**

48. ਅਗਰ ਪੰਜਾਬ ਦਾ ਧਰਤੀ ਹੇਠਲਾ ਪਾਣੀ ਵੱਡੀ ਪੱਧਰ ਤੇ ਇਸੇ ਤਰ੍ਹਾਂ ਹੀ ਵਰਤਿਆ ਜਾਂਦਾ ਰਿਹਾ ਤਾਂ ਉਹ ਸਮਾਂ ਦੂਰ ਨਹੀਂ, ਜਦੋਂ ਪੰਜਾਬ ਨੂੰ ਹੋਰ ਵੀ ਡੂੰਘੇ ਸੰਕਟ ਦਾ ਸਾਹਮਣਾ ਕਰਨਾ ਪਏਗਾ। ਆਮ ਜਾਣਕਾਰੀ ਹਿਤ, ਇਥੇ ਇਹ ਬਿਆਨ ਕਰਨਾ ਪ੍ਰਸੰਗਿਕ ਹੋਵੇਗਾ ਕਿ ਧਰਤੀ ਹੇਠਲਾ ਪਾਣੀ ਇੱਕ ਸ਼ੌਕ-ਅਬਜ਼ੌਰਬਰ (shock absorber) ਵਜੋਂ ਕੰਮ ਕਰਦਾ ਹੈ ਭਾਵ ਜ਼ਮੀਨ ਹੇਠਲੀਆਂ ਪਰਤਾਂ ਨੂੰ ਆਪਸ 'ਚ ਟਕਰਾਉਣ ਤੋਂ ਬਚਾਉਂਦਾ ਹੈ। ਅਗਰ ਕਿਤੇ ਧਰਤੀ ਹੇਠਲਾ ਇਹ ਪਾਣੀ ਖਤਮ ਹੋ ਗਿਆ ਤਾਂ ਸਮਝੋ ਭੁਚਾਲ ਆਉਣ ਅਤੇ ਜ਼ਮੀਨ ਧਸਣ ਦੀਆਂ ਸੰਭਾਵਨਾਵਾਂ ਹੋਰ ਵੀ ਜ਼ਿਆਦਾ ਵੱਧ ਜਾਣਗੀਆਂ। ਇਸ ਤੋਂ ਇਲਾਵਾ ਧਰਤੀ ਉਪਰ ਬਣੀਆ ਵਿਸ਼ਾਲ-ਕਾਯਾ ਵੱਡੀਆਂ ਇਮਾਰਤਾਂ ਵੀ ਅਜਿਹੀਆਂ ਸੰਕਟਕਾਲੀਨ ਪ੍ਰਸਥਿਤੀਆਂ ਦੀ ਮਾਰ ਤੋਂ ਨਹੀਂ ਬਚ ਸਕਣਗੀਆਂ। ਬਠਿੰਡੇ ਦਾ ਸਦੀਆਂ ਪੁਰਾਣਾ ਇਤਿਹਾਸਕ ਕਿਲ੍ਹਾ ਸ਼ਾਇਦ ਇਸੇ ਕਾਰਨ ਹੀ ਢਹਿੰਦਾ ਜਾ ਰਿਹਾ ਹੈ, ਜੋ ਪੰਜਾਬ ਲਈ ਖਤਰੇ ਦਾ ਸੂਚਕ ਹੈ। ਪਰ ਅਜੇ ਵੀ ਮੌਕਾ ਹੈ ਕਿ ਇਸ ਸੰਭਾਵੀ ਖਤਰੇ ਬਾਰੇ ਸੰਜੀਦਗੀ ਨਾਲ ਸੋਚਿਆ ਜਾਵੇ, ਨਾਕਿ ਪਰਲੋ ਦੀ ਉਡੀਕ ਕੀਤੀ ਜਾਵੇ, ਜਦੋਂ ਪੰਜਾਬ ਵਾਸੀਆਂ ਨੂੰ ਪੀਣ ਲਈ ਵੀ ਪਾਣੀ ਨਸੀਬ ਨਾ ਹੋਇਆ।

**-ਧਰਤੀ ਹੇਠਲੇ ਪਾਣੀ ਦੀ ਪੜਤਾਲ ਕਰਨ ਬਾਰੇ-**

49. ਅਗਰ ਪੰਜਾਬ ਨੂੰ ਧਰਤੀ ਹੇਠਲੇ ਪਾਣੀ ਦੇ ਸੰਕਟ ਤੋਂ ਬਚਾਉਣਾ ਹੈ ਤਾਂ ਇਸ ਦੇ ਮੂਲ ਕਾਰਨਾਂ ਦੀ ਪੜਤਾਲ ਕੀਤੀ ਜਾਣੀ ਯੋਗ ਬਣਦੀ ਹੈ, ਇਸੇ ਕਰਕੇ ਧਰਤੀ ਹੇਠਲੇ ਪਾਣੀ ਦੇ ਜ਼ਖੀਰੇ ਸਬੰਧੀ, ਵਰਨਾ ਕਿਤੇ ਅਜਿਹਾ ਨਾ ਹੋਵੇ ਕਿ ਜ਼ਮੀਨ ਹੇਠਲਾ ਪਾਣੀ ਬਿਲਕੁੱਲ ਹੀ ਖਤਮ ਹੋ ਜਾਵੇ।

**-ਪਾਣੀ ਦੇ ਸੰਕਟ ਦਾ ਨਾਗਰਿਕ ਲੋੜਾਂ 'ਤੇ ਅਸਰ-**

50. ਪਾਣੀ ਦੇ ਡੂੰਘੇ ਹੁੰਦੇ ਜਾ ਰਹੇ ਸੰਕਟ ਕਾਰਨ ਅੱਜ ਪੰਜਾਬ ਦੀ ਤਿੰਨ ਕਰੋੜ ਦੀ ਵੱਡੀ ਆਬਾਦੀ ਬੜੇ ਮੁਸ਼ਕਿਲ ਦੌਰ 'ਚੋਂ ਲੰਘ ਰਹੀ ਹੈ। ਪਰ ਇਸ ਦੇ ਬਾਵਜੂਦ ਦੂਜੇ ਗੈਰ-ਰਾਇਪੇਰੀਅਨ ਰਾਜ ਹਰਿਆਣਾ, ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਅਤੇ ਰਾਜਸਥਾਨ ਆਦਿ, ਪੰਜਾਬ ਦੇ ਦਰਿਆਈ ਸੋਮਿਆਂ 'ਚੋਂ ਹੋਰ ਵਧੇਰੇ ਪਾਣੀ ਪ੍ਰਾਪਤ ਕਰਨ ਹਿਤ ਕਾਨੂੰਨੀ ਚਾਰਾਜੋਈ ਕਰ ਰਹੇ ਹਨ। ਜਦੋਂ ਕਿ ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਰਾਇਪੇਰੀਅਨ ਸਿਧਾਂਤ 'ਦੇ ਆਧਾਰ 'ਤੇ ਆਪਣੇ ਹਿੱਸੇ ਦੇ ਪਾਣੀ ਦੀ ਵੱਖਰੇ ਤੌਰ 'ਤੇ ਮੰਗ ਕਰ ਰਹੇ ਹਨ। ਸਾਡੇ ਆਗੂਆਂ ਨੂੰ ਸ਼ਾਇਦ ਉਦੋਂ ਹੀ ਗਿਆਨ ਹੋਵੇਗਾ, ਜਦੋਂ ਕਿ ਸਾਰਾ ਪੰਜਾਬ ਹੀ ਬੰਜਰ ਹੋ ਗਿਆ ਅਤੇ ਪੰਜਾਬ ਵਾਸੀ ਪਾਣੀ ਦੀ ਬੂੰਦ-ਬੂੰਦ ਨੂੰ ਤਰਸਣ ਲੱਗੇ।

51. ਅੱਜ ਪੰਜਾਬ ਵਿੱਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਧਰਤੀ ਦੀਆਂ ਧੁਰ- ਡੂੰਘਾਈਆਂ ਤਕ ਜਾ ਪਹੁੰਚਿਆ ਹੈ। ਸਿੱਟੇ ਵਜੋਂ ਰਾਜ 'ਚ ਲੱਗੇ ਹੈਂਡ-ਪੰਪ (ਨਲਕੇ) ਪਾਣੀ ਛੱਡ ਗਏ ਹਨ, ਵਿਸ਼ੇਸ਼ ਕਰਕੇ ਜਦੋਂ ਕਿ ਪਾਣੀ 100 ਫੁੱਟ ਤੋਂ ਵੀ ਹੇਠਾਂ ਚਲਾ ਗਿਆ ਹੈ। ਪਰ ਜਿੱਥੇ ਕਿਤੇ ਇਹ ਹੈਂਡ-ਪੰਪ ਕੰਮ ਕਰ ਵੀ ਰਹੇ ਹਨ, ਉਨ੍ਹਾਂ ਦੇ ਪਾਣੀਆਂ 'ਚ ਰੇਡਿਉਐਕਟਿਵ ਯੂਰੇਨੀਅਮ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਜ਼ਹਰੀਲੇ ਤੱਤ ਮੌਜੂਦ ਹੋਣ ਕਾਰਨ, ਇਨ੍ਹਾਂ ਦਾ ਪਾਣੀ ਪੀਣ ਯੋਗ ਨਹੀਂ ਰਿਹਾ। ਜਦੋਂ ਕਿ ਪੰਜਾਬ ਦੀ ਕਾਫੀ ਵੱਡੀ ਆਬਾਦੀ ਕੈਂਸਰ ਅਤੇ ਹੋਰ ਘਾਤਕ ਬਿਮਾਰੀਆਂ ਦੀ ਮਾਰ ਹੇਠ ਆਈ ਹੋਈ ਹੈ।

**-ਦਲੀਲ ਦੀ ਕਸੌਟੀ 'ਤੇ, ਪਾਣੀਆਂ ਦੀ ਵੰਡ ਦੇ ਦਸਤਾਵੇਜ਼-**

52. ਸੋ, ਪਾਣੀਆਂ ਦੇ ਸੰਕਟ ਦੇ ਸੰਦਰਭ ਵਿੱਚ ਰਾਜੀਵ-ਲੌਂਗੋਵਾਲ ਸਮਝੌਤੇ ਦੀ ਪੰਜਾਬ ਸਰਕਾਰ ਵੱਲੋਂ ਸਮੀਖਿਆ ਕੀਤੀ ਜਾਣੀ ਅਤਿ ਜ਼ਰੂਰੀ ਬਣਦੀ ਹੈ, ਜਿਸ ਦੇ ਵੇਰਵੇ ਇਸ ਲੇਖ ਵਿੱਚ ਦਰਜ ਹਨ। ਪਾਣੀਆਂ ਦੀ ਵੰਡ ਸਬੰਧੀ ਦੂਜੇ ਰਾਜ ਭਾਵੇਂ ਕੁੱਝ ਵੀ ਦਲੀਲਾਂ ਕਿਉਂ ਨਾ ਦੇਣ, ਪੰਜਾਬ ਦੇ ਦਰਿਆਵਾਂ ਤੇ ਉਸ ਦੇ ਆਪਣੇ ਸੰਵਿਧਾਨਕ ਅਤੇ ਰਾਇਪੇਰੀਅਨ ਅਧਿਕਾਰ ਕਿਸੇ ਵੀ ਆਧਾਰ 'ਤੇ ਖਤਮ ਨਹੀਂ ਕੀਤੇ ਜਾ ਸਕਦੇ, ਜੋ ਪੰਜਾਬ ਨੂੰ ਕੁਦਰਤੀ ਤੌਰ 'ਤੇ ਪ੍ਰਾਪਤ ਹਨ। ਪਰ ਫਿਰ ਵੀ ਪੰਜਾਬ ਦੇ ਸਾਡੇ ਰਾਜਨੇਤਾ ਆਪਣੀਆਂ ਨੀਤੀਆਂ ਦੀ ਸਮੀਖਿਆ ਕਰਨ ਨੂੰ ਤਿਆਰ ਨਹੀਂ।

**-ਪੰਜਾਬ ਵਿਧਾਨ ਸਭਾ ਦਾ ਐਕਟ 5, 1957-**

53. ਪਰ ਇੱਥੇ ਇਹ ਬਿਆਨ ਕਰਨਾ ਵੀ ਯੋਗ ਹੋਵੇਗਾ ਕਿ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਐਕਟ 5, 1957 'ਚ ਰਿਆਸਤੀ ਰਾਜ ਪ੍ਰਬੰਧ ਵਿਚਲੇ ਇਲਾਕੇ, ਜਿਨ੍ਹਾਂ ਨੂੰ ਪੈਪਸੂ (PEPSU: Patiala and East Punjab States Union) ਕਿਹਾ ਜਾਂਦਾ ਸੀ, ਅਤੇ ਜੋ 1 ਨਵੰਬਰ, 1956 ਨੂੰ ਪੰਜਾਬ 'ਚ ਸ਼ਾਮਲ ਕੀਤੇ ਗਏ ਸਨ, ਉਨ੍ਹਾਂ ਸਬੰਧੀ ਨਾਰਦਰਨ ਇੰਡੀਆ ਕੈਨਾਲ ਐਂਡ ਡਰੇਨੇਜ ਐਕਟ ਵਿਚ ਵੀ ਜ਼ਰੂਰੀ ਸੋਧ ਕੀਤੀ ਗਈ ਸੀ।

54. ਪਰ ਜਦੋਂ 1 ਨਵੰਬਰ, 1966 ਦੇ ਪੁਨਰ-ਗਠਨ ਉਪਰੰਤ ਹਰਿਆਣਾ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਆਦਿ ਦੇ, ਜੋ ਇਲਾਕੇ ਪੰਜਾਬ ਤੋਂ ਵੱਖ ਹੋ ਗਏ ਸਨ, ਨੂੰ ਫਿਰ ਵੀ ਕੈਨਾਲ ਐਂਡ ਡਰੇਨੇਜ ਐਕਟ ਵਿਚ ਸ਼ਾਮਿਲ ਰੱਖਿਆ ਗਿਆ, ਤਾਂ ਇਸ ਦਾ ਕੀ ਵਿਸ਼ੇਸ਼ ਕਾਰਨ ਸੀ? ਪਰ ਜਦੋਂ ਪੰਜਾਬ ਦੇ ਉਪਰ ਦਰਸਾਏ ਇਹ ਇਲਾਕੇ, ਰਾਜ ਵਿਧਾਨ ਸਭਾ ਦੇ ਕਾਰਜ-ਖੇਤਰ 'ਚੋਂ ਬਾਹਿਰ ਚਲੇ ਗਏ। ਫਿਰ ਉਨ੍ਹਾਂ 'ਤੇ ਪੰਜਾਬ ਦਾ ਪਾਣੀਆਂ ਸਬੰਧੀ ਕਾਨੂੰਨ ਕਿਵੇਂ ਲਾਗੂ ਕੀਤਾ ਜਾ ਸਕਦਾ ਹੈ? ਪਰ ਇਸ ਬਾਰੇ ਕੋਈ ਵੀ ਰਾਜਨੇਤਾ, ਕੁੱਝ ਵੀ ਬੋਲਣ ਨੂੰ ਤਿਆਰ ਨਹੀਂ।

55. ਪੰਜਾਬ ਦਾ ਰਾਜ ਪ੍ਰਬੰਧ ਭਾਵੇਂ ਕਿਸੇ ਵੀ ਸਿਆਸੀ ਪਾਰਟੀ ਜਾਂ ਰਾਜਨੇਤਾ ਦੇ ਹੱਥ ਕਿਉਂ ਨਾ ਰਿਹਾ ਹੋਵੇ, ਪੰਜਾਬ ਦੇ ਹਿਤਾਂ ਦੀ ਹਮੇਸ਼ਾ ਹਾਨੀ ਹੁੰਦੀ ਆਈ ਹੈ, ਸਪਸ਼ਟ ਹੈ ਕਿ ਰਾਜਨੀਤੀ ਤੋਂ ਪ੍ਰੇਰਿਤ ਪਾਣੀਆਂ ਦੀ ਵੰਡ ਕਾਰਨ, ਪੰਜਾਬ ਦੀਆਂ ਆਪਣੀਆਂ ਸਿੰਜਾਈ ਅਤੇ ਨਾਗਰਿਕ ਲੋੜਾਂ ਦੀ ਵੀ ਅਣਦੇਖੀ ਹੋਈ। ਪਰ ਫਿਰ ਵੀ ਅਜਿਹੇ ਮੁੱਦੇ ਕਦੇ ਵੀ ਪੰਜਾਬ ਵਿਧਾਨ ਸਭਾ 'ਚ ਵਿਚਾਰੇ ਨਹੀਂ ਗਏ। ਸੋ ਇਸ ਗੰਭੀਰ ਕੁਤਾਹੀ ਲਈ ਮੁੱਖ ਤੌਰ 'ਤੇ ਸਾਡੇ ਰਾਜਨੇਤਾ ਅਤੇ ਵਿਧਾਨਕਾਰ ਹੀ ਹਨ, ਜਿਨ੍ਹਾਂ ਨੇ ਕਿ ਪੰਜਾਬ ਦੇ ਹਿੱਤਾਂ ਨੂੰ ਹਮੇਸ਼ਾਂ ਅਣਗੌਲਿਆਂ ਕੀਤਾ।

56. ਪਰ ਜਿਵੇਂ ਕਿ ਪਹਿਲਾਂ ਵੀ ਉਪਰ ਲਿਖਿਆ ਜਾ ਚੁੱਕਿਆ ਹੈ ਕਿ ਸੰਵਿਧਾਨ ਦੀਆਂ ਵਿਵਸਥਾਵਾਂ ਅਨੁਸਾਰ ਜੋ ਇਲਾਕੇ ਪੰਜਾਬ ਦੇ ਵੰਡ-ਖੇਤਰ 'ਚ ਨਹੀਂ ਆਉਂਦੇ, ਉਨ੍ਹਾਂ ਨੂੰ ਪੰਜਾਬ ਦੇ ਦਰਿਆਈ ਸੋਮਿਆਂ 'ਚੋਂ ਪੰਜਾਬ ਦੀ ਹਾਨੀ ਕਰਕੇ, ਪਾਣੀ ਉਪਲਬੱਧ ਕਰਵਾਉਣਾ, ਕੁਦਰਤੀ ਇਨਸਾਫ ਦੇ ਤਕਾਜ਼ਿਆ ਦੇ ਵਿਰੁੱਧ ਹੈ, ਜਦੋਂ ਕਿ ਪੰਜਾਬ ਆਪ ਖੁਦ ਪਾਣੀ ਦੇ ਗੰਭੀਰ ਸੰਕਟ ਤੋਂ ਗ੍ਰਸਤ ਹੈ। ਫਿਰ ਇਸ ਦੇ ਦਰਿਆਈ ਪਾਣੀਆਂ ਦੀ ਵੰਡ ਕਿਉਂ? ਜਿਸ ਕਾਰਨ ਪੰਜਾਬ ਦੀ ਵੱਡੀ ਹਾਨੀ ਹੋਈ।

57. ਸਪਸ਼ਟ ਹੈ ਕਿ ਵੋਟਾਂ ਦੀ ਰਾਜਨੀਤੀ ਦੇ ਚਲਦਿਆਂ, ਪੰਜਾਬ ਦੀ ਹਾਨੀ ਕਰਕੇ, ਦੂਜੇ ਰਾਜਾਂ ਨੂੰ ਲਾਭ ਪਹੁੰਚਾਇਆ ਗਿਆ। ਪਰ ਫਿਰ ਵੀ ਸਾਡਾ ਕੋਈ ਰਾਜਨੇਤਾ ਇਸ ਦੀ ਜ਼ਿੰਮੇਵਾਰੀ ਲੈਣ ਨੂੰ ਤਿਆਰ ਨਹੀਂ, ਜਿਸ ਦਾ ਖਾਮਿਆਜ਼ਾ ਅੱਜ ਸਮੂਹ ਪੰਜਾਬ ਵਾਸੀਆਂ ਨੂੰ ਭੁਗਤਣਾ ਪੈ ਰਿਹਾ ਹੈ।

58. ਪਰ ਇੱਥੇ ਇਹ ਵੀ ਬਿਆਨ ਕਰਨਾ ਤਰਕਸੰਗਤ ਹੋਵੇਗਾ ਕਿ ਜੇਕਰ ਗੁਆਂਢੀ ਰਾਜਾਂ ਦੇ ਪੰਜਾਬ ਨਾਲ ਲਗਦੇ ਇਲਾਕੇ, ਪੰਜਾਬ 'ਚ ਸ਼ਾਮਲ ਹੋ ਜਾਂਦੇ ਹਨ, ਤਾਂ ਇਨ੍ਹਾਂ ਦੇ ਖੁਦ-ਬ-ਖੁਦ ਹੀ ਪੰਜਾਬ ਦੇ ਦਰਿਆਵਾਂ ਤੇ ਰਾਇਪੇਰੀਅਨ ਅਧਿਕਾਰ ਬਣ ਜਾਣਗੇ।

**- ਪੰਜਾਬ ਪੁਨਰਗਠਨ ਐਕਟ-1966 ਦੀਆਂ ਧਾਰਾਵਾਂ 78, 79 ਅਤੇ 80-**

59. ਵਰਨਣਯੋਗ ਹੈ ਕਿ ਜਦੋਂ ਪੰਜਾਬ ਦੇ ਤਿੰਨੇ ਦਰਿਆ ਅੰਤਰ-ਰਾਜੀ ਦਰਿਆਵਾ ਦੀ ਸ਼੍ਰੇਣੀ ਵਿਚ ਨਹੀਂ ਆਉਂਦੇ। ਫਿਰ ਇਨ੍ਹਾਂ ਤੇ ਪੰਜਾਬ ਪੁਨਰਗਠਨ ਐਕਟ, 1966 ਦੀਆਂ ਧਾਰਾਵਾਂ 78, 79 ਅਤੇ 80 ਕਿਸੇ ਵੀ ਆਧਾਰ 'ਤੇ ਲਾਗੂ ਨਹੀਂ ਹੁੰਦੀਆਂ, ਸਿਵਾਏ ਅਣਵੰਡੇ ਪੰਜਾਬ ਦੇ ਯਮੁਨਾ (ਜਮਨਾ) ਦਰਿਆ ਦੇ, ਜੋ ਪੁਨਰਗਠਨ ਉਪਰੰਤ ਹਰਿਆਣਾ ਦੇ ਹਿੱਸੇ ਚਲਾ ਗਿਆ ਸੀ। ਪਰ ਪੰਜਾਬ ਨੂੰ ਯਮੁਨਾ (ਜਮਨਾ) ਦੇ ਪਾਣੀਆਂ 'ਚੋਂ ਹਿੱਸਾ ਨਹੀਂ ਸੀ ਦਿੱਤਾ ਗਿਆ। ਫਿਰ ਦੂਜੇ ਰਾਜਾਂ ਨੂੰ ਕਿਸ ਆਧਾਰ ਤੇ ਪੰਜਾਬ ਵਿਚਲੇ ਦਰਿਆਵਾਂ 'ਚੋਂ ਪਾਣੀ ਦਿੱਤਾ ਗਿਆ? ਸਪੱਸ਼ਟ ਹੈ ਕਿ ਪੰਜਾਬ ਲਈ ਵੱਖਰੇ ਮਾਪ-ਦੰਡ ਅਪਨਾਏ ਗਏ।

60. ਪਰ ਇੱਥੇ ਵਿਚਾਰਨਯੋਗ ਮੁੱਦਾ ਇੱਕ ਹੋਰ ਵੀ ਹੈ ਕਿ ਜਦੋਂ ਪੁਨਰਗਠਨ ਸਮੇਂ ਪੰਜਾਬ ਦੇ ਦਰਿਆਵਾਂ ਦੀ ਵੰਡ ਹੋ ਗਈ ਸੀ, ਸਤਲੁਜ, ਬਿਆਸ ਅਤੇ ਰਾਵੀ ਦਰਿਆ ਰਾਇਪੇਰੀਅਨ ਸਿਧਾਂਤ ਅਨੁਸਾਰ ਪਹਿਲਾਂ ਵਾਂਗ ਹੀ ਪੰਜਾਬ 'ਚ ਸ਼ਾਮਲ ਰਹੇ ਅਤੇ ਯਮੁਨਾ ਦਰਿਆ ਹਰਿਆਣਾ ਦੇ ਹਿੱਸੇ ਚਲਾ ਗਿਆ। ਫਿਰ ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਦਾ ਕੀ ਅਰਥ? ਖਾਸ ਕਰਕੇ ਜਦੋਂ ਕਿ ਪੰਜਾਬ ਪਾਸ ਕੋਈ ਫਾਲਤੂ ਪਾਣੀ ਉਪਲੱਬਧ ਨਹੀਂ ਸੀ। ਕੀ ਫਿਰ ਇਹ ਪੰਜਾਬ ਵਾਸੀਆਂ ਨਾਲ ਧੋਖਾ ਨਹੀਂ ਸੀ? ਯਾਦ ਰਹੇ ਕਿ ਪੰਜਾਬ ਦੇ ਪਾਣੀਆਂ ਦੀ ਇਸ ਵੰਡ ਦੇ ਆਧਾਰ ਤੇ ਸਭ ਤੋਂ ਵਧੇਰੇ ਪਾਣੀ ਜਾਂ ਤਾਂ ਹਰਿਆਣਾ ਨੂੰ ਦਿੱਤਾ ਗਿਆ, ਸਮੇਤ ਯਮੁਨਾ ਦੇ ਪਾਣੀਆਂ ਦੇ ਜਾਂ ਫਿਰ ਰਾਜਸਥਾਨ ਨੂੰ। ਜਦੋਂ ਕਿ ਸਭ ਤੋਂ ਘੱਟ ਪਾਣੀ ਪੰਜਾਬ ਨੂੰ ਦਿੱਤਾ ਗਿਆ। ਯਾਦ ਰਹੇ, ਕਿ ਜਦੋਂ 1966 ਦੇ ਪੁਨਰਗਠਨ ਸਮੇਂ ਪੰਜਾਬ ਦੇ ਦਰਿਆਵਾਂ ਦੀ ਵੰਡ ਹੋ ਗਈ ਸੀ, ਤਾਂ ਫਿਰ ਪੰਜਾਬ ਦੇ ਪਾਣੀਆਂ ਦੀ ਵੰਡ ਕਰਨ ਦਾ ਕੀ ਆਧਾਰ ਸੀ? ਸੋ ਇਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਇਹ ਸਪੱਸ਼ਟ ਕੀਤਾ ਜਾਵੇ ਕਿ ਸਬੰਧਤ ਰਾਜਾਂ ਨੂੰ ਹਕੀਕਤ ਵਿੱਚ ਕੁੱਲ ਕਿੰਨਾ ਪਾਣੀ ਮਿਲ ਰਿਹਾ ਹੈ।

**-ਪਾਣੀ ਦੇ ਸੰਕਟ ਸਬੰਧੀ ਕੁਝ ਹੋਰ ਵੇਰਵੇ-**

61. ਪੰਜਾਬ ਦੇ ਮੁਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ (ਪੰਜਾਬ) ਸ਼੍ਰੀ ਏ. ਐਸ. ਦੂਲਤ ਦੇ ਆਪਣੇ ਪ੍ਰੈਸ ਬਿਆਨਾਂ ਅਨੁਸਾਰ ਪੰਜਾਬ ਨੂੰ 54 ਐਮ. ਏ. ਐਫ. ਪਾਣੀ ਦੀ ਵੱਡੀ ਲੋੜ ਹੈ, ਜਦੋਂ ਕਿ ਸਿਰਫ 14 ਐਮ. ਏ. ਐਫ. ਹੀ ਪਾਣੀ ਵੰਡ 'ਚ ਦੇਣਾ ਮਿਥਿਆ ਗਿਆ। ਇਸ ਹਿਸਾਬ ਨਾਲ ਪੰਜਾਬ ਨੂੰ 40 ਐਮ. ਏ. ਐਫ. ਹੋਰ ਵਧੇਰੇ ਪਾਣੀ ਚਾਹੀਦਾ ਸੀ। ਜਦੋਂ ਕਿ ਹਕੀਕਤ ਵਿਚ ਪੰਜਾਬ ਨੂੰ 10 ਐਮ. ਏ. ਐਫ. ਤੋਂ ਵੀ ਘੱਟ ਪਾਣੀ ਮਿਲਦਾ ਹੈ। ਪਰ ਇਸ ਬਾਰੇ ਪੰਜਾਬ ਦਾ ਕੋਈ ਵੀ ਸਿਆਸੀ ਆਗੂ ਕੁੱਝ ਬੋਲਣ ਨੂੰ ਤਿਆਰ ਨਹੀਂ, ਕਿ ਪੰਜਾਬ ਨੂੰ ਇਨ੍ਹਾਂ ਘੱਟ ਪਾਣੀ ਕਿਉਂ ਮਿਲ ਰਿਹਾ ਹੈ?

62. ਯਾਦ ਰਹੇ ਕਿ ਸੋਕੇ ਦੇ ਹਾਲਾਤ 'ਚ ਪੰਜਾਬ ਦੇ ਦਰਿਆਵਾਂ 'ਚ ਪਾਣੀ ਹੋਰ ਵੀ ਘਟ ਹੋ ਜਾਂਦਾ ਹੈ, ਜਿਸ ਦਾ ਪੰਜਾਬ ਦੇ ਸਿੰਜਾਈ ਸਾਧਨਾਂ ਤੇ ਬੜਾ ਮਾਰੂ ਪ੍ਰਭਾਵ ਪੈਂਦਾ ਹੈ। ਵੈਸੇ, ਰਾਜ ਸਰਕਾਰ ਦੀ ਵੀ ਇਹ ਮੁੱਢਲੀ ਜ਼ਿੰਮੇਵਾਰੀ ਬਣਦੀ ਹੈ ਕਿ ਹਕੀਕੀ ਲੋੜਾਂ ਅਨੁਸਾਰ ਨਹਿਰੀ ਪਾਣੀ ਦਾ ਕੋਈ ਯੋਗ ਪ੍ਰਬੰਧ ਕੀਤਾ ਜਾਏ ਵਰਨਾ ਪੰਜਾਬ 'ਚ ਹਾਲਾਤ ਹੋਰ ਵੀ ਗੰਭੀਰ ਹੋ ਜਾਣਗੇ। ਪਾਣੀ ਦੇ ਸੰਕਟ ਕਾਰਨ ਨਾ ਸਿਰਫ ਰਾਜ ਦਾ ਖੇਤੀ ਅਰਥਚਾਰਾ ਬਰਬਾਦ ਹੋਇਆ, ਬਲਕਿ ਇੱਥੋਂ ਦੀ ਆਰਥਿਕਤਾ ਵੀ ਸੰਕਟਗ੍ਰਸਤ ਹੋ ਗਈ। ਪਰ ਫਿਰ ਵੀ ਸਾਡੇ ਸਿਆਸੀ ਆਗੂਆਂ ਵਲੋਂ ਬਿਨਾਂ ਸੋਚੇ ਸਮਝੇ ਦੂਜੇ ਰਾਜਾਂ ਨੂੰ ਪਾਣੀ ਦੇਣ ਸਬੰਧੀ ਰਾਜਨੀਤਿਕ ਪੱਧਰ ਤੇ ਸੌਦੇਬਾਜ਼ੀਆਂ ਕੀਤੀਆਂ ਗਈਆਂ, ਭਾਂਵੇ ਕਿ ਉਹ ਕਿਸੇ ਵੀ ਸਿਆਸੀ ਪਾਰਟੀ ਨਾਲ ਸਬੰਧ ਕਿਉਂ ਨਹੀਂ ਸੀ ਰੱਖਦੇ।

**-ਪਾਣੀਆਂ ਦੀ ਵੰਡ 'ਤੇ ਪਿਛਲ-ਝਾਤ-**

63. ਪੰਜਾਬ ਦੇ ਪਾਣੀਆਂ ਦੀ ਗੈਰ-ਵਿਵਹਾਰਿਕ ਵੰਡ ਕਾਰਨ ਸਭ ਤੋਂ ਵਧੇਰੇ ਪਾਣੀ ਰਾਜਸਥਾਨ ਨੂੰ ਦਿੱਤਾ ਜਾ ਰਿਹਾ ਹੈ, ਸਮੇਤ ਗੰਗ-ਕੈਨਾਲ (ਬੀਕਾਨੇਰ ਨਹਿਰ) ਅਤੇ ਈਸਟਰਨ ਕੈਨਾਲ ਦੇ ਪਾਣੀਆਂ ਦੇ, ਅਤੇ ਜਾਂ ਫਿਰ ਹਰਿਆਣਾ ਪ੍ਰਾਂਤ ਨੂੰ ਮਿਲ ਰਿਹਾ ਹੈ, ਸਮੇਤ ਯਮੁਨਾ ਦੇ ਪਾਣੀਆਂ ਦੇ। ਪਰ ਦੂਜੇ ਪਾਸੇ ਰਾਜਧਾਨੀ ਦਿੱਲੀ, ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ, ਹਰਿਆਣਾ ਅਤੇ ਰਾਜਸਥਾਨ ਆਦਿ ਰਾਜ ਸਮੂਹਿਕ ਤੌਰ 'ਤੇ ਪੰਜਾਬ ਤੋਂ ਕਿਤੇ ਵਧੇਰੇ ਪਾਣੀ ਪ੍ਰਾਪਤ ਕਰ ਰਹੇ ਹਨ। ਪਰ ਇਨ੍ਹਾਂ ਰਾਜਾਂ ਵੱਲੋਂ ਹੋਰ ਵੀ ਵਧੇਰੇ ਪਾਣੀ ਪ੍ਰਾਪਤ ਕਰਨ ਹਿਤ, ਹਰੇਕ ਪੱਧਰ ਤੇ ਕਾਰਵਾਈ ਕੀਤੀ ਜਾ ਰਹੀ ਹੈ। ਜਦੋਂ ਕਿ ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਵੱਖਰੇ ਤੌਰ 'ਤੇ ਇਨ੍ਹਾਂ ਦਰਿਆਵਾਂ 'ਚੋਂ ਆਪਣੇ ਹਿੱਸੇ ਦੀ ਮੰਗ ਕਰ ਰਹੇ ਹਨ।

64. ਇੱਕ ਮੋਟੇ ਅੰਦਾਜ਼ੇ ਅਨੁਸਾਰ ਰਾਇਪੇਰੀਅਨ ਰਾਜ ਪੰਜਾਬ ਨੂੰ 35% ਦੇ ਕਰੀਬ ਹੀ ਨਹਿਰੀ ਪਾਣੀ ਮਿਲਦਾ ਹੈ, ਜਿਸ ਵਿੱਚ ਕਿ ਅੰਗ੍ਰੇਜ਼ੀ ਸ਼ਾਸਨ ਕਾਲ ਸਮੇਂ ਦਾ ਵੀ ਪਾਣੀ ਸ਼ਾਮਲ ਹੈ। ਜਦੋਂ ਕਿ ਇਸ ਦੇ ਮੁਕਾਬਲੇ ਦੂਜੇ ਗੈਰ-ਰਾਇਪੇਰੀਅਨ ਰਾਜ 65% ਤੋਂ ਵੀ ਵਧੇਰੇ ਪਾਣੀ ਪ੍ਰਾਪਤ ਕਰ ਰਹੇ ਹਨ। ਕੀ ਫਿਰ ਇਹ ਪੰਜਾਬ ਨਾਲ ਵੱਡੀ ਬੇ-ਇਨਸਾਫੀ ਨਹੀਂ? ਜਿਸ ਨੂੰ ਕਿ ਆਪਣੇ ਦਰਿਆਵਾਂ 'ਚੋਂ ਖੁਲ੍ਹੇ ਤੌਰ 'ਤੇ ਪਾਣੀ ਵੀ ਨਸੀਬ ਨਹੀਂ। ਅਜਿਹਾ ਹੀ ਕੁਝ ਮਾਮਲਾ ਪੰਜਾਬ ਦੇ ਬਿਜਲੀ ਸੰਕਟ ਦਾ ਹੈ। ਕਿਉਂ ਜੋ, ਭਾਖੜਾ ਡੈਮ ਪ੍ਰੋਜੈਕਟ ਤੋਂ ਪੈਦਾ ਹੋਣ ਵਾਲੀ ਪਣ-ਬਿਜਲੀ (ਹਾਈਡਲ ਪਾਵਰ) ਦਾ ਵੱਡਾ ਹਿੱਸਾ ਦੂਜੇ ਰਾਜਾਂ ਨੂੰ ਦੇ ਦਿੱਤਾ ਗਿਆ ਅਤੇ ਸਭ ਤੋਂ ਘੱਟ ਪੰਜਾਬ ਨੂੰ ਮਿਲਿਆ। ਮੁੱਲ ਪੱਖੋਂ ਪਣ-ਬਿਜਲੀ ਬਹੁਤ ਸਸਤੀ ਪੈਂਦੀ ਹੈ।

65. ਜਦੋਂ ਕਿ, ਟਿਊਬਵੈਲਾਂ ਦੀ ਬਹੁਤਾਤ ਕਾਰਨ ਅੱਜ ਪੰਜਾਬ ਵਿਚ ਵੱਡੀ ਗਿਣਤੀ ਵਿੱਚ ਤਾਪ ਬਿਜਲੀ ਘਰਾਂ (Thermal Power Plants) ਦੀ ਉਸਾਰੀ ਕਰਨੀ ਪਈ, ਜਿਨ੍ਹਾਂ ਵਿਚੋਂ ਕਿ ਸਭ ਤੋਂ ਜ਼ਿਆਦਾ ਬਠਿੰਡਾ ਦੇ ਆਸ-ਪਾਸ ਸਥਿਤ ਹਨ, ਇਸ ਤੋਂ ਇਲਾਵਾ ਦੋ ਖਾਦ ਫੈਕਟਰੀਆਂ, ਬਠਿੰਡਾ ਆਇਲ ਰਿਫਾਇਨਰੀ ਆਦਿ ਦੇ ਲੱਗਣ ਨਾਲ, ਜਿੱਥੇ ਪੰਜਾਬ ਵਿੱਚ ਪਾਣੀ ਦੀ ਖਪਤ ਹੋਰ ਵੀ ਜ਼ਿਆਦਾ ਵੱਧੀ ਹੈ, ਉੱਥੇ ਦੂਜੇ ਪਾਸੇ ਪ੍ਰਦੂਸ਼ਣ ਦੀ ਸਮੱਸਿਆ ਪੈਦਾ ਹੋਣੀ ਕੁਦਰਤੀ ਸੀ। ਪਾਣੀ ਦੀ ਵੱਡੀ ਕਮੀ ਕਾਰਨ ਅੱਜ ਪੰਜਾਬ ਦੀ ਹਜ਼ਾਰਾਂ ਏਕੜ ਜ਼ਮੀਨ ਸਿੰਜਾਈ ਰਹਿਤ ਹੋ ਗਈ ਹੈ, ਪਰ ਅਜੇ ਵੀ ਕਈ ਹੋਰ ਅਜਿਹੇ ਪ੍ਰੋਜੈਕਟ ਹਨ, ਜਿਨ੍ਹਾਂ ਨਾਲ ਕਿ ਪੰਜਾਬ ਵਿੱਚ ਪਾਣੀ ਦਾ ਸੰਕਟ ਹੋਰ ਵੀ ਡੂੰਘਾ ਹੋ ਜਾਵੇਗਾ। ਇਸ ਤਰ੍ਹਾਂ ਨਾ ਤਾਂ ਪੰਜਾਬ ਨੂੰ ਪਾਣੀ ਮਿਲ ਸਕੇਗਾ ਅਤੇ ਨਾ ਹੀ ਦੇਸ਼ ਨੂੰ ਅਨਾਜ। ਪੰਜਾਬ ਨੂੰ ਇਸ ਸਮੇਂ ਜੋ ਪਾਣੀ ਮਿਲ ਵੀ ਰਿਹਾ ਹੈ, ਉਸ ਵਿੱਚ ਅੰਗਰੇਜ਼ੀ ਸ਼ਾਸਨ ਕਾਲ ਸਮੇਂ ਦਾ ਵੀ ਪਾਣੀ ਸ਼ਾਮਲ ਹੈ, ਫਿਰ ਇਸ ਖਿੱਤੇ 'ਚ ਡੈਮਾਂ ਦੇ ਬਨਣ ਨਾਲ ਪੰਜਾਬ ਨੂੰ ਕੀ ਲਾਭ ਹੋਇਆ?

**- ਪਾਣੀ ਦੀ ਖਪਤ ਸਬੰਧੀ ਕੁੱਝ ਹੋਰ ਵੇਰਵੇ -**

66. ਰਾਜ ਵਿਚ ਧੜਾਧੜ ਉਸਾਰੀਆਂ ਜਾ ਰਹੀਆਂ ਬਹੁ-ਮੰਜ਼ਿਲਾ ਰਿਹਾਇਸ਼ੀ ਇਮਾਰਤਾਂ/ਕਲੋਨੀਆਂ, ਅਨੇਕਾਂ ਹੋਰ ਉਸਾਰੀ ਗਤੀਵਿਧੀਆਂ, ਨਵੇਂ ਚੰਡੀਗੜ੍ਹ ਵਰਗੇ ਪ੍ਰੋਜੈਕਟਾਂ, ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਆਦਿ ਮਹਾਂ-ਨਗਰਾਂ ਦੀਆਂ ਪਾਣੀ ਸਬੰਧੀ ਲੋੜਾਂ ਅਤੇ ਰਾਜ ਦੀ 3 ਕਰੋੜ ਦੀ ਵੱਡੀ ਆਬਾਦੀ, ਜਿਸ 'ਚ ਲਗਾਤਾਰ ਵਾਧਾ ਹੋ ਰਿਹਾ ਹੈ, ਦੀਆਂ ਨਾਗਰਿਕ ਲੋੜਾਂ ਨੂੰ ਕਿਵੇਂ ਪੂਰਿਆਂ ਕੀਤਾ ਜਾਏਗਾ? ਸਾਡੇ ਰਾਜਨੇਤਾਵਾਂ ਨੇ ਕਦੇ ਵੀ ਇਸ ਬਾਰੇ ਗੰਭੀਰ ਚਿੰਤਨ ਨਹੀਂ ਕੀਤਾ ਕਿ ਆਖਿਰ ਉਹ ਪੰਜਾਬ ਦੀਆਂ ਭਵਿੱਖ ਦੀਆਂ ਪੀੜ੍ਹੀਆਂ ਨੂੰ ਕੀ ਦੇਣ ਜਾ ਰਹੇ ਹਨ, ਵਿਕਾਸ ਜਾਂ ਵਿਨਾਸ?

67. ਪਰ ਅਜਿਹੀਆਂ ਸੰਕਟਮਈ ਪ੍ਰਸਥਿਤੀਆਂ ਨੂੰ ਘਟਾ ਕੇ ਦੇਖਣਾ ਵੀ ਪੰਜਾਬ ਵਾਸੀਆਂ ਲਈ ਘਾਤਕ ਸਿੱਧ ਹੋਵੇਗਾ। ਸੋ ਉਪਰੋਕਤ ਹਵਾਲਿਆਂ ਦੇ ਸੰਦਰਭ ਵਿੱਚ ਇੱਥੇ ਇਹ ਬਿਆਨ ਕਰਨਾ ਕੋਈ ਗਲਤ ਨਹੀਂ ਹੋਵੇਗਾ ਕਿ ਪੰਜਾਬ ਦੇ ਇਸ ਸੰਕਟ ਲਈ ਮੁਖ ਤੌਰ 'ਤੇ ਸਾਡੇ ਆਪਣੇ ਹੀ ਰਾਜਨੇਤਾ ਜ਼ਿੰਮੇਵਾਰ ਹਨ, ਜੋ ਸਿਵਾਏ ਵੋਟਾਂ ਦੀ ਗਿਣਤੀ-ਮਿਣਤੀ ਦੇ ਕੁਝ ਵੀ ਹੋਰ ਸਾਰਥਿਕ ਕਰਨ ਦੀ ਯੋਗਤਾ ਨਹੀਂ ਰਖਦੇ।

68. ਪੰਜਾਬ ਦੀ ਇਸ ਸੰਕਟਗ੍ਰਸਤ ਧਰਤੀ ਬਾਰੇ ਕਿਸੇ ਚਿੰਤਕ ਨੇ ਠੀਕ ਹੀ ਲਿਖਿਆ ਹੈ: "ਮੈਂ ਧਰਤੀ ਦੇਸ ਪੰਜਾਬ ਦੀ ਬਿਨ ਨੀਰਾਂ ਹੋਈ, ਮੁੱਕ ਗਏ ਹੰਝੂ ਮੇਰੇ ਸਾਰ ਲਏ ਨਾ ਕੋਈ।" ਪਰ ਕੁੱਝ ਜਾਗਰੂਕ ਲੋਕਾਂ ਅਨੁਸਾਰ ਪੰਜਾਬ ਨਾਲ ਦੋ ਵਾਰੀ ਗਦਾਰੀ ਹੋਈ, ਇਕ ਵਾਰੀ ਮਹਾਰਾਜਾ ਰਣਜੀਤ ਸਿੰਘ ਦੇ ਜਾਣ ਤੋਂ ਬਾਅਦ, ਦੂਜੀ ਵਾਰੀ ਦੇਸ਼ ਦੀ ਆਜਾਦੀ ਉਪਰੰਤ, ਇਹੀ ਵਜ੍ਹਾ ਹੈ ਜੋ ਪੰਜਾਬ ਵਿੱਚ ਪਾਣੀ ਦਾ ਅਜਿਹਾ ਗੰਭੀਰ ਸੰਕਟ ਪੈਦਾ ਹੋਇਆ। ਪਰ ਰਾਜ ਪ੍ਰਬੰਧ ਤੇ ਕਾਬਜ਼ ਸਾਡੇ ਸਾਹੀ ਇਹ ਦੱਸ ਸਕਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਪ੍ਰਬੰਧ ਕਿਸ ਤਰ੍ਹਾਂ ਦਾ ਸੀ, ਜਿਸ ਦੀ ਇਨ੍ਹਾਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਜਾਂਦੀ ਹੈ।

69. ਪਾਣੀਆਂ ਦੇ ਇਸ ਸੰਕਟ ਬਾਰੇ ਇਕ ਹੋਰ ਸੰਵੇਦਨਸ਼ੀਲ ਲੇਖਕ ਨੇ ਆਪਣੀ ਚਿੰਤਾ ਦਾ ਪ੍ਰਗਟਾਵਾ ਕੁੱਝ ਇਸ ਤਰ੍ਹਾਂ ਕੀਤਾ ਹੈ, ਜੋ ਪੰਜਾਬ ਦੇ ਸੰਦਰਭ ਵਿਚ ਕਾਫੀ ਢੁੱਕਵਾਂ ਹੈ: "ਮੁਝੇ ਮਾਰਾ ਮੇਰੇ ਅਪਨੋ ਨੇ ਵਰਨਾ ਔਰੋਂ ਮੇ ਕਿਆ ਦਮ ਥਾ, ਕਸ਼ਤੀ ਮੇਰੀ ਵਹਾਂ ਡੂਬੀ ਜਹਾਂ ਪਾਨੀ ਬਹੁਤ ਕਮ ਥਾ।" ਪੰਜਾਬ ਦੇ ਇਸ ਸੰਕਟ ਦੇ ਸੰਦਰਭ ਵਿਚ ਇੱਥੇ ਇਹ ਲਿਖਣਾ ਯੋਗ ਹੋਵੇਗਾ ਕਿ ਜੇਕਰ ਪੰਜਾਬ ਦੇ ਦਰਿਆਵਾਂ ਦਾ ਪਾਣੀ ਹਰਿਆਣਾ, ਦਿੱਲੀ ਜਾਂ ਰਾਜਸਥਾਨ ਦੇ ਦੂਰ-ਦਰਾਜ਼ ਦੇ ਇਲਾਕਿਆਂ ਨੂੰ ਦਿੱਤਾ ਜਾ ਸਕਦਾ ਹੈ, ਫਿਰ ਪੰਜਾਬ ਵਿਚਲੇ ਅਜਿਹੇ ਸੰਕਟਗ੍ਰਸਤ ਇਲਾਕਿਆਂ ਨੂੰ ਕਿਉਂ ਨਹੀਂ ਦਿੱਤਾ ਜਾ ਸਕਦਾ, ਜਿੱਥੋਂ ਕਿ ਦੂਜੇ ਰਾਜਾਂ ਨੂੰ ਪਾਣੀ ਉਪਲਬੱਧ ਕਰਵਾਉਣ ਵਾਲੀਆਂ ਨਹਿਰਾਂ ਲੰਘਦੀਆਂ ਹਨ? ਪਰ ਹੈਲੀਕਾਪਟਰਾਂ 'ਚ ਬੈਠ ਗੇੜੀਆਂ ਲਾਉਣ ਵਾਲੇ ਸਾਡੇ ਰਾਜਨੇਤਾ ਇਸ ਬਾਰੇ ਖਾਮੋਸ਼ ਹਨ ਕਿ ਪੰਜਾਬ ਨੂੰ ਉਸਦੀਆਂ ਲੋੜਾਂ ਅਨੁਸਾਰ ਪੂਰਾ ਨਹਿਰੀ ਪਾਣੀ ਕਿਉਂ ਨਹੀਂ ਮਿਲ ਦਾ?

70. ਅਗਰ ਪੰਜਾਬ ਦੇ ਇਸ ਸੰਕਟ ਦਾ ਸਹੀ ਸੰਦਰਭ ਵਿਚ ਵਿਸ਼ਲੇਸ਼ਣ ਕੀਤਾ ਜਾਏ ਤਾਂ ਇਨ੍ਹਾਂ ਤੱਥਾਂ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿ ਪਾਣੀਆਂ ਦੀ ਵੰਡ ਦੇ ਕਿਸੇ ਵੀ ਦਸਤਾਵੇਜ਼ 'ਚ ਇਹ ਦਰਜ ਨਹੀਂ ਕੀਤਾ ਗਿਆ ਕਿ ਪੰਜਾਬ ਦੇ ਪਾਣੀਆਂ ਦੀ ਵੰਡ ਕਰਦੇ ਸਮੇਂ ਕਿਹੜੇ ਸੰਵਿਧਾਨਕ ਜਾਂ ਕਾਨੂੰਨੀ ਮਾਪਦੰਡ ਅਪਨਾਏ ਗਏ। ਫਿਰ ਇੱਥੇ ਪ੍ਰਸ਼ਨ ਇਹ ਵੀ ਪੈਦਾ ਹੁੰਦਾ ਹੈ ਕਿ ਸੰਵਿਧਾਨ ਸਰਵਉੱਚ ਹੈ ਜਾਂ ਪਾਣੀਆਂ ਦੀ ਵੰਡ ਦੇ ਅਜਿਹੇ ਗੈਰ-ਸੰਵਿਧਾਨਕ ਦਸਤਾਵੇਜ਼?

**- ਪਾਣੀਆਂ ਦਾ ਸੰਕਟ ਤੱਥਾਂ ਦੀ ਰੋਸ਼ਨੀ 'ਚ -**

71. ਪੰਜਾਬ ਦੇ ਸਿੰਜਾਈ ਮੰਤਰੀ ਦੇ ਕਥਨ ਅਨੁਸਾਰ ਰਾਜ ਦੇ ਕੁਲ ਵਾਹੀਯੋਗ ਰਕਬੇ 'ਚੋਂ ਸਿਰਫ 22% ਨੂੰ ਹੀ ਨਹਿਰੀ ਪਾਣੀ ਦੀਆਂ ਸਿੰਜਾਈ ਸਹੂਲਤਾਂ ਉਪਲੱਬਧ ਹਨ, ਜਦੋਂ ਕਿ 78% ਰਕਬਾ ਜਾਂ ਤਾਂ ਟਿਊਬਵੈਲਾਂ ਤੇ ਨਿਰਭਰ ਹੈ ਅਤੇ ਜਾਂ ਫਿਰ ਸਿੰਜਾਈ ਰਹਿਤ ਹੈ। ਪਰ ਫਿਰ ਵੀ ਸਾਡੇ ਨੀਤੀਵਾਨਾਂ ਨੇ ਕਦੇ ਇਹ ਲੇਖਾ-ਜੋਖਾ ਨਹੀਂ ਕੀਤਾ, ਕਿ ਪੰਜਾਬ ਵਿਚ ਪਾਣੀ ਦਾ ਅਜਿਹਾ ਗੰਭੀਰ ਸੰਕਟ ਕਿਉ— ਪੈਦਾ ਹੋਇਆ।

72. ਸਪਸ਼ਟ ਹੈ ਕਿ ਪੰਜਾਬ ਵਿਚ ਸਿੰਜਾਈ ਦੀ ਨਿਰਭਰਤਾ ਮੁਖ ਤੌਰ 'ਤੇ ਜਾਂ ਤਾਂ ਟਿਊਬਵੈਲਾਂ ਤੇ ਹੈ ਜਾਂ ਫਿਰ ਇੰਦਰ ਦੇਵਤਾ ਦੇ ਰਹਿਮੋ-ਕਰਮ 'ਤੇ ਭਾਵ ਮੌਨਸੂਨ 'ਤੇ, ਜਿਸ ਨਾਲ ਕਿ ਵੱਡੇ ਪੱਧਰ ਤੇ ਜ਼ਮੀਨ ਦੀ ਰੀਚਾਰਜਿੰਗ ਹੁੰਦੀ ਹੈ। ਪਰ ਸਾਡੇ ਸਿਆਸੀ ਆਗੂਆਂ ਨੇ ਕਦੇ ਇਹ ਨਹੀਂ ਵਿਚਾਰਿਆ ਕਿ ਆਖਰ ਪੰਜਾਬ ਦਾ ਐਨਾ ਮਾੜਾ ਹਾਲ ਕਿਉਂ ਹੋਇਆ? ਸਪੱਸ਼ਟ ਹੈ ਕਿ ਪੰਜਾਬ ਦੀ ਇਸ ਧਰਤੀ ਦਾ ਸਾਰਾ ਦਾਰੋਮਦਾਰ ਟਿਊਬਵੈਲਾਂ ਜਾਂ ਫਿਰ ਮੌਨਸੂਨ ਤੇ ਹੈ। ਪਰ ਸਾਡੇ ਰਾਜਨੇਤਾ ਇਸ ਨੂੰ ਆਪਣੀ ਇੱਕ ਵੱਡੀ ਉਪਲੱਬਧੀ ਮੰਨਦੇ ਹਨ ਕਿ ਪੰਜਾਬ ਆਪਣੇ ਵੱਡੇ ਅਨਾਜ ਭੰਡਾਰਾਂ ਕਰਕੇ ਜਾਣਿਆ ਜਾਂਦਾ ਹੈ। ਪਰ ਉਹ ਇਹ ਗੱਲ ਕਿਉਂ ਨਹੀਂ ਵਿਚਾਰਦੇ ਕਿ ਪੰਜਾਬ ਵਿਚ ਪਾਣੀ ਦਾ ਕਿੰਨਾ ਗੰਭੀਰ ਸੰਕਟ ਹੈ, ਅਤੇ ਲਗਾਤਾਰ ਵੱਡੀ ਪੱਧਰ 'ਤੇ ਧਰਤੀ ਹੇਠਲਾ ਪਾਣੀ ਵਰਤੇ ਜਾਣ ਨਾਲ ਹਾਲਾਤ ਬਦ-ਤੋਂ-ਬਦਤਰ ਹੁੰਦੇ ਜਾ ਰਹੇ ਹਨ ਅਤੇ ਉਹ ਸਮਾਂ ਦੂਰ ਨਹੀਂ, ਜਦੋਂ ਪੰਜਾਬ ਦਾ ਧਰਤੀ ਹੇਠਲਾ ਪਾਣੀ ਬਿਲਕੁਲ ਹੀ ਖਤਮ ਹੋ ਜਾਏਗਾ। ਖਦਸ਼ਾ ਹੈ ਕਿ ਕਿਤੇ ਅਜਿਹਾ ਨਾ ਹੋਵੇ ਕਿ ਉਮਰ ਹੰਢਾ ਚੁੱਕੇ ਸਾਡੇ ਮੁੱਖ ਮੰਤਰੀ ਦੀ ਹਯਾਤੀ 'ਚ ਹੀ ਪੰਜਾਬ ਬੰਜਰ ਹੋ ਜਾਵੇ।

73. ਉਪਰ ਦਿੱਤੇ ਹਵਾਲਿਆਂ ਦੇ ਸੰਦਰਭ ਵਿਚ ਇੱਥੇ ਇਹ ਬਿਆਨ ਕਰਨਾ ਪ੍ਰਸੰਗਿਕ ਹੋਵੇਗਾ ਕਿ ਖੇਤੀ ਮਾਹਿਰਾਂ ਅਨੁਸਾਰ ਇੱਕ ਕਿਲੋਗ੍ਰਾਮ ਝੋਨਾ ਪੈਦਾ ਕਰਨ ਵਾਸਤੇ ਕੋਈ 3500 ਲੀਟਰ ਪਾਣੀ ਦੀ ਖਪਤ ਹੁੰਦੀ ਹੈ, ਹੁਣ ਜ਼ਰਾ ਅੰਦਾਜ਼ਾ ਕਰੋ ਕਿ ਜਿੱਥੇ ਹਰ ਸਾਲ ਲੱਖਾਂ ਟਨ ਝੋਨਾ ਪੈਦਾ ਕੀਤਾ ਜਾਂਦਾ ਹੈ, ਉੱਥੇ ਕਿੰਨੀ ਵੱਡੀ ਮਿਕਦਾਰ 'ਚ ਪਾਣੀ ਦੀ ਖਪਤ ਹੁੰਦੀ ਹੋਵੇਗੀ। ਜਦੋਂ ਕਿ ਦੂਜੀਆਂ ਹੋਰ ਫਸਲਾਂ ਇਸ ਤੋਂ ਇਲਾਵਾ ਹਨ। ਆਖਿਰ ਪੰਜਾਬ ਨੂੰ ਪਾਣੀ ਦੇ ਇਸ ਗੰਭੀਰ ਸੰਕਟ 'ਚੋਂ ਕਿਵੇਂ ਨਿਜ਼ਾਤ ਮਿਲੇਗੀ, ਜੋ ਸੰਜੀਦਗੀ ਨਾਲ ਸੋਚਣ ਦਾ ਵਿਸ਼ਾ ਹੈ। ਪਰ ਇਸ ਦਾ ਕੋਈ ਯੋਗ ਉੱਤਰ ਸਾਡੇ ਕਿਸੇ ਵੀ ਰਾਜਨੇਤਾ ਪਾਸ ਨਹੀਂ। ਰਾਜ ਪ੍ਰਬੰਧ ਚਲਾ ਰਹੇ ਸਾਡੇ ਸਿਆਸੀ ਆਗੂ ਹਮੇਸ਼ਾ ਵਿਕਾਸ ਦਾ ਰਾਗ ਅਲਾਪਦੇ ਹਨ। ਪਰ ਇਸ ਕਥਿਤ ਵਿਕਾਸ ਦਾ ਲਾਭ ਆਮ ਜਨਤਾ ਤੱਕ ਨਹੀਂ ਪਹੁੰਚਿਆ। ਕੀ ਫਿਰ ਪੰਜਾਬ ਵਾਸੀਆਂ ਨੂੰ ਗੁੰਮਰਾਹ ਨਹੀਂ ਕੀਤਾ ਜਾ ਰਿਹਾ?


**- ਪਾਣੀ ਦਾ ਸੰਕਟ : ਪੰਜਾਬ ਲਈ ਖਤਰੇ ਦੀ ਘੰਟੀ -**

74. ਜਦੋਂ ਕਿ ਇਸ ਸਮੇਂ ਪੰਜਾਬ ਵਿਚ 45 ਐਮ. ਏ. ਐਫ. ਦੇ ਕਰੀਬ ਪਾਣੀ ਦੀ ਵੱਡੀ ਘਾਟ ਹੈ, ਫਿਰ ਮਾਹਿਰਾਂ/ਬੁਧੀਜੀਵੀਆਂ ਵਲੋਂ ਉਲੀਕੀਆਂ ਗਈਆਂ ਪਾਣੀ ਦੀ ਬੱਚਤ ਸਬੰਧੀ ਗੈਰ-ਵਿਵਹਾਰਿਕ ਸਕੀਮਾਂ, ਜਿਨ੍ਹਾਂ ਵਿਚ ਕਿ ਤੁਪਕਾ (ਡਰਿਪ) ਪ੍ਰਨਾਲੀ ਅਤੇ ਫਵਾਰਾ (ਸਪਰਿੰਕਲਰ) ਸਿੰਜਾਈ, ਰੇਨ-ਵਾਟਰ ਹਾਰਵੈਸਟਿੰਗ, ਵਾਟਰ-ਸ਼ੈਡ ਆਦਿ ਦੀਆਂ ਗੈਰ-ਵਿਵਹਾਰਿਕ ਸਕੀਮਾਂ ਵੀ ਸ਼ਾਮਲ ਹਨ, ਦਾ ਵੀ ਕੀ ਲਾਭ? ਪਰ ਸਿਵਾਏ ਕਿਸਾਨਾਂ ਦੀ ਖਜਲ-ਖੁਆਰੀ 'ਤੇ ਪੈਸੇ ਦੀ ਬਰਬਾਦੀ ਦੇ, ਕੁਝ ਵੀ ਲਾਹੇਵੰਦ ਹੋਣ ਵਾਲਾ ਨਹੀਂ, ਜਿਵੇਂ ਕਿ ਰਾਜ ਪ੍ਰਬੰਧ ਤੇ ਕਾਬਜ਼ ਸਾਡੇ ਸਿਆਸੀ ਆਗੂਆਂ ਵੱਲੋਂ ਪ੍ਰਚਾਰ ਕੀਤਾ ਜਾ ਰਿਹਾ ਹੈ। ਸ਼ਾਇਦ ਉਹ ਆਪਣੀਆਂ ਅਸਫਲਤਾਵਾਂ ਨੂੰ ਆਮ ਲੋਕਾਂ ਤੋਂ ਛੁਪਾਉਣਾ ਚਾਹੁੰਦੇ ਹਨ, ਜੋ ਅਜਿਹਾ ਪ੍ਰਚਾਰ ਕੀਤਾ ਜਾ ਰਿਹਾ ਹੈ।

**(ਬਾਕੀ ਅਗਲੇ ਅੰਕ 'ਚ)**

**ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ, ਬਠਿੰਡਾ।**
**ਮੋਬਾ: 98156-29301**

# ਅੰਧ ਵਿਸ਼ਵਾਸ-ਪ੍ਰਧਾਨ ਮੰਤਰੀ ਅਤੇ ਇਕ ਦਹਿਸ਼ਤੀ ਚੁੱਪ..,




**ਨਰਭਿੰਦਰ**

ਪਿਛਲੇ ਦਿਨੀਂ ਪ੍ਰਧਾਨ ਮੰਤਰੀ ਨੇ ਮੁੰਬਈ 'ਚ ਇਕ ਮਲਟੀਸੁਪਰ ਸਪੈਸ਼ਲਿਟੀ ਹਸਪਤਾਲ ਦਾ ਉਦਘਾਟਨ ਕੀਤਾ। ਇਹ ਹਸਪਤਾਲ ਦੇ ਨਵੇਂ ਮਾਲਕ ਰਿਲਾਇੰਸ ਘਰਾਣੇ ਦੇ ਲੋਕ ਸਨ ਜਿਨ੍ਹਾਂ 98 ਸਾਲਾਂ ਤੋਂ ਕੰਮ ਕਰ ਰਹੇ ਇਕ ਸਰਵ ਸਾਂਝੇ ਧਾਰਮਿਕ ਅਦਾਰੇ ਅਧੀਨ ਚਲ ਰਹੇ ਇਸ ਮਲਟੀ ਸਟੋਰੀ ਹਸਪਤਾਲ ਨੂੰ ਖ਼੍ਰੀਦ ਕੇ ਨਵਾਂ ਰੂਪ ਦਿੱਤਾ ਸੀ। ਲਾਜ਼ਮੀ ਸੀ ਚੋਣਾਂ ਪਿਛੋਂ ਉਨ੍ਹਾਂ ਨੇ ਆਪਣੇ 'ਮਿਹਰਬਾਨਾਂ' ਉਤੇ ਹੀ ਮਿਹਰਬਾਨ ਹੋਣਾ ਸੀ। ਇਸ ਹਸਪਤਾਲ ਦੇ ਉਦਘਾਟਨੀ ਸਮਾਰੋਹ ਵਿਚ ਕੋਈ ਆਮ ਲੋਕ ਨਹੀਂ ਸਨ, ਅਰਬਾਂ ਖਰਬਾਂ ਪਤੀ ਧਨਾਂ ਸੇਠਾਂ [ਜਿਨ੍ਹਾਂ ਦੇ ਫੋਬਰਜ਼ ਬੁੱਕ 'ਚ ਨਾਂ ਦਰਜ ਹਨ] ਤੋਂ ਇਲਾਵਾ ਫਿਲਮੀ ਜਗਤ ਦੀਆਂ ਹਸਤੀਆਂ, ਕ੍ਰਿਕਟ ਖਿਡਾਰੀ, ਨਾਮਵਰ ਮੈਡੀਕਲ ਅਤੇ ਵਿਗਿਆਨ ਦੇ ਖੇਤਰ ਦੀਆਂ ਹਸਤੀਆਂ, ਨੇਤਾ ਜਾਂ ਉਚ ਅਮੀਰ ਤਬਕਾ ਸੀ। ਸਾਨੂੰ ਇਸ 'ਤੇ ਕੋਈ ਇਤਰਾਜ਼ ਨਹੀਂ ਕਿ ਬਹੁਤ ਉਚ ਵਰਗ ਦੀ ਸਿਹਤ ਸੁਰੱਖਿਆ ਲਈ ਖੋਹਲੇ ਇਸ ਸਿਹਤ ਕਾਰੋਬਾਰ [ਸਿਹਤ ਸਨਅਤ] ਦੇ ਵਿਸਥਾਰ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਦੀ ਅਹਿਮ ਭੂਮਿਕਾ ਕੀ ਹੈ ਤੇ ਕਿਉਂ ਹੈ? ਜਾਂ ਉਹ ਉਥੇ ਹਾਜ਼ਰ ਕਿਉਂ ਸੀ? ਰਿਲਾਇੰਸ ਘਰਾਣੇ ਵਲੋਂ ਕਈ ਖੇਤਰਾਂ ਵਿਚ ਵਿਸਥਾਰ ਕਰ ਲੈਣ ਪਿਛੋਂ ਜੋ ਦੇਸ਼ ਦੀ ਸਿਹਤ ਸਨਅਤ ਨੂੰ ਵੀ ਆਪਣੀ 'ਮੁੱਠੀ 'ਚ ਕਰ ਲੈਣ' ਲਈ ਪੈਰ ਧਰ ਲਏ ਹਨ ਤਾਂ ਪ੍ਰਧਾਨ ਮੰਤਰੀ ਦੀ ਹਾਜ਼ਰੀ ਲਾਜ਼ਮੀ ਤੇ ਜ਼ਰੂਰੀ ਸੀ (ਦੱਸ ਦੇਈਏ ਇਸ ਹਸਪਤਾਲ ਦੀ ਮੁਢਲੀ ਪਰਚੀ (ਰਜਿਸਟ੍ਰੇਸ਼ਨ) ਫੀਸ ਗਿਆਰਾਂ ਸੌ ਰੁਪਏ ਹੈ, ਫਿਰ ਡਾਕਟਰ ਦੀ ਸਲਾਹ ਤੇ ਦਵਾਈਆਂ ਆਦਿ ਦੇ ਖਰਚੇ ਅਲੱਗ ਹਨ)।

ਸਾਨੂੰ ਇਸ 'ਤੇ ਵੀ ਇਤਰਾਜ਼ ਨਹੀਂ ਕਿ ਇਕ ਕਾਰੋਬਾਰੀ ਸਿਹਤ ਸਨਅਤੀ ਅਦਾਰੇ ਦੇ ਉਦਘਾਟਨੀ ਭਾਸ਼ਣ ਦੀ ਸ਼ੁਰੂਆਤ ਸਮੇਂ ਪ੍ਰਧਾਨ ਮੰਤਰੀ ਨੇ ਲੋਕਾਂ ਨੂੰ ਪੀਣ ਦੇ ਪਾਣੀ ਚਿੰਤਾ, ਜਣੇਪੇ ਦੌਰਾਨ ਜੱਚਾ ਬੱਚਾ ਦੀ ਮੌਤ ਦਰ ਦਾ ਦੁਨੀਆ ਨਾਲੋਂ ਵਧੇਰੇ ਹੋਣਾ ਆਦਿ ਆਦਿ ਉਤੇ ਮਗਰ ਮੱਛੀ ਹੰਝੂ ਕਿਉਂ ਵਹਾਏ? ਹਾਲਾਂਕਿ ਆਮ ਬਿਮਾਰੀਆਂ ਅਤੇ ਅਸ਼ੁੱਧ ਭੋਜਣ ਪਾਣੀ ਦੀ ਘਾਟ ਆਦਿ ਦੀਆਂ ਸਮੱਸਿਆਵਾਂ ਲਈ ਅਜਿਹੇ ਅਮੀਰ ਸੁਪਰ ਸਪੈਸ਼ਲਿਸਟ ਹਸਪਤਾਲਾਂ ਦੀ ਨਹੀਂ ਹੇਠਲੇ ਸਿਹਤਕ ਆਧਾਰ ਢਾਂਚੇ ਨੂੰ ਮੁੜ ਖੜ੍ਹਾ ਕਰਨ ਦੀ ਲੋੜ ਹੈ ਜਿਹੜਾ ਡਗਮਗਾ ਰਿਹਾ ਹੈ ਅਤੇ ਜਿਹਦੀ ਜਗ੍ਹਾ ਸਿਹਤ ਸਨਅਤ ਨੂੰ ਅਜੋਕੀ ਪੂੰਜੀ ਨੇ ਵਿਕਸਿਤ ਕਰ ਦਿੱਤਾ ਹੈ। ਜੇ ਦੇਸ਼ ਦੇ ਲੋਕਾਂ ਦੀ ਸਿਹਤ ਪ੍ਰਤੀ ਪ੍ਰਧਾਨ ਮੰਤਰੀ ਚਿੰਤਤ ਹੁੰਦੇ ਤਾਂ ਆਪਣੇ ਪਹਿਲੇ 100-150 ਦਿਨਾਂ ਵਿਚ ਦੇਸ਼ ਦੇ ਸਰਕਾਰੀ ਹਸਪਤਾਲਾਂ ਨੂੰ ਪੁਨਰ ਜੀਵੰਤ ਕਰਨ, ਦਵਾਈਆਂ, ਡਾਕਟਰੀ ਅਮਲਾ ਫੈਲਾ, ਡਾਕਟਰ ਅਤੇ ਆਧੁਨਿਕ ਮਸ਼ੀਨਰੀ ਆਦਿ ਸਬੰਧੀ ਕੋਈ ਖਾਕਾ ਉਲੀਕਦੇ ਅਤੇ ਉਸ 'ਤੇ ਅਮਲ ਨੂੰ ਹੋਂਦ 'ਚ ਲਿਆਉਂਦੇ ਪਰ ਪ੍ਰਧਾਨ ਮੰਤਰੀ ਜੀ ਤਾਂ ਮਹਿਜ਼ ਲਫਜ਼ੀ ਭਾਸ਼ਣ ਮੁਹਾਰਤਾ ਦੀ ਹੀ ਧਾਂਕ ਜਮਾਉਣ ਉਤੇ ਤੁਲੇ ਹੋਏ ਹਨ। ਖੈਰ ਸਾਡਾ ਏਜੰਡਾ ਇਹ ਨਹੀਂ।

ਸਾਡਾ ਵਿਸ਼ਾ ਇਹ ਵੀ ਨਹੀਂ ਕਿ ਉਨ੍ਹਾਂ ਆਪਣੇ ਭਾਸ਼ਣ ਮੁਕਾਬਲੇ 'ਚ ਪੁਰਾਤਨ ਭਾਰਤੀ ਚਕਿਤਸਾ ਪ੍ਰਣਾਲੀ ਜਿਹਨੂੰ ਆਯੁਰਵੈਦਿਕ ਪ੍ਰਣਾਲੀ ਕਿਹਾ ਜਾਂਦਾ ਹੈ, ਦੁਨੀਆ ਨਾਲੋਂ ਬਿਹਤਰ ਕਿਉਂ ਕਿਹਾ? ਇਸ 'ਚ ਕੋਈ ਦੋ ਰਾਇ ਨਹੀਂ ਕਿ ਭਾਰਤੀ ਆਯੁਰਵੈਦਿਕ ਸਿਹਤ ਪ੍ਰਣਾਲੀ, ਅਜੋਕੀ ਐਲੋਪੈਥਿਕ ਪ੍ਰਣਾਲੀ ਨਾਲੋਂ ਬਿਹਤਰ ਅਤੇ ਸਸਤੀ ਸੀ ਪਰ ਅੱਜ ਤਾਂ ਉਹ ਵੀ ਪੂੰਜੀ ਦੀ ਭੇਂਟ ਚੜ੍ਹ ਗਈ ਹੈ। ਖ਼ੈਰ! ਸਾਡੀ ਚਿੰਤਾ ਦਾ ਵਿਸ਼ਾ ਇਹ ਹੈ ਜਿਹੜਾ ਇਕ ਦੇਸ਼ ਦਾ ਪ੍ਰਧਾਨ ਮੰਤਰੀ ਕਹਿੰਦਾ ਹੈ ਉਹਦੇ ਹੀ ਲਫ਼ਜ਼ਾਂ 'ਚ, "ਮੈਡੀਕਲ ਸਾਇੰਸ ਦੀ ਦੁਨੀਆ ਵਿਚ ਅਸੀਂ ਫਖ਼ਰ ਕਰ ਸਕਦੇ ਹਾਂ ਕਿ ਸਾਡਾ ਦੇਸ਼ ਕਿਸੇ ਸਮੇਂ ਕੀ ਸੀ? ਮਹਾਂਭਾਰਤ ਵਿਚ ਕਰਨ ਦੀ ਕਥਾ ਅਸੀਂ ਸਾਰੇ ਪੜ੍ਹਦੇ ਹਾਂ ਪਰ ਜੇ ਅਸੀਂ ਥੋੜ੍ਹਾ ਜੇਹਾ ਵੀ ਸੋਚਣਾ ਸ਼ੁਰੂ ਕਰੀਏ ਤਾਂ ਧਿਆਨ 'ਚ ਆਵੇਗਾ ਕਿ ਮਹਾਂਭਾਰਤ ਮੁਤਾਬਕ ਕਰਨ ਦਾ ਜਨਮ ਮਾਂ ਦੇ ਗਰਭ (ਕੁੱਖ 'ਚੋਂ) ਨਹੀਂ ਹੋਇਆ? ਇਹਦਾ ਮਤਲਬ ਹੈ ਉਸ ਸਮੇਂ ਜੈਨੇਟਿਕ ਸਾਇੰਸ ਮੌਜੂਦ ਸੀ ਤਾਂ ਹੀ ਮਾਂ ਦੀ ਗੋਦ (ਕੁੱਖ) ਤੋਂ ਬਿਨਾਂ ਉਹਦਾ ਜਨਮ ਹੋਇਆ ਹੋਵੇਗਾ।" ਧੰਨ ਹਨ ਪ੍ਰਧਾਨ ਮੰਤਰੀ ਜੀ ਪਰ ਉਨ੍ਹਾਂ ਦੇ ਪ੍ਰਵਚਨ ਇਥੇ ਰੁਕੇ ਨਹੀਂ ਉਨ੍ਹਾਂ ਅੱਗੇ ਕਿਹਾ, "ਅਸੀਂ ਗਣੇਸ਼ ਜੀ ਦੀ ਪੂਜਾ ਕਰਦੇ ਹਾਂ ਕੋਈ ਤਾਂ ਪਲਾਸਟਿਕ ਸਰਜਨ ਹੋਵੇਗਾ ਉਸ ਜ਼ਮਾਨੇ ਵਿਚ ਜਿਹਨੇ ਮਨੁੱਖੀ ਸਰੀਰ ਉਤੇ ਹਾਥੀ ਦਾ ਸਿਰ ਰੱਖਕੇ ਪਲਾਸਟਿਕ ਸਰਜਰੀ ਦੀ ਸ਼ੁਰੂਆਤ ਕੀਤੀ ਹੋਵੇਗੀ।" ਉਨ੍ਹਾਂ ਇਹ ਵੀ ਕਿਹਾ ਕਿ "ਕਈ ਅਜਿਹੇ ਖੇਤਰ ਹੋਣਗੇ ਜਿਥੇ ਸਾਡੇ ਪੁਰਖਿਆਂ ਦਾ ਯੋਗਦਾਨ ਰਿਹਾ ਹੈ। ਇਨ੍ਹਾਂ ਵਿਚੋਂ ਕਈਆਂ ਦੇ ਸਬੰਧ ਵਿਚ ਤਾਂ ਅਸੀਂ ਕਾਫ਼ੀ ਕੁਝ ਜਾਣਦੇ ਹਾਂ। ਜੇ ਅਸੀਂ ਆਕਾਸ਼ ਮੰਡਲ ਵਿਗਿਆਨ ਦੀ ਗੱਲ ਕਰੀਏ ਤਾਂ ਸਾਡੇ ਪੁਰਖਿਆਂ ਨੇ ਆਕਾਸ਼ ਮੰਡਲ ਵਿਗਿਆਨ ਵਿਚ ਕਈ ਪ੍ਰਾਪਤੀਆਂ ਕੀਤੀਆਂ ਸਨ। ਆਰੀਆ ਭੱਟ ਵਰਗੇ ਲੋਕਾਂ ਨੇ ਜੋ ਸ਼ਤਾਬਦੀਆਂ ਪਹਿਲਾਂ ਕਿਹਾ ਉਸ ਨੂੰ ਅੱਜ ਦਾ ਵਿਗਿਆਨ ਮੰਨਦਾ ਹੈ। ਮੈਂ (ਪ੍ਰਧਾਨ ਮੰਤਰੀ) ਨੂੰ ਇਹੋ ਕਹਿਣਾ ਚਾਹੁੰਦਾ ਹਾਂ ਕਿ ਇਸ ਦੇਸ਼ ਵਿਚ ਜਿੰਨੀਆਂ ਸਮਰਥਾਵਾਂ ਸਨ, ਉਨ੍ਹਾਂ ਨੂੰ ਸਾਨੂੰ ਮੁੜ ਹਾਸਲ ਕਰਨ ਦੀ ਲੋੜ ਹੈ।" ਇਸ ਮੌਕੇ ਉਨ੍ਹਾਂ ਗੰਧਾਰੀ ਦੇ ਗਰਭਪਾਤ ਦੀ ਕਥਾ ਵੀ ਸੁਣਾਈ ਜਿਸ ਮੁਤਾਬਕ ਗੰਧਾਰੀ ਦੇ ਗਰਭਪਾਤ ਮਾਸ ਦੇ ਲੋਥੜੇ ਦੇ ਇਕ ਰਿਸ਼ੀ ਵਲੋਂ ਸੌ ਟੁਕੜੇ ਕਰਕੇ ਘਿਓ ਦੀਆਂ ਚਾਟੀਆਂ ਪਾ ਦੇਣ ਅਤੇ ਫਿਰ ਦੋ ਸਾਲਾਂ ਪਿਛੋਂ 100 ਕੌਰਵਾਂ ਦੇ ਜਨਮ ਹੋਣ ਦੀ ਮਿਥਨ ਕਥਾ ਹੈ। ਜਿਸ ਨੂੰ ਉਨ੍ਹਾਂ ਨੇ ਅਜੋਕੀ ਟੈਸਟ ਟਿਊਬ ਬੇਬੀ ਦੇ ਜਨਮ ਨਾਲ ਜੋੜ ਕੇ ਪੁਰਾਤਨ ਭਾਰਤੀ ਡਾਕਟਰੀ ਖੇਤਰ ਦੀ ਪ੍ਰਾਪਤੀ ਕਿਹਾ। ਹੁਣ ਜਦੋਂ ਦੇਸ਼ ਦਾ ਪ੍ਰਧਾਨ ਮੰਤਰੀ ਦੇਸ਼ ਦੀ ਅਰਥ ਰਾਜਧਾਨੀ ਵਿਚ ਸਭ ਤੋਂ ਅਮੀਰ ਹੀ ਨਹੀਂ ਬੌਧਿਕ ਤਬਕੇ (ਡਾਕਟਰ-ਸਾਇੰਸਦਾਨ) ਆਦਿ ਵਿਚ ਅਜਿਹੇ 'ਗਿਆਨ' ਦਾ ਇਤਿਹਾਸ ਦੂਹਰਾ ਰਿਹਾ ਹੋਵੇ ਅਤੇ ਡਾਕਟਰ ਵਿਗਿਆਨੀ ਵੀ ਉਹਦੇ ਭਾਸ਼ਣ ਦੀ ਜੈ ਜੈ ਕਾਰ ਕਰ ਰਹੇ ਹੋਣ ਤਾਂ ਇਸ ਨੂੰ ਦੇਸ਼ ਦੀ ਬੌਧਿਕ ਅਮੀਰੀ ਕਿਹਾ ਜਾਵੇ ਜਾਂ ਕੰਗਾਲੀ?

ਵੈਸੇ ਦੱਸ ਦੇਈਏ ਇਹ '(ਆ) ਗਿਆਨ' ਦਾ ਸੋਮਾ ਦੀਨਾ ਨਾਥ ਬਤਰਾ ਦੀ ਉਹ ਕਿਤਾਬ ਹੈ ਜਿਸਦਾ ਨਾਂ -ਤੇਜੋਮਯ ਭਾਰਤ-ਹੈ ਅਤੇ ਜਿਹੜੀ ਪੁਰਾਣਾ, ਉਪਨਿਸ਼ੇਧਾਂ ਦੀਆਂ ਮਿਥਕ ਕਥਾਵਾਂ ਅਤੇ ਕਲਪਨਾਵਾਂ ਨੂੰ ਐਸੀ ਗੈਰ ਵਿਗਿਆਨਕ ਦ੍ਰਿਸ਼ਟੀ ਨਾਲ ਪੇਸ਼ ਕਰਦੀ ਹੈ ਜਿਸ ਨਾਲ ਨਾ ਸਿਰਫ਼ ਗੈਰ ਵਿਗਿਆਨਕ ਅਤੇ ਗੈਰ ਤਰਕਸ਼ੀਲ ਸੋਚ ਦੀ ਪਿਉਦ ਲਗਦੀ ਹੈ ਸਗੋਂ ਕੱਟੜ ਹਿੰਦੂ (ਫਿਰਕੂ) ਤੁਅਸਬ ਨੂੰ ਪੈਦਾ ਕਰਦੀ ਹੈ। ਅਜਿਹੇ ਹਾਸੋਹੀਣੇ ਅਤੇ ਗੈਰ ਵਿਗਿਆਨਕ ਢੰਗ ਨਾਲ ਲਿਖੀਆਂ ਗਈਆਂ ਕਿਤਾਬਾਂ ਕੁਝ ਸਾਲ ਪਹਿਲਾਂ ਗੁਜਰਾਤ ਦੇ ਸਕੂਲਾਂ 'ਚ ਲਾ ਦਿੱਤੀਆਂ ਗਈਆਂ ਹਨ ਜਿਨ੍ਹਾਂ ਦਾ ਮੁੱਖ ਬੰਦ ਪ੍ਰਧਾਨ ਮੰਤਰੀ ਨੇ ਹੀ ਲਿਖਿਆ ਹੈ ਅਤੇ ਜਿਨ੍ਹਾਂ ਨੂੰ ਸਹਿਜੇ ਸਹਿਜੇ ਦੇਸ਼ ਦੇ ਹੋਰ ਸਕੂਲਾਂ ਵਿਚ ਵੀ ਲਾਉਣ ਦੀ ਪੂਰੀ ਤਿਆਰੀ ਹੈ। ਇਹ ਕਿਤਾਬਾਂ ਇਕ ਵਿਸ਼ੇਸ਼ ਏਜੰਡੇ ਹਿੰਦੂਤਵ ਨੂੰ ਫੈਲਾਉਣ ਹਿੱਤ ਲਿਖੀਆਂ ਗਈਆਂ ਹਨ। ਆਰ. ਐਸ. ਐਸ. ਦੀਆਂ ਸ਼ਾਖਾਵਾਂ ਵਿਚ ਇਹੋ ਇਤਿਹਾਸ ਪੜ੍ਹਾਇਆ ਜਾਂਦਾ ਹੈ।

ਮਿਥਕ ਕਥਾ ਸਾਹਿਤ ਜਾਂ ਲੋਕ ਕਥਾ ਸਹਿਤ ਵਿਚਲੀਆਂ ਕਲਪਨਾਵਾਂ ਅਤੇ ਹਕੀਕੀ ਸੱਚ ਦੇ ਵਿਚਕਾਰ ਅੰਤਰ ਨਾ ਕਰ ਸਕਣਾ, ਦੀ ਇਕ ਸੀਮਤਾਈ ਦਿਸਦੀ ਹੈ। ਉਂਝ ਰਚਨਾਤਮਕ ਸਾਹਿਤ ਅਕਸਰ ਹੀ ਪ੍ਰਤੀਕਆਤਮਕਾ ਵਿਚ ਸੰਵਾਦ ਕਰਦਾ ਹੈ। ਇਸ ਲਈ ਨਾ ਹੀ ਮਿਥਕ ਕਥਾਵਾਂ ਜਾਂ ਮਹਾਂਕਾਵਿ ਦੀਆਂ ਅਤੇ ਨਾ ਹੀ ਸਮਕਾਲੀਨ ਸਾਹਿਤ ਦੀਆਂ ਘਟਨਾਵਾਂ ਜਾਂ ਚਰਿਤਰਾਂ ਨੂੰ ਹੂਬਹੂ ਲਿਆ ਜਾ ਸਕਦਾ ਹੈ। ਸਗੋਂ ਇਹਦੇ ਛੁਪੇ ਅਰਥਾਂ ਨੂੰ ਲੱਭਿਆ ਜਾਂਦਾ ਹੈ। ਇਹਦੇ ਕੋਡਾਂ ਨੂੰ ਖੋਹਲਿਆ ਜਾਂਦਾ ਹੈ। ਮਿਸਾਲ ਲਈ ਉੱਡਣ ਵਾਲਾ ਆਦਮੀ ਕਦੇ ਵੀ ਸੰਭਲ ਨਹੀਂ ਸਕਦਾ ਪਰ ਮਨੁੱਖ ਕਲਪਨਾ 'ਚ ਹਮੇਸ਼ਾ ਉਡਦਾ ਰਹਿੰਦਾ ਹੈ। ਇਸ ਲਈ ਦੁਨੀਆ ਦੀਆਂ ਸਾਰੀਆਂ ਸੰਸਕ੍ਰਿਤੀਆਂ ਸਭਿਆਚਾਰਾਂ ਵਿਚ ਉਡਦੇ ਮਨੁੱਖ ਦੇ ਕਥਾ ਪ੍ਰਗਟਾਅ ਮਿਲਦੇ ਹਨ। ਕਰਨ ਦੀ ਜਨਮ ਕਥਾ ਦਾ ਮੂਲ ਕੀ ਹੈ? ਇਹ ਨੂੰ ਨਾ ਬੱਤਰਾ ਲੱਭ ਸਕਦਾ ਸੀ ਨਾ ਪ੍ਰਧਾਨ ਮੰਤਰੀ। ਇਹ ਵੰਸ਼ ਅਨੁਵੰਸ਼ਕੀ ਵਿਗਿਆਨ (ਵੰਸ਼ ਪ੍ਰੰਪਰਾ) ਦੀ ਪ੍ਰਾਪਤੀ ਨਹੀਂ, ਸਗੋਂ ਕਲਾਤਮਕ ਰੂਪ ਵਿਚ ਉਸ ਦੌਰ ਦੇ ਸਮੇਂ ਦੇ ਔਰਤ ਮਰਦ ਸਬੰਧਾਂ ਦੇ ਖੁੱਲ੍ਹੇਪਣ ਦਾ ਸੰਕੇਤ ਹੈ, ਜਾਂ ਫਿਰ ਭਾਰਤੀ ਵਿਆਹ ਸੰਸਥਾ ਦੇ ਸ਼ੁਰੂਆਤੀ ਦੌਰ ਦੀ ਹਾਲਤ ਦਾ ਪਤਾ ਲਗਦਾ ਹੈ। ਇਸ ਦੌਰ 'ਚ ਪਿਛਲੇਰੇ ਮਾਤਰੀ ਪ੍ਰਧਾਨ (ਔਰਤ ਪ੍ਰਧਾਨ) ਸਮਾਜ ਦੇ ਉਹ ਅਵਸ਼ੇਸ਼ ਵੀ ਕਹੇ ਜਾ ਸਕਦੇ ਹਨ ਜਿਨ੍ਹਾਂ ਨੂੰ ਮਰਦ ਪ੍ਰਧਾਨ ਸਮਾਜ 'ਚ ਕਵੀ ਨੇ ਇਕ ਕਲਾਤਮਕ ਢੰਗ ਨਾਲ ਪੇਸ਼ ਕੀਤਾ ਹੈ।

ਮਹਾਂਭਾਰਤ ਵਿਚ ਅਜਿਹੀਆਂ ਕਈ ਕਾਲਪਿਤ ਕਥਾਵਾਂ ਹਨ। ਮਿਸਾਲ ਲਈ ਯੁਧਿਸ਼ਟਰ ਦਾ ਰਥ ਜ਼ਮੀਨ ਤੋਂ ਤਿੰਨ ਫੁੱਟ ਉਚਾ ਚਲਦਾ ਹੈ ਜਾਂ ਭੀਸ਼ਮ ਦਾ ਤੀਰਾਂ ਦੀ ਸੇਜ਼ ਉਤੇ ਕਈ ਦਿਨਾਂ ਤੱਕ ਪਏ ਰਹਿਣਾ ਜਾਂ ਫਿਰ ਘਟੋਤਕਚ ਦੇ ਵੱਢੇ ਹੋਏ ਸਿਰ ਵਲੋਂ ਕਈ ਦਿਨਾਂ ਤੱਕ ਮਹਾਂਭਾਰਤ ਦਾ ਬਾਕੀ ਯੁੱਧ ਵੇਖਦੇ ਰਹਿਣਾ ਅਤੇ ਹੱਸਣਾ? ਇਹ ਸਾਰੀਆਂ ਕਥਾਵਾਂ ਇਕ ਕਾਵਿਕ ਕੋਡ 'ਚ ਪੇਸ਼ ਕੀਤੀਆਂ ਕਾਵਿ ਕਲਪਨਾਵਾਂ ਹਨ।

ਜਿਸ ਨੂੰ ਪ੍ਰਧਾਨ ਮੰਤਰੀ ਪਲਾਸਟਿਕ ਸਰਜਰੀ ਕਹਿ ਰਹੇ ਹਨ ਅਜਿਹੀਆਂ ਕਾਲਪਨਿਕ ਜਾਂ ਮਿਥਕ ਬਿੰਬ ਨਾ ਸਿਰਫ਼ ਪੁਰਾਤਨ ਭਾਰਤੀ ਸੰਸਕ੍ਰਿਤੀ ਸਭਿਆਚਾਰ ਵਿਚ ਸਗੋਂ ਹੋਰ ਪੁਰਾਤਨ ਸੰਸਕ੍ਰਿਤੀ (ਸਿੰਫਕਸ, ਮਿਨੋਟਰੋ ਅਤੇ ਜਲਪਰੀ, ਮਾਰਮੇਡ) ਦੇ ਰੂਪ ਵਿਚ ਵੀ ਮਿਲਦੇ ਹਨ। ਪ੍ਰਧਾਨ ਮੰਤਰੀ ਜੀ ਦੱਸ ਸਕਦੇ ਹਨ ਕਿ ਆਦਮੀ ਦੇ ਧੜ ਉਤੇ ਜਾਨਵਰ ਦਾ ਸਿਰ ਲਾਉਣ ਦੀ ਥਾਂ ਮਹਾਂਭਾਰਤ ਵਿਚ ਕੱਟੇ ਹੋਏ ਸਿਰਾਂ ਵਾਲੇ ਯੋਧਿਆਂ ਦੇ ਮੁੜ ਸਿਰ ਕਿਉਂ ਨਹੀਂ ਰੋਪੇ ਗਏ? ਜੇ ਐਨੀ ਵਿਕਸਿਤ ਹੀ ਪਲਾਸਟਿਕ ਸਰਜਰੀ ਸੀ? ਵੈਸੇ ਪਾਠਕਾਂ ਨੂੰ ਦੱਸ ਦੇਈਏ ਕਿ ਪੁਰਾਤਨ ਅਯੁਰਵੈਦਿਕ ਗ੍ਰੰਥਾਂ ਵਿਚ ਇਥੋਂ ਤੱਕ ਅਰਥਵੇਦ ਵਿਚ ਵੀ ਇਸ ਮੈਡੀਕਲ ਪੱਧਤੀ ਦਾ ਜ਼ਿਕਰ ਨਹੀਂ ਲੱਭਦਾ। ਮੈਡੀਕਲ ਖੇਤਰ ਨਾਲ ਸਬੰਧਤ ਪੁਰਾਤਨ ਲਿਖਤਾਂ ਵਿਚ ਤਾਂ ਅਜਿਹਾ ਕੁਝ ਸੰਕੇਤ ਮਾਤਰ ਜ਼ਿਕਰ ਹੁੰਦਾ ਹੈ? ਪਰ ਪ੍ਰਧਾਨ ਮੰਤਰੀ ਤਾਂ ਤਰਕ ਦ੍ਰਿਸ਼ਟੀ ਨਾਲ ਨਹੀਂ ਸੌੜੀ ਧਰਮ ਦ੍ਰਿਸ਼ਟੀ ਨਾਲ ਦੇਖਣ ਦਾ ਆਦੀ ਹੈ। ਹੈ ਨਹੀਂ ਬਚਪਨ ਤੋਂ ਹੀ ਬਣਾ ਦਿੱਤਾ ਗਿਆ ਹੈ। ਵੈਸੇ ਪਾਠਕਾਂ ਦੀ ਜਾਣਕਾਰੀ ਹਿੱਤ ਪੇਂਡੂ ਖੇਤਰਾਂ ਵਿਚ ਪਸ਼ੂਆਂ ਦੇ ਸਿੰਗ ਦਾਗਣ, ਪਸ਼ੂ ਦਾਗਣ ਜਾਂ ਕਿਸੇ ਗਲੇ ਸੜੇ ਹਿੱਸੇ ਨੂੰ ਅੱਗ 'ਚ ਤਪਦੇ ਲੋਹੇ ਨਾਲ ਸਾੜਣ ਦੀ ਪੁਰਾਤਨ ਜਾਲਮਾਨਾ ਪੱਧਤੀ ਅਜੇ ਵੀ ਕਿਤੇ ਕਿਤੇ ਦੇਖੀ ਜਾ ਸਕਦੀ ਹੈ। ਕਬਾਇਲੀ ਆਦਿਵਾਸੀ ਖੇਤਰਾਂ ਵਿਚ ਇਹਨੂੰ ਕਿਸੇ ਹੱਦ ਤੱਕ ਮਨੁੱਖਾਂ ਉਤੇ ਵੀ ਵਰਤਿਆ ਜਾਂਦਾ ਹੈ। ਜਿਥੇ ਸਰੀਰ ਦੇ ਕਿਸੇ ਵੱਡੇ ਟੱਕ ਨੂੰ ਲਾਲ ਹੋਏ ਲੋਹੇ ਦੀ ਸੂਈ ਨਾਲ ਸਿਊਣ ਦੀਆਂ ਮਿਸਾਲਾਂ ਮਿਲੀਆਂ ਸਨ ਜਾਂ ਹਨ ਪਰ ਪਲਾਸਟਿਕ ਸਰਜਰੀ ਨਹੀਂ। ਵੈਸੇ 1794 ਈ. ਵਿਚ ਇਕ ਬਰਤਾਨਵੀ ਪਰਚੇ 'ਚ ਛਪੇ ਇਕ ਲੇਖ ਵਿਚ ਅਜਿਹੇ ਕੁਝ ਉਪਾਵਾਂ ਨੂੰ ਭਾਵ ਗਲੇ ਸੜੇ ਅੰਗਾਂ ਨੂੰ ਸਾੜਣ ਨੂੰ ਰਿਨੋਪਲਾਸਟੀ (ਨਸਿਕਾ ਦੀ ਪਲਾਸਟਿਕ ਸਰਜਰੀ) ਦੇ ਨਾਂ ਹੇਠ ਦਰਜ ਵੀ ਕੀਤਾ ਗਿਆ ਹੈ। ਪਰ ਇਕ



ਵਾਰ ਫੇਰ ਇਹ ਕਦਾਚਿਤ ਪਲਾਸਟਿਕ ਸਰਕਾਰੀ ਵਿਸ਼ੇਸ਼ ਕਰਕੇ ਗਣੇਸ਼ ਵਾਲੀ ਕਥਾ ਵਿਧੀ ਕਦਾਚਿਤ ਨਹੀਂ।

ਰਹੀ ਗੱਲ ਆਰੀਆ ਭੱਟ ਦੀ। ਗੱਲ ਸਹੀ ਹੈ ਕਿ ਆਰੀਆ ਭੱਟ ਵਰਗੇ ਵਿਦਵਾਨਾਂ ਦਾ ਪੁਰਾਤਨ ਮਾਹਿਰਾਂ ਵਿਚ ਜ਼ਿਕਰ ਹੈ। ਪਰ ਅਫਸੋਸ ਇਹ ਕਿ ਆਰੀਆ ਭੱਟ ਆਕਾਸ਼ ਮੰਡਲ ਵਿਗਿਆਨੀ ਨਹੀਂ। ਜਿਹਨੇ ਉਡਨ ਤਸ਼ਕਰੀਆਂ ਜਾਂ ਅਜਿਹੇ ਮਿਥਕ ਕੌਤਕ ਆਜ਼ਾਦ ਕੀਤੇ। ਆਰੀਆ ਭੱਟ ਤਾਂ ਇਕ ਗਣਿਤ ਵਿਗਿਆਨੀ ਜਾਂ ਖਗੋਲ ਵਿਗਿਆਨੀ ਸੀ। ਜਿਹਨੇ ਹਿਸਾਬ ਦੇ ਸਿਧਾਂਤਾਂ ਅਤੇ ਗ੍ਰਿਹਾਂ ਦੀਆਂ ਗਤੀਆਂ ਸਬੰਧੀ ਅਧਿਐਨ ਕੀਤਾ ਸੀ। ਭਾਰਤੀ ਹੀ ਨਹੀਂ ਮਾਯਾ ਸਭਿਅਤਾ ਵਿਚ ਵੀ ਅਜਿਹਾ ਜ਼ਿਕਰ ਮਿਲਦਾ ਹੈ। ਵੈਸੇ ਪ੍ਰਧਾਨ ਮੰਤਰੀ ਜੀ ਵਿਗਿਆਨ ਕੋਈ ਚਮਤਕਾਰ ਨਹੀਂ ਹੁੰਦਾ ਸਗੋਂ ਵਿਕਾਸ ਤੇ ਖੋਜ ਦੀ ਇਕ ਪ੍ਰਕਿਰਿਆ ਹੈ। ਅਜੇ ਵੀ ਆਰੀਆ ਭੱਟ ਦੇ ਗ੍ਰੰਥ ਆਰੀਆ ਭੱਟੀਯ ਜਾਂ ਆਯੁਰਵੈਦਿਕ ਦੇ ਵੱਖ-ਵੱਖ ਪੁਰਾਤਨ ਗ੍ਰੰਥ ਜੋ ਉਪਲਬਧ ਹਨ। ਉਨ੍ਹਾਂ ਵਿਚ ਅਕਾਸ਼ (ਸੋਰ) ਮੰਡਲ ਵਿਗਿਆਨ ਸਬੰਧੀ ਕੋਈ ਚਰਚਾ ਨਹੀਂ ਮਿਲਦੀ।

ਅਫਸੋਸ ਤਾਂ ਇਸ ਗੱਲ ਦਾ ਕਿ ਇਸ ਮੌਕੇ ਸਮਾਗਮ ਦੇ ਮੰਚ ਸੰਚਾਲਕ ਅਤੇ ਸੰਸਦ ਮੈਂਬਰ ਪਰੇਸ਼ ਰਾਵਲ ਨੇ ਤਾਂ ਇਥੋਂ ਤੱਕ ਕਿਹਾ ਕਿ "ਸਾਡੇ ਨਰਿੰਦਰ ਮੋਦੀ ਜੀ ਤਾਂ ਲਿਖਿਆ ਹੋਇਆ ਨਹੀਂ ਪੜ੍ਹਦੇ। ਉਨ੍ਹਾਂ ਦਾ ਗਿਆਨ ਵਿਸ਼ਾਲ ਹੈ ਉਹ ਕਿਸੇ ਵੀ ਵਿਸ਼ੇ ਉਤੇ ਬੋਲ ਸਕਦੇ ਹਨ।" ਇਹ ਵਿਅੰਗ ਤਾਂ ਉਨ੍ਹਾਂ ਦਾ ਮਨਮੋਹਨ ਸਿੰਘ ਉਤੇ ਸੀ। ਪਰ ਇਕ ਦੇਸ਼ ਦਾ ਪ੍ਰਧਾਨ ਮੰਤਰੀ ਜਦੋਂ ਅਜਿਹੀਆਂ ਬੇਥਵੀਆਂ ਮਾਰ ਕੇ ਵਾਹ ਵਾਹ ਖੱਟਣ ਦੀ ਨੌਟੰਕੀ ਕਰ ਰਿਹਾ ਹੋਵੇ ਤਾਂ ਇਹਨੂੰ ਕੀ ਕਿਹਾ ਜਾਵੇ? ਚਿੰਤਾ ਦੀ ਗੱਲ ਤਾਂ ਇਹ ਵੀ ਹੈ ਕਿ ਵਿਗਿਆਨੀਆਂ, ਡਾਕਟਰਾਂ ਅਤੇ ਬੌਧਿਕ ਖੇਤਰ ਦੇ ਇਸ ਉਦਘਾਟਨੀ ਝੁੰਡ ਵਿਚੋਂ ਕਿਸੇ ਨੇ ਪ੍ਰਧਾਨ ਮੰਤਰੀ ਦੇ ਇਸ ਭਾਸ਼ਣ ਉਤੇ ਕਿੰਤੂ ਪ੍ਰੰਤੂ ਨਹੀਂ ਕੀਤਾ? ਉਂਝ ਚਮਤਕਾਰਾਂ 'ਚ ਤਾਂ ਇਹ ਵੀ ਹੈ ਕਿ ਪੁਰਾਤਨ ਭਾਰੀ ਸਭਿਆਚਾਰ ਵਿਚ ਨਾ ਸਿਰਫ਼ ਪਸ਼ੂਆਂ ਦੀ ਸਗੋਂ ਨਰ ਬਲੀ ਵੀ ਦਿੱਤੀ ਜਾਂਦੀ ਸੀ, ਦੀ ਮਹਿਮਾ ਗਾਈ ਜਾਵੇ? ਜਾਂ ਔਰਤ ਨੂੰ ਡਾਇਣ ਕਹਿ ਕੇ ਇੱਟਾਂ ਪੱਥਰਾਂ ਨਾਲ ਮਾਰ ਦਿੱਤਾ ਜਾਂਦਾ ਸੀ। ਜਾਂ ਦਵਾਈਆਂ ਦੇ ਨਾਂ ਉਤੇ ਜਾਦੂ, ਟੂਣਾ ਸੰਗਲਾਂ ਨਾਲ ਚਿਮਟਿਆਂ ਨਾਲ ਕੁੱਟਣ ਜਾਂ ਗਰਮ ਲੋਹੇ ਦੀਆਂ ਸਲਾਖਾਂ ਨਾਲ ਦਾਗਣ ਵਰਗੀਆਂ ਅਣਮਨੁੱਖੀਆਂ ਪੱਧਤੀਆਂ ਮਿਲਦੀਆਂ ਹਨ, ਵੀ ਮਹਿਮਾ ਹੀ ਨਾ ਗਾਈ ਜਾਵੇ ਸਗੋਂ ਮੁੜ ਸੁਰਜੀਤ ਕੀਤਾ ਜਾਵੇ। ਪਾਠਕਾਂ ਦੀ ਜਾਣਕਾਰੀ ਹਿੱਤ ਇਸ ਵਾਰ ਬਜਟ ਵਿਚ 500 ਕਰੋੜ ਰੁਪਏ ਦੀ ਰਾਸ਼ੀ ਰਾਸ਼ਟਰੀ ਗੋਕਲ ਪ੍ਰੋਜੈਕਟ ਲਈ ਰਾਖਵੀਂ ਰੱਖੀ ਹੈ। ਜਿਹੜੀ ਪੁਰਾਣੀਆਂ ਗਾਵਾਂ ਦੀਆਂ ਗਊਸ਼ਾਲਾ ਜਿਥੇ ਸਿਰਫ਼ ਗਊ ਦਾ ਪਿਸ਼ਾਬ ਹੀ ਇਕੱਠਾ ਕੀਤਾ ਜਾਣਾ ਹੈ ਅਤੇ ਜਿਸ ਤੋਂ ਦਵਾਈਆਂ ਤਿਆਰ ਕੀਤੀਆਂ ਜਾਣੀਆਂ ਹਨ।

ਲੰਡਨ ਦੇ ਇਕ ਅਖ਼ਬਾਰ ਗਾਰਡੀਅਨ ਨੇ ਨਰਿੰਦਰ ਮੋਦੀ ਦੇ ਇਸ ਭਾਸ਼ਣ ਦੀ ਪੂਰੀ ਰਿਪੋਰਟ ਛਾਪੀ ਹੈ ਅਤੇ ਸਵਾਲ ਉਠਾਇਆ ਹੈ ਕਿ "ਆਖਿਰ ਵਿਗਿਆਨੀ ਬੋਲਦੇ ਕਿਉਂ ਨਹੀਂ? ਕੀ ਅਸੀਂ ਅਜਿਹੇ ਯੁੱਗ ਵਿਚ ਪ੍ਰਵੇਸ਼ ਕਰ ਗਏ ਹਾਂ ਕਿ ਜਦੋਂ ਕੋਈ ਤਾਕਤਵਰ ਆਦਮੀ ਸਥਾਪਤ ਵਿਗਿਆਨ ਦੇ ਤੱਥਾਂ ਨੂੰ ਝੂਠਾ ਕਹੇ ਜਾਂ ਮਜ਼ਾਕ ਉਡਾਵੇ ਤਾਂ ਅਸੀਂ ਚੁੱਪ ਕਰਕੇ ਵੇਖਦੇ ਰਹੀਏ?" ਇਸ ਉਤੇ ਇਕ ਅੱਧ ਚੈਨਲ ਨੂੰ ਜਾਂ ਅਖ਼ਬਾਰ ਨੂੰ ਛੱਡ ਕੇ ਪੂਰੇ ਮੀਡੀਆ ਵਿਚ ਹੀ ਜਿਹੜੀ ਚੁੱਪ ਵਰਤੀ ਹੈ ਉਹ ਖਤਰਨਾਕ ਹੈ। ਪ੍ਰਧਾਨ ਮੰਤਰੀ ਦੇ ਵਿਦਿਅਕ ਗਿਆਨ ਬਾਰੇ ਕਿਸੇ ਨੂੰ ਭੁਲੇਖਾ ਨਹੀਂ ਪਰ ਜਿਸ ਕੁਰਸੀ ਉਤੇ ਉਹ ਬੈਠਾ ਹੈ ਉਹਦੀ ਇਕ ਮਰਿਆਦਾ ਹੈ। ਰਾਜਨੀਤਕ ਨੇਤਾ ਚੋਣ ਮਾਹੌਲ 'ਚ ਵਾਹ ਵਾਹ ਖੱਟਣ ਦੇ ਆਦਿ ਤਾਂ ਹੁੰਦੇ ਹਨ ਪਰ ਜ਼ਿੰਮੇਵਾਰ ਕੁਰਸੀ ਉਤੇ ਬਿਰਾਜਮਾਨ ਹੋਣ ਪਿਛੋਂ ਅਤੇ ਅਹੁਦੇ ਅਤੇ ਸੰਵਿਧਾਨ ਦੀ ਮਰਿਆਦਾ ਦੀ ਪਾਲਣਾ ਇਕ ਜ਼ਿੰਮੇਵਾਰੀ ਹੈ। ਸਾਡੇ ਸੰਵਿਧਾਨ ਦੀ ਮਰਿਆਦਾ ਦੀ ਪਾਲਣਾ ਇਕ ਜ਼ਿੰਮੇਵਾਰੀ ਹੈ। ਸਾਡੇ ਸੰਵਿਧਾਨ ਵਿਚ ਹੀ ਦਰਜ ਹੈ-ਨਾਗਰਿਕਾਂ ਨੂੰ ਵਿਗਿਆਨਕ ਸੋਚ ਨਾਲ ਲੈਸ ਕਰਨਾ-ਫਿਰ ਅਜਿਹੀਆਂ ਅਧਾਰਹੀਣ ਅਤੇ ਅਵਿਗਿਆਨਕ, ਬੇਤੁਕੀਆਂ, ਤਰਕ ਨਾਲ ਸੋਚਣ ਵਾਲੇ ਭਾਰਤੀ ਕਿਵੇਂ ਬਰਦਾਸ਼ਤ ਕਰ ਸਕਦੇ ਹਨ। ਵੈਸੇ ਪ੍ਰਧਾਨ ਮੰਤਰੀ ਦੇ ਭਾਸ਼ਣ ਪਿਛੇ ਛੁਪੇ ਮਨਸ਼ਿਆਂ ਅਤੇ ਪਿਛਲੇਰੀ 1200 ਸਾਲ ਦੀ ਗੁਲਾਮੀ ਤੋਂ ਮੁਕਤ ਹੋਣ ਦੀ ਦੁਹਾਈ-ਕੀ ਕਹਿਣਾ ਚਾਹੁੰਦੀ ਹੈ? ਚੇਤਨਸ਼ੀਲ ਭਾਰਤੀ ਇਹ ਭਲੀ-ਭਾਂਤ ਜਾਣਦੇ ਹਨ।

093544-30211

# ਅਮਰੀਕਾ 'ਚ ਗ਼ੈਰ-ਕਾਨੂੰਨੀ ਪ੍ਰਵਾਸੀਆਂ ਦੀ ਹੋਣੀ



ਡਾ. ਚਰਨਜੀਤ ਸਿੰਘ ਗੁਮਟਾਲਾ

ਅਮਰੀਕਾ ਵਿਚ ਕੋਈ 1 ਕ੍ਰੋੜ 10 ਲੱਖ ਤੋਂ ਵੱਧ ਗ਼ੈਰ ਕਾਨੂੰਨੀ ਪ੍ਰਵਾਸੀ ਇਸ ਸਮੇਂ ਰਹਿੰਦੇ ਹਨ। ਇਨ੍ਹਾਂ, ਉਪਰ ਦੇਸ਼ ਨਿਕਾਲੇ ਦੀ ਤਲਵਾਰ ਹਰ ਸਮੇਂ ਲਟਕਦੀ ਰਹਿੰਦੀ ਹੈ। ਇਹ ਚੋਰੀ ਛੁਪੇ ਰਹਿੰਦੇ ਹਨ। ਇਹ ਆਪਣੇ ਮੁਲਕ ਨਹੀਂ ਜਾ ਸਕਦੇ ਕਿਉਂਕਿ ਉਨ੍ਹਾਂ ਪਾਸ ਲੋੜੀਂਦੇ ਕਾਗਜ਼ ਪੱਤਰ ਨਹੀਂ ਹਨ। ਉਹ ਜੇ ਇਕ ਵਾਰ ਚਲੇ ਗਏ ਤਾਂ ਉਹ ਮੁੜ ਵਾਪਸ ਨਹੀਂ ਆ ਸਕਦੇ। 1986 ਵਿਚ ਉਸ ਸਮੇਂ ਦੇ ਰਾਸ਼ਟਰਪਤੀ ਰੋਨਲਡ ਰੀਗਲ ਨੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਆਮ ਮੁਆਫ਼ੀ ਦੇ ਦਿੱਤੀ ਸੀ, ਜਿਸ ਦਾ ਸਬੰਧ ਇਸ ਸਮੇਂ ਦੀ ਵਿਰੋਧੀ ਪਾਰਟੀ ਰੀਪਬਲਿਕਨ ਪਾਰਟੀ ਨਾਲ ਸੀ। ਕੋਈ ਤਿੰਨ ਦਹਾਕੇ ਤੋਂ ਗ਼ੈਰ ਕਾਨੂੰਨੀ ਪ੍ਰਵਾਸੀ ਧੱਕੇ ਖਾ ਰਹੇ ਹਨ। ਕਈਆਂ ਦੇ ਮਾਤਾ ਪਿਤਾ ਜਾਂ ਨਜ਼ਦੀਕੀ ਗੁਜਰ ਗਏ ਪਰ ਉਹ ਉਨ੍ਹਾਂ ਦੀਆਂ ਅੰਤਮ ਰਸਮਾਂ ਵਿਚ ਪਹੁੰਚ ਨਹੀਂ ਸਕੇ। ਕਈਆਂ ਦੇ ਬੱਚਿਆਂ ਦੇ ਵਿਆਹ ਹੋਏ ਤਾਂ ਪਰ ਉਹ ਉਸ ਵਿਚ ਸ਼ਾਮਲ ਨਹੀਂ ਹੋ ਸਕੇ। ਗ਼ੈਰ-ਕਾਨੂੰਨੀ ਹੋਣ ਕਰਕੇ ਇਨ੍ਹਾਂ ਨੂੰ ਕੰਮ ਕਰਨ ਦਾ ਪਰਮਿਟ ਨਹੀਂ ਮਿਲਦਾ। ਜੇ ਕੋਈ ਕੰਮ ਦਿੰਦਾ ਹੈ ਤਾਂ ਉਨ੍ਹਾਂ ਨੂੰ ਘਟ ਤਨਖਾਹ ਦਿੰਦਾ ਹੈ ਤੇ ਉਹ ਸਹੂਲਤਾਂ ਵੀ ਨਹੀਂ ਮਿਲਦੀਆਂ ਜਿਹੜੀਆਂ ਬਾਕੀਆਂ ਨੂੰ ਮਿਲਦੀਆਂ ਹਨ। ਜੇ ਕਿਸੇ ਦੇ ਨਾਲ ਬੱਚੇ ਆਏ ਹਨ ਤਾਂ ਉਨ੍ਹਾਂ ਨੂੰ ਪੜ੍ਹਾਈ ਕਰਨ ਵਿਚ ਬਹੁਤ ਮੁਸ਼ਕਲ ਆਉਂਦੀ ਹੈ, ਹਾਲਾਂ ਕਿ ਇੱਥੇ 12ਵੀਂ ਤੱਕ ਪੜ੍ਹਾਈ ਮੁਫ਼ਤ ਹੈ, ਇੱਥੋਂ ਤੀਕ ਸਕੂਲੀ ਬੱਸਾਂ ਦਾ ਕਿਰਾਇਆ ਵੀ ਨਹੀਂ ਦੇਣਾ ਪੈਂਦਾ। ਕਾਰ ਤੋਂ ਬਗ਼ੈਰ, ਇੱਥੇ ਰਹਿਣਾ ਬੜਾ ਮੁਸ਼ਕਲ ਹੈ। ਕਾਗਜ਼ ਪੱਤਰ ਨਾ ਹੋਣ ਕਰਕੇ ਡਰਾਇਵਿੰਗ ਲਾਇਸੈਂਸ ਨਹੀਂ ਮਿਲਦਾ। ਇਸ ਤਰ੍ਹਾਂ ਉਨ੍ਹਾਂ ਨੂੰ ਬੜੀਆਂ ਮੁਸ਼ਕਿਲਾਂ ਵਿਚੋਂ ਲੰਘਣਾ ਪੈਂਦਾ ਹੈ। ਪੁਲੀਸ ਦੁਆਰਾ ਫੜੇ ਜਾਣ ਤੇ ਦੇਸ਼ ਨਿਕਾਲੇ ਦੀ ਤਲਵਾਰ ਹਰ ਸਮੇਂ ਲਟਕਦੀ ਰਹਿੰਦੀ ਹੈ। ਅਮਰੀਕਾ ਇਕ ਐਸਾ ਦੇਸ਼ ਹੈ, ਜਿਹੜਾ ਇੱਥੇ ਆ ਜਾਂਦਾ ਹੈ, ਉਸ ਦਾ ਵਾਪਸ ਜਾਣ ਨੂੰ ਜੀਅ ਨਹੀਂ ਕਰਦਾ। ਇਹ ਸਾਰੇ ਇਸ ਆਸ ਨਾਲ ਬੈਠੇ ਹਨ ਕਿ ਉਨ੍ਹਾਂ ਨੂੰ ਛੇਤੀ ਹੀ ਪੱਕਿਆਂ ਕਰ ਦਿੱਤਾ ਜਾਵੇਗਾ।

ਅਮਰੀਕਾ ਵਿਚ ਸਾਡੇ ਵਾਂਗ ਦੋ ਸਦਨ ਹਨ। ਹੇਠਲੇ ਸਦਨ ਨੂੰ ਅਮਰੀਕਾ ਵਿਚ ਕਾਂਗਰਸ ਕਹਿੰਦੇ ਹਨ ਤੇ ਉਪਰਲੇ ਸਦਨ ਨੂੰ ਸੈਨੇਟ ਕਹਿੰਦੇ ਹਨ। ਪਿਛਲੀਆਂ ਚੋਣਾਂ ਵਿਚ ਰਾਸ਼ਟਰਪਤੀ ਬਰਾਕ ਓਬਾਮਾ ਨੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਪੱਕਾ ਕਰਨ ਦਾ ਵਾਅਦਾ ਕੀਤਾ ਸੀ ਪਰ ਅਜੇ ਤੱਕ ਇਥੋਂ ਦੀ ਕਾਂਗਰਸ ਵਿਚ ਇਨ੍ਹਾਂ ਨੂੰ ਪੱਕਿਆਂ ਕਰਨ ਬਾਰੇ ਸਹਿਮਤੀ ਨਾ ਬਣਨ ਕਰਕੇ, ਕੋਈ ਬਿਲ ਪਾਸ ਨਹੀਂ ਹੋ ਸਕਿਆ ਜਿਵੇਂ ਕਿ 1986 ਵਿਚ ਹੋਇਆ ਸੀ। ਉਸ ਸਮੇਂ ਕਾਂਗਰਸ ਅਤੇ ਸੈਨੇਟ ਨੇ ਬਕਾਇਦਾ ਬਿਲ ਪਾਸ ਕੀਤਾ ਸੀ, ਜਿਸ ਨੂੰ ਰਾਸ਼ਟਰਪਤੀ ਨੇ ਪ੍ਰਵਾਨ ਕਰ ਲਿਆ ਸੀ ਤੇ ਲੱਖਾਂ ਗ਼ੈਰ ਕਾਨੂੰਨੀ ਪ੍ਰਵਾਸੀ ਪੱਕੇ ਸ਼ਹਿਰੀ ਬਣ ਗਏ ਸਨ।

ਹੁਣ ਇਨ੍ਹਾਂ ਦੋਵਾਂ ਸਦਨਾਂ ਵਿਚ ਹਾਕਮ ਡੈਮੋਕਰੈਟਿਕ ਪਾਰਟੀ ਆਪਣਾ ਬਹੁਮਤ ਗੁਆ ਚੁੱਕੀ ਹੈ, ਇਸ ਲਈ ਅਜਿਹਾ ਬਿਲ ਪਾਸ ਹੋਣਾ ਮੁਸ਼ਕਲ ਹੈ। ਵਿਰੋਧੀ ਰੀਪਬਲਿਕਨ ਪਾਰਟੀ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਪੱਕਿਆਂ ਕਰਨ ਦੀ ਥਾਂ 'ਤੇ ਵਾਪਸ ਭੇਜਣਾ ਚਾਹੁੰਦੀ ਹੈ। ਅਮਰੀਕਾ ਵਿਚ ਰਾਸ਼ਟਰਪਤੀ ਨੂੰ ਵਿਸ਼ੇਸ਼ ਸ਼ਕਤੀਆਂ ਹਾਸਲ ਹਨ, ਜਿਸ ਦੀ ਵਰਤੋਂ ਕਰਦੇ ਹੋਏ 20 ਨਵੰਬਰ 2014 ਨੂੰ ਰਾਸ਼ਟਰਪਤੀ ਬਰਾਕ ਓਬਾਮਾ ਨੇ ਵਿਸ਼ੇਸ਼ ਐਲਾਨ ਕੀਤਾ, ਜਿਸ ਨੂੰ ਕਾਰਜਕਾਰੀ ਆਦੇਸ਼ (ਐਗਜ਼ੈਕਟਿਵ ਆਰਡਰ) ਕਿਹਾ ਜਾਂਦਾ ਹੈ, ਜਾਰੀ ਕੀਤਾ। ਕਾਰਜਕਾਰੀ ਆਦੇਸ਼ (ਐਗਜ਼ੈਕਟਿਵ ਆਰਡਰ) ਜਦ ਸਰਕਾਰੀ ਗ਼ਜ਼ਟ ਜਿਸ ਨੂੰ ਅਮਰੀਕਾ ਵਿਚ ਫ਼ੈਡਰਲ ਰਜਿਸਟਰ ਕਹਿੰਦੇ ਹਨ, ਛਪ ਜਾਂਦਾ ਹੈ ਤਾਂ ਇਹ ਕਾਨੂੰਨ ਬਣ ਜਾਂਦਾ ਹੈ।

ਇਸ ਆਦੇਸ਼ ਅਨੁਸਾਰ ਜਿਹੜੇ ਅਮਰੀਕਾ ਵਿਚ ਪਿਛਲੇ 5 ਸਾਲਾਂ ਤੋਂ ਰਹਿੰਦੇ ਹਨ ਤੇ ਜਿਨ੍ਹਾਂ ਵਿਰੁੱਧ ਕੋਈ ਕੇਸ ਨਹੀਂ ਹੈ, ਉਹ ਇਥੇ ਆਰਜ਼ੀ ਤੌਰ 'ਤੇ ਰਹਿ ਸਕਦੇ ਹਨ। ਉਨ੍ਹਾਂ ਨੂੰ ਕੰਮ ਕਰਨ ਦਾ ਅਧਿਕਾਰ ਹੋਵੇਗਾ। ਅਜਿਹੇ 50 ਲੱਖ ਦੇ ਕ੍ਰੀਬ ਵਿਅਕਤੀ ਹੁਣ ਆਪਣੀ ਮਰਜ਼ੀ ਦਾ ਕੰਮ



ਕਰ ਸਕਣਗੇ। ਇਨ੍ਹਾਂ ਵਿਚ ਭਾਰਤੀਆਂ ਦੀ ਗਿਣਤੀ ਕੋਈ 4 ਲੱਖ 50 ਹਜ਼ਾਰ ਦੇ ਕਰੀਬ ਹੈ। ਇਨ੍ਹਾਂ ਪ੍ਰਵਾਸੀਆਂ ਵਿਚ ਔਸਤ ਦੇ ਅਨੁਸਾਰ ਕੇਵਲ 4 ਪ੍ਰਤੀਸ਼ਤ ਹੀ ਭਾਰਤੀ ਹਨ। ਉਨ੍ਹਾਂ ਪਾਸ ਕਾਗਜ਼ ਪੱਤਰ ਨਾ ਹੋਣ ਕਰਕੇ ਜਿਹੜੀਆਂ ਮੁਸ਼ਕਲਾਂ ਦਾ ਉਨ੍ਹਾਂ ਨੂੰ ਸਾਹਮਣਾ ਕਰਨਾ ਪੈਂਦਾ ਸੀ, ਜਿਨ੍ਹਾਂ ਦਾ ਉਪਰ ਜ਼ਿਕਰ ਕੀਤਾ ਹੈ ਉਹ ਦੂਰ ਹੋ ਜਾਣਗੀਆਂ। ਉਨ੍ਹਾਂ ਨੂੰ ਵਿਦਿਅਕ ਅਦਾਰਿਆਂ ਵਿਚ ਦਾਖ਼ਲਾ ਪ੍ਰਾਪਤ ਕਰਨਾ ਆਸਾਨ ਹੋ ਜਾਵੇਗਾ, ਕੰਮ ਕਰਨ ਦਾ ਪਰਮਿਟ ਮਿਲ ਜਾਵੇਗਾ ਵਗੈਰਾ ਵਗੈਰਾ। ਕੋਈ 44 ਲੱਖ ਦੇ ਕ੍ਰੀਬ ਅਜਿਹੇ ਵਿਅਕਤੀ ਹਨ।

ਇਸ ਹੁਕਮ ਨਾਲ ਕੋਈ 2 ਲੱਖ 70 ਹਜ਼ਾਰ ਉਨ੍ਹਾਂ ਮਾਪਿਆਂ ਨੂੰ ਲਾਭ ਹੋਵੇਗਾ, ਜਿਨ੍ਹਾਂ ਨਾਲ ਬੱਚੇ ਗ਼ੈਰ ਕਾਨੂੰਨੀ ਢੰਗ ਨਾਲ ਆਏ। 15 ਸਾਲ ਤੋਂ 30 ਸਾਲ ਦੇ ਅਜਿਹੇ ਬੱਚਿਆਂ ਨੂੰ ਕੰਮ ਕਰਨ ਲਈ 2 ਸਾਲ ਦਾ ਵਰਕ ਪਰਮਿਟ ਮਿਲ ਜਾਵੇਗਾ। ਇਕ ਹੋਰ ਅਹਿਮ ਨੁਕਤਾ ਇਸ ਐਲਾਨ ਦਾ ਇਹ ਹੈ ਕਿ ਹੁਣ ਜਿਨ੍ਹਾਂ ਵਿਆਹਿਆਂ ਪਾਸ ਕੰਮ ਕਰਨ ਲਈ ਐਚ ਵਨ ਬੀ ਵੀਜ਼ਾ ਹੈ, ਉਨ੍ਹਾਂ ਦੇ ਸਾਥੀ ਭਾਵ ਪਤੀ/ਪਤਨੀ ਨੂੰ ਵੀ ਵਰਕ ਪ੍ਰਮਿਟ ਮਿਲ ਜਾਵੇਗਾ। ਪਹਿਲਾਂ ਉਹ ਕੰਮ ਨਹੀਂ ਸਨ ਕਰ ਸਕਦੇ। ਕੋਈ 4 ਲੱਖ ਦੇ ਕ੍ਰੀਬ ਉਨ੍ਹਾਂ, ਵਿਅਕਤੀਆਂ ਨੂੰ ਕੰਮ ਕਰਨ ਦਾ ਅਧਿਕਾਰ ਵੀ ਮਿਲ ਜਾਵੇਗਾ, ਜਿਨ੍ਹਾਂ ਨੇ ਗ੍ਰੈਜੂਏਸ਼ਨ, ਸਾਇੰਸ ਤਕਨਾਲੋਜੀ, ਇੰਜੀਨੀਰਿੰਗ ਅਤੇ ਹਿਸਾਬ ਨਾਲ ਕੀਤੀ ਹੈ। ਅਜਿਹੇ ਵਿਅਕਤੀਆਂ ਦੀ ਗਿਣਤੀ 4 ਲੱਖ ਦੇ ਕ੍ਰੀਬ ਹੈ। ਇਨ੍ਹਾਂ ਵਿਚ 1 ਲੱਖ ਭਾਰਤੀ ਵਿਦਿਆਰਥੀ ਹਨ।

ਇਸ ਐਲਾਨ ਦਾ ਇਨ੍ਹਾਂ ਵਿਅਕਤੀਆਂ ਨੂੰ ਲਾਭ ਹੋਰ ਵੀ ਕਈ ਲਾਭ ਹੋਣਗੇ। ਉਨ੍ਹਾਂ ਨੂੰ ਚੰਗੀਆਂ ਵੱਧ ਤਨਖਾਹ ਵਾਲੀਆਂ ਨੌਕਰੀਆਂ ਮਿਲਣਗੀਆਂ। ਉਨ੍ਹਾਂ ਨੂੰ ਤੇ ਉਨ੍ਹਾਂ ਦੇ ਬੱਚਿਆਂ ਨੂੰ ਉਚੇਰੀ ਪੜ੍ਹਾਈ ਕਰਨ ਵਿਚ ਕਈ ਤਰ੍ਹਾਂ ਦੀਆਂ ਸਹੂਲਤਾਂ ਮਿਲਣਗੀਆਂ। ਸਭ ਤੋਂ ਵੱਡੀ ਗੱਲ ਹੈ ਕਿ ਉਹ ਹੁਣ ਚੈਨ ਨਾਲ ਜ਼ਿੰਦਗੀ ਜੀਅ ਸਕਣਗੇ। ਅਮਰੀਕੀ ਸਰਕਾਰ ਨੂੰ ਵੀ ਇਸ ਦੇ ਕਈ ਲਾਭ ਹਨ। ਬਣਦੇ ਟੈਕਸ ਦੇਣ ਕਰਕੇ ਸਰਕਾਰ ਦੀ ਆਮਦਨ ਵਿਚ ਵਾਧਾ ਹੋਵੇਗਾ। ਉੱਚ-ਯੋਗਤਾ ਵਾਲੇ ਕਾਮੇ ਮਿਲਣਗੇ। ਜਿਨ੍ਹਾਂ ਨੇ ਵਾਪਸ ਜਾਣਾ ਸੀ ਉਹ ਨਹੀਂ ਜਾਣਗੇ। ਅਮਰੀਕਾ ਦੀ ਤਰੱਕੀ ਵਿਚ ਪ੍ਰਵਾਸੀਆਂ ਦਾ ਵਿਸ਼ੇਸ਼ ਯੋਗਦਾਨ ਹੈ। ਰਾਸ਼ਟਰਪਤੀ ਓਬਾਮਾ ਨੇ ਠੀਕ ਹੀ ਕਿਹਾ ਹੈ ਕਿ ਸਿਲੀਕਾਨ ਵੈਲੀ ਦੀਆਂ 30,40 ਪ੍ਰਤੀਸ਼ਤ ਕੰਪਨੀਆਂ ਜਿਨ੍ਹਾਂ ਨੇ ਅਮਰੀਕੀਆਂ ਦਾ ਜੀਵਨ ਬਦਲ ਦਿੱਤਾ ਹੈ, ਉਹ ਪ੍ਰਵਾਸੀਆਂ ਨੇ ਸ਼ੁਰੂ ਕੀਤੀਆਂ ਸਨ।

ਵਿਰੋਧੀ ਪਾਰਟੀ ਰੀਪਬਲਿਕਨ ਪਾਰਟੀ ਨੇ ਰਾਸ਼ਟਰਪਤੀ ਨੂੰ ਤਾਨਾਸ਼ਾਹ ਕਿਹਾ ਹੈ। ਦੋਵਾਂ ਹਾਊਸਾਂ ਵਿਚ ਇਨ੍ਹਾਂ ਦੀ ਬਹੁ-ਸੰਪਤੀ ਹੋਣ ਕਰਕੇ, ਕਾਨੂੰਨ ਬਣਾਉਣ ਲਈ ਇਸ ਪਾਰਟੀ ਦੀ ਸਹਿਮਤੀ ਜ਼ਰੂਰੀ ਹੈ। ਜੇ ਕੋਈ ਕਾਨੂੰਨ ਨਹੀਂ ਬਣਦਾ ਤਾਂ ਇਨ੍ਹਾਂ ਦਾ ਭਵਿੱਖ ਕੀ ਹੋਵੇਗਾ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਜਿਹੜੇ 50 ਲੱਖ ਤੋਂ ਵਧ ਗ਼ੈਰ-ਕਾਨੂੰਨੀ ਪ੍ਰਵਾਸੀ ਇਸ ਹੁਕਮ ਵਿਚ ਨਹੀਂ ਆਉਂਦੇ, ਉਨ੍ਹਾਂ ਦਾ ਕੀ ਬਣੇਗਾ? ਇਸ ਬਾਰੇ ਵੀ ਆਉਣ ਵਾਲਾ ਸਮਾਂ ਦੱਸੇਗਾ। ਫ਼ਿਲਹਾਲ ਸਭ ਨੇ ਇਸ ਦਾ ਸੁਆਗਤ ਕੀਤਾ ਹੈ। ਰਾਸ਼ਟਰਪਤੀ ਓਬਾਮਾ ਨੇ ਵਿਰੋਧੀ ਪਾਰਟੀ ਰੀਪਬਲਿਕਨ ਪਾਰਟੀ ਨੂੰ ਅਪੀਲ ਕੀਤੀ ਹੈ ਕਿ ਸਾਨੂੰ ਰਲ ਕੇ ਇਕ ਕਾਨੂੰਨ ਬਣਾਉਣਾ ਚਾਹੀਦਾ ਹੈ। ਉਨ੍ਹਾਂ ਨੇ ਕੋਈ ਗ਼ਲਤ ਕੰਮ ਨਹੀਂ ਕੀਤਾ ਤੇ ਪਹਿਲੇ ਰਾਸ਼ਟਰਪਤੀ ਵੀ ਅਜਿਹੇ ਕਾਨੂੰਨ ਬਣਾ ਚੁਕੇ ਹਨ। 1986 ਵਿਚ ਰੀਪਬਲਿਕਨ ਪਾਰਟੀ ਨੇ ਆਮ ਮੁਆਫ਼ੀ ਦਿੱਤੀ ਸੀ, ਇਸ ਲਈ ਰੀਪਬਲਿਕਨ ਪਾਰਟੀ ਨੂੰ ਵਿਰੋਧ ਕਰਨ ਦੀ ਥਾਂ 'ਤੇ ਸਰਕਾਰ ਨਾਲ ਸਹਿਯੋਗ ਕਰਨਾ ਚਾਹੀਦਾ ਹੈ। ਇਸ ਦਾ ਉਨ੍ਹਾਂ ਨੂੰ ਚੋਣਾਂ ਵਿਚ ਲਾਭ ਹੋਵੇਗਾ।

ਇਕ ਗੱਲ ਜੋ ਨੋਟ ਕਰਨ ਵਾਲੀ ਹੈ, ਉਹ ਇਹ ਹੈ ਕਿ ਜੇ ਇਸੇ ਤਰ੍ਹਾਂ ਪ੍ਰਵਾਸੀ ਅਮਰੀਕਾ ਆਉਂਦੇ ਗਏ ਤਾਂ ਗੋਰੇ 2025 ਵਿਚ ਘੱਟ ਗਿਣਤੀ ਵਿਚ ਹੋਣਗੇ। ਅਮਰੀਕੀ ਸਿਆਸਤ ਵਿਚ ਏਸ਼ੀਅਨ ਤੇ ਮੈਕਸੀਕਨ ਦਾ ਜ਼ਿਆਦਾ ਝੁਕਾਅ ਡੈਮੋਕਰੈਟਿਕ ਪਾਰਟੀ ਵੱਲ ਰਿਹਾ ਹੈ। ਕੀ ਇਸ ਦਾ ਲਾਭ 2016 ਵਿਚ ਹੋਣ ਵਾਲੀ ਰਾਸ਼ਟਰਪਤੀ ਦੀ ਚੋਣ ਵਿਚ ਇਸ ਪਾਰਟੀ ਨੂੰ ਮਿਲੇਗਾ? ਨਵੰਬਰ 2014 ਵਿਚ ਹੋਈਆਂ ਮੱਧ ਕਾਲੀ ਚੋਣਾਂ ਵਿਚ 63 ਪ੍ਰਤੀਸ਼ਤ ਲੈਟੀਨੋ (ਜਿਨ੍ਹਾਂ ਦਾ ਪਿਛੋਕੜ ਮੈਕਸੀਕੋ, ਕਿਊਬਾ, ਕੇਂਦਰੀ ਤੇ ਦੱਖਣੀ ਅਮਰੀਕਾ, ਸਪੇਨੀ ਆਦਿ ਨਾਲ ਹੈ) ਤੇ 66 ਪ੍ਰਤੀਸ਼ਤ ਏਸ਼ੀਅਨ-ਅਮਰੀਕੀਆਂ ਨੇ ਡੈਮੋਕਰੈਟਿਕ ਪਾਰਟੀ ਨੂੰ ਵੋਟਾਂ ਪਾਈਆਂ। ਲੈਟੀਨੋ ਤੇ ਏਸ਼ੀਅਨ ਅਮਰੀਕੀ ਕੇਵਲ 11 ਪ੍ਰਤੀਸ਼ਤ ਵੋਟਰ ਹਨ ਜਦ ਕਿ ਗੋਰੇ ਵੋਟਰ 75 ਪ੍ਰਤੀਸ਼ਤ ਹਨ। ਇਨ੍ਹਾਂ ਵਿਚੋਂ ਜਿਹੜੇ ਸਮਝਦੇ ਹਨ ਕਿ ਗ਼ੈਰ ਕਾਨੂੰਨੀ ਪ੍ਰਵਾਸੀ ਇਕ ਸਮੱਸਿਆ ਹੈ, ਉਨ੍ਹਾਂ ਵਿਚੋਂ 75 ਪ੍ਰਤੀਸ਼ਤ ਨੇ ਰੀਪਬਲਿਕਨ ਪਾਰਟੀ ਨੂੰ ਵੋਟਾਂ ਪਾਈਆਂ। 75 ਪ੍ਰਤੀਸ਼ਤ ਉਹ ਅਮਰੀਕੀ ਜਿਹੜੇ ਸੋਚਦੇ ਹਨ ਕਿ ਗ਼ੈਰ ਕਾਨੂੰਨੀ ਪ੍ਰਵਾਸੀਆਂ ਨੂੰ ਬਾਹਰ ਕੱਢਣਾ ਚਾਹੀਦਾ ਹੈ, ਨੇ ਰੀਪਬਲਿਕਨ ਪਾਰਟੀ ਨੂੰ ਵੋਟਾਂ ਪਾਈਆਂ। ਜੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਪੱਕਾ ਕਰਨ ਲਈ ਕਾਨੂੰਨ ਨਹੀਂ ਬਣਦਾ ਤਾਂ 2016 ਵਿਚ ਨਵਾਂ ਰਾਸ਼ਟਰਪਤੀ ਇਸ ਨੂੰ ਰੱਦ ਵੀ ਕਰ ਸਕਦਾ ਹੈ।

001-937-573-9812

# ਮੋਦੀ ਦੀ 'ਟੀਮ ਇੰਡੀਆ' ਅਤੇ ਬਾਦਲ ਦਾ 'ਅਸਲ ਸੰਘੀ ਢਾਂਚਾ'



**ਗੁਰਮੀਤ ਸਿੰਘ ਪਲਾਹੀ**

ਯੋਜਨਾ ਕਮਿਸ਼ਨ ਨੂੰ ਖਤਮ ਕਰਦਿਆਂ ਕੇਂਦਰ ਵਿਚ ਸ਼ਕਤੀਸ਼ਾਲੀ ਭਾਜਪਾ ਦੇ ਰੋਹਬ ਦਾਅਬ ਵਿਚ ਚੱਲਣ ਵਾਲੀ ਐਨ. ਡੀ. ਏ. ਸਰਕਾਰ ਵੱਲੋਂ 'ਟੀਮ ਇੰਡੀਆ' ਦੀ ਤਰਜ਼ 'ਤੇ ਸੂਬਿਆਂ ਦੀ ਭੂਮਿਕਾ 'ਚ ਵਾਧਾ ਕਰਨ ਦੇ ਸੰਕੇਤ ਪਿਛਲੇ ਦਿਨੀਂ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਹੇਠ ਹੋਈ ਦੇਸ਼ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਦੌਰਾਨ ਦਿੱਤੇ ਹਨ। ਪ੍ਰਧਾਨ ਮੰਤਰੀ ਨੇ ਇਸ ਮੀਟਿੰਗ 'ਚ ਕਿਹਾ ਕਿ ਯੋਜਨਾ ਕਮਿਸ਼ਨ ਦੀ ਥਾਂ ਨਵੀਂ ਵਿਵਸਥਾ 'ਚ ਮਾਹਰਾਂ ਦੀ ਵਿਸ਼ੇਸ਼ ਭੂਮਿਕਾ ਹੋਵੇਗੀ। ਪਹਿਲੀ ਟੀਮ 'ਚ ਪ੍ਰਧਾਨ ਮੰਤਰੀ ਤੇ ਮੁੱਖ ਮੰਤਰੀ, ਦੂਜੀ ਟੀਮ 'ਚ ਕੇਂਦਰੀ ਮੰਤਰੀ ਤੇ ਤੀਜੀ 'ਚ ਕੇਂਦਰ ਤੇ ਸੂਬੇ ਦੇ ਅਧਿਕਾਰੀ ਹੋਣਗੇ। ਕੇਂਦਰ-ਸੂਬੇ ਮਿਲਕੇ ਪੰਜ ਸਾਲਾ ਯੋਜਨਾਵਾਂ ਦੀ ਥਾਂ ਦਰਮਿਆਨੀ ਜਾਂ ਲੰਮਚਿਰੀ ਰਾਜਨੀਤੀ ਬਨਾਉਣਗੇ। ਸੂਬਿਆਂ ਦੇ ਨੁਮਾਇੰਦਿਆਂ ਨਾਲ ਨਿਯਮਤ ਵਿਚਾਰ-ਵਟਾਂਦਰਾ ਹੋਵੇਗਾ। ਕਮਿਸ਼ਨ ਦਾ ਸਕੱਤਰੇਤ ਕੜੀ ਦਾ ਕੰਮ ਕਰੇਗਾ। ਸੂਬੇ ਆਪਣੀ ਲੋੜ ਦੀਆਂ ਯੋਜਨਾਵਾਂ ਬਨਾਉਣਗੇ। ਕੀ ਯੋਜਨਾ ਕਮਿਸ਼ਨ ਵਾਂਗਰ ਮੌਜੂਦਾ ਪੰਜ ਸਾਲਾ ਯੋਜਨਾ ਵੀ ਸਮਾਪਤ ਕਰ ਦਿੱਤੀ ਜਾਵੇਗੀ? ਯੋਜਨਾ ਕਿਵੇਂ ਬਣਾਈ ਜਾਵੇਗੀ ਸੂਬਿਆਂ ਨੂੰ ਫੰਡ ਕਿਵੇਂ ਅਲਾਟ ਹੋਣਗੇ? ਅਤੇ ਸਭ ਤੋਂ ਵੱਧ ਅਹਿਮ ਗੱਲ ਇਹ ਕਿ ਵੱਖੋ-ਵੱਖਰੇ ਮੁੱਦਿਆਂ ਉੱਤੇ ਸੁਝਾਅ ਦੇਣ ਵਾਲੇ 'ਥਿੰਕ ਟੈਂਕ ਦੀ ਕੀ ਭੂਮਿਕਾ ਹੋਵੇਗੀ? ਇਸ ਬਾਰੇ ਮੀਟਿੰਗ 'ਚ ਚੁੱਪੀ ਸਾਧੀ ਰੱਖੀ ਗਈ ਹੈ ਅਤੇ ਇਨ੍ਹਾਂ ਮੁੱਦਿਆਂ ਬਾਰੇ ਕੁਝ ਵੀ ਸਪੱਸ਼ਟ ਨਹੀਂ ਕੀਤਾ ਗਿਆ।

ਪਿਛਲੀ ਮਨਮੋਹਨ ਸਿੰਘ ਸਰਕਾਰ ਦੀਆਂ ਦੇਸੀ, ਵਿਦੇਸ਼ੀ ਨੀਤੀਆਂ ਦੀ ਲਕੀਰ ਦੀ ਫ਼ਕੀਰ ਬਣੀ ਮੋਦੀ ਸਰਕਾਰ ਬਹੁਤੇ ਮਾਮਲਿਆਂ ਉੱਤੇ ਮਨਮੋਹਨ ਸਿੰਘ ਦੇ ਕੀਤੇ ਕਰਾਏ ਨੂੰ ਜਿਵੇਂ ਦੀ ਤਿਵੇਂ ਪ੍ਰਵਾਨ ਕਰ ਰਹੀ ਹੈ ਜਾਂ ਕੁਝ ਸਕੀਮਾਂ 'ਚ ਨਾਵਾਂ ਦਾ ਫੇਰ ਬਦਲ ਕਰਕੇ ਉਨ੍ਹਾਂ ਨੂੰ ਅਮਲੀ ਤੌਰ 'ਤੇ ਲਾਗੂ ਕਰਨ ਦੇ ਰਾਹ ਪਈ ਹੈ, ਜਿਨ੍ਹਾਂ ਨੂੰ ਚੰਗੇ ਹੁੰਦਿਆਂ ਵੀ ਮਨਮੋਹਨ ਸਿੰਘ ਸਰਕਾਰ ਵੇਲੇ ਦਾ ਅਮਲਾ-ਫੈਲਾ ਨਾ ਲਾਗੂ ਕਰਵਾ ਸਕਿਆ ਅਤੇ ਨਾ ਹੀ ਮਨਮੋਹਨ ਸਿੰਘ ਵਰਗਾ ਆਮ ਤੌਰ 'ਤੇ ਚੁੱਪ ਚਾਪ ਰਹਿਣ ਵਾਲਾ ਪ੍ਰਧਾਨ ਮੰਤਰੀ, ਉਚੇ ਬੋਲਾਂ ਨਾਲ ਇਨ੍ਹਾਂ ਨੂੰ ਲੋਕਾਂ ਤੱਕ ਪਹੁੰਚਾਉਣ 'ਚ ਕਾਮਯਾਬ ਹੋ ਸਕਿਆ ਸੀ।

ਮੋਦੀ ਸਰਕਾਰ ਦੀ ਛੇ ਮਹੀਨਿਆਂ ਦੀ ਕਾਰਗੁਜ਼ਾਰੀ ਅਤੇ ਪੰਜਾਬ ਦੇ ਮਸਲਿਆਂ ਪ੍ਰਤੀ ਵਿਸ਼ੇਸ਼ ਧਿਆਨ ਨਾ ਦੇਣ ਦੇ ਰੁਝਾਨ ਨੇ ਐਨ. ਡੀ. ਏ. ਦੇ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਇਹ ਸੋਚਣ 'ਤੇ ਮਜ਼ਬੂਰ ਕਰ ਦਿੱਤਾ ਕਿ ਪੰਜਾਬ ਨਾਲ ਨਵੀਂ ਦਿੱਲੀ ਸਰਕਾਰ ਦਾ ਰਵੱਈਆ ਆਮ ਤੌਰ 'ਤੇ ਪਹਿਲੀ ਕਾਂਗਰਸ ਸਰਕਾਰ ਵਾਲਾ ਹੀ ਹੈ, ਜਦ ਕਿ ਮੁੱਖ ਮੰਤਰੀ ਨੂੰ ਆਸ ਸੀ ਕਿ ਮੋਦੀ ਸਰਕਾਰ ਦੇ ਬਨਣ ਨਾਲ ਪੰਜਾਬ ਦੇ ਵਾਰੇ ਨਿਆਰੇ ਹੋ ਜਾਣਗੇ, ਇਥੇ ਨਵੇਂ ਪ੍ਰਾਜੈਕਟ ਲੱਗਣਗੇ, ਪ੍ਰਾਜੈਕਟਾਂ ਲਈ ਧੰਨ ਦੀ ਕੋਈ ਕਮੀ ਨਹੀਂ ਰਹੇਗੀ, ਇਥੋਂ ਦੇ ਕਿਸਾਨਾਂ ਦੀਆਂ ਔਖਿਆਈਆਂ ਨੂੰ ਦੂਰ ਕੀਤਾ ਜਾਵੇਗਾ, ਰਾਜ 'ਚ ਸਨਅਤ ਲਾਉਣ ਲਈ ਵਿਸ਼ੇਸ਼ ਦਰਜਾ ਮਿਲੇਗਾ ਅਤੇ ਪੰਜਾਬ ਨਾਲ ਪਹਿਲਾਂ ਦੀ ਕਾਂਗਰਸ ਸਰਕਾਰ ਵੱਲੋਂ ਕੀਤੇ ਵਿਤਕਰਿਆਂ ਅਤੇ ਜ਼ਖ਼ਮਾਂ ਉਤੇ ਨਵੀਂ ਸਰਕਾਰ ਫੈਹਾ ਬੰਨੇਗੀ, ਪਰ ਸਮੇਂ ਦਾ ਗੇੜ ਦੇਖੋ, ਬਜਾਏ ਪੰਜਾਬ ਦੀਆਂ ਸਮੱਸਿਆਵਾਂ ਦੇ ਹੱਲ ਦੇ, ਮੋਦੀ ਦੀ ਸਰਕਾਰ ਪੰਜਾਬ ਦੇ ਜ਼ਖ਼ਮ ਉਚੇੜਨ ਦੇ ਰਾਹ ਤੁਰ ਗਈ। ਕਿਸਾਨਾਂ ਲਈ ਕੰਡੇ ਬੀਜੇ ਜਾਣ ਲੱਗੇ। ਸੂਬੇ ਦੀ ਉਸ ਦੀ ਆਪਣੀ ਭਾਈਵਾਲ ਭਾਜਪਾ, ਜਿਸ ਦੀ ਖਾਤਰ ਪ੍ਰਕਾਸ਼ ਸਿੰਘ ਬਾਦਲ ਦੇ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਸਿੱਖ ਮੁੱਦਿਆਂ ਨੂੰ ਤਿਲਾਂਜ਼ਲੀ ਦਿੱਤੀ ਰੱਖੀ, ਉਹੀ



ਭਾਜਪਾ ਉਸਨੂੰ ਅੱਖਾਂ ਦਿਖਾਉਣ ਦੇ ਨਾਲ-ਨਾਲ, ਅਗਲੀ 2017 ਦੀ ਪੰਜਾਬ ਅਸੰਬਲੀ ਚੋਣ ਇਕੱਲਿਆਂ ਲੜਨ ਦੀ ਧੌਂਸ ਦੇਣ ਲੱਗ ਪਈ।

ਤਰਕਸ਼ ਵਿਚੋਂ ਪੁਰਾਣੇ ਤੀਰ ਕੱਢਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜਿਥੇ ਪਹਿਲਾਂ ਪੰਜਾਬ ਦੀਆਂ ਮੰਗਾਂ ਦੇ ਲਈ ਕੇਂਦਰੀ ਮੰਤਰੀਆਂ ਤੱਕ ਗੁਹਾਰ ਲਾਈ, ਪਹੁੰਚ ਕੀਤੀ, ਭਰਵਾਂ ਹੁੰਗਾਰਾ ਨਾ ਮਿਲਣ 'ਤੇ ਪੰਜਾਬ ਚੰਡੀਗੜ੍ਹ ਨੂੰ ਦੇਣ, ਦਰਿਆਵਾਂ ਦੇ ਪਾਣੀਆਂ ਦੀ ਵੰਡ, 1984 ਦੇ ਸਿੱਖ ਕਤਲੇਆਮ ਲਈ ਇਨਸਾਫ਼ ਦੀਆਂ ਮੰਗਾਂ ਦੇ ਨਾਲ-ਨਾਲ ਹੋਰ ਸਿੱਖ ਮੁੱਦਿਆਂ ਨੂੰ ਵੀ ਉਨ੍ਹਾਂ ਉਠਾਉਣਾ ਸ਼ੁਰੂ ਕਰ ਦਿੱਤਾ। ਜਿਨ੍ਹਾਂ ਵਿਚ ਸਿੱਖ ਕੌਮ ਦੀ ਵੱਖਰੀ ਹੋਂਦ ਨੂੰ ਨਾ ਮੰਨਣ ਵਾਲੀ ਭਾਰਤੀ ਸੰਵਿਧਾਨ ਦੀ ਧਾਰਾ 25-ਬੀ ਨੂੰ ਰੱਦ ਕਰਨਾ ਵੀ ਸ਼ਾਮਲ ਹੈ। ਬਹੁਤੀ ਗੱਲ ਬਣਦੀ ਨਾ ਵੇਖ ਕੇ ਮੁੱਖ ਮੰਤਰੀਆਂ ਦੀ ਪ੍ਰਧਾਨ ਮੰਤਰੀ ਨਾਲ ਮੀਟਿੰਗ ਵਿਚ ਦੋ ਟੁੱਕ ਗੱਲ ਕਰਦਿਆਂ ਸੂਬਿਆਂ ਲਈ ਉਨ੍ਹਾਂ ਅਸਲ ਸੰਘੀ ਢਾਂਚੇ ਦੀ ਸਥਾਪਤੀ ਤੇ ਜ਼ੋਰ ਦਿੱਤਾ। ਉਨ੍ਹਾਂ ਮੰਗ ਕੀਤੀ ਹੈ ਕਿ

(ੳ) ਕੇਂਦਰ ਕੋਲ ਸਿਰਫ਼ ਰੱਖਿਆ, ਵਿਦੇਸ਼ੀ ਮਾਮਲੇ, ਕਰੰਸੀ, ਰੇਲਵੇ ਅਤੇ ਸੰਚਾਰ ਮਹਿਕਮੇ ਹੀ ਰਹਿਣ।

(ਅ) ਸੰਵਿਧਾਨ ਨੂੰ ਸਹੀ ਅਰਥਾਂ 'ਚ ਸੰਘੀ ਢਾਂਚੇ ਦਾ ਰੂਪ ਦੇਣ ਲਈ ਪੁਰਾਣੇ ਸੰਵਿਧਾਨ ਨੂੰ ਨਵੇਂ ਸਿਰਿਉਂ ਵਾਚਿਆ ਜਾਵੇ।

(ੲ) ਸੂਬਿਆਂ ਦੇ ਵਸੀਲਿਆਂ ਦੀ ਵੰਡ ਦਾ ਫਾਰਮੂਲਾ ਨਵੇਂ ਸਿਰਿਉਂ ਨਿਰਧਾਰਤ ਕੀਤਾ ਜਾਵੇ।

(ਸ) ਸੂਬਿਆਂ ਨੂੰ ਕੇਂਦਰੀ ਕਰਾਂ ਅਤੇ ਗ਼ੈਰ-ਕਰ ਮਾਲੀਏ 'ਚੋਂ ਬੰਧਨ ਮੁਕਤ ਗ੍ਰਾਂਟਾਂ ਤੇ ਯੋਜਨਾ ਫੰਡ ਦਾ 50 ਫੀਸਦੀ ਹਿੱਸਾ ਦਿੱਤਾ ਜਾਵੇ ਜੋ ਹੁਣ ਸਿਰਫ਼ 15 ਫੀਸਦੀ ਹੈ।

(ਹ) ਵਸੀਲਿਆਂ ਦੀ ਵੰਡ ਦਾ ਫਾਰਮੂਲਾ, ਰਾਜਾਂ ਦੀ ਅਨੁਸੂਚਿਤ ਜਾਤੀ ਵਸੋਂ, ਭੂਗੋਲਿਕ ਕਮੀਆਂ ਦੇ ਨਾਲ-ਨਾਲ ਦੇਸ਼ ਦੇ ਕੇਂਦਰੀ ਅੰਨ ਭੰਡਾਰ 'ਚ ਯੋਗਦਾਨ ਦੇ ਅਧਾਰ ਤੇ ਨਿਰਧਾਰਤ ਕੀਤਾ ਜਾਵੇ।

ਪ੍ਰਕਾਸ਼ ਸਿੰਘ ਬਾਦਲ ਦੇ ਸ਼ਬਦਾਂ 'ਚ ਅਸਲੀ ਸੰਘਾਤਮਕ ਢਾਂਚਾ ਹੀ ਦੇਸ਼ ਨੂੰ ਮਜ਼ਬੂਤ ਆਰਥਿਕ ਸ਼ਕਤੀ ਦੇ ਰਾਹ 'ਤੇ ਤੋਰ ਵਿਕਾਸ ਗਤੀ ਨਾਲ ਤੋਰਨ ਦਾ ਰਸਤਾ ਹੈ। ਅਤੇ ਸ਼੍ਰੋਮਣੀ ਅਕਾਲੀ ਦਲ ਦੇਸ਼ 'ਚ ਸੰਘੀ ਢਾਂਚੇ ਦੀ ਵਕਾਲਤ ਕਰਨ ਅਤੇ ਫੈਸਲੇ ਲੈਣ ਤੇ ਯੋਜਨਾ ਘੜਨ ਦੇ ਕੰਮਾਂ ਦੇ ਵਿਕੇਂਦਰੀਕਰਨ ਕਰਨ ਵਾਲੀ ਦੇਸ਼ ਦੀ ਪਹਿਲੀ ਪਾਰਟੀ ਹੈ ਜਿਸ ਨੂੰ ਦੇਸ਼ ਦੇ ਹੋਰ ਸੂਬੇ ਵੀ ਹੁਣ ਪ੍ਰਵਾਨ ਕਰ ਚੁੱਕੇ ਹਨ। ਪਰ ਸੁਆਲ ਉੱਠਦਾ ਹੈ ਕਿ ਮਸਾਂ ਮਸਾਂ ਲੱਭੀ ਰਾਜਸੀ ਤਾਕਤ ਨੂੰ ਕੀ ਕੇਂਦਰ 'ਚ ਰਾਜ ਕਰਨ ਵਾਲੀ 'ਭਾਜਪਾ ਮੋਦੀ ਸਰਕਾਰ' ਹੱਥੋਂ ਗੁਆਉਣਾ ਪਸੰਦ ਕਰੇਗੀ? ਜਿਸ ਨਰੇਂਦਰ ਮੋਦੀ ਨੇ ਕੇਂਦਰ ਸਰਕਾਰ ਦੇ ਮੰਤਰੀਆਂ ਸੰਤਰੀਆਂ ਦੀਆਂ ਸਾਰੀਆਂ ਸਕਤੀਆਂ ਦਾ ਕੇਂਦਰੀਕਰਨ ਪੀ.ਐਮ.ਓ. (ਪ੍ਰਧਾਨ ਮੰਤਰੀ ਦਫਤਰ) ਕੋਲ ਕੀਤਾ ਹੋਇਆ ਹੈ, ਜਿਸ ਦੇ ਪੀ.ਐਮ.ਓ. ਦੇ ਹੁਕਮ ਬਿਨਾਂ ਦੇਸ਼ 'ਚ ਪੱਤਾ ਵੀ ਨਹੀਂ ਹਿੱਲ ਸਕਦਾ, ਮੰਤਰੀ ਆਪਣੇ ਨਿੱਜੀ ਸਕੱਤਰਾਂ ਤੱਕ ਦੀ ਆਪਣੀ ਮਰਜ਼ੀ ਨਾਲ ਚੋਣ ਤੱਕ ਨਹੀਂ ਕਰ ਸਕਦੇ ਅਤੇ ਜਿਸ ਸ਼ਕਤੀਸ਼ਾਲੀ ਪੀ.ਐਮ.ਓ. ਅਤੇ ਖੁਦ ਮੋਦੀ ਵੱਲੋਂ ਸਕੂਲ ਮੁੱਖੀ ਵਾਂਗਰ ਮੰਤਰੀਆਂ ਸਾਂਸਦਾਂ ਨੂੰ ਝਿੜਕਾਂ ਤੱਕ ਦੇ ਦਿੱਤੀਆਂ ਜਾਂਦੀਆਂ ਹਨ, ਉਹ ਪ੍ਰਧਾਨ ਮੰਤਰੀ ਕਦੋਂ ਚਾਹੇਗਾ ਕਿ ਸੂਬਿਆਂ ਨੂੰ ਵੱਧ ਤਾਕਤਾਂ ਦੇ ਦਿੱਤੀਆਂ ਜਾਣ ਅਤੇ ਉਹ ਉਨ੍ਹਾਂ ਤੇ ਨਿਰਭਰ ਹੀ ਨਾ ਰਹਿਣ? ਉਂਜ ਵੀ ਨਰੇਂਦਰ ਮੋਦੀ ਦਾ ਲੋਕਤੰਤਰੀ ਚੁਣੇ ਹੋਏ ਪ੍ਰਧਾਨ ਮੰਤਰੀ ਵਜੋਂ ਕੰਮਕਾਰ ਨਾ ਕਰਨ ਦਾ ਰੰਗ ਢੰਗ ਨਹੀਂ ਹੈ ਸਗੋਂ ਉਹਦਾ ਇਕ ਡਿਕਟੇਟਰ ਵਜੋਂ ਕੰਮ ਕਰਨ ਦਾ ਸੁਭਾਅ ਹੈ। ਸ਼ਾਇਦ ਪੰਜਾਬ ਦੇ ਹੰਡੇ ਵਰਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਹ ਗੱਲ ਭਲੀ ਭਾਂਤ ਜਾਣ ਚੁੱਕੇ ਹਨ, ਤਦੇ ਹੀ ਆਪਣੀ ਰਾਜਨੀਤੀ ਦੀ ਅਗਲੀ ਰਣਨੀਤੀ ਤਹਿ ਕਰਨ ਲਈ ਹੀ ਉਨ੍ਹਾਂ ਇਹ ਅਸਲੀ ਸੰਘੀ ਢਾਂਚਾ ਲਾਗੂ ਕਰਨ ਵਾਲਾ ਤੀਰ ਛੱਡਿਆ ਹੈ। ਕੀ ਪ੍ਰਕਾਸ਼ ਸਿੰਘ ਬਾਦਲ ਇਹ ਨਹੀਂ ਜਾਣਦੇ ਕਿ ਪੰਜਾਬ ਦੀ ਨਾ-ਅਹਿਲ ਹੋਈ ਸਰਕਾਰੀ ਮਸ਼ੀਨਰੀ ਅਸਲ ਸੰਘੀ ਢਾਂਚੇ ਦਾ ਭਾਰ ਚੁੱਕਣਯੋਗ ਹੀ ਨਹੀਂ, ਜਿਸਨੂੰ ਚੁਸਤ ਦਰੁਸਤ ਕਰਨ ਲਈ ਉਹ ਆਪ ਅਤੇ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਿਰੇ ਦੀ ਵਾਹ ਲਾ ਚੁੱਕੇ ਹਨ, ਪਰ ਉਨ੍ਹਾਂ ਨੂੰ ਕਾਮਯਾਬੀ ਨਹੀਂ ਮਿਲ ਰਹੀ। ਭ੍ਰਿਸ਼ਟਾਚਾਰ ਨਾਲ ਉਤਪੋਤ ਹੋਈ ਉਪਰ ਤੋਂ ਹੇਠਾਂ ਤੱਕ ਦੀ ਸਰਕਾਰੀ ਮਸ਼ੀਨਰੀ, ਜਦੋਂ ਆਪਣੇ ਆਕਾਵਾਂ ਨੇਤਾ ਗਨਾਂ ਵੱਲੋਂ ਚਲਾਏ ਜਾ ਰਹੇ ਵਪਾਰਕ ਅਦਾਰਿਆਂ, ਬੱਸਾਂ, ਟੀ.ਵੀ. ਚੈਨਲਾਂ, ਸ਼ਰਾਬ ਦੇ ਠੇਕਿਆਂ, ਰੇਤਾ-ਬੱਜਰੀ ਖਣਨ 'ਚ ਅਜ਼ਾਰੇਦਾਰੀ ਅਤੇ ਸਰਪ੍ਰਸਤੀ ਵੇਖਦੇ ਹਨ, ਜਿਨ੍ਹਾਂ ਵਿਚੋਂ ਕਦੇ ਉਹ 'ਸੇਵਾ ਦਾ ਸੰਕਲਪ' ਵੇਖਦੇ ਰਹੇ ਹਨ ਤਾਂ ਉਨ੍ਹਾਂ ਦਾ ਆਪਣਾ ਵਾਧੂ ਪੈਸੇ ਤੇ ਵਾਧੂ ਤਾਕਤ 'ਤੇ ਜੀਅ ਲਲਚਾਉਣਾ ਵੀ ਸੁਭਾਵਕ ਹੈ।

ਇਸ ਵੇਲੇ ਪੰਜਾਬ ਦੀ ਜਿਸ ਕਿਸਮ ਦੀ ਆਰਥਿਕ, ਸਮਾਜਿਕ, ਰਾਜਨੀਤਕ ਸਥਿਤੀ ਹੈ, ਉਹ ਚਿੰਤਾਜਨਕ ਹੈ। ਪੰਜਾਬ ਬੁਨਿਆਦੀ ਢਾਂਚੇ ਦੇ ਵਿਕਾਸ ਪੱਖੋਂ ਪਛੜਿਆ ਹੋਇਆ ਹੈ, ਬਾਵਜੂਦ ਲਿੰਕ ਸੜਕਾਂ, ਕੌਮੀ ਤੇ ਸੂਬਾ ਸੜਕਾਂ ਦੇ ਵਿਛੇ ਜਾਲ ਦੇ ਇਨ੍ਹਾਂ ਦੀ ਮੁਰੰਮਤ ਲਈ ਪੈਸੇ ਦੀ ਥੁੜ੍ਹੋਂ ਹੈ। ਸਿਹਤ, ਸਿੱਖਿਆ ਦੇ ਖੇਤਰ ਵਿਚ ਬਾਵਜੂਦ ਵੱਡੀਆਂ ਯੂਨੀਵਰਸਿਟੀਆਂ, ਤਕਨੀਕੀ ਕਾਲਜਾਂ ਦੇ ਪਸਾਰੇ ਦੇ ਪੇਂਡੂ ਖੇਤਰ ਅਤੇ ਸਲੱਮ ਖੇਤਰ ਦੇ ਲੋਕਾਂ ਤੱਕ ਸਿੱਖਿਆ ਦੀ ਢੁਕਵੀਂ ਪਹੁੰਚ ਨਹੀਂ, ਸਰਕਾਰ ਦੇ ਆਪਣੇ ਅੰਕੜਿਆਂ ਅਨੁਸਾਰ ਮਸਾਂ 4% ਪੇਂਡੂ ਯੁਵਕ ਹੀ ਉੱਚ ਸਿੱਖਿਆ ਤੱਕ ਪਹੁੰਚ ਰਹੇ ਹਨ। ਕਿਉਂਕਿ ਸਰਕਾਰ ਨੇ ਸਿਹਤ ਤੇ ਸਿੱਖਿਆ ਦੇ ਖੇਤਰ ਵਿਚੋਂ ਦਿਨੋ-ਦਿਨ ਕਿਨਾਰਾ ਕਰਨਾ ਆਰੰਭਿਆ ਹੋਇਆ ਹੈ, ਇਸ ਕਰਕੇ ਸਿੱਖਿਆ ਨਾਲੋਂ ਵੀ ਵੱਧ ਸੂਬੇ 'ਚ ਸਿਹਤ ਸੰਭਾਲ ਦੀ ਹਾਲਤ ਤਰਸਯੋਗ ਹੈ। ਸਰੀਰ ਨੂੰ ਚੂੰਬੜ ਰਹੇ



ਰੋਗਾਂ ਕੈਂਸਰ, ਅੱਖਾਂ ਦੀ ਜੋਤ ਜਾਣ ਸੰਬੰਧੀ ਸਟਾਫ ਦੀ ਘਾਟ ਕਾਰਨ ਮਰੀਜ਼ਾਂ ਪ੍ਰਤੀ ਸਰਕਾਰੀ ਹਸਪਤਾਲਾਂ 'ਚ ਅਣਗਹਿਲੀ ਆਮ ਵਰਤਾਰਾ ਹੈ। ਪਿੰਡਾਂ ਦੇ ਵਿਕਾਸ ਦੀ ਹਾਲਤ ਗੰਭੀਰ ਹੈ, ਗਲੀਆਂ-ਨਾਲੀਆਂ ਦੀ ਉਸਾਰੀ ਤੋਂ ਅੱਗੇ ਹਾਲੀ ਕੋਈ ਕਦਮ ਅੱਗੇ ਪੁੱਟੇ ਹੀ ਨਹੀਂ ਜਾ ਸਕੇ ਜਿਨ੍ਹਾਂ ਨਾਲ ਪਿੰਡਾਂ ਦਾ ਸਮੂਹਿਕ ਵਿਕਾਸ ਹੋ ਸਕੇ, ਪਿੰਡਾਂ 'ਚ ਰੁਜ਼ਗਾਰ ਦਾ ਪ੍ਰਬੰਧ ਹੋਵੇ ਅਤੇ ਲੋਕ ਸ਼ਹਿਰਾਂ ਵੱਲ ਨੂੰ ਵਹੀਰਾਂ ਘੱਤ ਕੇ ਨਾ ਤੁਰੇ ਜਾਣ। ਪਿਛਲੇ ਇਕ ਦਹਾਕੇ 'ਚ ਪਿੰਡਾਂ ਤੋਂ ਜ਼ਮੀਨਾਂ ਵੇਚ ਕੇ ਕਿਸਾਨੀ ਛੱਡ ਕੇ ਮਜ਼ਦੂਰੀ ਕਰਨ ਗਏ ਲੋਕਾਂ ਅਤੇ ਰੁਜ਼ਗਾਰ ਦੀ ਪ੍ਰਾਪਤੀ ਲਈ ਹਿਜਰਤ ਕਾਰਨ, ਸ਼ਹਿਰੀ ਆਬਾਦੀ 'ਚ 5 ਪ੍ਰਤੀਸ਼ਤ ਵਾਧਾ ਚਿੰਤਾ ਦਾ ਵਿਸ਼ਾ ਹੈ।

ਮਿਲਾਵਟਖੋਰੀ, ਬੇਰੁਜ਼ਗਾਰੀ, ਪ੍ਰਦੂਸ਼ਣ, ਨਸ਼ਾਖੋਰੀ, ਨੌਜਵਾਨਾਂ 'ਚ ਵਿਦੇਸ਼ਾਂ ਨੂੰ ਜਾਣ ਦੀ ਹੋੜ, ਅਮਨ ਕਾਨੂੰਨ ਦੀ ਸਮੱਸਿਆ, ਰੇਤਾ ਬੱਜਰੀ ਖਣਨ ਅਤੇ ਇਸ ਤੋਂ ਵੀ ਵੱਧ ਪੰਜਾਬ ਦੀ ਸਨਅਤ ਦਾ ਦੂਜੇ ਸਬਿਆਂ 'ਚ ਭੱਜੇ ਜਾਣਾ, ਪੰਜਾਬ ਲਈ ਵੱਡਾ ਧੱਕਾ ਹੈ। ਸਮਾਜਿਕ ਪੱਖੋਂ ਦਾਜ ਦਹੇਜ ਦੀ ਲਾਹਨਤ, ਕੁੜੀਆਂ ਦਾ ਕੁੱਖ 'ਚ ਮਾਰੇ ਜਾਣ ਦੀ ਪ੍ਰਵਿਰਤੀ, ਪੇਂਡੂ ਸਮਾਜ ਵਿਚ ਖਾਸ ਕਰਕੇ ਤਕੜੇ ਦਾ ਸੱਤੀਂ ਬੀਹੀਂ ਸੌ ਦਾ ਧੌਂਸ ਧੱਕਾ ਪੰਜਾਬੀ ਸਮਾਜ ਨੂੰ ਵਡੇਰੀ ਢਾਅ ਲਾ ਰਿਹਾ ਹੈ। ਕੀ ਪੰਜਾਬ ਦੀ ਮੌਜੂਦਾ ਅਕਾਲੀ-ਭਾਜਪਾ ਸਰਕਾਰ ਇਨ੍ਹਾਂ ਸਮੱਸਿਆਵਾਂ, ਸਮਾਜ 'ਚ ਹੋ ਰਹੇ ਬੇਇਨਸਾਫ਼ੀ ਵਾਲੇ ਵਰਤਾਰੇ ਤੋਂ ਜਾਣੂੰ ਨਹੀਂ? ਜੇਕਰ ਸੱਚੀਂ ਮੁੱਚੀ ਪੰਜਾਬ ਦੇ ਹਾਕਮ ਪੰਜਾਬ 'ਚ ਅਸਲ ਸੰਘੀ ਢਾਂਚੇ ਨੂੰ ਲਾਗੂ ਕਰਨ ਦੇ ਚਾਹਵਾਨ ਹਨ ਕੀ ਉਨ੍ਹਾਂ ਨੇ ਆਪਣੇ ਗਿਰੇਵਾਨ 'ਚ ਝਾਕਣ ਦਾ ਕਦੇ ਯਤਨ ਕੀਤਾ ਹੈ?

1.ਕੀ ਉਨ੍ਹਾਂ ਪਿੰਡਾਂ, ਸ਼ਹਿਰਾਂ ਦੀਆਂ ਚੁਣੀਆਂ ਹੋਈਆਂ ਪੰਚਾਇਤਾਂ ਮਿਉਂਸਪਲ ਕੌਂਸਲਾਂ, ਕਾਰਪੋਰੇਸ਼ਨਾਂ, ਬਲਾਕ ਸੰਮਤੀਆਂ, ਜ਼ਿਲ੍ਹਾ ਪ੍ਰੀਸ਼ਦਾਂ ਨੂੰ ਉਨ੍ਹਾਂ ਦੇ ਬਣਦੇ ਅਧਿਕਾਰ ਦਿਤੇ ਹਨ ਤਾਂ ਕਿ ਉਹ ਸਥਾਨਕ ਸਰਕਾਰ ਵਜੋਂ ਕੰਮ ਕਰ ਸਕਣ?

2.ਕੀ ਸ਼੍ਰੋਮਣੀ ਅਕਾਲੀ ਦਲ ਵਲੋਂ ਆਪਣੇ ਚੁਣੇ ਹੋਏ ਅਸੰਬਲੀ ਮੈਂਬਰਾਂ, ਮੰਤਰੀਆਂ, ਚੀਫ ਪਾਰਲੀਮਨੀ ਸਕੱਤਰਾਂ ਨੂੰ ਲੋਕਾਂ ਦੀਆਂ ਜ਼ਮੀਨੀ ਪੱਧਰ ਤੇ ਸਮੱਸਿਆਵਾਂ ਜਾਨਣ ਤੇ ਉਨ੍ਹਾਂ ਦੇ ਹੱਲ ਲਈ ਖੁਲ੍ਹ ਦਿਤੀ ਹੋਈ ਹੈ?

3.ਕੀ ਸ਼੍ਰੋਮਣੀ ਅਕਾਲੀ ਦਲ ਨੇ ਜ਼ਿਲਾ ਦੇ ਪ੍ਰਾਸ਼ਾਸਨਿਕ ਅਫਸਰਾਂ ਨੂੰ ਅਧਿਕਾਰ ਦਿਤੇ ਹੋਏ ਹਨ ਕਿ ਲੋਕਾਂ ਦੀਆਂ ਮੁਸ਼ਕਲਾਂ ਆਪਣੇ ਤੌਰ ਤੇ ਜਾਣ ਸਕਣ ਤੇ ਬਿਨ੍ਹਾਂ ਰਾਜਨੀਤਕ ਦਬਾਅ ਦੇ ਉਨ੍ਹਾਂ ਦਾ ਹੱਲ ਕਰ ਸਕਣ?

4.ਕੀ ਅਮਨ ਕਾਨੂੰਨ ਦੀ ਰਾਖੀ ਲਈ ਹੇਠਲੇ ਪੱਧਰ ਦੇ ਥਾਣੇਦਾਰ ਤੋਂ ਉਪਰਲੇ ਪੁਲਿਸ ਅਧਿਕਾਰੀ ਤੱਕ ਨੂੰ ਅਜ਼ਾਦਾਨਾ ਕੰਮ ਕਰਨ ਦਾ ਹੱਕ ਹਾਸਲ ਹੈ?

5.ਕੀ ਸ਼੍ਰੋਮਣੀ ਅਕਾਲੀ ਦਲ ਆਪਣੇ ਸੰਗਠਨਾਤਮਕ ਢਾਂਚੇ ਵਿੱਚ ਸੰਘੀ ਢਾਂਚੇ ਨੂੰ ਲਾਗੂ ਕਰ ਸਕਿਆ ਹੈ? ਕੀ ਸ਼੍ਰੋਮਣੀ ਅਕਾਲੀ ਦਲ ਦੇ ਹੇਠਲੇ ਜਥੇਦਾਰ ਆਪਣੇ ਵਰਕਰਾਂ

ਪ੍ਰਤੀ ਜਵਾਬਦੇਹ ਹਨ ਜਾਂ ਉਹ ਪਾਰਟੀ ਦੇ ਉਪਰਲੇ ਅਹੁਦੇਦਾਰਾਂ ਕੋਲ ਵਰਕਰਾਂ ਜਾਂ ਲੋਕਾਂ ਦੀਆਂ ਮੰਗਾਂ ਦੀ ਸੁਣਵਾਈ ਕਰਵਾਉਣ ਦੇ ਸਮਰੱਥ ਹਨ? ਕੀ ਸ਼੍ਰੋਮਣੀ ਅਕਾਲੀ ਦਲ ਦਾ ਕੋਈ ਵੀ ਕਾਰਕੁਨ ਕਿਸੇ ਵੀ ਮਸਲੇ ਉਤੇ ਆਪਣੇ ਪਾਰਟੀ ਪ੍ਰਧਾਨ ਨਾਲ ਵਿਚਾਰ ਵਟਾਂਦਰਾ ਕਰਨ ਦਾ ਹੌਂਸਲਾ ਕਰ ਸਕਦਾ ਹੈ?

6.ਉਂਜ ਵੀ ਕੀ ਪ੍ਰਕਾਸ਼ ਸਿੰਘ ਬਾਦਲ ਦੀ ਸੂਬਾ ਸਰਕਾਰ ਲੋਕਾਂ ਨੂੰ ਸਵੱਛ ਸਾਫ-ਸੁਥਰਾ ਪ੍ਰਸ਼ਾਸ਼ਨ ਦੇਣ 'ਚ ਕਾਮਯਾਬ ਹੋ ਸਕੀ ਹੈ ਜਾਂ ਘੱਟੋ ਘੱਟ ਉਸਦਾ ਕੋਈ ਵੀ ਇੱਕ ਮਹਿਕਮਾ ਕੋਈ ਇਹੋ ਜਿਹੀ ਉਦਾਹਰਨ ਪੇਸ਼ ਕਰ ਸਕਿਆ ਹੈ ਕਿ ਲੋਕ ਉਸ ਮਹਿਕਮੇ ਦੀ ਵਾਹ ਵਾਹ ਕਰਨ! ਮਿਸਾਲ ਵਜੋਂ ਕੀ ਸਭ ਤੋਂ ਵੱਧ ਲੋਕਾਂ ਨਾਲ ਨਿਭਣ ਵਾਲਾ ਅਤੇ ਵਾਹ ਵਾਸਤਾ ਰੱਖਣ ਵਾਲਾ ਰੈਵੀਨੀਊ ਮਹਿਕਮਾ, ਬਾਵਜੂਦ ਵੱਡੇ ਸਰਕਾਰੀ ਯਤਨਾਂ ਦੇ, ਪਟਵਾਰੀਆਂ, ਕਾਨੂੰਗੋਆਂ, ਤਹਿਸੀਲਦਾਰਾਂ ਹੱਥੋਂ ਹੁੰਦੀ ਲੋਕਾਂ ਦੀ ਲੁੱਟ ਖਸੁੱਟ ਨੂੰ ਬੰਦ ਕਰ ਸਕਿਆ ਹੈ? ਜਾਂ ਕੀ ਸਿਹਤ ਮਹਿਕਮਾ ਲੋਕਾਂ ਤੱਕ ਉਸ ਕਿਸਮ ਦੀ ਪੂਰੀ ਪਹੁੰਚ ਕਰਨ ਦੇ ਕਾਬਲ ਬਣ ਸਕਿਆ ਹੈ, ਜਿੱਥੇ ਸੁਰੱਖਿਅਤ ਬੱਚੇ ਜੰਮਣ, ਗਰਭਪਤੀ ਮਾਂ ਦੀ ਦੇਖਭਾਲ ਹੋਵੇ, ਬੱਚਿਆਂ 'ਚ ਖ਼ੂਨ ਤੇ ਭਾਰ ਦੀ ਕਮੀ ਨਾ ਦਿਸੇ ਤੇ ਬੱਚੇ ਜਨਮ ਵੇਲੇ ਹੀ ਮੌਤ ਨੂੰ ਪਿਆਰੇ ਨਾ ਹੋ ਸਕਣ? ਜਾਂ ਕੀ ਸਿੱਖਿਆ ਵਿਭਾਗ , ਪੰਜਾਬ ਦੇ ਸਮੁੱਚੇ ਬੱਚਿਆਂ ਨੂੰ ਆਪਣੇ ਕਲਾਵੇ 'ਚ ਲੈਕੇ ਸਟੈਂਡਰਡ ਦੀ ਸਿੱਖਿਆ ਦੇ ਸਕਿਆ ਹੈ ਅਤੇ ਖੁੰਭਾਂ ਵਾਂਗਰ ਉਗਦੇ ਮਾਡਲ, ਪਬਲਿਕ ਸਕੂਲਾਂ ਨੂੰ ਨੱਥ ਪਾ ਸਕਿਆ ਹੈ ਜਿੱਥੇ ਚੰਗੀ ਸਿੱਖਿਆ ਦੇਣ ਦੇ ਨਾਮ ਉੱਤੇ ਲੋਕਾਂ ਦੀ ਸ਼ਰੇਆਮ ਲੁੱਟ ਹੁੰਦੀ ਹੈ? ਕੀ ਪੰਜਾਬ ਦੀ ਸਰਕਾਰ ਪੰਜਾਬ ਦੇ ਮੁੱਖ ਆਰਥਿਕ ਸ੍ਰੋਤ ਜ਼ਮੀਨ ਅਤੇ ਕਿਸਾਨੀ ਵਲ ਵਿਸ਼ੇਸ਼ ਧਿਆਨ ਦੇ ਸਕੀ ਹੈ? ਜਿਹੜੇ ਇਸ ਵੇਲੇ ਵੱਡੀਆਂ ਤਕਲੀਫਾਂ ਝਲਦਿਆਂ ਖੁਦਕੁਸ਼ੀਆਂ ਦੇ ਰਾਹ ਪਏ ਹੋਏ ਹਨ, ਜਿਨ੍ਹਾਂ ਦੇ ਨਾ ਵੇਲੇ ਸਿਰ ਸੁੱਟੇ ਅਨਾਜ ਨੂੰ ਸੰਭਾਲਣ ਦਾ ਪ੍ਰਬੰਧ ਹੈ, ਨਾ ਖਾਦ ਬੀਜਾਂ ਦਾ। ਨਾ ਉਨ੍ਹਾਂ ਦੁਆਰਾ ਉਗਾਈ ਫਸਲ ਦਾ ਕੋਈ ਬੀਮਾ ਹੈ, ਨਾ ਘੱਟ ਘੱਟ ਨਿਰਧਾਰਨ ਮੁੱਲ। ਉਹ ਜਿਥੇ ਮੰਡੀ 'ਚ ਆੜ੍ਹਤੀਏ ਦੀ ਲੁੱਟ ਦਾ ਸ਼ਿਕਾਰ ਹੋ ਰਹੇ ਹਨ, ਉਥੇ ਸਮੇਂ ਸਿਰ ਅਨਾਜ ਦੀ ਕੀਮਤ ਨਾ ਮਿਲਣ ਕਾਰਨ ਸਰਕਾਰੀ ਬੇਕਦਰੀ ਵੀ ਝਲਦੇ ਹਨ। ਕੀ ਪੰਜਾਬ ਕੋਲ ਕੋਈ ਵੱਡੀ ਸਨਅਤ ਹੈ, ਆਮਦਨ ਦਾ ਹੋਰ ਕੋਈ ਵੱਡਾ ਸਰੋਤ ਹੈ? ਕੀ ਸਰਕਾਰ ਨੂੰ ਸ਼ਰਾਬ ਦੀ ਐਕਸਾਈਜ ਆਮਦਨ ਉੱਤੇ ਨਿਰਭਰ ਨਹੀਂ ਕਰਨਾ ਪੈਂਦਾ? ਆਮਦਨ ਵਧਾਉਣ ਲਈ ਆਖ਼ਰ ਸਰਕਾਰ ਦੀ ਕਿਹੜੀ ਮਜ਼ਬੂਰੀ ਹੈ ਕਿ ਉਹ ਪੰਜਾਬ ਦੇ ਹਰ ਪਿੰਡ 'ਚ ਸ਼ਰਾਬ ਦਾ ਠੇਕਾ ਖੋਹਲਣ ਦਾ ਟੀਚਾ ਮਿਥੀ ਬੈਠੀ ਹੈ? ਕੀ ਸਰਕਾਰ ਖੇਤੀ ਦੀ ਉਪਜ ਦੇ ਵੱਖੋ-ਵੱਖਰੇ ਅਨਾਜ ਦੀ ਵਰਤੋਂ ਕਰਦਿਆਂ ਖੇਤੀ ਸਨਅਤ ਨਹੀਂ ਲਗਾ ਸਕਦੀ? ਅਤੇ ਇਥੇ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਮੁਹੱਈਆ ਨਹੀਂ ਕਰ ਸਕਦੀ?

ਜਾਪਦਾ ਹੈ ਜਿਵੇਂ ਮੋਦੀ ਦੀ 'ਟੀਮ ਇੰਡੀਆ' ਦਾ ਮੰਤਵ ਸਿਰਫ਼ ਭਾਜਪਾ ਦੇ ਕੇਂਦਰੀਕ੍ਰਿਤ ਰਾਜਭਾਗ ਦੀ ਸਥਾਪਨਾ ਹੈ, ਉਥੇ ਬਾਦਲ ਦੇ 'ਅਸਲੀ ਸੰਘੀ ਢਾਂਚੇ' ਦੀ ਮੰਗ 2017 ਦੀ ਚੋਣ ਜਿੱਤਣ ਲਈ ਉਸੇ ਤਰ੍ਹਾਂ ਦਾ ਇੱਕ ਨਿਵੇਕਲਾ ਨਾਹਰਾ ਜਾਪਦਾ ਹੈ ਜਿਵੇਂ 1997 ਦੀਆਂ ਚੋਣਾਂ ਜਿੱਤਣ ਲਈ ਕਾਂਗਰਸ ਦੇ ਮੁਕਾਬਲੇ ਹਿੰਦੂ ਸਿੱਖ ਏਕਤਾ ਦਾ ਨਾਹਰਾ ਦੇਕੇ ਇਸੇ ਭਾਜਪਾ ਨਾਲ ਜੱਫੀ ਪਾਈ ਸੀ ।

9815802070

# Bhagwant Mann, AAP MP reaches out Canadian Sikh community for fund raising

**Shamshad Elahee Shams**

At 12:30pm I received a message from a high ranking Indian official based in Europe that AAP party Member of Parliament Bhagwant Mann will be speaking in Brampton today. I called immediately a member of Bhagat Singh family and was told that he has already left for the venue since program was scheduled at 12 pm, I sleeved up quickly on a lazy Sunday and was at the Chandni Banquet Hall, Chrysler drive Brampton at 12:55pm. All seats were already taken and almost hundred peoples were standing at the back side. Hitech projector was showing a message from AAP party leader from Punjab state. I sensed the huge crowd even before entering the hall when I could not find a parking lot and had to go to opposite side of the venue to park my car. Crowd overlapped the expectation of organizers since over 325 seats were filled quickly however hall had the capacity of over 500 chairs. It shows the charm for a Sikh AAP member of parliament, a young, talented and outspoken leader amongst Sikh community of Brampton. Definitely it was a successful public meeting by any Canadian standard as far as the crowd in concern.

After a brief address of organizer and Harbans Singh Malhi (son of late Prakash Kaur, sister of Bhagat Singh) Bhagwant Mann was invited to the podium at about 1:15pm and then he continued to speak over next 75 minutes. He explained to the audience how he fought the election with the help of common masses, youth and won election against those who had money, muscles and political power. Then he emphasised his role in parliament and problem faced by him as a new parliamentarian which forced him to go in the well once his questions were overturned by the speaker. He told emphatically to the gathering that he had 100% present in the recently concluded parliament session whereas Captain Amrendra Singh remained absent in the whole session. A video clip of his parliament question was displayed during his address when he asked Indian railway minster whether they have any plan to provide a railway link between all Sikh religious places so that Sikh community could have an access to all their religious places in one go, to promote religious tourism. He also told that how he attacked Modi on his foreign trips and asked BJP men to bring Prime minister to the house and got a great applaud from the audience.



Interestingly, he would not forget to take name of Bhagat Singh, Raj Guru and Sukhdev and tell their heroic stories to the public and endorse their vision for the free India and give all details that they librated the motherland from foreign rule but now India is ruled by such powers who has plundered the national wealth for their own interests and people of Punjab are suffering from hunger, unemployment, drugs, broken roads, sewage and lack of electricity. He informed the people how he disbursed the MP development fund in the public with the help of public etc. He also sang his poems, depicting the plight of the current pathetic situation of Punjab and reminded his audience to stop female foeticide which is prevalent in Punjab. Thus, maximum portion of his speech remained to be Punjab centric and Sangrur in particular from where he represent in the parliament. He vehemently attacked the politics of Akali Dal who gets the vote in the name of Panth and their leader fly in Choppers so they can't see on the ground whether poor public was able to lit their kitchen stoves.

At last, he told the gathering that Arvind Kejriwal is going to be next chief Minister of Delhi with your generous support and then organizer gave the briefing about the donors which runs into thousands of dollars.

Ironically, he accepted a sword from a local Sikh priest and asked audience to raise a slogan 'Inqlab-Zindabad' followed by 'Jo Bole So Nihal…

Bhagwant Singh's speech was a sheer disappointment for those students of political science, activist and academics who wanted to hear AAP's only active MP in the parliament on various issues such as growing threat of Fascist Sangh Parivar influence of their divisive politics in the name of 'Ghar Wapsi' in India. He did not utter even a single word against landslide corporate influence in Indian polity, recent amendment in labour laws to give free hand to the factory owners, about 700 communal riots took place in India since Modi assumed power in Delhi, Saffronization of education policy, cuts of Rs 6000 Cr in Health, withdrawal of subsidies in various public distribution schemes, abolition of planning commission, attack on pension, Indo-Pak relations, Foreign policy, upcoming national strike by Trade Unions in February 2015, AAP relations with Left and Democratic Forces in India, passing the Ordinance on FDI in Insurance sector so on and so forth.

When Bhagwant Mann descended from the stage, the writer of this article asked him candidly, "why he didn't accept the questions from the audience?" as it's a most respected Canadian tradition. He replied, "then we needed at least six hours" I shoot one more question, that 'you didn't speak about Ghar Wapsi too? He said, 'I spoke about it in parliament already'. Before I could ask him more, he was surrounded by barrage of peoples. In the middle of this ruckus, I took a 'blurred Selfy' and left the venue.

I looked around in the public, and found some known faces from Rationalist Society Ontario chapter and few aspiring Liberal and NDP young leaders but could not find a single face whom I have seen in the street fighting for local public issues such as rising cost of insurance, exploitation of workers by employment agencies, Ontario govt attack on Health sector, Harper govt's flawed immigration policy or public outcry against Israel's mindless attack on Gaza etc.





ਇੰਟਰਨੈਸ਼ਨਲ ਮਿਆਰਾਂ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ

BALJINDER ARTS
Baljinder Singh
Mob. +91-92167-29598, +91-98782-29598
akashdeep.1046@gmail.com

# Iglika Ivanova: 'Tis the season to rethink charitable giving



It's December, the season for charitable giving. Wherever you turn you see boxes and bins collecting non-perishable food items for the local food bank or toys for the less fortunate children in our communities.

The cashier asks if you want to add a $2 donation to your purchase. You donate like you did last year but the problem doesn't seem to go away.

Quite the opposite, the problem is getting bigger every year. Food Banks Canada's recent HungerCount 2014 report shows that the number of people helped by charitable food programs is on the rise even though the economy is improving.

In BC, close to 100,000 people relied on a food bank to make ends meet in a typical month this year, a 25-per-cent increase since before the Great Recession of 2008 and four per cent higher than last year.

With an increasing number of people coming to their doors, food banks need our donations more than ever to meet the immediate needs of our neighbours living in poverty. But the help they are able to provide offers only short-term relief. It's not a solution because it doesn't address the root causes of the hunger and need in our communities.

Food banks themselves know this. You'll find a number of recommendations in their annual HungerCount reports, and none of them is for Canadians to donate more to charity.

Instead, food banks advocate for policy changes to deal with the systemic causes of poverty in a prosperous country like ours, things like federal government investment in affordable housing, programs to address food insecurity in the North, and enhancements to provincial welfare.

These are some of the key planks of what a comprehensive poverty reduction plan for B.C. must include. And they require governments to take a leadership role.

Poverty is not a problem that can be solved by soup kitchens, food banks and Christmas toy drives any more than a leaky roof can be fixed by mopping the puddles off the floor. A government-led, comprehensive poverty reduction plan with an accountability mechanism to ensure that anti-poverty initiatives are sustained, evaluated and modified as needed is what's required.

There is broad support for such a plan from community groups, educators, health professionals and other concerned British Columbians who've joined the B.C. Poverty Reduction Coalition. But in the absence of leadership from our provincial government — the only one in Canada to have not committed to a poverty reduction plan — it's easy to become overwhelmed.

If donating to charity or volunteering in a soup kitchen won't solve the underlying problems, what is a concerned British Columbian to do? The same thing we always do when our current strategy isn't working — shift gears and do a little more.

This holiday season, I challenge you to do one more thing than you did last year. Just one. But make it something that would help change the status quo.

What could this mean for you?

If you donated to the local food bank, volunteered at a soup kitchen, organized a toy drive, please do it again. But don't stop there.

If you've never written a letter to the premier, write one. Tell the premier and your MLA why you're bothered by the extent of poverty in our prosperous country and urge her to show leadership in solving this issue. There is broad community support for a comprehensive poverty reduction plan.

Even the legislature's Committee on Finance and Government Services recommended "a comprehensive poverty reduction plan, and review income assistance rates, the minimum wage, and clawback of child-support payments" in its 2015 Budget Consultation report.

If you've written letters before, consider meeting with your MLA in person to talk to them about poverty in your community and urge them to take action.

Or donate to an organization that advocates for systemic change.

Or volunteer for an advocacy organization. There are many great ones to choose from.

Join the Fight for $15, a campaign to raise the minimum wage; add your voice to the Living Wage Campaign asking large employers and governments to voluntarily pay a living wage; or support community efforts to increase welfare rates for those who are unable to work. Join the B.C. Poverty Reduction Coalition.

There are many ways you can make a difference.

This holiday season choose one you feel comfortable with and help change the conversation about poverty.

Iglika Ivanova is an economist and researcher with the Canadian Centre for Policy Alternatives in B.C.

# ਅਕਾਲੀ ਦਲ ਲਈ ਸਿਆਸੀ ਝਟਕਿਆਂ ਵਾਲਾ ਵਰ੍ਹਾ

**ਦਵਿੰਦਰ ਪਾਲ**

ਪੰਜਾਬ ਵਿੱਚ ਪਿਛਲੇ ਪੌਣੇ ਅੱਠ ਸਾਲਾਂ ਤੋਂ ਸੱਤਾ 'ਤੇ ਕਾਬਜ਼ ਸ਼੍ਰੋਮਣੀ ਅਕਾਲੀ ਦਲ ਲਈ ਸਾਲ 2014 ਸਭ ਤੋਂ ਵੱਧ ਸਿਆਸੀ ਝਟਕਿਆਂ ਵਾਲਾ ਮੰਨਿਆ ਜਾ ਰਿਹਾ ਹੈ। ਬਾਦਲ ਪਰਿਵਾਰ ਲਈ ਤਸੱਲੀ ਵਾਲੀ ਗੱਲ ਸਿਰਫ ਇਹ ਰਹੀ ਕਿ ਪਾਰਟੀ ਉਪਰ ਉਨ੍ਹਾਂ ਦੇ ਗਲਬੇ ਨੂੰ ਕਿਸੇ ਹੋਰ ਨੇਤਾ ਨੇ ਚੁਣੌਤੀ ਨਹੀਂ ਦਿੱਤੀ। ਹੁਕਰਮਾਨ ਪਾਰਟੀ ਲਈ 2014 ਦੇ ਪਹਿਲੇ ਦੋ ਮਹੀਨੇ (ਜਨਵਰੀ ਅਤੇ ਫਰਵਰੀ) ਬੜੇ ਸੁਖਾਵੇਂ ਰਹੇ, ਪਰ ਜਿਵੇਂ ਹੀ ਮਾਰਚ ਦੇ ਆਰੰਭ ਵਿੱਚ ਲੋਕ ਸਭਾ ਚੋਣਾਂ ਦਾ ਐਲਾਨ ਹੋਣ ਤੋਂ ਬਾਅਦ ਰਾਜਨੀਤਕ ਮਾਹੌਲ ਗਰਮ ਹੋਇਆ ਤਾਂ ਇਸ ਪਾਰਟੀ ਨੂੰ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਹਾਕਮ ਪਾਰਟੀ ਦੇ ਆਗੂਆਂ, ਖਾਸ ਕਰ ਮੰਤਰੀਆਂ ਉੱਤੇ ਨਸ਼ਿਆਂ ਦੇ ਸਮਗਲਰਾਂ ਨਾਲ ਸਬੰਧਾਂ ਦੇ ਦੋਸ਼ ਲੱਗਣੇ; ਇੱਕ ਮੰਤਰੀ ਦੀ ਛੁੱਟੀ ਹੋਣਾ, ਹਰਿਆਣਾ 'ਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ 'ਚ ਆਉਣਾ, ਯੂਥ ਅਕਾਲੀ ਦਲ ਦੇ ਪ੍ਰਧਾਨ ਦਾ ਅਹੁਦਾ ਖ਼ਤਮ ਹੋਣਾ, ਦਲ ਬਦਲੀ ਨੂੰ ਉਤਸ਼ਾਹਤ ਕਰਨਾ ਆਦਿ ਅਜਿਹੇ ਮੁੱਦੇ ਸਨ ਜਿਨ੍ਹਾਂ ਕਾਰਨ ਪਾਰਟੀ ਸਾਰਾ ਸਾਲ ਸੁਰਖ਼ੀਆਂ ਵਿੱਚ ਰਹੀ। ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦਰਮਿਆਨ ਪਿਛਲੇ ਪੌਣੇ ਦੋ ਦਹਾਕਿਆਂ ਤੋਂ ਚਲੇ ਆ ਰਹੇ ਗੱਠਜੋੜ ਵਿੱਚ ਇਸ ਸਾਲ ਪਹਿਲੀ ਵਾਰੀ ਦਰਾਰ ਪੈਣੀ ਅਤੇ ਦੋਵਾਂ ਪਾਰਟੀਆਂ 'ਚ ਟਕਰਾਅ ਦਾ ਮਾਹੌਲ ਬਣਨਾ ਵੀ ਅਕਾਲੀ ਦਲ ਲਈ ਬਦਸ਼ਗਨੀ ਬਣ ਗਿਆ।

ਹੁਣ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਐਨਫੋਸਮੈਂਟ ਡਾਇਰੈਕਟੋਰੇਟ (ਈਡੀ) ਨੇ ਤਲਬ ਕਰਕੇ ਅਕਾਲੀ ਦਲ, ਖਾਸ ਕਰ ਬਾਦਲ ਪਰਿਵਾਰ ਲਈ ਸਿਰਦਰਦੀ ਪੈਦਾ ਕਰ ਦਿੱਤੀ ਹੈ। ਸਿਆਸੀ ਹਲਕਿਆਂ ਵਿੱਚ ਇਹ ਪ੍ਰਭਾਵ ਜਾਣ ਲੱਗਿਆ ਹੈ ਕਿ ਬਿਕਰਮ ਮਜੀਠੀਆ ਖਾਤਰ ਬਾਦਲ ਪਰਿਵਾਰ ਨੇ ਸਰਕਾਰ ਅਤੇ ਪੂਰੀ ਪਾਰਟੀ ਹੀ ਦਾਅ 'ਤੇ ਲਗਾ ਦਿੱਤੀ ਹੈ। ਲੋਕ ਸਭਾ ਚੋਣਾਂ ਦੇ ਨਤੀਜਿਆਂ ਰਾਹੀਂ ਹਾਕਮ ਪਾਰਟੀ ਨੂੰ ਲੋਕਾਂ ਨੇ ਜੋ ਸਬਕ ਸਿਖਾਇਆ ਸੀ, ਉਸ ਦਾ ਸੇਕ ਤਾਂ ਹੁਣ ਤੱਕ ਮਹਿਸੂਸ ਕੀਤਾ ਜਾ ਰਿਹਾ ਹੈ। ਉਂਜ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਹੀ ਸ਼੍ਰੋਮਣੀ ਅਕਾਲੀ ਦਲ, ਖਾਸ ਕਰਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਜ਼ਮੀਨੀ ਹਕੀਕਤਾਂ ਦਾ ਅਹਿਸਾਸ ਹੋ ਗਿਆ ਸੀ। ਇਹੀ ਕਾਰਨ ਹੈ ਕਿ ਸ੍ਰੀ ਬਾਦਲ ਚੋਣਾਂ ਦੌਰਾਨ ਖੁੱਲ੍ਹਮ ਖੁੱਲ੍ਹਾ ਆਖਦੇ ਰਹੇ, "ਸਾਡੇ ਵਾਲਾ ਗੁੱਸਾ ਮੋਦੀ 'ਤੇ ਨਾ ਕੱਢੋ"। ਲੋਕ ਸਭਾ ਚੋਣਾਂ ਤੋਂ ਬਾਅਦ ਕੇਂਦਰ ਵਿੱਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵਿੱਚ ਹਰਸਿਮਰਤ ਕੌਰ ਬਾਦਲ ਨੂੰ ਮੰਤਰੀ ਬਣਾ ਕੇ ਬਾਦਲ ਪਰਿਵਾਰ ਨੇ ਆਪਣਾ ਕੱਦ ਕੌਮੀ ਪੱਧਰ 'ਤੇ ਵਧਾਉਣ ਦਾ ਇੱਕ ਵੱਡਾ ਯਤਨ ਕੀਤਾ ਪਰ ਬੀਬਾ ਬਾਦਲ ਕੋਲ ਅਜਿਹਾ ਮੰਤਰਾਲਾ ਨਹੀਂ ਜਿਸ ਨੂੰ ਬਹੁਤਾ ਪ੍ਰਭਾਵਸ਼ਾਲੀ ਮੰਨਿਆ ਜਾ ਸਕੇ।

ਪੰਜਾਬ ਦੀ ਰਾਜਨੀਤੀ ਵਿੱਚ ਹੁਣ ਅਜਿਹਾ ਦੌਰ ਮੰਨਿਆ ਜਾਣ ਲੱਗਾ ਹੈ ਜਦੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਿਆਸੀ ਕੱਦ ਨੂੰ ਵੀ ਖੋਰਾ ਲੱਗਾ ਹੈ। ਲੋਕ ਸਭਾ ਚੋਣਾਂ ਦੇ ਐਲਾਨ ਸਮੇਂ ਅਕਾਲੀ ਦਲ ਪੂਰੀ ਤਰ੍ਹਾਂ ਚੜ੍ਹਤ 'ਚ ਸੀ, ਪਰ ਕਾਂਗਰਸ ਵੱਲੋਂ ਅਮਰਿੰਦਰ ਸਿੰਘ ਤੇ ਹੋਰ ਮਹਾਰਥੀ ਪਿੜ ਵਿੱਚ ਜਾਣ ਨਾਲ ਮਾਹੌਲ ਬਦਲ ਗਿਆ।

ਸ਼੍ਰੋਮਣੀ ਅਕਾਲੀ ਦਲ ਦੇ ਬਹੁਗਿਣਤੀ ਸੀਟਾਂ ਜਿੱਤਣ ਦੇ ਦਾਅਵਿਆਂ ਦੀ ਇਸ ਹੱਦ ਤੱਕ ਫੂਕ ਨਿਕਲ ਗਈ ਕਿ ਬਾਦਲ ਪਰਿਵਾਰ ਦੀ ਨੂੰਹ ਹਰਸਿਮਰਤ ਕੌਰ ਬਾਦਲ ਨੇ ਬੜੀ ਮੁਸ਼ਕਲ ਨਾਲ ਬਠਿੰਡਾ ਦੀ ਸੀਟ ਜਿੱਤੀ। ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਰੁਣ ਜੇਤਲੀ ਦੀ ਅੰਮ੍ਰਿਤਸਰ ਤੋਂ ਹਾਰ ਤਾਂ ਅਕਾਲੀ ਦਲ ਨੂੰ ਬਹੁਤ ਹੀ ਮਹਿੰਗੀ ਸਾਬਤ ਹੋਈ ਜਿਸ ਦਾ ਖਮਿਆਜ਼ਾ ਅਕਾਲੀਆਂ ਸਣੇ ਪੂਰੇ ਪੰਜਾਬ ਨੂੰ ਭੁਗਤਣਾ ਪੈ ਰਿਹਾ ਹੈ। ਇਸ ਹਾਰ ਦੇ ਭਾਵੇਂ ਕਈ ਕਾਰਨ ਹੋ ਸਕਦੇ ਹਨ ਪਰ ਭਾਜਪਾ ਹਾਈ ਕਮਾਨ ਦੀਆਂ ਨਜ਼ਰਾਂ ਵਿੱਚ ਅਕਾਲੀ ਦਲ ਸੂਬੇ ਦੀਆਂ ਸਾਰੀਆਂ ਅਲਾਮਤਾਂ ਲਈ ਜ਼ਿੰਮੇਵਾਰ ਹੋ ਗਿਆ। ਇਸੇ ਦੌਰ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ 'ਧਰਮ ਭਰਾ' ਬਿਕਰਮ ਸਿੰਘ ਮਜੀਠੀਆ 'ਤੇ ਨਸ਼ਿਆਂ ਦੀ ਸਮਗਲਿੰਗ ਕਰਨ ਵਾਲਿਆਂ ਦੀ ਕਥਿਤ ਪੁਸ਼ਤਪਨਾਹੀ ਕਰਨ ਦੇ ਦੋਸ਼ ਲੱਗੇ। ਇੰਜ ਹੀ, ਰਾਜ ਵਿੱਚ ਰੇਤ ਬਜਰੀ ਦੀ ਕਾਲਾ-ਬਾਜ਼ਾਰੀ ਅਤੇ ਹੋਰਨਾਂ ਸਭ ਮਾੜੇ ਕੰਮਾਂ ਦਾ ਠੀਕਰਾ ਲੋਕਾਂ ਨੇ ਅਕਾਲੀਆਂ ਸਿਰ ਭੰਨ ਦਿੱਤਾ। ਹਰਿਆਣਾ ਦੀ ਵੱਖਰੀ ਗੁਰਦੁਆਰਾ ਕਮੇਟੀ ਦੇ ਹੋਂਦ ਵਿੱਚ ਆਉਣ ਕਾਰਨ ਵੀ ਅਕਾਲੀ ਦਲ ਲਈ ਇਹ ਵਰ੍ਹਾ ਮਾਯੂਸਕੁਨ ਕਿਹਾ ਜਾ ਸਕਦਾ ਹੈ। ਸਿੱਖਾਂ ਦੀ ਮਿੰਨੀ ਪਾਰਲੀਮੈਂਟ ਦੇ ਤੌਰ 'ਤੇ ਜਾਣੀ ਜਾਂਦੀ ਧਾਰਮਿਕ ਸੰਸਥਾ ਦੇ ਵੰਡਣ ਦਾ ਮੁੱਢ ਗੁਆਂਢੀ ਸੂਬੇ ਦੀ ਸਰਕਾਰ ਨੇ ਬੰਨ੍ਹ ਦਿੱਤਾ ਹੈ। ਹੁਣ ਮਾਮਲਾ ਸੁਪਰੀਮ ਕੋਰਟ ਦੇ ਵਿਚਾਰ-ਅਧੀਨ ਹੈ। ਭਾਜਪਾ ਦੇ ਸਾਬਕਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਨਾਲ ਸ਼੍ਰੋਮਣੀ ਅਕਾਲੀ ਦਲ ਦਾ ਟਕਰਾਅ ਇਸ ਸਾਲ ਦੀਆਂ ਵੱਡੀਆਂ ਸਿਆਸੀ ਘਟਨਾਵਾਂ ਵਿੱਚ ਸ਼ਾਮਲ ਹੈ। ਇਸੇ ਤਰ੍ਹਾਂ ਸੁਖਬੀਰ ਸਿੰਘ ਬਾਦਲ, ਆਦੇਸ਼ ਪ੍ਰਤਾਪ ਸਿੰਘ ਕੈਰੋਂ ਅਤੇ ਬਿਕਰਮ ਸਿੰਘ ਮਜੀਠੀਆ ਦਰਮਿਆਨ ਮੰਤਰੀ ਮੰਡਲ ਦੀਆਂ ਮੀਟਿੰਗਾਂ 'ਚ ਹੁੰਦਾ ਤਕਰਾਰ ਸਿੱਧ ਕਰਦਾ ਹੈ ਕਿ ਪਰਿਵਾਰ ਵਿੱਚ ਵੀ ਸਭ ਅੱਛਾ ਨਹੀਂ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਸਰਵਣ ਸਿੰਘ ਫਿਲੌਰ ਦਾ ਅਸਤੀਫਾ ਇਸ ਕਰਕੇ ਲੈ ਲਿਆ ਸੀ ਕਿਉਂਕਿ ਉਨ੍ਹਾਂ ਦੇ ਪੁੱਤਰ ਨੂੰ ਈਡੀ ਨੇ ਤਲਬ ਕਰ ਲਿਆ ਸੀ। ਇਹ ਮਾਪਦੰਡ ਮਜੀਠੀਆ ਮਾਮਲੇ ਵਿੱਚ ਨਹੀਂ ਅਪਣਾਇਆ ਗਿਆ। ਮਜੀਠੀਆ ਤੋਂ ਇਲਾਵਾ ਜਿਹੜੇ ਹੋਰ ਮੰਤਰੀ ਵਿਵਾਦਤ ਰਹੇ, ਉਨ੍ਹਾਂ ਵਿੱਚ ਜਥੇਦਾਰ ਤੋਤਾ ਸਿੰਘ ਤੇ ਸਿਕੰਦਰ ਸਿੰਘ ਮਲੂਕਾ ਸ਼ਾਮਲ ਹਨ। ਇਨ੍ਹਾਂ ਨਾਲ ਜੁੜੇ ਵਿਵਾਦਾਂ ਨੇ ਪਾਰਟੀ ਦੇ ਅਕਸ ਨੂੰ ਖੋਰਾ ਲਾਇਆ।

## ਪ੍ਰੋਗਰੈਸਿਵ ਕਲਚਰਲ ਐਸੋਸ਼ੀਏਸ਼ਨ ਕੈਲਗਰੀ ਵੱਲੋਂ ਭਖਦੇ ਮਸਲਿਆਂ ਤੇ ਵਿਚਾਰ-ਚਰਚਾ

# ਮਨੁੱਖੀ ਅਧਿਕਾਰਾਂ, ਡੇਰਾਵਾਦ, ਤੇਲ ਦੀਆਂ ਕੀਮਤਾਂ ਅਤੇ ਈਬੋਲਾ ਬਣੇ ਮੁੱਖ ਮੁੱਦੇ















**ਮਾ. ਭਜਨ (ਕੈਲਗਰੀ)**

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਇਥੇ ਜੈਨਸਸ ਸੈਂਟਰ ਕੈਲਗਰੀ ਨੌਰਥ ਈਸਟ ਵਿਖੇ ਸਮਾਜ ਦੇ ਭਖਦੇ ਮਸਲਿਆਂ ਦੇ ਵੱਖ-ਵੱਖ ਬੁਲਾਰਿਆਂ ਦੇ ਲੈਕਚਰ ਆਯੋਜਿਤ ਕੀਤੇ ਗਏ। ਮਨੁੱਖੀ ਅਧਿਕਾਰਾਂ ਦੇ ਹਨਨ ਬਾਰੇ ਹਰਚਰਨ ਪਰਹਾਰ ਸੰਪਾਦਕ 'ਸਿੱਖ ਵਿਰਸਾ', ਡੇਰਾਵਾਦ ਤੋਂ ਸਮਾਜ ਨੂੰ ਖਤਰਾ ਬਾਰੇ ਰਿਸ਼ੀਨਾਗਰ ਨਿਊਜ਼ ਡਾਇਰੈਕਟਰ ਰੈਡ ਐਫ ਐਮ, ਤੇਲ ਸੰਕਟ ਬਾਰੇ ਗੁਰਬਚਨ ਬਰਾੜ 'ਸਰੋਕਾਰਾਂ ਦੀ ਆਵਾਜ਼' ਅਤੇ ਕਮਲਪ੍ਰੀਤ ਕੌਰ ਪੰਧੇਰ ਨੇ 'ਅਬੋਲਾ ਬੀਮਾਰੀ ਨਹੀਂ ਕਤਲ' ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

ਹਰਚਰਨ ਪਰਹਾਰ ਨੇ ਸੰਬੋਧਨ ਕਰਦਿਆਂ ਕਿਹਾ ਕਿ 10 ਦਸੰਬਰ ਦਾ ਦਿਨ ਅੰਤਰ ਰਾਸ਼ਟਰੀ ਦਿਵਸ ਦੇ ਤੌਰ 'ਤੇ ਮਾਨਤਾ ਪ੍ਰਾਪਤ ਦਿਵਸ ਹੈ। ਕਿਉਂਕਿ 10 ਦਸੰਬਰ 1948 ਨੂੰ ਯੂ. ਐਨ. ਦੀ ਜਨਰਲ ਅਸੈਂਬਲੀ ਵਲੋਂ ਮਨੁੱਖੀ ਹੱਕਾਂ ਦੀ ਰਾਖੀ ਲਈ 30 ਮਤੇ ਪਾਸ ਕੀਤੇ ਗਏ ਜਿਨ੍ਹਾਂ ਵਿਚ ਹਰ ਮਨੁੱਖ ਨੂੰ ਮਰਜ਼ੀ ਨਾਲ ਜੀਣ, ਧਰਮ, ਕਲਚਰ ਅਤੇ ਬੋਲੀ ਆਦਿ ਰੱਖਣ ਦਾ ਅਧਿਕਾਰ ਹੋਵੇਗਾ। ਕਿਸੇ ਨੂੰ ਗੁਲਾਮ ਬਣਾਉਣ ਜਾਂ ਚਾਰਟਰ 'ਚ ਦਰਜ ਹੱਕਾਂ ਨੂੰ ਅਪਰਾਧ ਗਿਣਿਆ ਜਾਵੇਗਾ। ਕੌਮਾਂ ਜਾਂ ਵਿਅਕਤੀਆਂ ਨੂੰ ਹਥਿਆਰ ਚੁੱਕਣ ਤੋਂ ਰੋਕਣਾ ਹੈ ਤਾਂ ਸਰਕਾਰਾਂ ਨੂੰ ਉਨ੍ਹਾਂ ਦੇ ਹੱਕਾਂ ਦੀ ਰਾਖੀ ਕਰਨੀ ਪਵੇਗੀ। ਪ੍ਰੰਤੂ ਅੱਜ ਸੰਸਾਰ ਭਰ 'ਚ ਮਨੁੱਖੀ ਹੱਕਾਂ ਦਾ ਘਾਣ ਸਰਕਾਰਾਂ ਕਾਲੇ ਕਾਨੂੰਨ ਬਣਾ ਕੇ ਕਰ ਰਹੀਆਂ ਹਨ। ਹੱਕਾਂ ਦੀ ਰਾਖੀ ਲਈ ਲੋਕਾਂ ਨੂੰ ਇਕਮੁੱਠ ਹੋ ਕੇ ਸੰਘਰਸ਼ ਕਰਨੇ ਪੈਣਗੇ।

ਡੇਰਾਵਾਦ ਬਾਰੇ ਬੋਲਦਿਆਂ ਰਿਸ਼ੀ ਨਾਗਰ ਨੇ ਕਿਹਾ ਕਿ ਜਿਥੇ ਪੰਜਾਬ/ਭਾਰਤ ਵਾਸੀਆਂ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕੀਤਾ ਹੈ, ਉਥੇ ਪੰਜਾਬ ਨੂੰ ਸਭਿਆਚਾਰਕ ਅਤੇ ਸਮਾਜਿਕ ਤੌਰ 'ਤੇ ਵੀ ਡਾਵਾਂਡੋਲ ਕੀਤਾ ਹੈ। ਕੁਝ ਵਿਹਲੜ, ਬਦਮਾਸ਼-ਬਦਕਾਰ ਅਤੇ ਠੱਗ ਕਿਸਮ ਦੇ ਲੋਕਾਂ ਨੇ ਸੂਬੇ ਦੇ ਗਰੀਬ ਤੇ ਭੋਲੇ ਭਾਲੇ ਲੋਕਾਂ ਨੂੰ ਆਪਣੇ ਮੱਕੜ ਜਾਲ ਵਿਚ ਫਸਾ ਕੇ ਐਸਾ ਅਡੰਬਰ ਰਚਾਇਆ ਹੈ ਕਿ ਇਨ੍ਹਾਂ ਡੇਰਿਆਂ ਦੀ ਚਕਾਚੌਂਧ ਨੇ ਪਹਿਲਾਂ ਤੋਂ ਹੀ ਬੀਮਾਰ ਮਨੁੱਖੀ ਮਨ ਨੂੰ ਹੋਰ ਬੀਮਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਡੇਰਾਵਾਦ ਦੇ ਵਧਣ ਫੁੱਲਣ ਵਿਚ ਮੁੱਖ ਭੂਮਿਕਾ ਕਾਂਗਰਸ, ਭਾਜਪਾ-ਅਕਾਲੀ ਅਤੇ ਹੋਰ ਮੁੱਖ ਰਾਜ ਕਰਨ ਵਾਲੀਆਂ ਪਾਰਟੀਆਂ ਨੇ ਨਿਭਾਈ ਹੈ। ਲਗਭਗ ਸਾਰੀਆਂ ਸਰਕਾਰਾਂ ਨੇ ਇਨ੍ਹਾਂ ਨੂੰ ਅਰਬ ਖਰਬਪਤੀ ਬਣਾਉਣ ਲਈ ਲੀਜ ਤੇ ਲੱਖਾਂ ਏਕੜ ਜ਼ਮੀਨਾਂ ਲੀਜ 'ਤੇ ਦਿੱਤੀਆਂ ਹੋਈਆਂ ਹਨ। ਵੋਟ ਬੈਂਕ ਪੱਕੇ ਕਰਨ ਲਈ ਚੋਣਾਂ ਵੇਲੇ ਡੇਰਿਆਂ 'ਚ ਗੇੜੇ ਮਾਰਦੇ ਹਨ। ਡੇਰਾਵਾਦੀਆਂ ਨੂੰ ਇਨ੍ਹਾਂ ਲੀਡਰਾਂ ਦੀ ਛਤਰਛਾਇਆ ਹੇਠ ਸਰਕਾਰੀ ਸੁਰੱਖਿਆ ਚਾਹੀਦੀ ਹੈ। ਭਾਵੇਂ ਅੱਜ ਆਸ਼ੂਤੋਸ਼ ਅਤੇ ਰਾਮਪਾਲ ਚਰਚਾ ਵਿਚ ਹਨ ਪ੍ਰੰਤੂ ਕਦੇ ਰਾਧਾ ਸੁਆਮੀ, ਨਿਰੰਕਾਰੀ, ਭਨਿਆਰੇ ਵਾਲੇ, ਕਦੇ ਸੌਦਾ ਸਾਧ, ਕਦੇ ਡੇਰਾ ਬੱਲਾਂ, ਕਦੇ ਰਾਮਦੇਵ, ਆਸਾ ਰਾਮ, ਸਤਿਆ ਸਾਂਈਂ ਬਾਬਾ ਆਦਿ ਚਰਚਾ ਵਿਚ ਆਉਂਦੇ ਰਹਿੰਦੇ ਹਨ। ਇਹ ਸਭ ਧਾਰਮਿਕ ਠੱਗੀ ਅਤੇ ਮਾਫ਼ੀਆ ਦੀ ਦੁਨੀਆ ਹੈ। ਇਹ ਧਾਰਮਿਕ ਮਾਫ਼ੀਆ ਇਸ ਮੁਲਕ ਵਿਚ ਬਹੁਤ ਵੱਡੀ ਤਾਕਤ ਬਣਦੀ ਜਾ ਰਹੀ ਹੈ। ਉਂਝ ਇਨ੍ਹਾਂ ਦੀਆਂ ਹਰਕਤਾਂ ਨਾ ਤਾਂ ਧਾਰਮਿਕ ਹਨ ਤੇ ਨਾ ਰੂਹਾਨੀਅਤ ਨਾਲ ਸਬੰਧ ਰੱਖਣ ਵਾਲੀਆਂ। ਇਹ ਤਾਂ ਸਿਆਸੀ ਤਾਕਤ, ਬਿਜ਼ਨਸ ਅਤੇ ਜੁਰਮਾਂ ਦੀ ਦੁਨੀਆ ਵਾਲਾ ਤਰੀਕਾ ਹੈ।

ਤੇਲ ਦੀਆਂ ਡਿੱਗ ਰਹੀਆਂ ਕੀਮਤਾਂ ਬਾਰੇ ਬੋਲਦਿਆਂ ਗੁਰਬਚਨ ਬਰਾੜ ਨੇ ਕਿਹਾ ਕਿ ਇਸ ਨਾਲ ਬਹੁਤ ਸਾਰੇ ਕਾਮਿਆਂ ਦੀਆਂ ਨੌਕਰੀਆਂ ਖੁੱਸ ਰਹੀਆਂ ਹਨ ਅਤੇ ਸਿਹਤ, ਸਿੱਖਿਆ, ਪੈਨਸ਼ਨਾਂ ਆਦਿ 'ਤੇ ਕੱਟ ਲੱਗਣ ਦੇ ਖਤਰੇ ਖੜ੍ਹੇ ਹੋਣਗੇ। ਇਸ ਬਹਾਨੇ ਕੰਪਨੀਆਂ ਬਾਅਦ ਵਿਚ ਘੱਟ ਤਨਖਾਹ ਤੇ ਨਵੇਂ ਵਰਕਰ ਹਾਇਰ ਕਰਨਗੀਆਂ। ਲੋਕਾਂ ਨੂੰ ਇਸ ਸੰਕਟ ਬਾਰੇ ਐਮ. ਐਲ. ਏਜ਼ ਅਤੇ ਐਮ. ਪੀਜ਼ 'ਤੇ ਦਬਾਅ ਵਧਾਉਣਾ ਚਾਹੀਦਾ ਹੈ। ਅਲਬਰਟਾ ਦੀ ਆਰਥਿਕ ਹਾਲਤ ਤੇਲ 'ਤੇ ਨਿਰਭਰ ਹੋਣ ਕਾਰਨ ਇਥੇ ਸਥਿਤੀ ਹੋਰ ਵੀ ਗੰਭੀਰਤਾ ਵਾਲੀ ਬਣਦੀ ਜਾ ਰਹੀ ਹੈ।

ਕਮਲਪ੍ਰੀਤ ਕੌਰ ਪੰਧੇਰ ਨੇ ਭਿਆਨਕ ਰੂਪ ਧਾਰਨ ਕਰਨ ਜਾ ਰਹੀ ਬੀਮਾਰ ਈਬੋਲਾ ਬਾਰੇ ਬੋਲਦਿਆਂ ਕਿਹਾ ਕਿ ਹੁਣ ਤੱਕ 17290 ਲੋਕ ਪ੍ਰਭਾਵਤ ਅਤੇ 6556 ਦੀ ਮੌਤ ਹੋ ਚੁੱਕੀ ਹੈ। ਮੁਨਾਫ਼ੇ ਦੀ ਹਵਸ ਦੀ ਅੰਨੀ ਦੌੜ 'ਚ ਜੰਗਲਾਂ ਦੀ ਕਟਾਈ ਕਾਨ ਚਮਗਿੱਦੜਾਂ ਅਤੇ ਗੁਰੀਲਿਆਂ ਤੋਂ ਇਹ ਵਾਇਰਸ ਮਨੁੱਖਾਂ ਵਿਚ ਪਰਵੇਸ਼ ਹੋਣ ਕਾਰਨ ਇਹ ਬਿਮਾਰੀ ਅਮਰੀਕਾ-ਕੈਨੇਡਾ ਆਦਿ ਵਿਚ ਫੈਲ ਚੱਲੀ ਸੀ ਜਿਸ ਕਾਰਨ ਇਸ ਦੀ ਚਰਚਾ ਇਸ ਵਾਰੀ ਵਧੇਰੇ ਫੈਲੀ ਹੈ। ਪ੍ਰੰਤੂ ਪਹਿਲਾਂ ਵੀ 20 ਵਾਰੀ ਫੈਲ ਚੁੱਕੀ ਹੈ। ਡਾ. ਅੰਮ੍ਰਿਤ ਲੁਧਿਆਣਾ ਦੇ ਲੇਖ "ਈਬੋਲਾ ਬੀਮਾਰੀ ਨਹੀਂ ਕਤਲ" ਵਿਚੋਂ ਇਹ ਤੱਥ ਪੇਸ਼ ਕੀਤੇ। ਹੁਣੇ-ਹੁਣੇ ਆਪਣੇ ਚਾਚੇ ਡਾ. ਸ਼ਿੰਗਾਰਾ ਸਿੰਘ ਦੀ ਲਿਵਰ ਅਤੇ ਕਾਲੇ ਪੀਲੀਏ ਨਾਲ ਅੱਧ ਵਿਚਕਾਰ ਜੀਵਨ ਜਿਉਂ ਕੇ ਚਲੇ ਜਾਣ ਦੇ ਜਜ਼ਬਾਤੀ ਪਲਾਂ ਦੀ ਵਿਥਿਆ ਪੰਜਾਬ ਤੋਂ ਆ ਕੇ ਕੀਤੀ ਤਾਂ ਸਾਰਿਆਂ ਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਕਿਵੇਂ ਪੰਜਾਬ ਦੇ ਨੌਜਵਾਨ ਬੇਰੁਜ਼ਗਾਰੀ ਅਤੇ ਨਸ਼ਿਆਂ ਦੀ ਮਾਰ 'ਚ ਹਨ। ਭੱਠਿਆਂ ਦੇ ਪਰਵਾਸੀ ਮਜ਼ਦੂਰ ਜੋ 7-8 ਫੁੱਟ ਦੇ ਨ੍ਹੇਰ ਕੋਠੜਿਆਂ 'ਚ ਗੁਜ਼ਾਰਾ ਕਰਦੇ ਹਨ, ਉਨ੍ਹਾਂ ਦੇ ਠਰ੍ਹੂੰ-ਠਰ੍ਹੂੰ ਕਰਦੇ ਨੰਗ-ਧੜੰਗੇ ਬੱਚਿਆਂ ਨੂੰ ਕੁਝ ਢਾਰਸ ਦੇਣ ਲਈ ਜਦੋਂ ਮੈਂ ਕੰਬਲ ਦਿੱਤੇ ਤਾਂ ਉਹਨਾਂ ਦੀ ਹਾਲਤ, ਚਿਹਰੇ ਦੇਖ ਕੇ ਮੈਂ ਧੁਰ ਅੰਦਰ ਤੱਕ ਹਿੱਲ ਗਈ। ਚਾਚੇ ਦੀ ਯਾਦ 'ਚ ਉਸਦੇ ਸਭ ਤੋਂ ਪਿਆਰੇ ਲੋਕਾਂ ਨੂੰ ਕੁਝ ਆਸਰਾ ਦੇ ਕੇ ਢਾਰਸ ਮਹਿਸੂਸ ਕੀਤਾ। ਸ਼ਾਇਦ ਪਿਆਰੇ ਚਾਚੇ ਨੂੰ ਯਾਦ ਕਰਨ ਦਾ ਇਹੀ ਵਧੀਆ ਢੰਗ ਸੀ। ਇਜ ਗੁਰਦਿਆਲ ਸਿੰਘ ਖਹਿਰਾ ਅਤੇ ਪੈਰੀ ਮਹਿਲ ਨੇ ਵੀ ਵਿਚਾਰ ਪੇਸ਼ ਕੀਤੇ।

ਪਿਆਰੇ ਨੰਨੇ ਬੱਚਿਆਂ ਸਾਹਿਬ ਪੰਧੇਰ ਅਤੇ ਸਹਿਜ ਪੰਧੇਰ ਨੇ ਸਮਾਜ 'ਚ ਕੁਝ ਬਣੀਆਂ ਮਿਥਾਂ ਜਿਨ੍ਹਾਂ ਦਾ ਕੋਈ ਸਾਇੰਟੇਫਿਕ ਅਤੇ ਤਰਕਸ਼ੀਲ ਜਾਂ ਮੈਡੀਕਲ ਗਰਾਊਂਡ ਤੇ ਆਧਾਰ ਨਹੀਂ ਬਾਰੇ ਜਾਣਕਾਰੀ ਸਾਂਝੀ ਕੀਤੀ। ਜਸਵੰਤ ਸਿੰਘ ਸੇਖੋਂ, ਬਲਜਿੰਦਰ ਸਿੰਘ ਸੰਘਾ, ਟੀਨੂ ਬਰਾੜ, ਕਮਲਜੀਤ ਕੌਰ ਸ਼ੇਰਗਿੱਲ, ਸੁਖਵਿੰਦਰ ਸਿੰਘ ਤੂਰ, ਨਵਕਿਰਨ ਕੌਰ ਢੁੱਡੀਕੇ, ਅਵੀ ਜਸਵਾਲ, ਅਜਾਇਬ ਸਿੰਘ ਸੇਖੋਂ, ਹਰਨੇਕ ਬੱਧਨੀ ਮਾਸਟਰ ਧਰਮ ਸਿੰਘ ਚੜਿੱਕ ਅਤੇ ਅਜਮੇਰ ਸਿੰਘ ਰੰਧਾਵਾ ਨੇ ਇਨਕਲਾਬੀ ਗੀਤ ਕਵਿਤਾਵਾਂ ਸੁਣਾਈਆਂ। ਸਟੇਜ ਸੰਚਾਲਨ ਮਾ. ਭਜਨ ਸਿੰਘ ਨੇ ਕੀਤਾ। ਪ੍ਰਧਾਨ ਸੋਹਣ ਮਾਨ ਨੇ ਸਭ ਦਾ ਧੰਨਵਾਦ ਕੀਤਾ। ਅਗਲੀ ਮੀਟਿੰਗ 4 ਜਨਵਰੀ ਨੂੰ ਪਹਿਲੇ ਐਤਵਾਰ ਹੋਵੇਗੀ। ਵਧੇਰੇ ਜਾਣਕਾਰੀ ਲਈ ਮਾ. ਭਜਨ ਨੂੰ 403-455-4220, ਗੋਪਾਲ ਸਿੰਘ ਨੂੰ 403-970-3588 'ਤੇ ਸੰਪਰਕ ਕਰੋ।

# ‘ਮੁਫ਼ਤ ਸਫ਼ਰ’ ਦੀ ਸਹੂਲਤ ਨੇ ਪੀਆਰਟੀਸੀ ਨੂੰ ਦਿਖਾਏ ‘ਤਾਰੇ’




ਚਰਨਜੀਤ ਭੁੱਲਰ

ਪੰਜਾਬ ਸਰਕਾਰ ਵੱਲੋਂ ਦਿੱਤੀ ਜਾਂਦੀ ਮੁਫ਼ਤ ਸਫ਼ਰ ਦੀ ਸਹੂਲਤ ਨੇ ਪੀਆਰਟੀਸੀ ਨੂੰ ਬੁਰੇ ਦਿਨ ਵਿਖਾ ਦਿੱਤੇ ਹਨ। ਹੁਣ ਹਾਈ ਕੋਰਟ ਦੇ ਹੁਕਮਾਂ ਨੂੰ ਵੀ ਸਰਕਾਰ ਟਿੱਚ ਕਰ ਕੇ ਜਾਣਨ ਲੱਗੀ ਹੈ। ਪੀਆਰਟੀਸੀ ਨੇ ਸਰਕਾਰ ਤੋਂ ਮੁਫ਼ਤ ਸਫ਼ਰ ਸਹੂਲਤ ਦੇ ਬਦਲੇ 59.70 ਕਰੋੜ ਰੁਪਏ ਲੈਣੇ ਹਨ। ਟਰਾਂਸਪੋਰਟਰ ਸਕੱਤਰ ਪੰਜਾਬ ਨੇ ਹਾਈ ਕੋਰਟ ਵਿੱਚ ਹਲਫ਼ੀਆ ਬਿਆਨ ਦਿੱਤਾ ਸੀ ਕਿ ਉਹ ਦੋ ਕਿਸ਼ਤਾਂ ਵਿੱਚ ਇਹ ਬਕਾਏ ਦੇ ਦੇਣਗੇ। ਹਾਈ ਕੋਰਟ ਦਾ ਹੁਕਮ ਸੀ ਕਿ ਕਾਰਪੋਰੇਸ਼ਨ ਦੀ 42.70 ਕਰੋੜ ਦੀ ਰਾਸ਼ੀ ਦੋ ਕਿਸ਼ਤਾਂ ਵਿੱਚ 7 ਦਸੰਬਰ ਤਕ ਦੇ ਦਿੱਤੀ ਜਾਵੇ।

ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਨੇ ਸਿਰਫ਼ 12 ਕਰੋੜ ਰੁਪਏ ਦਿੱਤੇ ਹਨ। ਕਾਰਪੋਰੇਸ਼ਨ ਦੇ ਹਾਲੇ ਵੀ ਮੁਫ਼ਤ ਸਫ਼ਰ ਸਹੂਲਤ ਦੇ 30 ਸਤੰਬਰ 2014 ਤਕ ਦੇ 47.70 ਕਰੋੜ ਰੁਪਏ ਸਰਕਾਰ ਵੱਲ ਖੜ੍ਹੇ ਹਨ। ਸਰਕਾਰ ਨੇ ਹਲਫੀਆ ਬਿਆਨ ਵਿੱਚ ਆਖਿਆ ਸੀ ਕਿ ਉਹ ਕਾਰਪੋਰੇਸ਼ਨ ਨੂੰ ਪ੍ਰਤੀ ਮਹੀਨਾ 4.50 ਕਰੋੜ ਰੁਪਏ ਦੇਣਗੇ ਅਤੇ ਡੇਢ ਸਾਲ ਇਹ ਰਾਸ਼ੀ ਵਿੱਤੀ ਮਦਦ ਵਜੋਂ ਦਿੱਤੀ ਜਾਵੇਗੀ ਪਰ ਅਕਤੂਬਰ ਤੋਂ ਇਸ ਰਾਸ਼ੀ ਦੀ ਪਹਿਲੀ ਕਿਸ਼ਤ ਵੀ ਨਹੀਂ ਦਿੱਤੀ ਗਈ ਹੈ। ਕਾਰਪੋਰੇਸ਼ਨ ਨੇ ਹਾਈ ਕੋਰਟ ਵਿੱਚ ਤਰਕ ਦਿੱਤਾ ਸੀ ਕਿ ਉਨ੍ਹਾਂ ਦੇ ਵੱਡੇ ਬਕਾਏ ਸਰਕਾਰ ਵੱਲ ਖੜ੍ਹੇ ਹਨ। ਸਰਕਾਰ ਬਕਾਏ ਦੇ ਦੇਵੇ ਤਾਂ ਉਹ ਮੁਲਾਜ਼ਮਾਂ ਦੀਆਂ ਪੈਨਸ਼ਨਾਂ ਆਦਿ ਦੇ ਬਕਾਏ ਤਾਰ ਦੇਣਗੇ।

ਹਾਈ ਕੋਰਟ ਦੇ ਹੁਕਮਾਂ ਦਾ ਵੀ ਕੋਈ ਅਸਰ ਨਹੀਂ ਹੋ ਸਕਿਆ ਹੈ। ਪੀਆਰਟੀਸੀ ਆਪਣੇ ਮੁਲਾਜ਼ਮਾਂ ਨੂੰ ਦੋ ਮਹੀਨੇ ਤੋਂ ਤਨਖਾਹ ਨਹੀਂ ਦੇ ਸਕੀ ਹੈ ਅਤੇ ਚਾਰ ਮਹੀਨੇ ਤੋਂ ਪੈਨਸ਼ਨ ਨਹੀਂ ਦਿੱਤੀ ਜਾ ਸਕੀ ਹੈ। ਇੱਕ ਵਿਸ਼ੇਸ਼ ਕਮੇਟੀ ਨੇ ਪੀਆਰਟੀਸੀ ਨੂੰ ਪੰਜਾਬ ਰੋਡਵੇਜ਼ ਵਿੱਚ ਮਰਜ਼ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਖ਼ਜ਼ਾਨਾ ਮੰਤਰੀ ਪੰਜਾਬ ਦੀ ਅਗਵਾਈ ਵਿੱਚ 22 ਸਤੰਬਰ 2014 ਨੂੰ ਮੀਟਿੰਗ ਵਿੱਚ ਸਰਕਾਰ ਨੇ ਖੁਦ ਕਾਰਪੋਰੇਸ਼ਨ ਦੀ ਬਾਂਹ ਫੜਨ ਦਾ ਫ਼ੈਸਲਾ ਕੀਤਾ ਸੀ। ਇਹ ਵੀ ਫ਼ੈਸਲਾ ਹੋਇਆ ਸੀ ਕਿ ਇੱਕ ਸਾਲ ਕਾਰਪੋਰੇਸ਼ਨ ਤੋਂ ਕੋਈ ਨਵਾਂ ਪੁਰਾਣਾ ਟੈਕਸ ਨਾ ਲਿਆ ਜਾਵੇ। ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸਰਕਾਰ ਮਦਦ ਤਾਂ ਕਰਨਾ ਚਾਹੁੰਦੀ ਹੈ ਪਰ ਖ਼ਜ਼ਾਨਾ ਖਾਲੀ ਹੋਣ ਕਰਕੇ ਕੋਈ ਵਾਹ ਨਹੀਂ ਚੱਲ ਰਹੀ ਹੈ।

ਪੰਜਾਬ ਸਰਕਾਰ ਨੇ ਹਾਲੇ ਤਕ ਕਾਰਪੋਰੇਸ਼ਨ ਦੀ ਕੀਤੇ ਕਰਾਰ ਅਨੁਸਾਰ ਕੋਈ ਵਿੱਤੀ ਮਦਦ ਤਾਂ ਕੀਤੀ ਨਹੀਂ ਪਰ ਕਾਰਪੋਰੇਸ਼ਨ ਨੂੰ ਜਾਇਦਾਦਾਂ ਵੇਚਣ ਦੀ ਪ੍ਰਵਾਨਗੀ ਜ਼ਰੂਰ ਦੇ ਦਿੱਤੀ ਹੈ। ਕਾਰਪੋਰੇਸ਼ਨ ਨੇ ਚਾਰ ਜਾਇਦਾਦਾਂ ਦੀ ਸ਼ਨਾਖ਼ਤ ਕੀਤੀ ਹੈ ਜਿਨ੍ਹਾਂ ਨੂੰ ਨਿਲਾਮ ਕਰਨਾ ਕਾਰਪੋਰੇਸ਼ਨ ਦੀ ਮਜਬੂਰੀ ਬਣ ਗਿਆ ਹੈ। ਕਾਰਪੋਰੇਸ਼ਨ ਨੇ ਸਰਕਾਰ ਨੂੰ ਆਖਿਆ ਹੈ ਕਿ ਉਨ੍ਹਾਂ ਨੂੰ 250 ਬੱਸਾਂ ਨਵੀਆਂ ਪਾਉਣ ਵਿੱਚ ਮਦਦ ਕੀਤੀ ਜਾਵੇ। ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ ਨੇ ਨਵੀਆਂ ਬੱਸਾਂ ਵਾਸਤੇ ਦੋ ਕਿਸ਼ਤਾਂ ਵਿੱਚ 27 ਕਰੋੜ ਰੁਪਏ ਦੇਣ ਦੀ ਹਾਮੀ ਭਰੀ ਹੈ ਪਰ ਅਜੇ ਪੈਸਾ ਰਿਲੀਜ਼ ਨਹੀਂ ਕੀਤਾ ਹੈ। ਬੱਸਾਂ ਦੀ ਕਮੀ ਕਰਕੇ ਕਾਰਪੋਰੇਸ਼ਨ ਆਪਣੇ ਬਣਦੇ ਰੂਟਾਂ ’ਤੇ ਬੱਸਾਂ ਚਲਾਉਣ ਤੋਂ ਬੇਵੱਸ ਹੈ। ਇੱਕ ਅਧਿਕਾਰੀ ਨੇ ਦੱਸਿਆ ਕਿ ਕਾਰਪੋਰੇਸ਼ਨ ਦਾ ਆਮਦਨ ਅਤੇ ਖਰਚ ਵਿਚਲਾ ਪ੍ਰਤੀ ਮਹੀਨਾ ਫ਼ਰਕ ਪੰਜ ਕਰੋੜ ਰੁਪਏ ਦਾ ਆ ਰਿਹਾ ਹੈ। ਸਰਕਾਰ ਨੇ ਬਾਂਹ ਨਾ ਫੜੀ ਤਾਂ ਇਹ ਫ਼ਰਕ 10 ਕਰੋੜ ਰੁਪਏ ਪ੍ਰਤੀ ਮਹੀਨਾ ਦਾ ਹੋ ਜਾਵੇਗਾ। ਕਾਰਪੋਰੇਸ਼ਨ ਨੂੰ ਇਸ ਵੇਲੇ ਹਰ ਪਾਸੇ ਤੰਗੀ ਝੱਲਣੀ ਪੈ ਰਹੀ ਹੈ। ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੇ ਧਰਨੇ ਦੇਣੇ ਸ਼ੁਰੂ ਕਰ ਦਿੱਤੇ ਹਨ। ਕਾਰਪੋਰੇਸ਼ਨ ਦੇ ਅਧਿਕਾਰੀ ਹੁਣ ਸਰਕਾਰ ਦੇ ਪਿੱਛੇ ਹੀ ਚੱਕਰ ਕੱਟ ਰਹੇ ਹਨ।

FOR ALL YOUR REAL ESTATE NEEDS
Contact Long time trusted name in the community
HARCHARAN SINGH PARHAR
* RESIDENTIAL * BUSINESS * LAND
* COMMERCIAL * INDUSTRIAL * INVESTMENT
403-681-8689
www.parharrealty.com
hp8689@gmail.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban Real Estate Services Ltd.
1A-4101 19 ST N.E, CALGARY, AB T2E 6X8
Ph: 403-590-2233 Fax: 403-776-1942

Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ ’ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ ’ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
SATISFACTION 100% GUARANTEE
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
ਹਰਜੀਤ ਧਨੋਆ
416.230.4000 • 647.409.1092
www.STARLANEPAINTING.com

FOR ALL YOUR REAL ESTATE NEEDS
Contact Long time trusted name in the community
MLS MULTIPLE LISTING SERVICE
Gurbachan Singh Brar
REALTOR
* RESIDENTIAL * BUSINESS * LAND
* COMMERCIAL * INDUSTRIAL * INVESTMENT
403-470-2628
gsbrar@gsbrar.com
www.gsbrar.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban Real Estate Services Ltd.
1A-4101 19 ST N.E, CALGARY, AB T2E 6X8
Ph: 403-590-2233 Fax: 403-776-1942

Velocity Colission



Complete truck - auto body repair & electrical centre

Tel: 905.673.7878
Fax: 905.673.7876
Cell: 416.817.5760

7120 Tranmere Drive
Mississauga, ON L5S 1L9

Varun Mehra
Sales Representative
cell: 416.833.2162
email: varun.m.mehra@gmail.com
web: www.properties2profit.com

Century 21 Millennium Inc. Brokerage*

Commercial
Residential
Investment properties

We fulfill your dreams!



Home Life/Superstars
HOMELIFE HIGHER STANDARDS
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092



Sukdev Singh Liddar

*2555 Steeles Ave E. Unit 11 *Brampton *ON*L6T4L6

CHERA IMMIGRATION CONSULTANCY SERVICES
22 Years of Service

Specializing in:
- Appeals
- H&C Cases
- PRRA Appeals
- Sponsorships
- Refugee Claims
- Admissibility Hearings
- Super Visa / Affidavits/ Declarations
- Skilled Workers
- Citizenship Matters
- Work/Study Permits

WE PROVIDE ALL IMMIGRATION AND CITIZENSHIP SERVICES.

Sardara Singh Chera
B.A., M.A.
Former Member (Commissioner) Of The Immigration And Refugee Board Of Canada
Commissioner Of Oath
Regulated Canadian Immigration Consultant
Tel: 905-461-9885
sschera@rogers.com



2355 Derry Rd. E. Unit # 35 Skyport Corporate Centre Mississauga, ON. L5S 1V6

Rush Lube Inc.
Complete Truck Repairs & Truck Wash with Drive Thru Truck Services
Jaskaranjit Singh (Jas)



TEL: 905 - 453 - 6344
FAX: 905 - 456 - 2065
EMAIL: rushlube@hotmail.com
32 Rutherford Road South
Brampton, ON, L6W 3J1

Brampton Crematorium & Visitation Centre Inc
Crematorium Operated by Park Lawn Corp.

Brampton
www.BcVc.info
Crematorium & Visitation Centre
30 Bramwin Court, Brampton, ON, L6T 5A9

* ਸਾਰੀ ਰਸਮ ਇੱਕੋ ਛੱਤ ਹੇਠ ਹੋਵੇਗੀ
* ਤਜਰਬੇਕਾਰ ਅਤੇ ਪੇਸ਼ਾਵਰ ਫਿਊਨਰਲ ਡਾਇਰੈਕਟਰ
* 27 ਹਜ਼ਾਰ ਸੁਕੇਅਰ ਫੁੱਟ
* 5 ਵਿਜ਼ੀਟੇਸ਼ਨ ਹਾਲ
* ਵੈਬਕੈਮ ਸੁਵਿਧਾਵਾਂ

ਫਿਊਨਰਲ ਹੋਮ



24/7 Service Available



Inderjit S. Bal
416-666-7655
Tel: 905-458-2222

WE GETTHINGS DONE
Metro Immiaration
(Division of Metro Legal & Immigration Inc.)
*Family Sponsorship *Spousal *Super Visa *Visitor Visa
*Skilled Workers *Investors *PNP *Nannies *Business
Applicants *Student Visa *Work Permits (LMO) *Appeals

Head Office : 2355 Derry Rd. E *#12 Miss. *ON *L551V6
*905-673-1200 *1-800-694-133 India Office : 98148-66633
*Brampotn : 905-794-6003 *Toronto : 416-840-7554
*info@metroimmigration.com
*www.metroimmigration.com *www.metroimmigration.org



Suresh Gupta
Certified Immigration Practitioner (RCIC)

## ਇਰਾਨ ਦੀ ਬਹਾਦਰ ਕੁੜੀ ਰੇਹਾਨਾ ਨੂੰ ਫਾਂਸੀ

# ਅਸੂਲਾਂ ਦੀ ਹਿਫਾਜ਼ਤ ਲਈ ਮੌਤ (ਫਾਂਸੀ) ਕਬੂਲਣੀ ਮਨਜ਼ੂਰ




**ਨਰਭਿੰਦਰ**

ਰੇਹਾਨਾ ਜਬਬਾਨੀ ਇਰਾਨ ਦੀ ਉਹ ਕੁੜੀ ਹੈ ਜਿਹਨੇ ਆਪਣੇ ਨਾਲ ਹੋਣ ਵਾਲੇ ਬਲਾਤਕਾਰ ਤੋਂ ਬਚਾਓ ਲਈ ਜੋ ਕੁਝ ਕੀਤਾ ਉਹ ਹਰ ਆਪਣੀ ਸਵੈ ਸੁਰੱਖਿਆ ਲਈ ਹਰ ਇਨਸਾਨ ਕਰਦਾ ਹੈ। ਪਰ ਮਿਲੀ ਉਹਨੂੰ ਸਜ਼ਾ-ਏ-ਮੌਤ। ਤੇਹਰਾਨ 'ਚ ਏਟੀਰੀਅਰ ਡਿਜ਼ਾਈਨਰ ਸੀ ਜਿਸ ਨੂੰ 2007 'ਚ ਇਰਾਨ ਸਰਕਾਰ ਦੇ ਇਕ ਖੁਫ਼ੀਆ ਮੰਤਰਾਲੇ ਦੇ ਅਧਿਕਾਰੀ ਮੁਰਤਜ਼ਾ ਸਰਬੰਡੀ ਨੇ ਆਪਣੇ ਘਰ ਦੀ ਸਜਾਵਟ ਡਿਜ਼ਾਇਨ ਕਰਨ ਲਈ ਬੁਲਾਇਆ ਅਤੇ ਪਿਛੋਂ ਉਹਦੇ ਨਾਲ ਬਲਾਤਕਾਰ ਕਰਨ ਦੀ ਕੋਸ਼ਿਸ਼ ਕੀਤੀ। ਉਸ ਮੌਕੇ ਰੇਹਾਂਨਾ ਦੀ ਉਮਰ ਮਹਿਜ 19 ਸਾਲ ਦੀ ਸੀ। ਰੇਹਾਨਾ ਨੇ ਇਸ ਦਾ ਵਿਰੋਧ ਕੀਤਾ ਅਤੇ ਆਪਣੇ ਬਚਾਅ ਲਈ ਜੇਬ 'ਚੋਂ ਇਕ ਚਾਕੂ ਨੁਮਾ ਚੀਜ਼ ਜੋ ਮਿਲੀ ਉਹਦੇ ਨਾਲ ਉਹਨੇ ਆਪਣੀ ਸੁਰੱਖਿਆ ਹਿੱਤ, ਸਰਬੰਦੀ ਦੀ ਪਿੱਠ ਉਤੇ ਵਾਰ ਕੀਤਾ। ਇਸੇ ਦੌਰਾਨ ਇਕ ਹੋਰ ਆਦਮੀ ਸਰਬੰਦੀ ਦੇ ਕਮਰੇ 'ਚ ਆਇਆ ਦੋਹਾਂ ਦਰਮਿਆਨ ਮੌਖਿਕ ਝੱਪਟ ਹੋਣ ਲੱਗੀ ਤਾਂ ਉਹ ਮੌਕਾ ਵੇਖਕੇ ਭੱਜ ਗਈ ਪਿਛੋਂ ਸਰਬੰਗੀ ਦੀ ਮੌਤ ਹੋ ਗਈ। ਰੇਹਾਨਾ ਦਾ ਮੱਤ ਸੀ ਕਿ ਇਸ ਤੀਸਰੇ ਆਦਮੀ ਨੇ ਸਰਬੰਗੀ ਨੂੰ ਮਾਰਿਆ ਹੈ ਮੇਰੇ ਚਾਕੂ ਦਾ ਜ਼ਖ਼ਮ ਉਹਦੀ ਮੌਤ ਦਾ ਕਾਰਨ ਨਹੀਂ ਹੋ ਸਕਦਾ। ਪਰ ਅਦਾਲਤ 'ਚ ਚਲੇ ਲੰਮੇ ਮੁਕੱਦਮੇ ਪਿਛੋਂ ਉਹਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਅਤੇ ਅੰਤ 25 ਅਕਤੂਬਰ 2014 ਨੂੰ ਫਾਂਸੀ ਦੇ ਦਿੱਤੀ ਗਈ। ਇਸ ਕੇਸ ਦਾ ਦੁਨੀਆ ਭਰ ਵਿਚ ਵਿਰੋਧ ਹੋਇਆ। ਰੇਹਾਨਾ ਦੇ ਹੱਕ 'ਚ ਜਮਹੂਰੀ ਹੱਕਾਂ ਦੇ ਪਹਿਰੇਦਾਰਾਂ ਨੇ ਆਵਾਜ਼ ਉਠਾਈ ਪਰ ਇਰਾਨ ਦੀ ਹਕੂਮਤ ਨੇ ਇਸ ਦੀ ਪ੍ਰਵਾਹ ਨਹੀਂ ਕੀਤੀ। ਫਾਂਸੀ ਤੋਂ ਪਹਿਲਾਂ ਉਸਨੇ ਇਕ ਚਿੱਠੀ ਆਪਣੀ ਮਾਂ ਨੂੰ ਭੇਜੀ। ਇਸ ਚਿੱਠੀ ਨੂੰ ਹੇਠਾਂ ਅਸੀਂ ਦੇ ਰਹੇ ਹਾਂ। ਰੇਹਾਨਾ ਦੁਨੀਆ ਭਰ ਦੀਆਂ ਔਰਤਾਂ ਲਈ ਔਰਤਾਂ ਉਤੇ ਹੋ ਰਹੇ ਜ਼ਬਰਾਂ ਜੁਲਮਾਂ ਦੀ ਇਕ ਪ੍ਰਤੀਕ ਬਣ ਗਈ ਹੈ।

ਪਿਆਰੀ ਸ਼ੋਲੇਹ,

ਅੱਜ ਮੈਨੂੰ ਪਤਾ ਲੱਗਾ ਹੈ ਕਿ ਹੁਣ 'ਕਿਸਾਸ' (ਇਰਾਨੀ ਨਿਆਂ ਪ੍ਰਬੰਧ ਵਿਚ ਸਜ਼ਾ ਦਾ ਕਾਨੂੰਨ) ਨਾਲ ਰੂਬਰੂ ਹੋਣ ਦੀ ਮੇਰੀ ਵਾਰੀ ਆ ਗਈ ਹੈ। ਮੈਨੂੰ ਸੋਚ ਕੇ ਦੁਖ ਹੁੰਦਾ ਹੈ ਕਿ ਤੁਸੀਂ ਮੈਨੂੰ ਕਿਉਂ ਇਸ ਗੱਲ ਦੀ ਜਾਣਕਾਰੀ ਨਹੀਂ ਦਿੱਤੀ ਕਿ ਮੈਂ ਆਪਣੀ ਜ਼ਿੰਦਗੀ ਦੀ ਕਿਤਾਬ ਦੇ ਆਖਰੀ ਪੰਨੇ ਉਤੇ ਪਹੁੰਚ ਗਈ ਹਾਂ। ਤੁਹਾਨੂੰ ਇਹ ਨਹੀਂ ਲੱਗਦਾ ਕਿ ਮੈਨੂੰ ਇਹ ਜਾਣਨਾ ਚਾਹੀਦਾ ਸੀ? ਤੁਹਾਨੂੰ ਪਤਾ ਹੈ ਕਿ ਤੁਹਾਨੂੰ ਦੁਖੀ ਵੇਖ ਕੇ ਮੈਂ ਕਿੰਨੀ ਸ਼ਰਮਿੰਦਗੀ ਮਹਿਸੂਸ ਕਰ ਰਹੀ ਹਾਂ। ਤੁਸੀਂ ਕਿਉਂ ਨਹੀਂ ਮੈਨੂੰ ਉਹ ਮੌਕਾ ਦਿੱਤਾ ਕਿ ਮੈਂ ਤੁਹਾਡਾ ਅਤੇ ਪਾਪਾ ਦਾ ਹੱਥ ਚੁੰਮ ਸਕਾਂ?

ਦੁਨੀਆ ਨੇ ਮੈਨੂੰ 19 ਸਾਲ ਤੱਕ ਹੀ ਜਿਉਂਦੇ ਰਹਿਣ ਦੀ ਇਜਾਜ਼ਤ ਦਿੱਤੀ ਹੈ। ਉਸ ਮਨਹੂਸ ਰਾਤ ਵਿਚ ਮੇਰੀ ਜਾਨ ਜਾਣੀ ਚਾਹੀਦੀ ਸੀ। ਮੇਰਾ ਸਰੀਰ ਸ਼ਹਿਰ ਦੇ ਕਿਸੇ ਕੋਨੇ 'ਚ ਸੁੱਟ


Village of India
Restaurant & Sweets
Tel : 905-450-3333 www.villageofindia.ca
*Open days a week *Pur Veg. Authentic Fine Indian Cuisine
PARTY HALL (up to 100 people)
Party Hall+Catering+Seating
Arrangement+Sound System+Lighting
*DINE IN * TAKE OUT *CATERING *SWEETS&SNACKS
114 Kennedy Road, South, Brampton, ON L6W 3E7
(Between Queen/HWY 7 & Steeles)



Kulwant Singh Pannu
Sales Representative
416.276.1566
k.pannu@hotmail.com
Century 21
Century 21 Green Realty Inc., Brokerage
Bus: 905.565.9565
Fax: 905.565.9522
24 Hour Pager Service
151 Superior Blvd. Unit 19-21
Mississauga ON L5T 1L2
REALTOR
MLS
Buy Green, Build Green...Save Environment!!!
Each office is independently owned and operated.
Trademarks of AIRMILES International Trading B.V. used under license by Loyalty Management Group Canada Inc. and Century 21 Canada Ltd. Partnership

GILL
Truck & Trailer Repair and Mobile Service
OPEN 7 DAYS A WEEK
Cell: 416.312.4707
Tel: 905.458.3455
Fax: 905.458.3456
04 Blair Dr.
Brampton, ON
L6P 2X5
gilltruckandtrailer@yahoo.com
Inderjit Gill
Heavy Duty Truck & Trailer Mechanic

Century 21
Buy Green, Build Green ...Save Environment
Century 21 Green Realty Inc.,Brokerage
Each Office is independently owned and operated
Sohan Mann
Sales Representative
Dir. 416-564-1699, Off. : 905-565-9565
Fax : 905-565-9522
Email : sohanmann@hotmail.com
151 Super Blvd. Unit 18-21, Mississauga, ON. L5T 2L1

Hiring Drivers/Owners/Operators
GALAXY Frightline inc.
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
* 1580 Britannia Road East * Mississauga * ON * L4W 1J2

ਦਿੱਤਾ ਜਾਂਦਾ ਅਤੇ ਕੁਝ ਦਿਨਾ ਪਿਛੋਂ ਜਦੋਂ ਪੁਲਿਸ ਉਹਨੂੰ ਬਰਾਮਦ ਕਰਦੀ ਤਾਂ ਤੁਹਾਨੂੰ ਮੇਰੀ ਸ਼ਨਾਖਤ ਕਰਨ ਲਈ ਲਿਜਾਇਆ ਜਾਂਦਾ, ਜਿਥੇ ਤੁਹਾਨੂੰ ਪਤਾ ਲੱਗਦਾ ਕਿ ਮੇਰੇ ਨਾਲ ਬਲਾਤਕਾਰ ਵੀ ਹੋਇਆ ਸੀ। ਹੱਤਿਆਰਿਆਂ ਦਾ ਸੁਰਾਗ ਕਿਸੇ ਨੂੰ ਨਾ ਮਿਲ ਸਕਦਾ ਕਿਉਂਕਿ ਨਾ ਤਾਂ ਸਾਡੀ ਮਾਲੀ ਹਾਲਤ ਅਜਿਹੀ ਹੈ ਅਤੇ ਨਾ ਹੀ ਸਾਡੇ ਕੋਲ ਤਾਕਤ ਹੀ ਹੈ। ਇਸ ਤੋਂ ਪਿਛੋਂ ਤੁਸੀਂ ਆਪਣੀ ਸਮੁੱਚੀ ਜ਼ਿੰਦਗੀ ਜ਼ਲਾਲਤ ਅਤੇ ਸ਼ਰਮਿੰਦਗੀ ਨਾਲ ਗੁਜ਼ਾਰਦੇ ਰਹਿੰਦੇ ਅਤੇ ਕੁਝ ਸਾਲਾਂ ਪਿਛੋਂ ਤੁਸੀਂ ਇਸੇ ਪੀੜ ਦੇ ਨਾਲ ਗੁਜ਼ਰ ਜਾਂਦੇ ਕਿ ਬਸ ਹੁਣ ਸਭ ਕੁਝ ਖਤਮ ਹੋ ਗਿਆ ਹੈ।

ਪਰ ਉਸ ਬਦਕੁਸ਼ਨ ਭਰੇ ਲਮਹੇ ਨੇ ਸਾਰੀ ਕਹਾਣੀ ਬਦਲ ਦਿੱਤੀ। ਮੇਰਾ ਸਰੀਰ ਸੜਕ ਉਤੇ ਨਹੀਂ ਸੁੱਟਿਆ ਗਿਆ ਸਗੋਂ ਉਹਨੂੰ ਏਵੀਨ ਪ੍ਰਿਜਨ ਦੀ ਕਬਰ ਵਿਚ ਅਤੇ ਉਹਦੇ ਵਾਰਡ ਦੀ ਤਨਹਾਈ ਵਿਚ ਸੁੱਟ ਦਿੱਤਾ ਗਿਆ ਅਤੇ ਹੁਣ ਉਹਨੂੰ ਸ਼ਹਿਰ-ਏ-ਗਏ ਦੀ ਕਬਰਨੁਮਾ ਜੇਲ੍ਹ ਵਿਚ ਰੱਖ ਦਿੱਤਾ ਗਿਆ ਹੈ, ਪਰ ਇਹਨੂੰ ਕਿਸਮਤ ਦੀ ਖੇਡ ਮੰਨ ਲਓ ਅਤੇ ਕੋਈ ਸ਼ਿਕਾਇਤ ਨਾ ਕਰਿਓ। ਤੁਸੀਂ ਮੈਥੋਂ ਬੇਹਤਰ ਜਾਣਦੇ ਹੋ ਕਿ ਮੌਤ ਹੀ ਜ਼ਿੰਦਗੀ ਦਾ ਅੰਤ ਹੁੰਦਾ ਹੈ।

ਤੁਸੀਂ ਮੈਨੂੰ ਸਿਖਾਇਆ ਸੀ ਕਿ ਆਦਮੀ ਇਸ ਦੁਨੀਆ ਵਿਚ ਇਸ ਲਈ ਆਉਂਦਾ ਹੈ ਤਾਂ ਕਿ ਉਹ ਕੁਝ ਤਜਰਬੇ ਹਾਸਲ ਕਰ ਸਕੇ ਅਤੇ ਕੋਈ ਸਬਕ ਸਿੱਖੇ। ਹਰ ਜਨਮ ਦੇ ਨਾਲ ਆਦਮੀ ਦੇ ਮੋਢਿਆਂ ਉਤੇ ਕੁਝ ਜ਼ਿੰਮੇਵਾਰੀਆਂ ਦਾ ਬੋਝ ਆ ਜਾਂਦਾ ਹੈ। ਮੈਂ ਜ਼ਿੰਦਗੀ 'ਚ ਇਹ ਵੀ ਸਿੱਖਿਆ ਕਿ ਕਦੀ ਕਦੀ ਜ਼ਿੰਦਗੀ 'ਚ ਲੜਾਈ ਵੀ ਲੜਨੀ ਪੈਂਦੀ ਹੈ। ਮੈਨੂੰ ਯਾਦ ਹੈ ਜਦੋਂ ਤੁਸੀਂ ਮੈਨੂੰ ਦੱਸਿਆ ਸੀ ਕਿ ਇਕ ਗੱਡੀ ਵਾਲੇ ਨੇ ਉਸ ਸਖ਼ਸ਼ ਦਾ ਵਿਰੋਧ ਕੀਤਾ ਜਦੋਂ ਉਹ ਮੈਨੂੰ ਤੁਹਾਨੂੰ ਕੋੜੇ ਮਾਰ ਰਿਹਾ ਸੀ ਪਰ ਕੋੜੇ ਮਾਰਨ ਵਾਲੇ ਗੱਡੀ ਵਾਲੇ ਦੇ ਸਿਰ ਉਤੇ ਅਜਿਹਾ ਚਾਬੁਕ ਮਾਰਿਆ ਕਿ ਉਹਦੀ ਮੌਤ ਹੋ ਗਈ। ਇਸ ਸਿਲਸਿਲੇ ਵਿਚ ਤੁਸੀਂ ਮੈਨੂੰ ਇਹ ਵੀ ਦੱਸਿਆ ਸੀ ਕਿ ਅਸੂਲ ਦੀ ਹਿਫਾਜਤ ਦੇ ਲਈ ਆਖਰੀ ਦਮ ਤੱਕ ਲੜਨਾ ਚਾਹੀਦਾ ਹੈ ਬੇਸ਼ੱਕ ਨਤੀਜੇ ਦੇ ਤੌਰ 'ਤੇ ਮੌਤ ਹੀ ਕਿਉਂ ਨਾ ਮਿਲੇ।

ਜਿਨ੍ਹਾਂ ਦਿਨਾਂ 'ਚ ਅਸੀਂ ਲੋਕ ਸਕੂਲ ਜਾਂਦੇ ਸਾਂ ਤੁਸੀਂ ਸਮਝਾਇਆ ਸੀ ਕਿ ਲੜਾਈ ਝਗੜੇ ਅਤੇ ਸ਼ਿਕਵੇ ਸ਼ਿਕਾਇਤ ਦੇ ਸਮੇਂ ਸਾਨੂੰ ਔਰਤਾਂ ਨਾ ਹੋਣਾ ਚਾਹੀਦਾ ਹੈ। ਕੀ ਤੁਹਾਨੂੰ ਯਾਦ ਹੈ ਕਿ ਸਾਡੇ ਤੌਰ ਤਰੀਕੇ ਉਤੇ ਤੁਸੀਂ ਕਿੰਨੀ ਵਾਰ ਉਂਗਲੀ ਉਠਾਈ ਸੀ? ਤੁਹਾਨੂੰ ਤਜਰਬਾ ਗਲਤ ਸੀ। ਜਦੋਂ ਇਹ ਹਾਦਸਾ ਹੋਇਆ ਇਹ ਸਾਰੀਆਂ ਹਦਾਇਤਾਂ ਮੇਰੇ ਕੰਮ ਨਹੀਂ ਆਈਆਂ। ਅਦਾਲਤ ਵਿਚ ਮੈਨੂੰ ਇਓਂ ਪੇਸ਼ ਕੀਤਾ ਗਿਆ ਜਿਵੇਂ ਮੈਂ ਕੋਈ ਬੇਰਹਿਮ ਹੱਤਿਆਰੀ ਅਤੇ ਭਿਆਨਕ ਅਪਰਾਧੀ ਹਾਂ। ਮੈਂ ਅੱਥਰੂ ਨਹੀਂ ਵਹਾਏ। ਮੈਂ ਹੱਥ ਨਹੀਂ ਜੋੜੇ। ਮੈਂ ਚੀਕੀ ਚਿਲਾਈ ਨਹੀਂ ਕਿਉਂਕਿ ਕਾਨੂੰਨ ਉਤੇ ਮੇਰਾ ਭਰੋਸਾ ਸੀ।

ਪਰ ਮੇਰੇ ਉਤੇ ਅਰੋਪ ਲਾਇਆ ਗਿਆ ਕਿ ਆਪਣੇ ਅਪਰਾਧ ਪ੍ਰਤੀ ਮੈਂ ਬੇਪ੍ਰਵਾਹ ਹਾਂ। ਤੁਸੀਂ ਤਾਂ ਜਾਣਦੇ ਹੋ ਕਿ ਮੈਂ ਤਾਂ ਕਦੇ ਇਕ ਮੱਛਰ ਵੀ ਨਹੀਂ ਮਾਰਿਆ ਅਤੇ ਜੇ ਕਦੇ ਕੋਈ ਕਾਕਰੋਚ ਦਿਖਾਈ ਦਿੰਦਾ ਸੀ ਤਾਂ ਮੈਂ ਉਹਦੇ ਪੰਖ ਫੜ ਕੇ ਬਾਹਰ ਸੁੱਟ ਆਉਂਦੀ ਸੀ। ਹੁਣ ਮੈਂ ਇਕ ਅਜਿਹੇ ਹੱਤਿਆਰੇ ਦੇ ਰੂਪ ਵਿਚ ਪੇਸ਼ ਕੀਤੀ ਗਈ ਹਾਂ ਜਿਸਨੇ ਕਾਫ਼ੀ ਸੋਚ ਸਮਝ ਕੇ ਹੱਤਿਆ ਕੀਤੀ ਹੈ। ਜਾਨਵਰਾਂ ਵਾਂਗੂੰ ਮੇਰੇ ਨਾਲ ਵਿਵਹਾਰ ਕੀਤਾ ਜਾਂਦਾ ਹੈ। ਮੇਰੇ ਬਾਰੇ ਕਿਹਾ ਜਾਂਦਾ ਹੈ ਕਿ ਮੈਂ ਮੁੰਡਿਆਂ ਵਾਂਗੂੰ ਵਰਤਾਅ ਕਰਦੀ ਹਾਂ ਅਤੇ ਅਦਾਲਤ ਵਿਚ ਜੱਜ ਨੇ ਇਸ ਸੱਚਾਈ ਨਾਲ ਰੂ-ਬ-ਰੂ ਹੋਣ ਦੀ ਜਹਮਤ ਵੀ ਨਹੀਂ ਉਠਾਈ ਕਿ ਜਿਸ ਸਮੇਂ ਇਹ ਹਾਦਸਾ ਹੋਇਆ ਮੇਰੇ ਹੱਥਾਂ ਦੀਆਂ ਉਂਗਲੀਆਂ ਦੇ ਪਾਲਿਸ਼ ਕੀਤੇ ਲੰਮੇ ਲੰਮੇ ਨੌਹ ਸਨ।

ਜੱਜਾਂ ਤੋਂ ਨਿਆਂ ਦੀ ਉਮੀਦ ਕਰਦੇ ਸਮੇਂ ਕੋਈ ਵੀ ਆਦਮੀ ਕਿੰਨਾ ਆਸਾਵਾਦੀ ਹੁੰਦਾ ਹੈ। ਜੱਜ ਨੇ ਕਦੇ ਇਹ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਮੇਰੇ ਹੱਥ ਕਿਸੇ ਖਿਡਾਰੀ ਦੇ ਵਾਂਗੂੰ ਵਿਸ਼ੇਸ਼ ਕਰਕੇ ਕਿਸੇ ਬਾਕਸਰ ਦੇ ਵਾਂਗੂੰ ਸਖ਼ਤ ਨਹੀਂ ਸਨ ਅਤੇ ਇਸ ਮੁਲਕ ਨੇ ਜਿਹਦੇ ਸਬੰਧੀ ਤੁਸੀਂ ਮੇਰੇ ਅੰਦਰ ਬੇਇੰਤਹਾ ਮੁੱਹਬਤ ਭਰੀ ਉਸਨੇ ਮੈਨੂੰ ਕਦੇ ਨਹੀਂ ਚਾਹਿਆ ਅਤੇ ਉਸ ਸਮੇਂ ਵੀ ਜਦੋਂ ਅਦਾਲਤ ਵਿਚ ਬਹਿਸ ਦੇ ਦੌਰਾਨ ਮੈਂ ਚੀਕ ਰਹੀ ਸੀ ਅਤੇ ਬਹੁਤ ਸਾਰੀਆਂ ਬੇਹੂਦਾ ਗੱਲਾਂ ਮੈਂ ਆਪਣੇ ਸਬੰਧੀ ਸੁਣ ਰਹੀ ਸਾਂ। ਕਿਸੇ ਨੇ ਮੇਰੀ ਹਮਾਇਤ ਨਹੀਂ ਕੀਤੀ ਜਿਸ ਸਮੇਂ ਮੈਂ ਆਪਣੀ ਸੁਹੱਪਨ ਦੀ ਸੋਹਣੀ ਨਿਸ਼ਾਨੀ ਆਪਣੇ ਲੰਮੇ ਲੰਮੇ ਵਾਲਾਂ ਨੂੰ ਕੱਟ ਦਿੱਤਾ, ਮੈਨੂੰ ਇਕ ਇਨਾਮ ਮਿਲਿਆ ਗਿਆਰਾਂ ਦਿਨਾਂ ਦੀ ਕੈਦ-ਤਨਹਾਈ।

ਪਿਆਰੀ ਸ਼ੋਲੇਹ (ਮਾਂ), ਜਿਹੜਾ ਕੁਝ ਮੈਂ ਬਿਆਨ ਕਰ ਰਹੀ ਹਾਂ ਉਹਨੂੰ ਸੁਣ ਕੇ ਤੁਸੀਂ ਰੋਇਉ ਨਾ। ਪੁਲਿਸ ਦੇ ਦਫ਼ਤਰ ਵਿਚ ਪਹਿਲੇ ਦਿਨ ਹੀ ਇਕ ਬੁੱਢੇ ਅਣਵਿਆਹੇ ਸਰਕਾਰੀ ਏਜੰਟ (ਸਾਰਜੰਟ) ਨੇ ਮੇਰੇ ਲੰਬੇ ਸੋਹਣੇ ਨਹੁੰਆਂ ਨੂੰ ਵੇਖ ਕੇ ਮੈਨੂੰ ਚੋਟ ਪਹੁੰਚਾਈ ਅਤੇ ਫਿਰ ਮੈਂ ਉਦੋਂ ਸਮਝਿਆ ਕਿ ਇਸ ਜ਼ਮਾਨੇ ਵਿਚ ਸੁਹੱਪਣ ਦੀ ਕੋਈ ਕਦਰ ਨਹੀਂ ਹੈ। ਕੋਈ ਨਹੀਂ ਚਾਹੁੰਦਾ ਨਿਗਾਹਾਂ ਦੀ ਸੁੰਦਰਤਾ, ਜਜ਼ਬਾਤਾਂ ਅਤੇ ਖੁਆਸ਼ਾਂ ਦੀ ਸੁੰਦਰਤਾ, ਸੁੰਦਰ ਲਿਖਾਵਟ, ਅੱਖਾਂ ਦਾ ਸੁਹਜ ਅਤੇ ਇਥੋਂ ਤੱਕ ਕਿ ਖੂਬਸੂਰਤ ਆਵਾਜ਼ ਦੀ ਕਸ਼ਿਸ਼। ਮੇਰੀ ਪਿਆਰੀ ਮਾਂ, ਮੇਰੇ ਵਿਚਾਰ ਬਦਲ ਗਏ ਹਨ ਅਤੇ ਤੁਸੀਂ ਇਹਦੇ ਜ਼ਿੰਮੇਵਾਰ ਨਹੀਂ ਹੋ। ਮੇਰੇ ਬੋਲ ਕਦੇ ਵੀ ਖਤਮ ਨਹੀਂ ਹੋਣ ਵਾਲੇ ਹਨ ਅਤੇ ਇਹ ਸਭ ਮੈਂ ਲਿਖਕੇ ਕਿਸੇ ਆਦਮੀ ਨੂੰ ਦੇ ਰਹੀ ਹਾਂ ਤਾਂ ਕਿ ਤੁਸੀਂ ਗੈਰ ਹਾਜ਼ਰੀ ਵਿਚ ਅਤੇ ਜਾਣਕਾਰੀ ਦਿੱਤੇ ਬਿਨਾਂ ਜਦੋਂ ਮੈਨੂੰ ਫਾਂਸੀ ਦੇ ਦਿੱਤੀ ਗਈ ਹੋਵੇ ਉਦੋਂ ਇਹ ਤੁਹਾਡੇ ਤੱਕ ਪਹੁੰਚਾ ਦਿੱਤਾ ਜਾਵੇ। ਆਪਣੀ ਵਸੀਹਤ ਦੇ ਤੌਰ 'ਤੇ ਮੈਂ ਕਾਫ਼ੀ ਕੁਝ ਆਪਣੀ ਲਿਖਾਵਟ ਦੇ ਰੂਪ ਵਿਚ ਤੁਹਾਡੇ ਲਈ ਛੱਡ ਰੱਖਿਆ ਹੈ।

ਜੋ ਵੀ ਹੋਵੇ, ਮੌਤ ਤੋਂ ਪਹਿਲਾਂ ਮੈਂ ਤੁਹਾਥੋਂ ਕੁਝ ਚਾਹੁੰਦੀ ਹਾਂ ਅਤੇ ਤੁਹਾਨੂੰ ਕਿਸੇ ਵੀ ਹਾਲਾਤ ਵਿਚ ਮੇਰੀ ਖਾਹਿਸ਼ ਪੂਰੀ ਕਰਨੀ ਹੀ ਪਵੇਗੀ। ਦਰਅਸਲ ਇਹੋ ਇਕਲੌਤੀ ਚੀਜ਼ ਹੈ ਜਿਹੜੀ ਮੈਂ ਇਸ ਦੁਨੀਆ ਤੋਂ ਇਸ ਮੁਲਕ ਤੋਂ ਅਤੇ ਤੁਹਾਥੋਂ ਮੰਗ ਰਹੀ ਹਾਂ। ਮੈਨੂੰ ਪਤਾ ਹੈ ਕਿ ਤੁਹਾਨੂੰ ਇਹਦੇ ਲਈ ਥੋੜ੍ਹਾ ਸਮਾਂ ਚਾਹੀਦਾ ਹੈ। ਖ਼ੈਰ, ਆਪਣੀ ਵਸੀਹਤ ਦਾ ਇਕ ਹਿੱਸਾ ਛੇਤੀ ਹੀ ਮੈਂ ਤੁਹਾਨੂੰ ਦੱਸਦੀ ਹਾਂ। ਪਲੀਜ਼ ਰੋਣਾ ਨਹੀਂ ਅਤੇ ਧਿਆਨ ਨਾਲ ਸੁਣਿਓ। ਮੈਂ ਚਾਹੁੰਦੀ ਹਾਂ ਕਿ ਤੁਸੀਂ ਖੁਦ ਅਦਾਲਤ ਵਿਚ ਜਾਓ ਅਤੇ ਮੇਰੀ ਇਸ ਖਾਹਿਸ਼ ਨੂੰ ਉਥੇ ਰੱਖੋ। ਮੈਂ ਜੇਲ੍ਹ ਤੋਂ ਕਿਸੇ ਖਤ ਵਿਚ ਇਹ ਗੱਲਾਂ ਨਹੀਂ ਲਿਖ ਸਕਦੀ ਕਿਉਂਕਿ ਜੇਲ੍ਹ ਦੇ ਹੁਕਮਰਾਨਾਂ ਤੋਂ ਇਹਦੀ ਇਜਾਜ਼ਤ ਲੈਣੀ ਪਵੇਗੀ। ਇਸ ਲਈ ਤੁਹਾਨੂੰ ਇਕ ਵਾਰੀ ਫੇਰ ਮੇਰੀ ਵਜ੍ਹਾ ਕਰਕੇ ਤਕਲੀਫ਼ ਉਠਾਉਣੀ ਹੀ ਪਵੇਗੀ। ਇਹ ਇਕ ਅਜਿਹੀ ਚੀਜ਼ ਹੈ ਕਿ ਜੇ ਤੁਸੀਂ ਇਹਨੂੰ ਪੂਰਾ ਕਰਨ ਲਈ ਹੱਥ ਵੀ ਜੋੜੋ ਤਾਂ ਮੈਂ ਬੇਚੈਨੀ ਮਹਿਸੂਸ ਨਹੀਂ ਕਰਾਂਗੀ ਹਾਲਾਂਕਿ ਮੈਂ ਕਈ ਵਾਰੀ ਤੁਹਾਨੂੰ ਇਹ ਗੁਜਾਰਿਸ਼ ਕੀਤੀ ਹੈ ਕਿ ਫਾਂਸੀ ਦੇ ਫੰਦੇ ਤੋਂ ਮੈਨੂੰ ਬਚਾਉਣ ਲਈ ਤੁਸੀਂ ਬਿਲਕੁਲ ਹੀ ਕਿਸੇ ਦੇ ਅੱਗੇ ਹੱਥ ਨਾ ਜੋੜਿਓ।

ਮੇਰੀ ਪਿਆਰੀ ਮਾਂ ਸੋਲੇਹ, ਤੁਸੀਂ ਜਿਹੜੇ ਮੇਰੀ ਜ਼ਿੰਦਗੀ ਤੋਂ ਵੀ ਜ਼ਿਆਦਾ ਮੇਰੇ ਲਈ ਪਿਆਰੇ ਹੋ, ਮੈਂ ਕਹਿਣਾ ਚਾਹੁੰਦੀ ਹਾਂ ਕਿ ਮੈਂ ਮਿੱਟੀ ਦੇ ਹੇਠਾਂ ਦਫ਼ਨ ਹੋ ਕੇ ਸੜਨਾ ਨਹੀਂ ਚਾਹੁੰਦੀ। ਮੈਂ ਨਹੀਂ ਚਾਹੁੰਦੀ ਕਿ ਮੇਰੀਆਂ ਅੱਖਾਂ ਜਾਂ ਮੇਰਾ ਜਵਾਨ ਦਿਲ ਧੂੜ-ਮਿੱਟੀ ਵਿਚ ਮਿਲ ਜਾਵੇ। ਤੁਸੀਂ ਉਹਨੂੰ ਹੱਥ ਜੋੜ ਕੇ ਕਹੋ ਕਿ ਕੋਈ ਅਜਿਹਾ ਇੰਤਜਾਮ ਕਰਨ ਕਿ




ਜਿਉਂ ਹੀ ਮੈਨੂੰ ਫਾਂਸੀ ਦੇ ਦਿੱਤੀ ਗਈ ਹੋਵੇ, ਮੇਰਾ ਦਿਲ, ਗੁਰਦਾ, ਅੱਖਾਂ, ਹੱਡੀਆਂ ਅਤੇ ਅਜਿਹਾ ਹੋਰ ਕੋਈ ਵੀ ਅੰਗ ਜਿਹਨੂੰ ਕਿਸੇ ਜ਼ਰੂਰਤਮੰਦ ਨੂੰ ਦਿੱਤਾ ਜਾ ਸਕੇ, ਮੇਰੇ ਸਰੀਰ ਵਿਚੋਂ ਕੱਢ ਲਿਆ ਜਾਵੇ ਅਤੇ ਉਹਨੂੰ ਦਾਨ ਵਿਚ ਦੇ ਦਿੱਤਾ ਜਾਵੇ। ਮੈਂ ਨਹੀਂ ਚਾਹੁੰਦੀ ਕਿ ਜਿਹਨੂੰ ਇਹ ਦਿੱਤਾ ਜਾ ਰਿਹਾ ਹੋਵੇ ਉਹ ਮੇਰਾ ਨਾਂ ਜਾਣੇ ਵੀ, ਮੇਰੇ ਲਈ ਇਕ ਫੁੱਲ ਦਾ ਗੁਲਦਸਤਾ ਲੈ ਜਾਂ ਇਥੋਂ ਤੱਕ ਕਿ ਮੇਰੇ ਲਈ ਦੁਆ ਵੀ ਕਰੇ। ਇਹ ਮੈਂ ਤੁਹਾਨੂੰ ਆਪਣੀ ਦਿਲ ਦੀਆਂ ਗਹਿਰਾਈਆਂ 'ਚੋਂ ਕਹਿ ਰਹੀ ਹਾਂ ਕਿ ਮੈਂ ਨਹੀਂ ਚਾਹੁੰਦੀ ਕਿ ਮੇਰੀ ਕੋਈ ਕਬਰ ਹੋਵੇ ਜਿਥੇ ਆ ਕੇ ਤੁਸੀਂ ਸੋਗ ਮਨਾਓ ਅਤੇ ਤਕਲੀਫ਼ ਉਠਾਓ। ਮੈਂ ਨਹੀਂ ਚਾਹੁੰਦੀ ਕਿ ਤੁਸੀਂ ਮੇਰੇ ਲਈ ਕਾਲੀ ਪੁਸ਼ਾਕ ਪਹਿਨੋ। ਜ਼ਿਆਦਾ ਤੋਂ ਜ਼ਿਆਦਾ ਕੋਸ਼ਿਸ਼ ਕਰੋ ਕਿ ਮੇਰੇ ਇਨ੍ਹਾਂ ਔਖੇ ਦਿਨਾਂ ਨੂੰ ਤੁਸੀਂ ਭੁਲਾ ਸਕੋ, ਹਵਾ ਨੂੰ ਕਹੋ ਕਿ ਉਹ ਮੈਨੂੰ ਦੂਰ ਵਹਾ ਕੇ ਲੈ ਜਾਵੇ।

ਦੁਨੀਆ ਨੇ ਸਾਨੂੰ ਪਿਆਰ ਨਹੀਂ ਕੀਤਾ। ਉਹਨੂੰ ਮੇਰੀ ਕਿਸਮਤ ਨਹੀਂ ਪਸੰਦ ਸੀ ਅਤੇ ਹੁਣ ਮੈਂ ਇਹਦੇ ਅੱਗੇ ਹਾਰੀ ਹੋਈ ਮਹਿਸੂਸ ਕਰ ਰਹੀ ਹਾਂ ਅਤੇ ਮੌਤ ਨੂੰ ਗਲੇ ਲਾ ਰਹੀ ਹਾਂ। ਅੱਲਾ ਦੀ ਅਦਾਲਤ ਵਿਚ ਮੈਂ ਉਨ੍ਹਾਂ ਇੰਸਪੈਕਟਰਾਂ ਉਤੇ ਇਲਜ਼ਾਮ ਮੜ੍ਹਾਂਗੀ। ਮੈਂ ਇੰਸਪੈਕਟਰ ਸ਼ਾਮਲੂ ਨੂੰ ਕਟਹਿਰੇ ਵਿਚ ਖੜ੍ਹਾ ਕਰਾਂਗੇ। ਮੈਂ ਜੱਜ ਨੂੰ ਦੇਸ਼ ਦੇ ਦਾਇਰੇ ਵਿਚ ਲਿਆਵਾਂਗੀ ਅਤੇ ਦੇਸ਼ ਦੀ ਸੁਪਰੀਮ ਕੋਰਟ ਦੇ ਉਨ੍ਹਾਂ ਜੱਜਾਂ ਨੂੰ ਵੀ ਜਿਨ੍ਹਾਂ ਨੇ ਉਸ ਸਮੇਂ ਮੈਨੂੰ ਤਾੜਨਾ ਦਿੱਤੀ ਜਦੋਂ ਮੈਂ ਜਾਗ ਚੁੱਕੀ ਸੀ ਅਤੇ ਮੈਨੂੰ ਤਬਾਹ ਕਰਨ ਤੋਂ ਬਾਜ਼ ਨਹੀਂ ਆਏ। ਉਸ ਅਦਾਲਤ ਵਿਚ ਮੈਂ ਡਾਕਟਰ ਫਰਵੰਡੀ ਕਟਹਿਰੇ 'ਚ ਖੜ੍ਹਾ ਕਰਾਂਗੀ। ਮੈਂ ਕਾਸਿਮ ਜ਼ੁਬਾਨੀ ਅਤੇ ਉਨ੍ਹਾਂ ਸਾਰੇ ਲੋਕਾਂ ਉਤੇ ਦੋਸ਼ ਲਾਵਾਂਗੀ ਜਿਹਨਾਂ ਨੇ ਆਪਣੀ ਨਾ ਸਮਝੀ ਦੇ ਕਰਕੇ ਭਾਵ ਆਪਣੇ ਝੂਠ ਬੋਲਣ ਦੀ ਵਜ੍ਹਾ ਨਾਲ ਮੈਨੂੰ ਗਲਤ ਠਹਿਰਾਇਆ ਅਤੇ ਮੇਰੇ ਅਧਿਕਾਰਾਂ ਨੂੰ ਪੈਰਾਂ ਹੇਠਾਂ ਰੋਲਦਿਆਂ ਹੋਇਆਂ ਇਸ ਸੱਚਾਈ ਉਤੇ ਗੌਰ ਨਹੀਂ ਕੀਤਾ ਕਿ ਕਦੇ ਕਦੇ ਜਿਹੜੀ ਸੱਚਾਈ ਵਿਖਾਈ ਦਿੰਦੀ ਹੈ, ਉਹ ਹਕੀਕਤ ਤੋਂ ਜੁਦਾ ਹੁੰਦੀ ਹੈ।

ਮੇਰੀ ਨਰਮਦਿਲ ਸ਼ੋਲੇਹ, ਉਸ ਦੂਸਰੀ ਦੁਨੀਆ ਵਿਚ ਅਸੀਂ (ਮੈਂ ਅਤੇ ਤੁਸੀਂ) ਹੋਵਾਂਗੇ ਜਿਹੜੇ ਦੋਸ਼ ਲਾਵਾਂਗੇ ਅਤੇ ਦੂਸਰੇ ਲੋਕ ਕਟਹਿਰੇ ਵਿਚ ਖੜ੍ਹੇ ਹੋਣਗੇ। ਵੇਖਣਾ ਹੈ ਕਿ ਅੱਲਾ ਦੀ ਮਰਜ਼ੀ ਕੀ ਹੈ। ਮੇਰੀ ਖਾਹਿਸ਼ ਹੈ ਕਿ ਮਰਦੇ ਦਮ ਤੱਕ ਤੁਹਾਨੂੰ ਗਲੇ ਲਾਈ ਰੱਖਾਂ। ਮੈਨੂੰ ਤੁਹਾਨੂੰ ਬੇਹੱਦ, ਬੇਹਦ ਪਿਆਰ ਕਰਦੀ ਹਾਂ।

ਰੇਹਾਨਾ

1 ਅਪ੍ਰੈਲ 2014

ਜਿਸ ਹਫ਼ਤੇ ਰੇਹਾਨਾ ਨੂੰ ਫਾਂਸੀ ਦਿੱਤੀ ਗਈ ਸੀ। ਉਸ ਹਫ਼ਤੇ ਨੂੰ ਕਾਲਾ ਸਪਤਾਹ ਐਲਾਨਿਆ ਗਿਆ ਹੈ। ਇਸ ਹਫ਼ਤੇ ਦੀਆਂ ਤਾਰੀਕਾਂ 'ਚ ਸਭ ਤੋਂ ਵਧੇਰੇ ਔਰਤਾਂ ਉਤੇ ਤੇਜ਼ਾਬੀ ਹਮਲੇ ਹੋਏ। ਹਸਪਤਾਲਾਂ ਦੇ ਬਿਸਤਰਿਆਂ ਉਤੇ ਚਿਹਰਿਆਂ ਉਤੇ ਪੱਟੀਆਂ ਬੰਨ੍ਹੀ ਔਰਤਾਂ ਦੀਆਂ ਦਰਦਨਾਕ ਤਸਵੀਰਾਂ। ਇਹ ਇਸ ਕਰਕੇ ਕਿ ਉਨ੍ਹਾਂ ਹਦਾਇਤ ਮੁਤਾਬਕ ਪੋਸ਼ਾਕ ਨਹੀਂ ਪਾਈ ਅਤੇ ਨਿਯਮ ਅਨੁਸਾਰ ਸਿਰ ਨਹੀਂ ਢੱਕਿਆ ਹੈ। ਇਸਫਾਹਨ ਨਾਮੀ ਸ਼ਹਿਰ ਇਨ੍ਹਾਂ ਤੇਜ਼ਾਬੀ ਹਮਲਿਆਂ ਕਰਕੇ ਹੀ ਚਰਚਾ 'ਚ ਆਇਆ। ਫਿਰ ਸੀਰੀਆ ਅਤੇ ਟਰਕੀ ਬਾਰਡਰ ਉਤੇ ਪ੍ਰੈਸ ਟੀ. ਵੀ. ਚੈਨਲ ਦੀ ਰਿਪੋਰਟਰ ਸ਼ੇਰੇਨਾ ਸ਼ਿਮ ਰਹੱਸਮਈ ਹਾਲਤ ਵਿਚ ਕਤਲ ਕੀਤਾ। ਹਫ਼ਤੇ ਦੇ ਆਖੀਰ 'ਚ ਰੇਹਾਨਾ ਜ਼ਬਬਾਰੀ ਨੂੰ ਫਾਂਸੀ ਦੇ ਦਿੱਤੀ ਗਈ।

ਦੇਸ਼ ਦੀ ਸਥਿਰਤਾ ਬਣਾਈ ਰੱਖਣ ਦੇ ਬਹਾਨੇ ਅਤੇ ਅਪਰਾਧ ਦੇ ਮੁਕਾਬਲੇ ਦੇ ਨਾਂ ਹੇਠ ਫਾਂਸੀ ਦਾ ਹਥਿਆਰ ਇਰਾਨੀ ਰਾਜ ਦੇ ਹੱਥ ਹੈ। ਐਮਨੇਸਟੀ ਇੰਟਰਨੈਸ਼ਨਲ ਦੀ ਰਿਪੋਰਟ ਮੁਤਾਬਕ ਪਿਛਲੇ ਸਾਲ ਇਸ ਇਸਲਾਮਿਕ ਗਣਰਾਜ ਵਿਚ 369 ਲੋਕਾਂ ਨੂੰ ਸਰਵਜਨਕ (ਚੌਰਾਹੇ) 'ਚ ਫਾਂਸੀ ਦਿੱਤੀ ਗਈ। ਇਨ੍ਹਾਂ 'ਚ ਉਹ ਲੋਕ ਸ਼ਾਮਲ ਨਹੀਂ ਹਨ ਜਿਨ੍ਹਾਂ ਨੂੰ ਜੇਲ੍ਹ 'ਚ ਫਾਂਸੀ ਦਿੱਤੀ ਗਈ ਸੀ। ਇਸ ਕਾਲੇ ਹਫ਼ਤੇ ਵਿਚ ਹੀ ਰੇਹਾਨਾ ਜਬਬਾਰੀ (26) ਨੂੰ ਦੁਨੀਆ ਦੇ ਲੋਕਾਂ ਦੇ ਵਿਰੋਧ ਦੇ ਬਾਵਜੂਦ ਫਾਂਸੀ ਉਤੇ ਲਟਕਾ ਦਿੱਤਾ ਗਿਆ। 2007 ਤੋਂ ਚਲ ਰਹੇ ਇਸ ਮੁਕੱਦਮੇ ਸਬੰਧੀ ਖੁਦ ਐਮਨੇਸਟੀ ਨੇ ਸਵੀਕਾਰ ਕੀਤਾ ਹੈ ਕਿ ਇਸ ਮਾਮਲੇ ਵਿਚ ਕਦੇ ਵੀ ਗਹਿਰਾਈ ਨਾਲ ਜਾਂਚ ਨਹੀਂ ਕੀਤੀ ਗਈ। ਕੌਮੀ ਅਤੇ ਕੌਮਾਂਤਰੀ ਲੋਕਾਂ ਦੀ ਮੰਗ ਦੇ ਬਾਵਜੂਦ, ਇਰਾਨ ਦੀ ਨਿਆਂ ਵਿਵਸਥਾ ਨੇ ਇਸ ਕੇਸ (ਰੇਹਾਨਾ) ਨੂੰ ਦੁਬਾਰਾ ਜਾਂਚ ਕਰਕੇ ਚਲਾਉਣਾ ਪ੍ਰਵਾਨ ਨਹੀਂ ਕੀਤਾ। ਬਹੁਤ ਸਾਰੇ ਕੌਮਾਂਤਰੀ ਜਮਹੂਰੀ ਅਧਿਕਾਰਾਂ ਦੇ ਸੰਗਠਨਾਂ ਅਤੇ ਦੇਸ਼ ਦੇ ਅੰਦਰੋਂ ਉਠੀ ਜਬਰਦਸਤ ਆਵਾਜ਼ ਨੂੰ ਅਣਗੌਲਿਆਂ ਕਰ ਦਿੱਤਾ ਗਿਆ। ਇਥੋਂ ਤੱਕ ਫਾਰਸੀ ਸੰਗੀਤ ਦੇ ਜਾਣੇ ਪਛਾਣੇ ਵਿਦਵਾਨ ਅਤੇ ਸ਼ਾਸਤਰੀ ਸੰਗੀਤ ਦੇ ਗਾਇਕ ਮੁੰਹਮਦ ਰਾਜਾ ਸ਼ਾਜਾਰਿਯਾਨ ਨੇ ਆਖਰੀ ਹਫ਼ਤੇ ਮ੍ਰਿਤਕ ਸਰਬੰਡੀ ਦੇ ਪਰਿਵਾਰ ਨੂੰ ਚਿੱਠੀ ਲਿਖਕੇ ਅਪੀਲ ਕੀਤੀ ਸੀ ਕਿ ਰੇਹਾਨਾ ਨੂੰ ਮੁਆਫ਼ੀ ਦੇ ਦਿੱਤੀ ਜਾਵੇ। ਉਹਨੇ ਲੱਖਾਂ ਇਰਾਨ ਵਾਸੀਆਂ ਵਲੋਂ ਲਿਖੀ ਚਿੱਠੀ 'ਚ ਕਿਹਾ ਕਿ, ''ਜਦੋਂ ਲੋਕਾਂ ਦੀਆਂ ਭਾਵਨਾਵਾਂ ਆਪਣੇ ਸਿਖ਼ਰ ਉਤੇ ਪਹੁੰਚ ਜਾਂਦੀਆਂ ਹਨ ਤਾਂ ਹਰ ਵਿਅਕਤੀ ਸਦਇੱਛਾ ਅਤੇ ਸਹੀ ਕੰਮ ਦੀ ਉਮੀਦ ਕਰਦਾ ਹੈ...ਅੱਜ ਜਨਤਾ ਦਾ ਵਿਵੇਕ ਜਾਗ ਪਿਆ ਹੈ ਅਤੇ ਉਹ ਤੁਹਾਥੋਂ ਉਮੀਦ ਕਰਦੀ ਹੈ ਕਿ ਤੁਸੀਂ ਰੇਹਾਨਾ ਨੂੰ ਮੁਆਫ਼ ਕਰ ਦਿਓ...ਮੇਰਾ ਸੁਝਾਅ ਅਤੇ ਬੇਨਤੀ ਇਹੋ ਹੈ ਕਿ ਇਸ ਕੁੜੀ ਦੀ ਹੱਤਿਆ ਨਾ ਕੀਤੀ ਜਾਵੇ।'' ਪਰ ਇਰਾਨੀ ਰਾਜ ਅਤੇ ਨਿਆਂ ਪ੍ਰਬੰਧ ਉਤੇ ਇਸ ਦਾ ਕੋਈ ਅਸਰ ਨਹੀਂ ਹੋਇਆ।

ਰੇਹਾਨਾ ਜਬਬਾਨੀ ਦੀ ਫਾਂਸੀ ਆਪਣੇ ਹੱਕਾਂ ਅਤੇ ਸਵੈ ਦੀ ਲੜਾਈ ਲੜਨ ਵਾਲੀਆਂ ਔਰਤਾਂ ਅਤੇ ਨਾਗਰਿਕ ਅਧਿਕਾਰਾਂ ਲਈ ਲੜ ਰਹੇ ਦੁਨੀਆ ਦੇ ਲੋਕਾਂ ਲਈ ਇਕ ਸਿੰਬਲ ਹੋਵੇਗੀ। ਜਿਵੇਂ ਖੁਦ ਰੇਹਾਨਾ ਦੀ ਚਿੱਟੀ 'ਚੋਂ ਝਲਕਦਾ ਹੈ। ਇਸ ਬੇਰਹਿਮੀ ਪ੍ਰਬੰਧ ਤੋਂ ਭੀਖ ਨਹੀਂ ਮੰਗਣੀ ਸਗੋਂ ''ਅਸੂਲ ਦੀ ਹਿਫਾਜ਼ਤ ਲਈ ਆਖਰੀ ਦਮ ਤੱਕ ਲੜਨਾ ਚਾਹੀਦਾ ਹੈ, ਬੇਸ਼ੱਕ ਨਤੀਜਾ ਮੌਤ ਹੀ ਕਿਉਂ ਨਾ ਮਿਲੇ। ਸਲਾਮ ਰੇਹਾਨਾ ਅਬਬਾਨੀ ਨੂੰ ਸਲਾਮ।

093544-30211

## ਸ਼ੋਕ ਸੰਦੇਸ਼



ਬਲਬੀਰ ਸਿੰਘ ਰਾਏ 13 ਦਸੰਬਰ 2014 ਨੂੰ ਕੈਨੇਡਾ ਵਿਚ ਨਾਮੁਰਾਦ ਬਿਮਾਰ ਕੈਂਸਰ ਨਾਲ ਜੂਝਦੇ ਹੋਏ ਸਦੀਵੀਂ ਵਿਛੋੜਾ ਦੇ ਗਏ। ਉਨ੍ਹਾਂ ਦਾ ਜਨਮ ਭਗਤਗੜ੍ਹ, ਜ਼ਿਲ੍ਹਾ ਬਰਨਾਲਾ ਵਿਚ 17 ਜੁਲਾਈ, 1951 ਵਿਚ ਹੋਇਆ। ਉਹ ਆਪਣੇ ਪਿਛੇ ਇਕ ਪੁੱਤਰ, ਇਕ ਪੁੱਤਰੀ ਗੁਰਪ੍ਰੀਤ ਧਾਲੀਵਾਲ ਅਤੇ ਦੋ ਪੋਤਰੇ, ਇਕ ਪੋਤਰੀ ਅਤੇ ਦੋਤਰਾ ਛੱਡ ਗਏ। ਅਦਾਰਾ 'ਸਰੋਕਾਰਾਂ ਦੀ ਆਵਾਜ਼' ਉਨ੍ਹਾਂ ਦੇ ਵਿਛੋੜੇ 'ਤੇ ਦੁੱਖ ਦਾ ਇਜ਼ਹਾਰ ਕਰਦਿਆਂ ਇਨ੍ਹਾਂ ਪਰਿਵਾਰਾਂ, ਉਨ੍ਹਾਂ ਦੇ ਸਕੇ-ਸਬੰਧੀਆਂ ਤੇ ਸੰਗੀ-ਸਾਥੀਆਂ ਦੇ ਦੁੱਖ 'ਚ ਸ਼ਰੀਕ ਹੁੰਦਾ ਹੈ।

# ਸਮਕਾਲੀ ਪੂੰਜੀਵਾਦ 'ਚ ਫਾਸ਼ੀਵਾਦ ਦੀ ਵਾਪਸੀ

ਸਮੀਰ ਅਮੀਨ
ਅਨੁਵਾਦ ਮਨਦੀਪ
98764-42052

**ਫਾਸ਼ੀਵਾਦ 'ਚ ਏਕਤਾ ਅਤੇ ਅਨੇਕਤਾ ਦੇ ਤੱਤ** : ਜਿੰਨ੍ਹਾਂ ਰਾਜਨੀਤਿਕ ਸੰਘਰਸ਼ਾਂ ਨੂੰ ਸਹੀ ਮਾਅਨਿਆਂ 'ਚ ਫਾਸ਼ੀਵਾਦ ਕਿਹਾ ਜਾ ਸਕਦਾ ਹੈ, ਉਹ ਵਿਸ਼ੇਸ਼ ਤੌਰ ਤੇ 1930 ਦੇ ਦਹਾਕੇ ਤੋਂ ਲੈ ਕੇ 1945 ਵਿਚਕਾਰ ਕੁਝ ਯੂਰਪੀ ਦੇਸ਼ਾਂ ਅਧੀਨ ਸਨ ਅਤੇ ਕਿਤੇ-ਕਿਤੇ ਸੱਤਾ 'ਚ ਵੀ ਸਨ। ਇਹਦੇ ਵਿੱਚ ਇਟਲੀ ਦੇ ਬੇਨਿਟੋ ਮੁਸੋਲਿਨੀ, ਜਰਮਨੀ ਦੇ ਅਡੋਲਫ਼ ਹਿਟਲਰ, ਸਪੇਨ ਦੇ ਫਰਾਂਸਿਸਕੋ ਫਰਾਂਕੋ, ਪੁਰਤਗਾਲ ਦੇ ਐਨਤੋਨੀਓ ਡੀ ਓਲੀਵੀਏਰਾ ਸਾਲਜਾਰ, ਫਰਾਂਸ ਦੇ ਫਿਲਿਪ ਪੇਤਾਇਨ, ਹੰਗਰੀ ਦੇ ਮਾਈਕਲੀ ਹੋਥਰੀ, ਰੋਮਾਨੀਆਂ ਦੇ ਈਆਨ ਅੰਤਾਨੇਸਕੋ ਅਤੇ ਕੋਰੀਏਸ਼ੀਆ ਦੇ ਏਂਤੇ ਪਾਵੇਲੀ ਨੂੰ ਗਿਣਿਆ ਜਾ ਸਕਦਾ ਹੈ। ਜੋ ਵੀ ਸਮਾਜ ਫਾਸ਼ੀਵਾਦ ਦਾ ਸ਼ਿਕਾਰ ਰਹੇ ਹਨ, ਚਾਹੇ ਉਹ ਯੁੱਧ 'ਚ ਜਿੱਤੇ ਜਿਆਦਾ ਵਿਕਸਿਤ ਪੂੰਜੀਵਾਦੀ ਸਮਾਜ ਰਹੇ ਹੋਣ ਜਾਂ ਉਹਨਾਂ ਦੀ ਅਧੀਨਤਾ ਹੇਠ ਜਿਊਣ ਵਾਲੇ ਹਾਰੇ ਹੋਏ ਕਮਜੋਰ ਸਮਾਜ, ਸਾਰੇ ਆਪਣੇ ਚਰਿੱਤਰ 'ਚ ਐਨੀਆਂ ਅਨੇਕਤਾਵਾਂ ਵਾਲੇ ਸਨ ਕਿ ਉਹਨਾਂ ਨੂੰ ਬਰਾਬਰ ਰੱਖ ਕੇ ਨਹੀਂ ਵੇਖਿਆ ਜਾ ਸਕਦਾ। ਮੈਂ ਇਸ ਲਿਹਾਜ ਨਾਲ ਇਨ੍ਹਾਂ ਦੇਸ਼ਾਂ 'ਚ ਮੌਜੂਦ ਢਾਂਚਾਗਤ ਅਨੇਕਤਾ 'ਚ ਵੱਖ-ਵੱਖ ਪ੍ਰਭਾਵਾਂ ਨੂੰ ਅਲੱਗ-ਅਲੱਗ ਰੱਖਕੇ ਵੇਖਣਾ ਚਾਹਾਂਗਾ। ਬਾਵਯੂਦ ਇਸਦੇ, ਇਸ ਅਨੇਕਤਾ ਦੇ ਪਾਰ ਇਨ੍ਹਾਂ ਫਾਸ਼ੀਵਾਦੀ ਸ਼ਾਸ਼ਨਾਂ 'ਚ ਦੋ ਚੀਜਾਂ ਸਮਾਨ ਸਨ :

ਤੱਤਕਾਲੀ ਸਥਿਤੀਆਂ 'ਚ ਇਹ ਸਾਰੇ ਸ਼ਾਸ਼ਨ ਸਰਕਾਰ ਅਤੇ ਸਮਾਜ ਦਾ ਇਸ ਢੰਗ ਨਾਲ ਪ੍ਰਬੰਧ ਕਰਨ ਨੂੰ ਰਾਜੀ ਸਨ ਤਾਂ ਕਿ ਪੂੰਜੀਵਾਦ ਦੇ ਬੁਨਿਆਦੀ ਸਿਧਾਂਤਾਂ, ਖਾਸਕਰ ਨਿੱਜੀ ਜਾਇਦਾਦ ਅਤੇ ਆਧੁਨਿਕ ਇਜਾਰੇਦਾਰੀ ਪੂੰਜੀਵਾਦ ਤੇ ਕੋਈ ਸਵਾਲ ਨਾ ਖੜਾ ਕੀਤਾ ਜਾ ਸਕੇ। ਇਹੀ ਕਾਰਨ ਹੈ ਕਿ ਮੈਂ ਫਾਸ਼ੀਵਾਦ ਦੇ ਇਨ੍ਹਾਂ ਅਨੇਕਾਂ ਰੂਪਾਂ ਨੂੰ ਪੂੰਜੀਵਾਦ ਦੇ ਪ੍ਰਬੰਧਨ ਦੇ ਵਿਸ਼ੇਸ਼ ਢੰਗਾਂ ਦਾ ਨਾਮ ਦਿੰਦਾ ਹਾਂ ਨਾ ਕਿ ਉਸਦੀ ਪ੍ਰਮਾਣਿਕਤਾ ਨੂੰ ਚੁਣੌਤੀ ਦੇਣ ਵਾਲੇ ਰੂਪਾਂ ਦਾ, ਭਲੇ ਹੀ ਇਹ ਗੱਲ ਜਾਹਰ ਹੈ ਕਿ ਫਾਸ਼ੀਵਾਦੀਆਂ ਦੇ ਭਾਸ਼ਣਾ 'ਚ 'ਪੂੰਜੀਵਾਦ' ਅਤੇ 'ਧਨਤੰਤਰ' ਦੀ ਨਿੰਦਾ 'ਚ ਲੰਮੇ-ਲੰਮੇ ਮੁਹਾਵਰੇ ਛੱਡੇ ਜਾਂਦੇ ਸਨ। ਫਾਸ਼ੀਵਾਦ ਦੇ ਇਨ੍ਹਾਂ ਅਨੇਕਾਂ ਰੂਪਾਂ ਦੁਆਰਾ ਪੇਸ਼ 'ਬਦਲ' ਦੀ ਜੇਕਰ ਤੁਸੀਂ ਪੜਤਾਲ ਕਰੋਂ, ਤਾਂ ਇਨ੍ਹਾਂ ਦੇ ਭਾਸ਼ਣਾਂ 'ਚ ਛੁਪਿਆ ਝੂਠ ਤੁਰੰਤ ਉਜਾਗਰ ਹੋ ਜਾਂਦਾ ਹੈ। ਨਿੱਜੀ ਪੂੰਜੀਵਾਦੀ ਜਾਇਦਾਦ ਨੂੰ ਲੈ ਕੇ ਇਨ੍ਹਾਂ ਭਾਸ਼ਣਾ 'ਚ ਹਮੇਸ਼ਾਂ ਹੀ ਤੁਹਾਨੂੰ ਇਕ ਚੁੱਪ ਨਜ਼ਰ ਆਵੇਗੀ। ਇਸਤੋਂ ਇਕ ਗੱਲ ਸਮਝ ਆਉਂਦੀ ਹੈ ਕਿ ਇਕ ਪੂੰਜੀਵਾਦੀ ਸਮਾਜ ਦੇ ਰਾਜਨੀਤਕ ਪ੍ਰਬੰਧ ਦੀਆਂ ਚੁਣੌਤੀਆਂ ਦਾ ਇਕੋ-ਇਕ ਜਵਾਬ ਫਾਸ਼ੀਵਾਦ ਦੀ ਚੋਣ ਨਹੀਂ ਹੋ ਸਕਦਾ। ਕੇਵਲ ਬੇਹੱਦ ਡੂੰਘੇ ਅਤੇ ਹਿੰਸਕ ਸੰਕਟ ਦੀਆਂ ਸਥਿਤੀਆਂ 'ਚ ਹੀ ਫਾਸ਼ੀਵਾਦੀ ਹੱਲ ਸ਼ਾਇਦ ਪੂੰਜੀ ਦੀ ਅਧੀਨਤਾ ਦਾ ਸਰਵਉੱਚ ਤੇ ਇਕੋ-ਇਕ ਬਦਲ ਸਮਝ ਪਵੇ, ਇਸ ਲਈ ਸਾਡਾ ਵਿਸ਼ਲੇਸ਼ਣ ਇਸ ਸੰਕਟ ਤੇ ਕੇਂਦਰਿਤ ਹੋਣਾ ਚਾਹੀਦਾ ਹੈ।

ਇੱਕ ਸੰਕਟਗ੍ਰਸਤ ਪੂੰਜੀਵਾਦੀ ਸਮਾਜ ਦਾ ਪ੍ਰਬੰਧ ਕਰਨ ਲਈ ਫਾਸ਼ੀਵਾਦ ਦੀ ਚੋਣ ਹਮੇਸ਼ਾਂ (ਪ੍ਰੀਭਾਸ਼ਾ ਦੇ ਹਿਸਾਬ ਨਾਲ ਵੀ) 'ਲੋਕਤੰਤਰ' ਨੂੰ ਸਪੱਸ਼ਟ ਨਾ ਮਨਜ਼ੂਰ ਕਰਨ ਉਪਰ ਟਿਕੀ ਹੋਈ ਹੈ। ਫਾਸ਼ੀਵਾਦ ਹਮੇਸ਼ਾਂ ਉਨ੍ਹਾਂ ਵਿਆਪਕ ਸਿਧਾਂਤਾਂ ਦੀ ਥਾਂ ਲੈ ਲੈਂਦਾ ਹੈ ਜਿਨ੍ਹਾਂ 'ਤੇ ਆਧੁਨਿਕ ਲੋਕਤੰਤਰਾਂ ਦਾ ਦਾਰੋਮਦਾਰ ਟਿਕਿਆ ਹੁੰਦਾ ਹੈ - ਜਿਵੇਂ, ਵਿਚਾਰਾਂ ਦੀ ਅਨੇਕਤਾ ਨੂੰ ਮਾਨਤਾ, ਬਹੁਮਤ ਸਾਬਤ ਕਰਨ ਲਈ, ਚੋਣ ਵਿਧੀਆਂ ਨੂੰ ਅੰਗੀਕਾਰ ਕਰਨਾ, ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਗਰੰਟੀ, ਆਦਿ। ਨਾਲ ਹੀ ਸਰਵਉੱਚ ਨੇਤਾ ਅਤੇ ਉਸਦੇ ਪ੍ਰਮੁੱਖ ਗੁਰਗਿਆਂ ਦੀ ਸੱਤਾ ਅਤੇ ਉਹਨਾਂ ਦੁਆਰਾ ਥੋਪੇ ਗਏ ਸਮੂਹਿਕ ਅਨੁਸ਼ਾਸ਼ਨ ਦੀਆਂ ਸ਼ਰਤਾਂ ਦੇ ਸਾਹਮਣੇ ਝੁਕਣ ਦੇ ਵਿਰੋਧ ਨੂੰ ਵੀ ਇਸ ਵਿਚੋਂ ਦਰਕਿਨਾਰ ਕਰ ਦਿੱਤਾ ਜਾਂਦਾ ਹੈ। ਇਨ੍ਹਾਂ ਕਦਰਾਂ ਨੂੰ ਉਲਟਾਏ ਜਾਣ ਦੇ ਨਾਲ-ਨਾਲ ਹੀ ਪ੍ਰਤੀਗਾਮੀ ਵਿਚਾਰਾਂ ਨੂੰ ਉਤਸਾਹਿਤ ਕੀਤਾ ਜਾਂਦਾ ਹੈ ਜੋ ਥੋਪੀ ਗਈ ਅਧੀਨਤਾ ਦੇ ਤਰੀਕਿਆਂ ਨੂੰ ਪ੍ਰਮਾਣਿਕਤਾ ਦੇ ਪਾਉਣ ਦੇ ਸਮਰੱਥ ਹੋਵੇ। ਫਾਸ਼ੀਵਾਦੀ ਸੱਤਾਵਾਂ ਜਿਸ ਕਿਸਮ ਦਾ ਵਿਚਾਰਧਾਰਾਈ ਵਿਵਾਦ ਖੜਾ ਕਰਦੀਆਂ ਹਨ, ਉਸਦੇ ਬੁਰਕੇ ਦੇ ਤੌਰ ਤੇ ਉਹ ਅਤੀਤ (ਮੱਧਕਾਲੀਨ) ਵੱਲ ਵਾਪਸ ਮੁੜਨ ਦੇ ਕਥਿਤ ਜਰੂਰੀ ਸੱਦੇ, ਅਤੇ ਰਾਜਕੀ ਧਰਮ ਭਾਵ 'ਨਸਲ' ਜਾਂ 'ਰਾਸ਼ਟਰ' (ਜਾਤੀ) ਦੇ ਕਿਸੇ ਕਾਰਕ ਦੀ ਵਰਤੋਂ ਕਰਦੀਆਂ ਹਨ।

ਆਧੁਨਿਕ ਯੂਰਪੀ ਇਤਿਹਾਸ 'ਚ ਪਾਏ ਜਾਣ ਵਾਲੇ ਫਾਸ਼ੀਵਾਦ ਦੇ ਅਨੇਕਾਂ ਰੂਪਾਂ ਵਿਚਕਾਰ ਦੋ ਸਮੱਸਿਆਵਾਂ ਹੁੰਦੀਆਂ ਹਨ ਅਤੇ ਉਹ ਨਿਮਨਲਿਖਤ ਚਾਰ ਵਰਗਾਂ ਚੋਂ ਕਿਸੇ ਇਕ 'ਚ ਆਉਂਦੇ ਹਨ :

ਪ੍ਰਮੁੱਖ ਵਿਕਸਿਤ ਪੂੰਜੀਵਾਦੀ ਸ਼ਕਤੀਆਂ ਦਾ ਫਾਸ਼ੀਵਾਦ, ਜਿਸਦੀ ਚੌਧਰ ਪੂਰੀ ਦੁਨੀਆਂ ਜਾਂ ਘੱਟ ਤੋਂ ਘੱਟ ਖੇਤਰੀ ਦਾਇਰੇ 'ਚ ਅਧੀਨਤਾ ਅਤੇ ਇਜਾਰੇਦਾਰੀ ਹਾਸਲ ਕਰਨ ਦੀ ਸੀ।

ਇਸ ਕਿਸਮ ਦੇ ਫਾਸ਼ੀਵਾਦ ਦਾ ਮਾਡਲ ਨਾਜੀਵਾਦ ਹੈ। ਜਰਮਨੀ 1870 ਦੇ ਸ਼ੁਰੂ 'ਚ ਇਕ ਪ੍ਰਮੁੱਖ ਉਦਯੋਗਿਕ ਸ਼ਕਤੀ ਦੇ ਰੂਪ 'ਚ ਉਭਰਿਆ ਤੇ ਉਸਨੇ ਉਸ ਦੌਰ ਦੀਆਂ ਅਧੀਨ ਤਾਕਤਾਂ (ਗ੍ਰੇਟ ਬ੍ਰਿਟੇਨ ਅਤੇ ਫਰਾਂਸ) ਅਤੇ ਇਜਾਰੇਦਾਰੀ ਅਧੀਨਤਾ ਦੀ ਇੱਛਾ ਰੱਖਣ ਵਾਲੇ ਸੰਯੁੰਕਤ ਰਾਜ ਅਮਰੀਕਾ ਨੂੰ ਮੁਕਾਬਲਾ ਦਿੱਤਾ। 1918 ਦੀ ਹਾਰ ਦੇ ਬਾਅਦ ਉਹਨਾਂ ਨੂੰ ਆਪਣੀਆਂ ਪਸਾਰਵਾਦੀ ਇਛਾਵਾਂ ਨੂੰ ਪੂਰਾ ਕਰਨ ਲਈ ਹਾਰ ਦੇ ਸਿੱਟਿਆਂ ਨਾਲ ਜੂਝਣਾ ਪਿਆ। ਹਿਟਲਰ ਨੇ ਇਸ ਲਈ ਆਪਣੀ ਇਕ ਸਪੱਸ਼ਟ ਯੋਜਨਾ ਤਿਆਰ ਕੀਤੀ : ਰੂਸ ਅਤੇ ਉਸਦੇ ਪਾਰ ਸਮੁੱਚੇ ਯੂਰਪ ਤੇ 'ਜਰਮਨੀ' ਦਾ ਅਧਾਰ ਕਾਇਮ ਕਰਨ ਦੀ ਯੋਜਨਾ ਯਾਨਿ ਉਨ੍ਹਾਂ ਇਜਾਰੇਦਾਰ ਤਾਕਤਾਂ ਦਾ ਪੂੰਜੀਵਾਦ ਜਿਨ੍ਹਾਂ ਨੇ ਨਾਜੀਵਾਦ ਦੇ ਉਭਾਰ ਨੂੰ ਸਹਿਯੋਗ ਦਿੱਤਾ ਸੀ। ਆਪਣੇ ਪ੍ਰਮੁੱਖ ਵਿਰੋਧੀਆਂ ਨਾਲ ਉਸਨੂੰ ਇਕ ਸਮਝੌਤਾ ਕਰਨ ਲਈ ਮਜ਼ਬੂਰ ਹੋਣਾ ਪਿਆ। ਸਮਝੌਤਾ ਇਹ ਸੀ ਕਿ ਯੂਰਪ ਅਤੇ ਰੂਸ ਉਸਦੀ ਝੋਲੀ 'ਚ ਆਉਣਗੇ, ਚੀਨ ਦਾ ਜਿੰਮਾ ਜਪਾਨ ਨੂੰ ਸੰਭਾਲ ਦਿੱਤਾ ਜਾਵੇਗਾ, ਬਾਕੀ ਅਫਰੀਕਾ ਅਤੇ ਏਸ਼ੀਆਂ ਗ੍ਰੇਟ ਬ੍ਰਿਟੇਨ ਨੇ ਅਧੀਨ ਰਹਿਣਗੇ ਅਤੇ ਦੱਖਣੀ ਅਮਰੀਕੀ ਦੇਸ਼ ਸੰਯੁਕਤ ਅਮਰੀਕਾ ਕੋਲ ਰਹਿਣਗੇ। ਉਸਨੇ ਇਹ ਸੋਚ ਕੇ ਹੀ ਗਲਤੀ ਕਰ ਲਈ ਕਿ ਇਸ ਕਿਸਮ ਦਾ ਕੋਈ ਸਮਝੌਤਾ ਮੌਜੂਦਾ ਸਮੇਂ 'ਚ ਸਾਕਾਰ ਹੋ ਸਕਦਾ ਸੀ। ਗ੍ਰੇਟ ਬ੍ਰਿਟੇਨ ਅਤੇ ਅਮਰੀਕਾ ਨੇ ਇਸਨੂੰ ਸਵੀਕਾਰ ਨਹੀਂ ਕੀਤਾ ਜਦਕਿ ਜਪਾਨ ਨੇ ਉਸਦਾ ਸਾਥ ਦਿੱਤਾ ਸੀ।

ਜਪਾਨੀ ਫਾਸ਼ੀਵਾਦ ਇਸੇ ਸ਼੍ਰੇਣੀ 'ਚ ਆਉਂਦਾ ਹੈ। ਆਧੁਨਿਕ ਪੂੰਜੀਵਾਦੀ ਜਪਾਨ ਨੇ 1895 ਦੇ ਸਮੁੱਚੇ ਪੂਰਬੀ ਏਸ਼ੀਆ ਤੇ ਆਪਣਾ ਅਧਿਕਾਰ ਕਾਇਮ ਕਰਨ ਦੀ ਇੱਛਾ ਪਾਲ ਲਈ। ਫਾਸ਼ੀਵਾਦ ਦੀ ਦਿਸ਼ਾ 'ਚ ਇੱਥੇ ਜੋ ਵਿਕਾਸ ਹੋਇਆ, ਉਹ ਉਭਰਦੇ ਹੋਏ ਰਾਸ਼ਟਰੀ ਪੂੰਜੀਵਾਦ ਨੂੰ ਰੋਕਣ ਵਾਲੇ ਇਕ 'ਸਾਮਰਾਜਵਾਦੀ' ਸਰੂਪ-ਜੋ ਪ੍ਰਤੱਖ : 'ਉਦਾਰ' ਸੰਸਥਾਵਾਂ (ਚੁਣੀ ਹੋਈ ਡਾਇਟ) ਤੇ ਆਧਾਰਿਤ ਸੀ ਮੌਜੂਦਾ ਸਮੇਂ 'ਚ ਸਮਾਰਟ ਅਤੇ ਆਧੁਨਿਕਤਾ 'ਚ ਢਲੀ ਉਸਦੀ ਰਾਜਾਸ਼ਾਹੀ ਦੁਆਰਾ ਕੰਟਰੋਲ ਸੀ-ਤੋਂ ਇਕ ਅਜਿਹੇ ਬਰਬਰ ਚਿਹਰੇ ਵੱਲ 'ਨਰਮ' ਤਬਦੀਲੀ ਸੀ ਜਿਸਦਾ ਪ੍ਰਬੰਧ ਸਿੱਧਾ ਹਵਾਈ ਸੈਨਾ ਦੇ ਹੱਥ 'ਚ ਸੀ। ਨਾਜੀ ਜਰਮਨੀ ਨੇ ਸਾਮਰਾਜਵਾਦੀ/ਫਾਸ਼ੀਵਾਦੀ ਜਪਾਨ ਨਾਲ ਇਕ ਗੱਠਜੋੜ ਕੀਤਾ ਜਦਕਿ ਗ੍ਰੇਟ ਬ੍ਰਿਟੇਨ ਸੰਯੁਕਤ ਰਾਜ ਅਮਰੀਕਾ ਦਾ ਟੋਕੀਓ ਨਾਲ ਸੰਘਰਸ਼ ਛਿੜ ਗਿਆ (1941 'ਚ ਪਰਲ ਹਾਰਬਰ ਦੀ ਘਟਨਾ ਦੇ ਬਾਅਦ)। ਠੀਕ ਇਹੀ ਵਿਰੋਧ ਚੀਨ 'ਚ ਵੀ ਰਿਹਾ ਜਿੱਥੇ ਕੌਮਿਨਤਾਂਗ ਦੀਆਂ ਕਮੀਆਂ ਦੀ ਭਰਪਾਈ ਮਾਓਵਾਦੀ ਕਮਿਊਨਿਸਟਾਂ ਦੇ ਸਹਿਯੋਗ ਨਾਲ ਪੂਰੀ ਕੀਤੀ ਗਈ।

**ਦੂਜੇ ਦਰਜੇ ਦੀਆਂ ਪੂੰਜੀਵਾਦੀ ਤਾਕਤਾਂ ਦਾ ਫਾਸ਼ੀਵਾਦ** : ਇਸਦਾ ਬੁਨਿਆਦੀ ਉਦਾਹਰਨ ਇਟਲੀ ਦਾ ਮੁਸੋਲਿਨੀ ਹੈ (ਜਿਸਨੇ ਫਾਸ਼ੀਵਾਦ ਦੇ ਨਾਮ ਸਮੇਤ ਇਸਦੀ ਖੋਜ ਕੀਤੀ) ਮੁਸੋਲਿਨੀਵਾਦ 1920 ਦੇ ਸੰਕਟ ਅਤੇ ਕਮਿਊਨਿਸਟਾਂ ਦੇ ਵੱਧਦੇ ਖਤਰੇ ਤੇ ਇਟਲੀ ਦੇ ਦੱਖਣਪੰਥ (ਪੁਰਾਣੀ ਰਾਜਾਸ਼ਾਹੀ, ਨਵੀਂ ਬੁਰਜੂਆਜ਼ੀ, ਮੱਧ ਵਰਗ) ਦੀ ਪ੍ਰਤੀਕਿਰਿਆ ਤੋਂ ਪੈਦਾ ਹੋਇਆ ਸੀ, ਪਰ ਨਾ ਤਾਂ ਇਤਾਲਵੀ ਪੂੰਜੀਵਾਦ ਅਤੇ ਨਾ ਹੀ ਉਸਦੇ ਰਾਜਨੀਤਿਕ ਸੰਦ ਯਾਨਿ ਮੁਸੋਲਿਨੀ ਦੇ ਫਾਸ਼ੀਵਾਦ ਦੀ ਅਜਿਹੀ ਕੋਈ ਇੱਛਾ ਸੀ ਕਿ ਉਹ ਯੂਰਪ 'ਤੇ ਰਾਜ ਕਰੇ, ਦੁਨੀਆਂ ਦੀ ਤਾਂ ਗੱਲ ਹੀ ਛੱਡੋ। ਰੋਮਨ ਸਾਮਰਾਜ ਨੂੰ ਪੁਨਰਗਠਿਤ ਕਰਨ ਸਬੰਧੀ ਡਿਊਕ ਦੀਆਂ ਸਾਰੀਆਂ ਗਤੀਵਿਧੀਆਂ ਦੇ ਬਾਵਯੂਦ ਮੁਸੋਲਿਨੀ ਇਸ ਗੱਲ ਨੂੰ ਸਮਝਦਾ ਸੀ ਕਿ ਉਸਦੇ ਪ੍ਰਬੰਧ ਦੀ ਸਥਿਰਤਾ ਦਰਅਸਲ ਉਸਦੇ ਇਸ ਗੱਠਜੋੜ 'ਤੇ ਟਿਕੀ ਹੋਈ ਹੈ ਕਿ ਉਹ ਗ੍ਰੇਟ ਬ੍ਰਿਟੇਨ ਦਾ ਸੇਵਾਦਾਰ ਹੋਣਾ ਸਵੀਕਾਰ ਕਰਦਾ ਹੈ (ਜੋ ਮੈਡੀਟੇਰਟਨੀਅਨ ਦਾ ਮਾਲਕ ਸੀ) ਜਾਂ ਫਿਰ ਨਾਜੀ ਜਰਮਨੀ ਦਾ। ਦੋ ਸੰਭਾਵਿਤ ਗੱਠਜੋੜਾਂ ਨੂੰ ਲੈ ਕੇ ਮੁਸੋਲਿਨੀ ਦਾ ਇਹ ਦਵੰਦ ਦੂਜੇ ਵਿਸ਼ਵ ਯੁੱਧ ਦੀ ਸਵੇਰ ਤੱਕ ਬਰਕਰਾਰ ਰਿਹਾ।

ਸਾਲਾਜਾਰ ਅਤੇ ਫਰਾਂਕੋ ਦਾ ਫਾਸ਼ੀਵਾਦ ਇਸ ਸ਼੍ਰੇਣੀ 'ਚ ਆਉਂਦਾ ਹੈ। ਇਹ ਦੋਨੋਂ ਤਾਨਾਸ਼ਾਹ ਰਿਪਬਲਿਕਨ ਉਦਾਰਵਾਦੀਆਂ ਜਾਂ ਸਮਾਜਵਾਦੀ ਰਿਪਬਲਿਕਨਾਂ ਦੇ ਖਤਰੇ ਦੇ ਜਵਾਬ 'ਚ ਦੱਖਣਪੰਥੀਆਂ ਅਤੇ ਕੈਥੋਲਿਕ ਚਰਚ ਦੁਆਰਾ ਖੜੇ ਕੀਤੇ ਗਏ ਸਨ। ਕੇਵਲ ਇਹੀ ਕਾਰਨ ਰਹੇ ਹਨ ਕਿ ਇਹ ਦੋਵੇਂ ਆਪਣੀ ਭਰਪਾਈ ਹਿੰਸਾ (ਕਮਿਊਨਿਜ਼ਮ ਵਿਰੋਧ ਦੇ ਨਾਮ) ਦੇ ਬਾਵਯੂਦ ਪ੍ਰਮੁੱਖ ਸਾਮਰਾਜਵਾਦੀ ਤਾਕਤਾਂ ਦੇ ਹਮਲੇ ਤੋਂ ਬਚੇ ਰਹੇ। ਪਹਿਲਾਂ ਅਮਰੀਕਾ ਨੇ 1945 ਦੇ ਬਾਅਦ ਇਨ੍ਹਾਂ ਨੂੰ ਪਨਾਹ ਦਿੱਤੀ (ਸਾਲਾਜਾਰ ਨਾਟੋ ਦਾ ਸੰਸਥਾਪਕ ਮੈਂਬਰ ਬਣਿਆ ਅਤੇ ਸਪੇਨ ਆਪਣੇ ਇੱਥੇ ਅਮਰੀਕੀ ਸੈਨਾ ਬੇਸ ਸਥਾਪਿਤ ਕਰਨ ਲਈ ਰਾਜੀ ਹੋ ਗਿਆ। ਅਤੇ ਬਾਅਦ 'ਚ ਯੂਰਪੀ ਸਮੂਹ ਨੇ ਵੀ ਇਹੀ ਰੁਖ ਅਪਣਾਇਆ, ਜੋ ਆਪਣੇ ਸੁਭਾਅ ਤੋਂ ਹੀ ਪਿਛਾਖੜੀ ਪੂੰਜੀਵਾਦ ਦਾ ਪਾਲਕ ਰਿਹਾ ਹੈ। ਕਾਨਰੇਸ਼ਨ ਕ੍ਰਾਂਤੀ (1974) ਅਤੇ ਫਰਾਂਕੋ ਦੀ ਮੌਤ (1980) ਦੇ ਬਾਅਦ ਇਨ੍ਹਾਂ ਦੋਨਾਂ ਪ੍ਰਬੰਧਾਂ ਨੇ ਸਾਡੇ ਦੌਰ ਦੇ ਇਕ ਨਵੇਂ 'ਲੋਕਤੰਤਰ' ਦਾ ਖੇਮਾ ਫੜ ਲਿਆ।

**ਹਾਰੀਆਂ ਸੱਤਾਵਾਂ ਦਾ ਫਾਸ਼ੀਵਾਦ** : ਇਸ ਵਿਚ ਫਰਾਂਸ ਦੀ ਵਿਚੀ ਸਰਕਾਰ, ਬੈਲਜੀਅਮ ਦੇ ਲਿਓਨ ਦੇਗਰੇਲੇ ਅਤੇ 'ਫਲੇਮਿਸ਼' ਕਪਟੀ ਸਰਕਾਰ ਸ਼ਾਮਿਲ ਸੀ ਜਿਸਨੇ ਨਾਜੀਆਂ ਦਾ ਸਮਰੱਥਨ ਹਾਸਲ ਕੀਤਾ। ਫਰਾਂਸ 'ਚ ਉੱਚ ਵਰਗ ਨੇ ਪਾਪੂਲਰ ਫਰੰਟ ਦੀ ਜਗ੍ਹਾ ਹਿਟਲਰ ਨੂੰ ਚੁਣਿਆ' (ਇਸ ਵਿਸ਼ੇ ਤੇ ਏਨੀ ਲੈਕਾਰੀਆ-ਰਿਜ ਦੀ ਪੁਸਤਕ ਵੇਖੋ) ਇਸ ਕਿਸਮ ਦਾ ਫਾਸ਼ੀਵਾਦ ਜੋ ਕਿ 'ਜਰਮਨ ਅਧਿਕਾਰ ਵਾਲੇ ਯੂਰਪ' ਦੇ ਹੱਥੋਂ ਹਾਰ ਅਤੇ ਗੁਲਾਮੀ ਨਾਲ ਸਬੰਧਿਤ ਸੀ, ਉਹ ਨਾਜੀਆਂ ਦੀ ਹਾਰ ਦੇ ਬਾਅਦ ਪਿੱਛੇ ਹਟਣ ਲਈ ਮਜ਼ਬੂਰ ਹੋ ਗਿਆ। ਫਰਾਂਸ 'ਚ ਉਸਦੀ ਜਗ੍ਹਾ ਰਜਿਸਟੈਂਸ ਕਾਊਸਲਾਂ ਦਾ ਉਭਾਰ ਹੋਇਆ ਜੋ ਕੁਝ ਸਮੇਂ ਤੱਕ ਏਕੀਕ੍ਰਿਤ ਕਮਿਊਨਿਸਟਾਂ ਅਤੇ ਹੋਰ ਵਿਰੋਧੀ ਸੰਘਰਸ਼ਸ਼ੀਲ ਤਾਕਤਾਂ ਨੂੰ ਇਕਜੁਟ ਕਰਨ ਦਾ ਮੰਚ ਬਣੀ (ਖਾਸਕਰ ਚਾਰਲਸ ਡੀ ਗਾਲ)। ਉਸ ਸਮੇਂ ਯੂਰਪ ਦੇ ਨਿਰਮਾਣ ਦਾ ਕੰਮ ਸ਼ੁਰੂ ਹੋ ਚੁੱਕਿਆ ਸੀ ਅਤੇ ਫਰਾਂਸ ਨਾਟੋ ਅਤੇ ਮਾਰਸ਼ਲ ਪਲਾਨ ਦਾ ਹਿੱਸਾ ਬਣ ਚੁਕਿਆ ਸੀ ਯਾਨਿ ਅਮਰੀਕੀ ਇਜਾਰੇਦਾਰੀ ਦੇ ਸਾਹਮਣੇ ਉਸਨੇ ਸਵੈ-ਇੱਛਾ ਗੋਡੇ ਟੇਕ ਦਿੱਤੇ ਸਨ। ਲਿਹਾਜਾ ਰਜਿਸਟਰੈਂਸ ਕਾਊਸਲਾਂ ਨੂੰ ਆਪਣੇ ਅਗਾਮੀ ਵਿਸਥਾਰ ਲਈ ਤਦ ਤੱਕ ਉਡੀਕ ਕਰਨੀ ਪਈ ਜਦ ਤੱਕ ਕਿ ਉਸਦੇ ਫਾਸ਼ੀਵਾਦ ਤੇ ਪੂੰਜੀਵਾਦੀ ਵਿਰੋਧੀ ਸਖਤ ਵਿਰੋਧ 'ਚ ਤਪ ਕੇ ਇਨਕਲਾਬੀ ਖੱਬੀ ਧਾਰਾ ਸਾਹਮਣੇ ਆਈ ਅਤੇ ਦੱਖਣਪੰਥੀ, ਕਮਿਊਨਿਸਟ ਵਿਰੋਧੀ ਅਤੇ ਸਮਾਜਿਕ ਲੋਕਪੱਖੀ ਤਾਕਤਾਂ ਉਸ ਨਾਲੋਂ ਪੂਰੀ ਤਰ੍ਹਾਂ ਕੱਟੀਆਂ ਨਹੀਂ ਗਈਆਂ।

**ਪੂਰਬੀ ਯੂਰਪ ਦੇ ਨਿਰਭਰ ਸਮਾਜਾਂ 'ਚ ਫਾਸ਼ੀਵਾਦ** : ਪੂਰਬੀ ਯੂਰਪ ਦੇ ਪੂੰਜੀਵਾਦੀ ਸਮਾਜਾਂ (ਪੋਲੈਂਡ, ਬਾਲਟਿਕ ਦੇਸ਼, ਰੋਮਾਨਿਆ, ਹੰਗਰੀ, ਯੁਗੋਸਲਾਵੀਆ, ਗ੍ਰੀਸ ਅਤੇ ਪੋਲਿਸ਼ ਦੌਰ ਦਾ ਪੱਛਮੀ ਓਕਰੇਨ) ਦਾ ਅਧਿਐਨ ਕਰਦੇ ਸਮੇਂ ਅਸੀਂ ਫਾਸ਼ੀਵਾਦ ਦੀ ਪੌੜੀ ਤੇ ਕਈ ਡੰਡੇ ਹੇਠਾਂ ਆ ਜਾਂਦੇ ਹਾਂ। ਇੱਥੇ ਅਸੀਂ ਇਕ ਪੱਛੜੇ ਅਤੇ ਨਤੀਜਨ ਨਿਰਭਰ ਪੂੰਜੀਵਾਦ ਦੀ ਗੱਲ ਕਰਦੇ ਹਾਂ। ਇਨ੍ਹਾਂ ਦੇਸ਼ਾਂ ਦੇ ਪਿਛਾਖੜੀ ਸੱਤਾਧਾਰੀ ਵਰਗਾਂ ਨੇ ਯੁੱਧ ਵਿਚਕਾਰਲੇ ਸਮੇਂ 'ਚ ਨਾਜੀ ਜਰਮਨੀ ਦਾ ਸਾਥ ਦਿੱਤਾ ਸੀ। ਇਕ-ਇਕ ਕਰਕੇ ਇਹ ਜਾਂਚਣਾ ਹੋਵੇਗਾ ਕਿ ਆਖਰ ਇਨ੍ਹਾਂ ਦੇਸ਼ਾਂ ਦਾ ਹਿਟਲਰ ਦੇ ਪ੍ਰੋਜੈਕਟ ਨਾਲ ਵਿਸ਼ੇਸ਼ ਰਾਜਨੀਤਿਕ ਜੋੜ ਕੀ ਸੀ।

ਪੋਲੈਂਡ ਰੂਸੀ ਅਧਿਕਾਰ (ਜ਼ਾਰ ਸ਼ਾਸ਼ਨ ਦਾ ਰੂਸ) ਦੇ ਪ੍ਰਤੀ ਪੁਰਾਣੀ ਨਫਰਤ- ਜੋ ਕਿ ਬਾਅਦ 'ਚ ਕਮਿਊਨਿਸਟ ਸੋਵੀਅਤ ਸੰਘ ਪ੍ਰਤੀ ਨਫਰਤ 'ਚ ਬਦਲ ਗਈ-ਅਤੇ ਨਾਲ ਹੀ ਕੈਥੋਲਿਕ ਪੋਪ ਦੀ ਹਰਮਨਪਿਆਰਤਾ ਨਾਲ ਉਸਨੂੰ ਮਿਲੇ ਹੁੰਗਾਰੇ ਨੇ ਸੁਭਾਵਿਕ ਤੌਰ ਤੇ ਇਸ ਦੇਸ਼ ਨੂੰ ਜਰਮਨੀ ਦੇ ਵਿੱਤੀ ਮਾਡਲ ਦਾ ਹਾਮੀ ਬਣਾਇਆ ਹੁੰਦਾ। ਹਿਟਲਰ ਹਾਲਾਕਿ ਇਸ ਦੇਸ਼ ਨੂੰ ਇਵੇਂ ਨਹੀਂ ਵੇਖਦਾ ਸੀ। ਉਸਦਾ ਮੰਨਣਾ ਸੀ ਕਿਰੂਸੀਆਂ, ਓਕਰੇਨੀਆਂ, ਸਰਬਾਂ, ਯਹੂਦੀਆਂ, ਰੋਮਨਾਂ ਤੇ ਹੋਰਾਂ ਦੀ ਤਰ੍ਹਾਂ ਹੀ ਪੋਲਿਸ਼ ਲੋਕਾਂ ਦੀ ਹੋਣੀ ਵੀ ਖਤਮ ਹੋ ਜਾਣਾ ਸੀ। ਜਾਹਰ ਹੈ, ਫਿਰ ਜਰਮਨੀ ਨਾਲ ਪੋਲਿਸ਼ ਫਾਸ਼ੀਵਾਦ ਦਾ ਕੋਈ ਵੀ ਗੱਠਜੋੜ ਬਣਨਾ ਨਾਮੁਮਕਿਨ ਸੀ।

ਇਸਦੇ ਉਲਟ ਹਾਰਥੀ ਦੇ ਹੰਗਰੀ ਅਤੇ ਅੰਨੇਸਕੂ ਦੇ ਰੋਮਾਨੀਆ ਨੂੰ ਨਾਜੀ ਜਰਮਨੀ ਦੇ ਸੇਵਾਦਾਰ ਦੇ ਤੌਰ ਤੇ ਵਰਤਿਆ ਗਿਆ। ਇਨ੍ਹਾਂ ਦੋ ਦੇਸ਼ਾਂ 'ਚ ਅਲੱਗ ਫਾਸ਼ੀਵਾਦ ਹਰੇਕ ਦੇ ਵਿਸ਼ੇਸ਼ ਸਮਾਜਿਕ ਸੰਕਟ ਦੀ ਉਪਜ ਸੀ : ਹੰਗਰੀ 'ਚ ਬੇਲਰਾ ਕੁਨ ਦੌਰ ਦੇ ਬਾਅਦ ਕਮਿਊਨਿਜ਼ਮ ਦਾ ਡਰ ਅਤੇ ਰੋਮਾਨੀਆ 'ਚ ਹੰਗਰੀਅਨਾਂ ਤੇ ਰੂਸੀਅਨਾਂ ਦੇ ਖਿਲਾਫ ਕੱਟੜ ਰਾਸ਼ਟਰਵਾਦੀ ਉਭਾਰ।

ਯੂਗੋਸਲਾਵੀਆ 'ਚ ਮੁਸੋਲਿਨੀ ਸ਼ਾਸਤ ਇਟਲੀ ਦੇ ਬਾਅਦ ਹਿਟਲਰ ਸ਼ਾਸਤ ਜਰਮਨੀ ਨੇ ਵੀ ਇਕ ਸੁਤੰਤਰ 'ਕੋਰੀਏਸ਼ੀਆ' ਦਾ ਸਮੱਰਥਨ ਕੀਤਾ ਜਿਸਦੇ ਪ੍ਰਬੰਧਨ ਦਾ ਕੰਮ ਕੈਥੋਲਿਕ ਚਰਚ ਦੇ ਸਮਰੱਥਨ ਦੇ ਸਰਬ ਵਿਰੋਧੀ ਉਤਾਸ਼ੀ ਦੇ ਹੱਥ 'ਚ ਹੋਣਾ ਸੀ। ਦੂਜੇ ਪਾਸੇ ਸਰਬਾਂ ਨੂੰ ਬਰਬਾਦੀ ਲਈ ਟਿਕ ਲਿਆ ਗਿਆ ਸੀ।

ਮਜ਼ਦੂਰ ਜਮਾਤ ਦੇ ਸੰਘਰਸ਼ ਅਤੇ ਪਿਛਾਖੜੀ ਕੁਲੀਨ ਤਬਕਿਆਂ ਦੇ ਪਲਟਵਾਰ ਦੇ ਸੰਦਰਭ 'ਚ ਰੂਸੀ ਇਨਕਲਾਬ ਨੇ ਨਾ ਸਿਰਫ 1939 ਤੋਂ ਪਹਿਲਾਂ ਦੇ ਸੋਵੀਅਤ ਖੇਤਰ ਬਲਕਿ ਹਾਰੇ ਜਾ ਚੁੱਕੇ ਇਲਾਕਿਆਂ ਯਾਨਿ ਬਾਲਟਿਕ ਦੇਸ਼ਾਂ ਤੇ ਪੋਲੈਂਡ 'ਚ ਵੀ ਸਥਿਤੀਆਂ ਨੂੰ ਜਾਹਰਾ ਤੌਰ ਤੇ ਬਦਲ ਕੇ ਰੱਖ ਦਿੱਤਾ ਸੀ। 1921 'ਚ ਹੋਈ ਰਿਗਾ ਸੰਧੀ ਦੇ ਬਾਅਦ ਪੋਲੈਂਡ ਨੇ ਬੇਲਾਰੂਸ ਦੇ ਪੱਛਮੀ ਹਿੱਸੇ (ਬੋਲੀਨਿਆ) ਅਤੇ ਓਕਰੇਨ (ਦੱਖਣੀ ਗੈਲੀਸ਼ਿਆ, ਜੋ ਪਹਿਲਾਂ ਆਸਟਰੀਆ 'ਚ ਸੀ, ਅਤੇ ਉੱਤਰੀ ਗੈਲਸ਼ੀਆ, ਜੋ ਜ਼ਾਰ ਦੇ ਸਾਮਰਾਜ ਦਾ ਹਿੱਸਾ ਸੀ) ਨੂੰ ਆਪਣੇ 'ਚ ਮਿਲਾ ਲਿਆ।

ਇਸ ਸਮੁੱਚੇ ਖੇਤਰ 'ਚ 1917 (ਬਲਕਿ ਪਹਿਲੇ ਰੂਸੀ ਇਨਕਲਾਬ ਨਾਲ 1905 ਤੋਂ ਹੀ) ਤੋਂ ਦੋ ਖੇਮਿਆਂ ਨੇ ਸ਼ਕਲ ਲੈ ਲਈ ਸੀ : ਇਕ ਸਮਾਜਵਾਦ ਸਮਰੱਥਕ ਖੇਮਾ (ਜੋ ਬਾਲਸ਼ਵਿਕ ਸਮੱਰਥਕ ਬਣ ਗਿਆ) ਜੋ ਕਿਸਾਨਾਂ (ਜੋ ਆਪਣੇ ਲਾਭ ਲਈ ਇਨਕਲਾਬੀ ਖੇਤੀ ਸੁਧਾਰ ਦੀ ਇੱਛਾ ਰੱਖਦੇ ਸਨ) ਅਤੇ ਬੌਧਿਕਾਂ (ਖਾਸਕਰ ਯਹੂਦੀਆਂ) ਦੇ ਵੱਡੇ ਤਬਕੇ 'ਚ ਕਾਫੀ ਹਰਮਨਪਿਆਰਾ ਸੀ। ਦੂਸਰਾ ਖੇਮਾ ਸਮਾਜਵਾਦ ਵਿਰੋਧੀ ਸੀ (ਨਤੀਜਨ ਫਾਸ਼ੀਵਾਦੀ ਪ੍ਰਭਾਵ ਵਾਲੀਆਂ ਲੋਕਤੰਤਰ ਵਿਰੋਧੀ ਸਰਕਾਰਾਂ ਪ੍ਰਤੀ ਨਰਮ) ਜਿਸ ਵਿਚ ਸਾਰੇ ਭੂ-ਮਾਲਕ ਆਉਂਦੇ ਸਨ। 1939 'ਚ ਸੋਵੀਅਤ ਸੰਘ ਨਾਲ ਬਾਲਟਿਕ ਦੇਸ਼ਾਂ, ਬੇਲਾਰੂਸ ਅਤੇ ਓਕਰੇਨ ਦੇ ਏਕੀਕਰਨ ਨੇ ਇਸ ਭੁੱਲ ਜਾਂ ਗਲਤੀ ਨੂੰ ਪ੍ਰਕਾਸ਼ਿਤ ਕੀਤਾ।

ਪੂਰਬੀ ਯੂਰਪ ਦੇ ਇਸ ਹਿੱਸੇ 'ਚ ਫਾਸ਼ੀਵਾਦ ਸਮਰਥਕਾਂ ਤੇ ਫਾਸ਼ੀਵਾਦ ਵਿਰੋਧੀਆਂ ਵਿਚਕਾਰ ਸੰਘਰਸ਼ਾਂ ਦਾ ਰਾਜਨੀਤਿਕ ਨਕਸ਼ਾ ਇਕ ਪਾਸੇ ਕੱਟੜ ਪੋਲਿਸ਼ ਰਾਸ਼ਟਰਵਾਦ (ਜੋ ਮਿਲਾਏ ਗਏ ਬੇਲਾਰੂਸ ਅਤੇ ਓਕਰੇਨ ਦੇ ਖੇਤਰਾਂ ਨੂੰ ਪੋਲਿਸ਼ ਸ਼ਾਸਨ ਦੇ ਤਹਿਤ ਲਿਆਉਣ ਲਈ ਉੱਥੇ ਬਸਤੀਆਂ ਵਸਾ ਰਿਹਾ ਸੀ) ਤੇ ਉਸਦੇ ਸ਼ਿਕਾਰ ਲੋਕਾਂ ਵਿਚ ਸੰਘਰਸ਼ ਦੇ ਚਲਦੇ ਧੁੰਦਲਾ ਹੋ ਗਿਆ ; ਦੂਸਰਾ, ਇਸਨੂੰ ਧੁੰਦਲਾ ਕਰਨ ਦਾ ਕੰਮ ਓਕਰੇਨੀ 'ਰਾਸ਼ਟਰਵਾਦੀਆਂ' (ਜੋ ਸਾਮਵਾਦ ਵਿਰੋਧ ਦੇ ਚਲਦੇ ਪੋਲੈਂਡ ਵਿਰੋਧੀ ਅਤੇ ਰੂਸ ਵਿਰੋਧੀ ਦੋਨੋਂ ਹੀ ਸਨ) ਤੇ ਹਿਟਲਰ ਦੇ ਉਸ ਪ੍ਰੋਜੈਕਟ ਵਿਚਕਾਰ ਚੱਲੇ ਸੰਘਰਸ਼ ਨੇ ਕੀਤਾ ਜੋ ਕਿਸੇ ਵੀ ਓਕਰੇਨੀ ਰਾਜ ਨੂੰ ਆਪਣਾ ਸੇਵਾਦਾਰ ਸਹਿਯੋਗੀ ਨਹੀਂ ਮੰਨਦਾ ਸੀ ਕਿਉਂਕਿ ਉੱਥੋਂ ਦੇ ਲੋਕਾਂ ਦੀ ਪਹਿਚਾਣ ਸਿਰਫ ਤਬਾਹੀ ਲਈ ਹੀ ਕੀਤੀ ਗਈ ਸੀ।

ਮੈਂ ਇਸ ਸੰਦਰਭ 'ਚ ਪਾਠਕਾਂ ਨੂੰ ਸੁਝਾਅ ਦੇਵਾਂਗਾ ਕਿ ਉਹ ਓਲਾ ਆਸਤਰਚੁਕ ਦੀ ਪੁਸਤਕ Les Ukrainiens face a leur passe ਨੂੰ

ਪੜ੍ਹਨ। ਇਸ ਖੇਤਰ (ਆਸਟਰੀਅਨ ਗੈਲਸ਼ੀਆ, ਪੋਲਿਸ਼, ਓਕਰੇਨ, ਲਿਟਿਲ ਰਸ਼ਿਆ, ਜੋ ਬਾਅਦ 'ਚ ਸੋਵੀਅਤ ਓਕਰੇਨ ਦੇ ਨਾਮ ਨਾਲ ਜਾਣਿਆ ਗਿਆ) ਦੇ ਸਮਕਾਲੀ ਇਤਿਹਾਸ ਦਾ ਓਲਾ ਦੁਆਰਾ ਕੀਤਾ ਗਿਆ ਡੂੰਘਾ ਵਿਸ਼ਲੇਸ਼ਣ ਪਾਠਕਾਂ ਨੂੰ ਅੱਜ ਵੀ ਜਾਰੀ ਸੰਘਰਸ਼ਾਂ 'ਚ ਦਾਅ ਤੇ ਲੱਗੇ ਮਸਲਿਆਂ ਦੀ ਸਮਝਦਾਰੀ ਮੁਹੱਈਆ ਕਰਾਉਣ ਦੇ ਨਾਲ-ਨਾਲ ਸਥਾਨਕ ਫਾਸ਼ੀਵਾਦ ਦੀ ਭੂਮਿਕਾ ਨਾਲ ਵੀ ਜਾਣੂ ਕਰਵਾਏਗਾ।

**ਅਤੀਤ ਅਤੇ ਵਰਤਮਾਨ ਦੇ ਫਾਸ਼ੀਵਾਦ ਪ੍ਰਤੀ ਪੱਛਮੀ ਦੱਖਣਪੰਥ ਦਾ ਵਿਸ਼ੇਸ਼ ਨਜਰੀਆ** : ਦੋ ਵਿਸ਼ਵ ਯੁੱਧਾਂ ਵਿਚਕਾਰ ਯੂਰਪੀ ਸਾਂਸਦਾਂ ਦੇ ਅੰਦਰ ਮੌਜੂਦ ਦੱਖਣਪੰਥ ਹਮੇਸ਼ਾਂ ਹੀ ਫਾਸ਼ੀਵਾਦ ਪ੍ਰਤੀ ਕੁਝ ਆਗਿਆਕਾਰ ਅਤੇ ਇੱਥੋਂ ਤੱਕ ਕਿ ਕਿਤੇ ਜਿਆਦਾ ਘ੍ਰਿਣਾਪਸੰਦ ਨਾਜੀਵਾਦ ਪ੍ਰਤੀ ਨਰਮ ਬਣਿਆ ਰਿਹਾ ਸੀ। ਆਪਣੀ ਅੱਤਵਾਦੀ 'ਅੰਗਰੇਜੀਅਤ' ਦੇ ਬਾਵਜੂਦ ਖੁਦ ਚਰਚਿਲ ਨੇ ਮੁਸੋਲਿਨੀ ਪ੍ਰਤੀ ਆਪਣੀ ਹਮਦਰਦੀ ਨੂੰ ਕਦੀ ਨਹੀਂ ਲੁਕੋਇਆ। ਕਾਫੀ ਬਾਅਦ 'ਚ ਜਾ ਕੇ ਅਮਰੀਕੀ ਰਾਸ਼ਟਰਪਤੀਆਂ ਅਤੇ ਡੈਮੋਕਰੇਟਾਂ ਤੇ ਰਿਪਬਲਿਕਨ ਪਾਰਟੀਆਂ ਨੂੰ ਹਿਟਲਰ ਦੀ ਜਰਮਨੀ ਨਾਲ ਜੁੜੇ ਹੋਣ ਵਾਲਾ ਖਤਰਾ ਅਤੇ ਕਿਤੇ ਜਿਆਦਾ ਸਾਮਰਾਜਵਾਦੀ/ ਫਾਸ਼ੀਵਾਦ ਜਪਾਨ ਨਾਲ ਪੈਦਾ ਖਤਰਾ ਸਮਝ 'ਚ ਆਇਆ। ਟਰੂਮੈਨ ਨੇ ਅਮਰੀਕੀ ਸੱਤਾ ਮੂਲ ਦੇ ਉਸ ਨਿਰਾਸ਼ਾਵਾਦ ਨੂੰ ਖੁੱਲ੍ਹੇ ਤੌਰ ਤੇ ਪੇਸ਼ ਕੀਤਾ ਜਿਸਨੂੰ ਦੂਸਰੇ ਨੇਤਾ ਚੁੱਪਚਾਪ ਸਵੀਕਾਰ ਕਰਦੇ ਸਨ : ਉਸਦਾ ਖੁੱਲ੍ਹੇ ਤੌਰ ਤੇ ਮੰਨਣਾ ਸੀ ਕਿ ਯੁੱਧ ਹੋਣ ਦਿੱਤਾ ਜਾਵੇ ਤਾਂ ਕਿ ਜਰਮਨੀ, ਸੋਵੀਅਤ ਰੂਸ ਅਤੇ ਹਾਰੇ ਹੋਏ ਯੂਰਪੀਆਂ ਦਾ ਸਫਾਇਆ ਹੋ ਸਕੇ ਅਤੇ ਦਾਖਲ ਹੋਣ 'ਚ ਜਿਆਦਾ ਤੋਂ ਜਿਆਦਾ ਦੇਰੀ ਕੀਤੀ ਜਾਵੇ, ਤਾਂ ਕਿ ਯੁੱਧ ਦੇ ਲਾਭਾਂ ਨੂੰ ਤੁੜਾਇਆ ਜਾ ਸਕੇ। ਇਹ ਇਕ ਫਾਸ਼ੀਵਾਦ ਵਿਰੋਧੀ ਪੱਖ ਦਾ ਸਿਧਾਂਤਕ ਪ੍ਰਗਟਾਵਾ ਤਾਂ ਕਦੇ ਨਹੀਂ ਹੋ ਸਕਦਾ। ਸਾਲਾਜਾਰ ਅਤੇ ਫਰਾਂਕੋ ਦੇ 1945 'ਚ ਪੁਨਰਵਾਸ 'ਚ ਕੋਈ ਸੰਕੋਚ ਨਹੀਂ ਵਰਤਿਆ ਗਿਆ। ਇਨ੍ਹਾਂ ਹੀ ਨਹੀਂ, ਕੈਥੋਲਿਕ ਚਰਚ ਦੀਆਂ ਨੀਤੀਆਂ 'ਚ ਯੂਰਪੀ ਫਾਸ਼ੀਵਾਦ ਨਾਲ ਗੱਠਜੋੜ ਇਕ ਸਥਾਈ ਕਾਰਕ ਹੈ। ਮੁਸੋਲਿਨੀ ਅਤੇ ਹਿਟਲਰ ਨਾਲ 12 ਅਹੁਦਿਆਂ ਦੇ ਸਹਿਯੋਗ ਦਾ ਐਲਾਨ ਉਸਦੀ ਭਰੋਸੇਯੋਗਤਾ ਨੂੰ ਕੋਈ ਚੋਟ ਨਹੀਂ ਪਹੁੰਚਾਉਂਦਾ ਸੀ।

ਹਿਟਲਰ ਦਾ ਯਹੂਦੀ ਵਿਰੋਧ ਬਹੁਤ ਬਾਅਦ 'ਚ ਜਾ ਕੇ ਉਸਦੀ ਬਦਨਾਮੀ ਦਾ ਸਬੱਬ ਬਣਿਆ ਜਦ ਉਹ ਸਨਕਪੂਰਨ ਹੱਤਿਆਵਾਂ ਤੱਕ ਪਹੁੰਚ ਗਿਆ। ਹਿਟਲਰ ਦੇ ਸੰਬੋਧਨਾਂ 'ਚ ਯਹੂਦੀਆਂ ਅਤੇ ਬਾਲਸ਼ਵਿਕਾਂ ਪ੍ਰਤੀ ਨਫਰਤ 'ਤੇ ਦਿੱਤਾ ਜਾਣ ਵਾਲਾ ਜੋਰ ਕਈ ਰਾਜਨੇਤਾਵਾਂ ਦੇ ਭਾਸ਼ਣਾ 'ਚ ਦਿਖਦਾ ਸੀ। ਉਸਦਾ ਨਾਜੀਵਾਦ ਦੀ ਹਾਰ ਦੇ ਬਾਅਦ ਹੀ ਯਹੂਦੀ ਵਿਰੋਧ ਦੀ ਨਿੰਦਾ ਕਰਨਾ ਸਿਧਾਂਤਕ ਤੌਰ ਤੇ ਲਾਜ਼ਮੀ ਬਣ ਗਿਆ। ਇਹ ਕੰਮ ਇਸ ਲਈ ਵੀ ਸੌਖਾ ਹੋ ਗਿਆ ਕਿਉਂਕਿ 'ਸ਼ੋਆ ਦੇ ਸ਼ਿਕਾਰ' ਕਹੇ ਜਾਣ ਵਾਲਿਆਂ ਦੇ ਉਤਰਾਧਿਕਾਰੀ ਇਸਰਾਇਲ ਦੇ ਜ਼ਿਊਨਿਸਟ ਬਣ ਗਏ ਸਨ ਜੋ ਫਲਸਤੀਨ ਅਤੇ ਅਰਬ ਲੋਕਾਂ ਦੇ ਖਿਲਾਫ ਪੱਛਮੀ ਸਾਮਰਾਜਵਾਦ ਦਾ ਸਹਿਯੋਗੀ ਸੀ-ਹਾਲਾਂਕਿ ਉਹ ਕਦੇ ਵੀ ਯੂਰਪੀ ਯਹੂਦੀ ਵਿਰੋਧਾਂ ਦੀ ਆਤੰਕਤਾ 'ਚ ਲਿਪਤ ਨਹੀਂ ਸੀ।

ਜਾਹਰਾ ਤੌਰ ਤੇ ਨਾਜੀਆਂ ਅਤੇ ਮੁਸੋਲਿਨੀ ਦੇ ਇਟਲੀ ਦੇ ਪਤਨ ਨੇ ਪੱਛਮੀ ਯੂਰਪ ਦੀ ਦੱਖਣਪੰਥੀ ਰਾਜਨੀਤਿਕ ਤਾਕਤਾਂ ਨੂੰ ਕਿਹਾ ਸੀ ਕਿ ਉਹ ਉਨ੍ਹਾਂ ਲੋਕਾਂ ਨਾਲੋਂ ਖੁਦ ਨੂੰ ਵੱਖ ਕਰ ਲੈਣ ਜੋ ਆਪਣੇ ਹੀ ਸਮੂਹ ਦੇ ਅੰਦਰ ਫਾਸ਼ੀਵਾਦ ਦੇ ਸਹਿਯੋਗੀ ਅਤੇ ਹਿੱਸੇਦਾਰ ਸਨ। ਇਸਦੇ ਬਾਵਜੂਦ, ਫਾਸ਼ੀਵਾਦ ਸੰਘਰਸ਼ ਪਰਦੇ ਤੋਂ ਗਾਇਬ ਨਹੀਂ ਹੋਏ ਬਲਕਿ ਪਿੱਠਭੂਮੀ 'ਚ ਸਿਰਫ ਲੁਕ ਜਾਣ ਨੂੰ ਮਜਬੂਰ ਹੋ ਗਏ।

ਪੱਛਮੀ ਜਰਮਨੀ 'ਚ ਮੁੜ-ਸਥਾਪਨਾ ਦੇ ਨਾਮ ਤੇ ਸਥਾਨਕ ਸਰਕਾਰ ਅਤੇ ਉਸਦੇ ਰੱਖਿਅਕਾਂ ਨੇ (ਸੰਯੁਕਤ ਰਾਜ ਅਮਰੀਕਾ ਅਤੇ ਉਸਦੇ ਬਾਅਦ ਦੂਸਰੇ ਨੰਬਰ ਤੇ ਗ੍ਰੇਟ ਬ੍ਰਿਟੇਨ ਅਤੇ ਫਰਾਂਸ) ਉਨ੍ਹਾਂ ਸਾਰਿਆਂ ਨੂੰ ਬਣੇ ਰਹਿਣ ਦਿੱਤਾ ਜਿਨ੍ਹਾਂ ਨੇ ਯੁੱਧ ਅਪਰਾਧ ਅਤੇ ਮਨੁੱਖ ਵਿਰੋਧੀ ਅਪਰਾਧਾਂ ਨੂੰ ਅੰਜਾਮ ਦਿੱਤਾ। ਫਰਾਂਸ 'ਚ ਅੰਤੋਨ ਪਿਨਾਈ ਦੇ ਰੂਪ 'ਚ ਵਿਚੀਵਾਦੀਆਂ ਦੇ ਰਾਜਨੀਤਿਕ ਦ੍ਰਿਸ਼ ਤੇ ਉਭਰਨ ਦੇ ਨਾਲ ਹੀ 'ਗੱਠਜੋੜ ਲਈ ਨਿੰਦਾਮਈ ਹੱਤਿਆਵਾਂ' ਦੇ ਦੋਸ਼ 'ਚ ਰਜਿਸਟੈਂਸ ਦੇ ਖਿਲਾਫ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ। ਇਟਲੀ 'ਚ ਫਾਸ਼ੀਵਾਦ ਬਸ ਠੰਡਾ ਪੈ ਗਿਆ। ਉਹ ਇਸਾਈ ਲੋਕਤੰਤਰ ਅਤੇ ਕੈਥੋਲਿਕ ਚਰਚ ਦੇ ਅੰਦਰ ਹੁਣ ਵੀ ਮੌਜੂਦ ਸੀ। ਸਪੇਨ 'ਚ ਯੂਰਪੀ ਸਮੂਹ (ਜੋ ਬਾਅਦ 'ਚ ਯੂਰਪੀ ਸੰਘ ਬਣਿਆ) ਦੁਆਰਾ 1980 'ਚ 'ਮੁੜ-ਸਥਾਪਨਾ' ਲਈ ਥੋਪੇ ਗਏ ਸਮਝੌਤੇ ਨੇ ਫਰਾਂਕੋ ਰਾਜ ਲਈ ਕੀਤੇ ਗਏ ਅਪਰਾਧਾਂ ਦੇ ਕਿਸੇ ਵੀ ਸਿਮਰਨ ਨੂੰ ਸਿੱਧੇ ਤੌਰ ਵਰਜ ਦਿੱਤਾ।

ਬਾਅਦ 'ਚ ਫਾਸ਼ੀਵਾਦ ਦੀ ਵਾਪਸੀ ਲਈ ਸਾਂਝੇ ਤੌਰ ਤੇ ਜਿੰਮੇਵਾਰ ਪੱਛਮੀ ਅਤੇ ਮੱਧ ਯੂਰਪ ਦੀਆਂ ਉਹ ਸਮਾਜਵਾਦੀ ਅਤੇ ਸਮਾਜਿਕ ਲੋਕਵਾਦੀ ਪਾਰਟੀਆਂ ਰਹੀਆਂ ਜਿਨ੍ਹਾ ਨੇ ਸੁਰੱਖਿਆਵਾਦੀ ਦੱਖਣਪੰਥ ਦੁਆਰਾ ਚਲਾਈਆਂ ਗਈਆਂ ਸਾਮਵਾਦ ਵਿਰੋਧੀ ਮੁਹਿੰਮਾਂ ਨੂੰ ਸਮਰਥਨ ਦਿੱਤਾ। ਇਨ੍ਹਾਂ ਪਾਰਟੀਆਂ ਨੂੰ ਖੱਬੇਪੰਥ ਦਾ 'ਨਰਮਪੰਥੀ' ਧੜਾ ਮੰਨਿਆ ਜਾਂਦਾ ਸੀ, ਵੈਸੇ ਇਹ ਪਾਰਟੀਆਂ ਵਿਸ਼ਵਵਿਆਪੀ ਤੌਰ ਤੇ ਫਾਸ਼ੀਵਾਦ ਵਿਰੋਧੀ ਸਨ। ਇਸਦੇ ਬਾਵਜੂਦ ਇਹ ਸਭ ਕੁਝ ਭੁਲਾ ਦਿੱਤਾ ਗਿਆ। ਸਮਾਜਿਕ ਉਦਾਰਵਾਦ 'ਚ ਇਨ੍ਹਾਂ ਪਾਰਟੀਆਂ ਦੇ ਰੁਪਾਂਤਰਨ, ਯੂਰਪੀ ਨਿਰਮਾਣ (ਜੋ ਪਿਛਾਖੜੀ ਪੂੰਜੀਵਾਦੀ ਤੰਤਰ ਦੀ ਗਰੰਟੀ ਦਾ ਇਕ ਸੁਨਿਸ਼ਚਿਤ ਛੜਯੰਤਰ ਸੀ) ਲਈ ਇਸਦੇ ਬੇਸ਼ਰਤ ਸਮਰਥਨ ਅਤੇ ਅਮਰੀਕੀ ਏਕਾਧਿਕਾਰ ਦੇ ਤੁਲ ਬੇਸ਼ਰਤ ਗੋਡੇ ਟੇਕ ਦੇਣ (ਨਾਟੋ ਤੇ ਹੋਰ ਮਾਧਿਅਮਾਂ ਨਾਲ) ਦੇ ਚਲਦੇ ਇਕ ਅਜਿਹਾ ਪਿਛਾਖੜੀ ਖੇਮਾ ਹੋਂਦ 'ਚ ਆਇਆ ਜਿਸ ਵਿਚ ਕਲਾਸਿਕੀ ਦੱਖਣਪੰਥੀ ਅਤੇ ਸਮਾਜਿਕ ਉਦਾਰਵਾਦੀਆਂ ਦਾ ਮਿਲਗੋਭਾ ਸੀ। ਇਸ ਵਿਚ ਇਹ ਗੁਜਾਇੰਸ਼ ਵੀ ਸੀ ਕਿ ਜਰੂਰਤ ਪੈਣ ਤੇ ਇਹ ਨਵੇਂ ਦੱਖਣਪੰਥੀ ਕੱਟੜਪੰਥ ਨੂੰ ਖੁਦ 'ਚ ਸ਼ਾਮਲ ਕਰ ਸਕਦਾ ਸੀ।

ਇਸ ਪ੍ਰਕਿਰਿਆ ਦਾ ਸਿੱਟਾ ਸੀ ਕਿ 1990 ਤੋਂ ਹੀ ਯੂਰਪੀ ਫਾਸ਼ੀਵਾਦ ਨੂੰ ਪੁਨਰਸਥਾਪਤ ਕਰਨ ਦਾ ਇਕ ਕੰਮ ਚਾਲੂ ਹੋਇਆ। ਇਨ੍ਹਾਂ ਸਾਰਿਆਂ ਦੇਸ਼ਾਂ 'ਚ ਫਾਸ਼ੀਵਾਦੀ ਸੰਘਰਸ਼ ਵੱਖ-ਵੱਖ ਪੱਧਰਾਂ ਤੇ ਹਿਟਲਰਵਾਦ ਦੇ ਸਮਰਥਕ ਜਾਂ ਸਹਿਯੋਗੀ ਰਹੇ ਸਨ। ਹਾਰ ਸਾਹਮਣੇ ਆਉਂਦੀ ਵੇਖ ਉਨ੍ਹਾਂ ਦੇ ਕਈ ਸਰਗਰਮ ਨੇਤਾਵਾਂ ਨੂੰ ਪੱਛਮ 'ਚ ਲੈ ਜਾ ਕੇ ਤੈਨਾਤ ਕਰ ਦਿੱਤਾ ਗਿਆ ਅਤੇ ਇਸ ਲਈ ਇਹ ਜਰੂਰੀ ਸੀ ਕਿ ਉਹ ਅਮਰੀਕੀ ਸੈਨਾ ਬਲਾਂ ਦੇ ਸਾਹਮਣੇ 'ਆਤਮਸਮਰਪਣ' ਕਰਦੇ। ਇਸ ਵਿਚ ਕਿਸੇ ਨੂੰ ਵੀ ਦੁਬਾਰਾ ਨਵੇਂ ਲੋਕਤੰਤਰਾਂ 'ਚ ਕਾਇਮ ਹੋਈ ਸੋਵੀਅਤ, ਯੂਗੋਸਲਾਵ ਜਾਂ ਹੋਰ ਸਰਕਾਰਾਂ ਦਾ ਹਿੱਸਾ ਬਣਾਕੇ ਉਨ੍ਹਾਂ ਤੇ ਯੁੱਧ ਅਪਰਾਧ ਲਈ (ਇਲਾਇਡ ਸੰਧੀਆਂ ਦੇ ਉਲੰਘਣ ਦੇ ਦੋਸ਼ 'ਚ) ਮੁਕਦਮਾਂ ਚਲਾਉਣ ਲਈ ਨਹੀਂ ਭੇਜਿਆ ਗਿਆ। ਇਨ੍ਹਾਂ ਸਾਰਿਆਂ ਨੂੰ ਅਮਰੀਕਾ ਅਤੇ ਕੈਨੇਡਾ 'ਚ ਪਨਾਹ ਦੇ ਦਿੱਤੀ ਗਈ ਜਿੱਥੇ ਉਨ੍ਹਾਂ ਦੇ ਕੱਟੜ ਸਾਮਵਾਦ ਵਿਰੋਧ ਦੇ ਨਾਤੇ ਉਹਨਾਂ ਦੀ ਪੂਰੀ ਦੁਰਗਤ ਕੀਤੀ ਗਈ।

ਆਪਣੀ ਪੁਸਤਕ Les Ukrainiens face a leur pass 'ਚ ਆਸਤਰਚੁਕ ਹਰ ਉਹ ਤੱਥ ਦਿੰਦਾ ਹੈ ਜੋ ਅਮਰੀਕੀ ਨੀਤੀ (ਅਤੇ ਉਸਦੇ ਪਿੱਛੇ ਖੜੀ ਯੂਰਪੀ ਨੀਤੀ) ਦੇ ਉਦੇਸ਼ਾਂ ਅਤੇ ਪੂਰਬੀ ਯੂਰਪ ਦੇ ਸਥਾਨਿਕ ਫਾਸ਼ੀਵਾਦੀਆਂ (ਵਿਸ਼ੇਸ਼ਕਰ ਓਕਰੇਨ) ਵਿਚਕਾਰ ਛੜਯੰਤਰਕਾਰੀ ਗੱਠਜੋੜ ਨੂੰ ਸਥਾਪਿਤ ਕਰ ਸਕੇ। ਮਸਲਨ, 'ਪ੍ਰੋਫੈਸਰ' ਦਮਿਤਰੀ ਦੋਸਤਸੋਵ ਨੇ ਆਪਣੀ ਮੌਤ ਤੱਕ (1975) ਆਪਣੇ ਸਾਰੇ ਕੰਮ ਕੈਨੇਡਾ 'ਚ ਪ੍ਰਕਾਸ਼ਿਤ ਕੀਤੇ ਜੋ ਨਾ ਸਿਰਫ ਹਿੰਸਕ ਢੰਗ ਨਾਲ ਸਾਮਵਾਦ ਵਿਰੋਧੀ ਹਨ ('ਜੁਡਿਯੋ-ਬਾਲਸ਼ਵਿਕ' ਪਦਵੀ ਦਾ ਉਪਯੋਗ ਉਹ ਪਰੰਪਰਿਕ ਢੰਗ ਨਾਲ ਆਪਣੇ ਲਿਖੇ 'ਚ ਕਰਦਾ ਹੈ) ਬਲਕਿ ਬੁਨਿਆਦੀ ਤੌਰ ਤੇ ਲੋਕਤੰਤਰ ਵਿਰੋਧੀ ਵੀ ਹੈ। ਪੱਛਮ ਦੇ ਤਥਾਕਥਿਤ ਲੋਕਤੰਤਰਿਕ ਰਾਜਾਂ ਦੀਆਂ ਸਰਕਾਰਾਂ ਨੇ ਓਕਰੇਨ ਦੀ ਨਾਰੰਗੀ ਕ੍ਰਾਂਤੀ ਨੂੰ ਨਾ ਸਿਰਫ ਸਹਿਯੋਗ ਦਿੱਤਾ ਬਲਕਿ ਵਿੱਤੀ ਸਹਾਇਤਾ ਅਤੇ ਸੰਗਠਿਤ ਵੀ ਕੀਤਾ। ਇਹ ਸਭ ਕੁਝ ਹੁਣ ਤੱਕ ਜਾਰੀ ਹੈ। ਇਸਤੋਂ ਪਹਿਲਾਂ ਯੂਗੋਸਲਾਵੀਆ 'ਚ ਕੈਨੇਡਾ ਨੇ ਹੀ ਕ੍ਰੋਏਸ਼ਨ ਉਤਾਸ਼ੀਆਂ ਦਾ ਰਾਹ ਸੌਖਾ ਬਣਾਇਆ ਸੀ।

**ਜਿਸ ਚਲਾਕ ਢੰਗ ਨਾਲ 'ਮੱਧਵਰਗੀ' ਮੀਡੀਆ (ਜੋ ਖੁੱਲ੍ਹੇ ਤੌਰ ਤੇ ਘੋਸ਼ਿਤ ਫਾਸ਼ੀਵਾਦੀਆਂ ਨੂੰ ਆਪਣਾ ਸਹਿਯੋਗ ਸਵੀਕਾਰ ਨਹੀਂ ਕਰ ਸਕਦਾ) ਇਨ੍ਹਾਂ ਫਾਸ਼ੀਵਾਦੀਆਂ ਨੂੰ ਆਪਣਾ ਸਮਰਥਨ ਲੁਕੋਂਦਾ ਹੈ ਉਸਨੂੰ ਸਮਝਣਾ ਕਾਫੀ ਸੌਖਾ ਹੈ** : ਉਹ ਫਾਸ਼ੀਵਾਦੀ ਦੀ ਜਗ੍ਹਾਂ 'ਰਾਸ਼ਟਰਵਾਦੀ' ਸ਼ਬਦ ਦਾ ਪ੍ਰਯੋਗ ਕਰਦਾ ਹੈ। ਇਸ ਤਰ੍ਹਾਂ ਪ੍ਰੋਫੈਸਰ ਦਮਿਤਸੋਵ ਹੁਣ ਫਾਸ਼ੀਵਾਦੀ ਨਹੀਂ ਰਹੇ ਬਲਕਿ ਓਕਰੇਨ 'ਰਾਸ਼ਟਰਵਾਦੀ' ਹੋ ਗਏ ਹਨ। ਬਿਲਕੁਲ ਉਵੇਂ ਹੀ ਜਿਵੇਂ ਮਰੀਨੇ ਲਾ ਪੇਨ ਹੁਣ ਫਾਸ਼ੀਵਾਦੀ ਨਹੀਂ ਬਲਕਿ ਰਾਸ਼ਟਰਵਾਦੀ ਕਹੇ ਜਾਂਦੇ ਹਨ (ਜਿਵੇਂ ਲਾ ਮੋਦੇ ਨੇ ਉਨ੍ਹਾਂ ਬਾਰੇ ਲਿਖਿਆ ਹੈ)।

ਕੀ ਇਹ ਫਾਸ਼ੀਵਾਦੀ ਅਸਲ 'ਚ 'ਰਾਸ਼ਟਰਵਾਦੀ' ਹਨ, ਸਿਰਫ ਇਸ ਲਈ ਕਿ ਉਨ੍ਹਾਂ ਨੂੰ ਅਜਿਹਾ ਕਿਹਾ ਜਾਂਦਾ ਹੈ ? ਇਸ ਵਿਚ ਸ਼ੰਕਾ ਹੈ। ਰਾਸ਼ਟਰਵਾਦੀਆਂ ਲਈ ਇਹ ਨਾਮ ਅੱਜ ਤਦ ਤਾਂ ਉਪਯੋਗੀ ਹੋ ਸਕਦਾ ਹੈ ਜੇਕਰ ਉਹ ਸਮਕਾਲੀ ਦੁਨੀਆ 'ਚ ਅਸਲ ਪਸਾਰਵਾਦੀ ਤਾਕਤਾਂ ਦੀ ਸੱਤਾ ਨੂੰ ਚੁਣੌਤੀ ਦਿੰਦੇ ਹੋਣ ਯਾਨਿ ਅਮਰੀਕਾ ਅਤੇ ਯੂਰਪ ਦੇ ਏਕਾਧਿਕਾਰਵਾਦ ਨੂੰ। ਇਹ ਕਥਿਤ 'ਰਾਸ਼ਟਰਵਾਦ' ਦਾ ਅਰਥ ਜਿਆਦਾਤਰ ਅਜਿਹੇ ਨਿਰਦੋਸ਼ ਗਵਾਂਢੀਆਂ ਪ੍ਰਤੀ ਉਨ੍ਹਾਂ ਦੀ ਜਾਤੀ ਨਫਰਤ ਹੈ ਜੋ ਕਦੇ ਵੀ ਉਨ੍ਹਾਂ ਦੀ ਖਰਾਬ ਕਿਸਮਤ ਲਈ ਜਿੰਮੇਵਾਰ ਨਹੀਂ ਰਹੇ : ਮਸਲਨ ਓਕਰੇਨੀਆਂ ਲਈ ਰੂਸੀ (ਜ਼ਾਰ ਨਹੀਂ) (ਕ੍ਰੋਏਸ਼ੀਆ ਦੇ ਲੋਕਾਂ ਲਈ ਸਰਭ ਅਤੇ ਫਰਾਂਸ, ਆਸਟਰੀਆ, ਸਵਿਟਰਜ਼ਲੈਂਡ, ਗ੍ਰੀਸ ਤੇ ਹੋਰਾਂ ਲਈ 'ਪ੍ਰਵਾਸੀ)।

ਅਮਰੀਕਾ (ਰਿਪਬਲਿਕ ਅਤੇ ਡੈਮੋਕਰੇਟ) ਅਤੇ ਯੂਰਪ (ਸੰਸਦੀ ਦੱਖਣਪੰਥੀ ਅਤੇ ਸਮਾਜਿਕ ਉਦਾਰਵਾਦੀ) ਦੀ ਪ੍ਰਮੁੱਖ ਰਾਜਨੀਤਿਕ ਤਾਕਤਾਂ ਵਿਚਕਾਰ ਇਕ ਪਾਸੇ ਗੱਠਜੋੜ ਅਤੇ ਦੂਜੇ ਪਾਸੇ ਪੂਰਬ ਦੇ ਫਾਸ਼ੀਵਾਦੀਆਂ ਨਾਲ ਉਨ੍ਹਾਂ ਦੀ ਇਕਜੁਟਤਾ ਨੂੰ ਘੱਟ ਕਰਕੇ ਨਹੀਂ ਵੇਖਿਆ ਜਾਣਾ ਚਾਹੀਦਾ ਹੈ। ਹਿਲੇਰੀ ਕਲਿੰਟਨ ਨੇ ਇਸ ਗੱਠਜੋੜ ਦਾ ਖੁਦ ਨੂੰ ਬੁਲਾਰਾ ਬਣਾ ਲਿਆ ਹੈ ਜੋ ਜੰਗ ਦੀ ਸਨਕ ਨੂੰ ਉਸਦੇ ਆਖਰੀ ਮੁਕਾਮ ਤੱਕ ਧੱਕਣ ਦੀ ਕੋਸ਼ਿਸ਼ ਕਰ ਰਹੀ ਹੈ। ਇਥੋਂ ਤੱਕ ਕਿ ਜਾਰਜ ਡਬਲਿਯੂ ਬੁਸ਼ ਨਾਲੋਂ ਵੀ ਕਿਤੇ ਅੱਗੇ ਜਾ ਕੇ ਜੇਕਰ ਸੰਭਵ ਹੋਵੇ ਤਾਂ ਉਹ ਬਦਲੇ ਲਈ ਰੂਸ (ਸ਼ੀਤ ਯੁੱਧ ਦਾ ਦੁਹਰਾਅ ਨਹੀਂ), ਚੀਨ ਅਤੇ ਏਸ਼ੀਆ, ਅਫਰੀਕਾ ਤੇ ਲਾਤੀਨੀ ਅਮਰੀਕਾ ਦੇ ਬਾਗੀ ਲੋਕਾਂ ਖਿਲਾਫ ਇਕ ਰੱਖਿਆਤਮਕ ਯੁੱਧ ਦਾ ਐਲਾਨ ਕਰਦੀ ਹੈ ਜਦਕਿ ਕਿਤੇ ਜਿਆਦਾ ਖੁੱਲ੍ਹੇ ਤੌਰ ਤੇ ਓਕਰੇਨ, ਜਾਰਜ਼ੀਆ ਅਤੇ ਮੋਲਦੋਵਾ ਸਮੇਤ ਹੋਰ ਥਾਵਾਂ ਤੇ ਖੁੱਲ੍ਹੇ ਦਖਲ ਦੀ ਪੈਰੋਕਾਰੀ ਤਾਂ ਕਰਦੀ ਹੀ ਹੈ। ਹੋ ਸਕਦਾ ਹੈ ਕਿ ਅਮਰੀਕਾ ਦੇ ਪਤਨ ਦੇ ਜਵਾਬ 'ਚ ਉਹਨਾਂ ਦੇ ਇਹ ਹਵਾਈ ਹਮਲੇ ਉਨ੍ਹਾਂ ਨੂੰ 'ਅਮਰੀਕਾ ਦੀ ਪਹਿਲੀ ਔਰਤ ਰਾਸ਼ਟਰਪਤੀ' ਬਣਨ ਦੇ ਲਾਇਕ ਉਥੋਂ ਦੇ ਲੋਕਾਂ ਦਾ ਉਨ੍ਹਾਂ ਨੂੰ ਸਮਰਥਨ ਦਿਵਾਇਆ ਜਾਵੇ। ਇਸ ਝੂਠੇ ਨਾਰੀਵਾਦ ਦੇ ਲੁਕਵੇਂ ਮਨਸੂਬੇ ਕੀ ਹਨ, ਸਾਨੂੰ ਇਹ ਨਹੀਂ ਭੁਲਣਾ ਚਾਹੀਦਾ !

ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਫਾਸ਼ੀਵਾਦੀ ਖਤਰਾ ਅੱਜ ਵੀ ਅਮਰੀਕਾ ਅਤੇ ਪੱਛਮੀ ਯੂਰਪ ਦੀ 'ਲੋਕਤੰਤਰੀ' ਵਿਵਸਥਾ ਲਈ ਖੁਦ 'ਚ ਕੋਈ ਖਤਰਾ ਨਾ ਨਜ਼ਰ ਆਏ। ਕਲਾਸਕੀ ਸੰਸਦੀ ਦੱਖਣਪੰਥ ਅਤੇ ਸਮਾਜਿਕ ਉਦਾਰਵਾਦੀਆਂ ਵਿਚਕਾਰਲਾ ਗੱਠਜੋੜ ਇਜਾਰੇਦਾਰ ਪੂੰਜੀ ਲਈ ਇਸ ਗੱਲ ਨੂੰ ਲਾਜਮੀਂ ਬਣਾਉਂਦਾ ਹੈ ਕਿ ਉਹ ਦੱਖਣਪੰਥੀ ਕੱਟੜਪੰਥ ਦੀਆਂ ਸੇਵਾਵਾਂ ਲੈਣ, ਜੋ ਇਤਿਹਾਸਕ ਫਾਸ਼ੀਵਾਦੀ ਸ਼ੰਘਰਸ਼ਾਂ ਦੀ ਸੂਰਤ 'ਚ ਉਭਾਰਦਾ ਹੈ। ਤਦ ਸਵਾਲ ਉਠਦਾ ਹੈ ਕਿ ਆਖਰ ਪਿਛਲੇ ਇਕ ਦਹਾਕੇ ਦੌਰਾਨ ਦੱਖਣਪੰਥੀ ਕੱਟੜਪੰਥ ਚੁਣਾਵੀ ਕਾਮਯਾਬੀ ਨੂੰ ਅਸੀਂ ਕਿਸ ਰੂਪ 'ਚ ਦੇਖੀਏ? ਇਜਾਰੇਦਾਰ ਪੂੰਜੀਵਾਦ ਦੇ ਸ਼ਿਕਾਰ ਤਾਂ ਯੂਰਪੀ ਵੀ ਸਾਫ ਤੌਰ ਤੇ ਹਨ। ਇਸ ਤੋਂ ਸਾਨੂੰ ਸਮਝ ਆ ਸਕਦਾ ਹੈ ਕਿ ਜਦ ਉਨ੍ਹਾਂ ਦੇ ਸਾਹਮਣੇ ਦੱਖਣਪੰਥੀ ਤੇ ਸਮਾਜਵਾਦੀ ਖੱਬੇ ਧੜੇ ਦੇ ਗਠਜੋੜ ਨਾਲ ਨਿਪਟਨ ਦਾ ਸਵਾਲ ਆਉਂਦਾ ਹੈ ਤਾਂ ਉਹ ਕਿਉਂ ਜਾਂ ਤਾਂ ਚੋਣਾਂ 'ਚ ਹਿੱਸਾ ਨਹੀਂ ਲੈਂਦੇ ਜਾਂ ਫਿਰ ਦੱਖਣੀ ਕੱਟੜਪੰਥ ਨੂੰ ਵੋਟ ਦਿੰਦੇ ਹਨ। ਇਸ ਸੰਦਰਭ 'ਚ ਇਨਕਲਾਬੀ ਖੱਬਿਆਂ ਦੀ ਜਿੰਮੇਵਾਰੀ ਬਹੁਤ ਮਹੱਤਵਪੂਰਨ ਹੋ ਜਾਂਦੀ ਹੈ ; ਜੇਕਰ ਇਨ੍ਹਾਂ ਖੱਬਿਆਂ ਕੋਲ ਮੌਜੂਦਾ ਪੂੰਜੀਵਾਦ ਤੋਂ ਅੱਗੇ ਜਾ ਕੇ ਕੁਝ ਕਰ ਵਿਖਾਉਣ ਦਾ ਸਾਹਸ ਹੁੰਦਾ ਤਾਂ ਉਸ ਨਾਲ ਉਹ ਭਰੋਸੇਯੋਗਤਾ ਹਾਸਲ ਹੋ ਜਾਂਦੀ ਜੋ ਫਿਲਹਾਲ ਨਦਾਰਦ ਹੈ। ਅੱਜ ਕੱਲ ਆਪ ਮੁਹਾਰੇ ਪੈਦਾ ਹੋਣ ਵਾਲੇ ਸੰਘਰਸ਼ਾਂ ਅਤੇ ਰੱਖਿਆਤਮਕ ਸੰਘਰਸ਼ਾਂ 'ਚ ਜਿਸਦੀ ਘਾਟ ਦਿਖਾਈ ਦਿੰਦੀ ਹੈ, ਉਸ ਲਈ ਇਨਕਲਾਬੀ ਖੱਬੇਪੱਖੀਆਂ ਦਾ ਸਾਹਸੀ ਹੋਣਾ ਲਾਜ਼ਮੀ ਹੈ ਤਾਂ ਕਿ ਉਹ ਇਸ ਕਮੀ ਨੂੰ ਪੂਰਾ ਕਰ ਸਕਣ। ਤਾਂ ਹੀ ਇਹ ਸੰਭਵ ਹੋਵੇਗਾ ਕਿ ਇਹ 'ਸੰਘਰਸ਼' ਸੱਤਾ ਦੇ ਸਮਾਜਿਕ ਸੰਤੁਲਨ ਨੂੰ ਮਿਹਨਤਕਸ਼ ਤਬਕੇ ਵੱਲ ਝੁਕਾ ਸਕਣ ਅਤੇ ਉਸ ਦੇ ਅਧਾਰ ਦਾ ਵਿਸ਼ਲੇਸ਼ਣ ਕਰਦੇ ਹੋਏ ਆਪਣਾ ਵਿਸਥਾਰ ਕਰ ਸਕਣ। ਦੱਖਣੀ ਅਮਰੀਕਾ ਦੇ ਹਰਮਨਪਿਆਰੇ ਸੰਘਰਸ਼ਾਂ ਤੋਂ ਮਿਲੀ ਕਾਮਯਾਬੀ ਇਸ ਗੱਲ ਦਾ ਸਬੂਤ ਹੈ।

ਮੌਜੂਦਾ ਹਾਲਤਾਂ 'ਚ ਦੱਖਣਪੰਥੀ ਕੱਟੜਪੰਥ ਦੀਆਂ ਚੁਣਾਵੀ ਕਾਮਯਾਬੀਆਂ ਸਮਕਾਲੀ ਪੂੰਜੀਵਾਦ ਦੀ ਹੀ ਆਪਣੀ ਉਪਜ ਹੈ। ਇਨ੍ਹਾਂ ਕਾਮਯਾਬੀਆਂ ਦੇ ਚਲਦੇ ਮੀਡੀਆ ਨੂੰ ਮੌਕਾ ਮਿਲ ਜਾਂਦਾ ਹੈ ਕਿ ਉਹ ਇਕ ਹੀ ਸਾਹ 'ਚ ਇਕ ਬਰਾਬਰ ਤ੍ਰਿਸਕਾਰ ਨਾਲ 'ਅਤਿ ਦੱਖਣੀ ਤੇ ਅਤਿ ਖੱਬੇ ਦੇ ਲੋਕਰੰਜਤਾਵਾਦ' ਨੂੰ ਵਰਤਦਾ ਹੈ ਤੇ ਇਸ ਤਰ੍ਹਾਂ ਉਸ ਵੰਡ ਨੂੰ ਧੁੰਦਲਾ ਕਰ ਦਿੰਦਾ ਹੈ ਕਿ ਅਤਿ ਦੱਖਣਪੰਥ ਪੂੰਜੀਵਾਦ ਸਮਰਥਕ (ਜਿਵੇਂ ਕਿ ਨਾਮ ਤੋਂ ਜਾਹਰ ਹੈ) ਤੇ ਪੂੰਜੀ ਦਾ ਸੁਭਾਵਿਕ ਸੇਵਾਦਾਰ ਹੈ ਜਦਕਿ ਅਤਿ ਖੱਬੇ ਪੂੰਜੀਵਾਦ ਸੱਤਾ ਤੰਤਰ ਦਾ ਖਤਰਨਾਕ ਦੁਸ਼ਮਣ ਹੈ।

ਅਮਰੀਕਾ 'ਚ ਵੀ ਅਜਿਹੀ ਹੀ ਨਿਰਅਧਾਰ ਕਲਪਨਾ ਦੇਖਣ 'ਚ ਆਉਂਦੀ ਹੈ ਹਾਲਾਂਕਿ ਉਥੋਂ ਦੇ ਦੱਖਣਪੰਥੀ ਕੱਟੜਪੰਥ ਨੂੰ ਕਦੇ ਵੀ ਫਾਸ਼ੀਵਾਦ ਨਹੀਂ ਕਿਹਾ ਜਾਂਦਾ। ਅਤੀਤ ਦਾ ਮੈਕਾਰਥੀਵਾਦ ਹੋਵੇ ਜਾਂ ਚਾਹ ਪਾਰਟੀ ਦੀ ਮੌਜੂਦਾ ਸਨਕਪੂਰਨ ਰਾਜਨੀਤੀ ਅਤੇ ਯੁੱਧਪਸੰਦ ਲੋਕ (ਜਿਵੇਂ ਹਿਲੇਰੀ ਕਲਿੰਟਨ), ਇਹ ਸਾਰੇ 'ਸਰਕਾਰ' ਦੇ ਬਰਅਕਸ ਖੁਲ੍ਹੇਆਮ 'ਲਿਬਰਟੀ' ਦਾ ਬਚਾਅ ਕਰਦੇ ਹਨ ਕਿਉਂਕਿ ਇਨ੍ਹਾਂ ਲਈ ਲਿਬਰਟੀ ਦਾ ਅਰਥ ਇਜਾਰੇਦਾਰ ਪੂੰਜੀ ਦੇ ਮਾਲਕਾਂ ਅਤੇ ਪ੍ਰਬੰਧਕਾਂ ਦੀ ਅਜਾਦੀ ਹੈ ਜਦਕਿ ਸਰਕਾਰ ਤੇ ਇੰਨ੍ਹਾਂ ਨੂੰ ਸੰਦੇਹ ਹੈ ਕਿ ਕਿਤੇ ਉਹ ਇਸ ਪ੍ਰਬੰਧ ਦੇ ਸ਼ਿਕਾਰ ਲੋਕਾਂ ਦੀ ਮੰਗ ਦੇ ਅੱਗੇ ਝੁਕ ਨਾ ਜਾਏ।

**ਫਾਸ਼ੀਵਾਦੀ ਸੰਘਰਸ਼ਾਂ ਬਾਰੇ ਇਕ ਆਖਰੀ ਗੱਲ** : ਅਜਿਹਾ ਲਗਦਾ ਹੈ ਕਿ ਉਹ ਇਹ ਜਾਨਣ 'ਚ ਅਸਮਰੱਥ ਹੁੰਦੇ ਜਾ ਰਹੇ ਹਨ ਕਿ ਆਪਣੀਆਂ ਮੰਗਾਂ ਤੇ ਕਦ ਅਤੇ ਕਿਵੇਂ ਰੋਕ ਲਾਈ ਜਾਵੇ। ਉਨ੍ਹਾਂ ਦੇ ਆਗੂਆਂ ਦਾ ਮੱਤ ਤੇ ਉਸਦੇ ਅੰਨੇ ਭਗਤ, ਕੱਟੜਤਾ ਦਾ ਸੰਚਾਰ ਕਰਨ ਵਾਲੀਆਂ ਕਪਟੀ ਜਾਤੀਆਂ ਤੇ ਕਪਟੀ ਧਾਰਮਿਕ ਮਿਥਕ ਕਮੇਟੀਆਂ ਨੂੰ ਬੜਾਵਾ ਅਤੇ ਹਿੰਸਕ ਕਾਰਵਾਈਆਂ ਲਈ ਨਾਗਰਿਕ ਸੈਨਾ ਦੀ ਬਹਾਲੀ- ਇਹ ਸਭ ਮਿਲਕੇ ਫਾਸ਼ੀਵਾਦ ਨੂੰ ਇਕ ਅਜਿਹੀ ਤਾਕਤ ਦਾ ਰੂਪ ਦਿੰਦੇ ਹਨ ਜਿਸਤੇ ਕੰਟਰੋਲ ਕਾਇਮ ਕਰਨਾ ਮੁਸ਼ਕਿਲ ਹੁੰਦਾ ਹੈ। ਅਜਿਹੇ 'ਚ ਗਲਤੀਆਂ ਦਾ ਹੋਣਾ ਲਾਜ਼ਮੀ ਹੁੰਦਾ ਹੈ। ਅਜਿਹੀਆਂ ਗਲਤੀਆਂ ਕਦੇ-ਕਦੇ ਫਾਸ਼ੀਵਾਦੀਆਂ ਦੇ ਸਮਾਜਿਕ ਹਿੱਤ ਦੇ ਲਿਹਾਜ ਨਾਲ ਵਿਵੇਕਹੀਣਤਾ ਦੀਆਂ ਸੀਮਾਵਾਂ ਨੂੰ ਵੀ ਪਾਰ ਕਰ ਜਾਂਦੀਆਂ ਹਨ। ਹਿਟਲਰ ਸੱਚੀਂ ਦਿਮਾਗੀ ਤੌਰ ਤੇ ਬਿਮਾਰ ਬੰਦਾ ਸੀ, ਇਸਦੇ ਬਾਵਜੂਦ ਉਸਨੇ ਉਨ੍ਹਾਂ ਵੱਡੇ ਪੂੰਜੀਪਤੀਆਂ ਨੂੰ ਆਪਣੀ ਸਨਕ ਦੀ ਹੱਦ ਤੱਕ ਆਪਣੇ ਨਾਲ ਖੜੇ ਰਹਿਣ ਲਈ ਮਜ਼ਬੂਰ ਕੀਤਾ ਜੋ ਉਸਨੂੰ ਸੱਤਾ 'ਚ ਲੈ ਕੇ ਆਏ ਸਨ ਅਤੇ ਜਿਥੋਂ ਤੱਕ ਵਸੋਂ ਦੇ ਇਕ

CENTUM®
E Z Mortgage Group Inc.
All your financial needs.
private loans .debt consolidation.
self employment. secured line of credit.
business loan. bad credit no problem.
1st, 2nd & 3d Mortgages get approved
Brokerage Licence #2105
Cell:416-625-3352
hs_7matharu@yahoo.ca,
Fax: 905-676-8018
Website: www.centum.ca/ezmortgage
7050-14A Bramalea Road Mississauga, ON L5S 1T1

HARJIT SINGH
Mortgage cunsultant
Lic#M08007991

ਵੱਡੇ ਹਿੱਸੇ ਦਾ ਸਮਰਥਨ ਵੀ ਉਸਨੂੰ ਹਾਸਲ ਹੋਇਆ। ਇਹ ਹਾਲਾਂਕਿ ਆਪਣੇ ਕਿਸਮ ਦਾ ਇਕਲੌਤਾ ਅੱਤਵਾਦੀ ਮਾਮਲਾ ਸੀ, ਪਰ ਮੁਸੋਲਿਨੀ, ਫਰਾਂਕੋ, ਸਾਲਾਜਾਰ ਅਤੇ ਪੇਤਾਈਨ ਦਿਮਾਗੀ ਤੌਰ ਤੇ ਬਿਮਾਰ ਲੋਕ ਨਹੀਂ ਸਨ ਫਿਰ ਵੀ ਉਨ੍ਹਾਂ ਦੇ ਅਜਿਹੇ ਸਹਿਯੋਗੀਆਂ ਅਤੇ ਗੁਰਗਿਆਂ ਦੀ ਵੱਡੀ ਸੰਖਿਆ ਸੀ ਜਿਨ੍ਹਾਂ ਨੇ ਅਪਰਾਧਿਕ ਘਟਨਾਵਾਂ ਨੂੰ ਅੰਜਾਮ ਦੇਣ 'ਚ ਕੋਈ ਸੰਕੋਚ ਨਹੀਂ ਕੀਤਾ।

**ਦੱਖਣੀ ਦੇਸ਼ਾਂ ਵਿਚ ਫਾਸ਼ੀਵਾਦ** :- ਉਨੀਵੀਂ ਸਦੀ ਦੇ ਵਿਸ਼ਵੀ ਪੂੰਜੀਵਾਦ ਦੇ ਅੰਦਰ ਲਾਤੀਨੀ ਅਮਰੀਕਾ ਦਾ ਏਕੀਕਰਨ ਕਿਸਾਨਾਂ ਦੇ ਸ਼ੋਸ਼ਣ ਉੱਤੇ ਟਿਕਿਆ ਸੀ ਜਿਨ੍ਹਾਂ ਨੂੰ 'ਚਪੜਾਸੀ' ਦੀ ਹਾਲਤ ਤੱਕ ਨੀਵਾਂ ਸੁੱਟ ਦਿੱਤਾ ਗਿਆ ਸੀ ਅਤੇ ਵੱਡੇ ਭੂਮੀਪਤੀਆਂ ਦੀਆਂ ਕਰੂਰਤਾਵਾਂ ਅੱਗੇ ਗੋਡੇ ਟੇਕਣ ਲਈ ਜਿਨ੍ਹਾਂ ਨੂੰ ਮਜ਼ਬੂਰ ਕਰ ਦਿੱਤਾ ਗਿਆ ਸੀ। ਮੈਕਸੀਕੋ ਦਾ ਪਾਫੀਰੋ ਡਿਆਜ਼ ਸ਼ਾਸ਼ਨ ਇਸਦਾ ਚੰਗਾ ਉਦਾਹਰਨ ਹੈ। ਵੀਹਵੀਂ ਸਦੀ ਦੇ ਇਸ ਏਕੀਕਰਨ ਦੇ ਵਿਸਥਾਰ ਨੇ 'ਗਰੀਬੀ ਦੇ ਆਧੁਨੀਕੀਕਰਨ' ਨੂੰ ਪੈਦਾ ਕੀਤਾ।

**ਪਿੰਡਾਂ ਤੋਂ ਤੀਬਰ ਵਿਊਂਤਬੰਦੀ** :- ਜੋ ਕਿ ਏਸ਼ੀਆ ਅਤੇ ਅਫਰੀਕਾ ਦੇ ਮੁਕਾਬਲੇ ਲਾਤੀਨੀ ਅਮਰੀਕਾ 'ਚ ਕਿਤੇ ਜਿਆਦਾ ਪਹਿਲਾਂ ਤੇ ਜਿਆਦਾ ਗਿਣਤੀ 'ਚ ਹੋਇਆ – ਉਸਨੇ ਸਮਕਾਲੀਨ ਸ਼ਹਿਰੀ ਕੇਂਦਰਾਂ 'ਚ ਗਰੀਬਾਂ ਦੇ ਅਜਿਹੇ ਨਵੇਂ ਰੂਪਾਂ ਨੂੰ ਪੈਦਾ ਕੀਤਾ ਜਿਸਨੇ ਪੇਂਡੂ ਗਰੀਬਾਂ ਦੇ ਪੁਰਾਣੇ ਰੂਪਾਂ ਦੀ ਜਗ੍ਹਾ ਲੈ ਲਈ। ਇਸਦੇ ਬਾਅਦ ਲੋਕਾਂ ਦੇ ਰਾਜਨੀਤਿਕ ਕੰਟਰੋਲ ਦੇ ਰੂਪਾਂ ਦਾ ਵੀ 'ਆਧੁਨਿਕੀਕਰਨ' ਕੀਤਾ ਗਿਆ ਜਿਸ ਲਈ ਚੁਣਾਵੀ ਲੋਕਤੰਤਰ ਨੂੰ ਹਟਾਕੇ, ਪਾਰਟੀਆਂ ਤੇ ਟਰੇਡ ਯੂਨੀਅਨਾਂ ਨੂੰ ਖਤਮ ਕਰਕੇ ਤਾਨਾਸ਼ਾਹੀਆਂ ਦੀ ਸਥਾਪਨਾ ਕੀਤੀ ਗਈ ਅਤੇ 'ਆਧੁਨਿਕ' ਗੁਪਤਚਰ ਸੇਵਾਵਾਂ ਨੂੰ ਇੰਟੈਲੀਜੈਂਸ ਦੀਆਂ ਤਕਨੀਕਾਂ ਦੇ ਸਹਾਰੇ ਹਿਰਾਸਤ 'ਚ ਲੈਣ ਅਤੇ ਨਪੀੜਨ ਦੇ ਅਧਿਕਾਰ ਸੌਂਪੇ ਗਏ। ਜਾਹਰ ਹੈ, ਰਾਜਨੀਤਿਕ ਪ੍ਰਬੰਧ ਦੇ ਇਹ ਤਰੀਕੇ ਪੂਰਬੀ ਯੂਰਪ ਦੇ ਨਿਰਭਰ ਪੂੰਜੀਵਾਦ ਵਾਲੇ ਦੇਸ਼ਾਂ 'ਚ ਪਾਏ ਜਾਣ ਵਾਲੇ ਫਾਸ਼ੀਵਾਦ ਦੇ ਤੁਲ ਸਨ। ਵੀਹਵੀਂ ਸਦੀ 'ਚ ਲਾਤੀਨੀ ਅਮਰੀਕਾ ਦੀਆਂ ਤਾਨਾਸ਼ਾਹੀ ਸੱਤਾਵਾਂ ਸਥਾਨਿਕ ਪਿਛਾਖੜੀ ਖੇਮਿਆਂ ਦੀ ਸੇਵਾ ਕਰ ਰਹੀਆਂ ਸਨ ( ਵੱਡੇ ਭੂਮੀਪਤੀ, ਦਲਾਲ ਬੁਰਜੁਆਜ਼ੀ ਅਤੇ ਹੋਰ ਇਸ ਕਿਸਮ ਦੇ ਲੰਪਨ ਵਿਕਾਸ ਤੋਂ ਲਾਭ ਲੈਣ ਵਾਲੇ ਮੱਧਵਰਗ)। ਇਨ੍ਹਾਂ ਸਾਰਿਆਂ ਦੇ ਉਪਰ ਹਾਲਾਂਕਿ ਇਹ ਸੱਤਾਵਾਂ ਪਸਾਰਵਾਦੀ ਵਿਦੇਸ਼ੀ ਪੂੰਜੀ ਦੀ ਚਾਕਰੀ 'ਚ ਲੱਗੀਆਂ ਸਨ, ਖਾਸਕਰ ਅਮਰੀਕੀ ਪੂੰਜੀ ਦੀ, ਜਿਸਦੇ ਚਲਦੇ ਅਮਰੀਕਾ ਨੇ ਹਰਮਨਪਿਆਰੇ ਸ਼ੰਘਰਸ਼ਾਂ ਦੇ ਹਾਲੀਆ ਵਿਸਫੋਟ ਤੱਕ ਇਨ੍ਹਾਂ ਸੱਤਾਵਾਂ ਦਾ ਸਮਰਥਨ ਕੀਤਾ। ਇਨ੍ਹਾਂ ਸੰਘਰਸ਼ਾਂ ਦੀ ਤਾਕਤ ਅਤੇ ਇਨ੍ਹਾਂ ਦੁਆਰਾ ਕੀਤੇ ਗਏ ਸਮਾਜਿਕ ਅਤੇ ਲੋਕਤੰਤਰੀ ਅਗਾਂਹਵਧੂ ਵਿਕਾਸ ਨੇ ਘੱਟ ਤੋਂ ਘੱਟ ਅੱਧੇ ਸਮੇਂ ਲਈ ਹੀ ਸਹੀ ਅਰਧ-ਫਾਸ਼ੀਵਾਦੀ ਤਾਨਾਸ਼ਾਹੀਆਂ ਦੀ ਵਾਪਸੀ ਦੀ ਗੁਜਾਇਸ਼ਿ ਨੂੰ ਖਤਮ ਕਰ ਦਿੱਤਾ ਹੈ। ਇਨ੍ਹਾਂ ਦਾ ਭਵਿੱਖ ਹਾਲਾਂਕ ਅਨਿਸ਼ਚਿਤ ਹੈ : ਮਜ਼ਦੂਰ ਜਮਾਤ ਅਤੇ ਸਥਾਨਕ ਤੇ ਵਿਸ਼ਵੀ ਪੂੰਜੀਵਾਦ ਵਿਚਕਾਰ ਸੰਘਰਸ਼ ਇੱਥੇ ਹੁਣੇ-ਹੁਣੇ ਸ਼ੁਰੂ ਹੋਇਆ ਹੈ। ਜਿਵੇਂ ਕਿ ਹਰ ਕਿਸਮ ਦੇ ਫਾਸ਼ੀਵਾਦ ਦੇ ਨਾਲ ਹੁੰਦਾ ਹੈ, ਲਾਤੀਨੀ ਅਮਰੀਕਾ ਦੀਆਂ ਤਾਨਾਸ਼ਾਹ ਸੱਤਾਵਾਂ ਵੀ ਗਲਤੀਆਂ ਤੋਂ ਨਹੀਂ ਬਚ ਸਕੀਆਂ, ਜਿਸ ਵਿਚੋਂ ਕੁਝ ਤਾਂ ਉਨ੍ਹਾਂ ਲਈ ਆਤਮਘਾਤੀ ਸਾਬਤ ਹੋਏ। ਉਦਾਹਰਨ ਵਜੋਂ, ਮੈਨੂੰ ਜਾਰਜ ਰਾਫੇਲ ਵੇਦੇਲਾ ਦਾ ਉਦਾਹਰਨ ਯਾਦ ਆਉਂਦਾ ਹੈ ਜੋ ਆਰਜਨਟੀਨਾ ਦੀ ਰਾਸ਼ਟਰਵਾਦੀ ਭਾਵਨਾ ਨੂੰ ਕੁਚਲਣ ਲਈ ਮਾਲ ਨਿਵਾਸ ਦੀਪ ਦੇ ਮਸਲੇ ਤੇ ਖੁਦ ਨੂੰ ਲਾਭ ਪਹੁੰਚਾਉਣ ਲਈ ਜੰਗ ਵਿਚ ਚਲਾ ਗਿਆ ਸੀ।

ਅਜਾਰੇਦਾਰ ਪੂੰਜੀਵਾਦ ਦੇ ਵਿਸਥਾਰ ਦੇ ਲੰਪਟ ਵਿਕਾਸ ਦੀ ਪ੍ਰਕਿਰਤੀ ਵਿਚ ਬਦਲ ਜਾਣਾ 80ਵਿਆਂ ਦੇ ਦਹਾਕੇ 'ਚ ਸ਼ੁਰੂ ਹੋਇਆ ਜਿਸਤੋਂ ਪਹਿਲਾ ਏਸ਼ੀਆ ਅਤੇ ਅਫਰੀਕਾ ਵਿਚ ਬਾਡੁੰਗ ਦੌਰ ਦੇ ਹਰਮਨਪਿਆਰੇ ਰਾਸ਼ਟਰੀ ਪ੍ਰਬੰਧਾਂ ਦਾ ਪ੍ਰਚਲਨ ਰਿਹਾ ਸੀ (1955-80)। ਇਸ ਲੰਪਟ ਵਿਕਾਸ ਨੇ ਗਰੀਬੀ ਅਤੇ ਦਮਨਕਾਰੀ ਹਿੰਸਾ ਦੇ ਆਧੁਨੀਕੀਕਰਨ ਦੇ ਨਵੇਂ ਸੰਸਕਰਨਾਂ ਨੂੰ ਪੈਦਾ ਕੀਤਾ। ਇਸਦੀ ਵਧੀਆ ਉਦਾਹਰਨ ਸਾਨੂੰ ਅਰਬ ਜਗਤ ਵਿਚ ਨਾਸਿਰ ਅਤੇ ਬਾਥ ਸ਼ਾਸ਼ਨ ਦੇ ਬਾਅਦ ਹੋਈਆਂ ਵਧੀਕੀਆਂ ਵਿਚੋਂ ਮਿਲਦੀ ਹੈ। ਕੇਵਲ ਇਸ ਲਈ ਕਿ ਦੋਨੋਂ ਹੀ 'ਅਲੋਕਤੰਤਰਿਕ' ਸੀ, ਇਸ ਅਧਾਰ ਤੇ ਸਾਨੂੰ ਬਾਡੁੰਗ ਦੌਰ ਦੇ ਹਰਮਨਪਿਆਰੇ ਰਾਸ਼ਟਰੀ ਪ੍ਰਬੰਧਾਂ ਅਤੇ ਉਸਦੇ ਬਾਅਦ ਦੇ ਉਨ੍ਹਾਂ ਪ੍ਰਬੰਧਾਂ ਨੂੰ ਇਕੱਠੇ ਰੱਖਕੇ ਨਹੀਂ ਵੇਖਣਾ ਚਾਹੀਦਾ ਜਿਨ੍ਹਾਂ ਨੇ ਅੱਖਾਂ ਬੰਦ ਕਰਕੇ ਵਿਸ਼ਵੀਕ੍ਰਿਤ ਉਦਾਰਵਾਦ ਦਾ ਪੱਲਾ ਫੜ ਲਿਆ ਸੀ। ਬਾਡੁੰਗ ਦੌਰ ਦੀਆਂ ਸੱਤਾਵਾਂ ਨੂੰ ਉਨ੍ਹਾਂ ਦੇ ਏਕਾਧਿਕਾਰੀ ਰਾਜਨੀਤਿਕ ਆਹੁਦਿਆਂ ਦੇ ਬਾਵਜੂਦ ਕੁਝ ਹਰਮਨਪਿਆਰੀ ਉਚਤਤਾ ਹਾਸਲ ਸੀ, ਇਕ ਤਾਂ ਉਨ੍ਹਾਂ ਦੀਆਂ ਪ੍ਰਾਪਤੀਆ ਅਮਲੀ ਅਤੇ ਦੂਜਾ ਉਨ੍ਹਾਂ ਦੇ ਬਹੁਗਿਣਤੀ ਕਾਮਿਆਂ ਨੂੰ ਲਾਭ ਵੀ ਮਿਲਦਾ ਸੀ ਅਤੇ ਜਿਸਦੇ ਚੱਲਦੇ ਉਨ੍ਹਾਂ ਦੀ ਸਾਮਰਾਜ ਵਿਰੋਧੀ ਐਲਾਨੀਆਂ ਸਥਿਤੀ ਸਿੱਧ ਹੁੰਦੀ ਸੀ। ਇਨ੍ਹਾਂ ਤੋਂ ਬਾਅਦ ਆਈਆਂ ਤਾਨਾਸ਼ਾਹੀ ਸੱਤਾਵਾਂ ਨੇ ਜਿਵੇਂ ਹੀ ਵਿਸ਼ਵੀਕ੍ਰਿਤ ਉਦਾਰਵਾਦੀ ਮਾਡਲ ਦੀ ਆਧੀਨਤਾ ਸਵੀਕਾਰੀ ਅਤੇ ਲੰਪਟ ਵਿਕਾਸ ਦਾ ਪੱਲਾ ਫੜਿਆ ਉਨ੍ਹਾਂ ਨੇ ਤੁਰੰਤ ਇਹ ਪ੍ਰਮਾਣਿਕਤਾ ਗਵਾ ਦਿੱਤੀ। ਇਨ੍ਹਾਂ ਅਲੋਕਤੰਤਰ ਹਰਮਨਪਿਆਰੀਆਂ ਰਾਸ਼ਟਰੀ ਸੱਤਾਵਾਂ ਨੇ ਨਵਉਦਾਰਵਾਦੀ, ਲੋਕਪ੍ਰਿਅਤਾ-ਵਿਰੋਧੀ ਅਤੇ ਰਾਸ਼ਟਰੀਅਤਾ-ਵਿਰੋਧ ਪ੍ਰੋਜੈਕਟ ਦੇ ਹਿੱਤ ਵਿਚ ਪੁਲਸੀਆ ਹਿੰਸਾ ਦਾ ਰਾਹ ਖੋਲ ਦਿੱਤਾ।

ਹੁਣੇ ਹੀ 2011 ਦੇ ਸ਼ੁਰੂ ਹੋਏ ਹਰਮਨਪਿਆਰੇ ਉਭਾਰਾ ਨੇ ਤਾਨਾਸ਼ਾਹੀਆਂ ਤੇ ਸਵਾਲ ਉਠਾਏ ਹਨ, ਪਰ ਮਾਮਲਾ ਸਿਰਫ ਸਵਾਲ ਉਠਾਉਣ ਤੱਕ ਹੀ ਸੀਮਤ ਰਿਹਾ ਹੈ। ਕੋਈ ਵੀ ਬਦਲ ਸਥਿਰਤਾ ਹਾਸਲ ਕਰਕੇ ਰਾਹ ਤਦ ਹੀ ਦੇ ਪਾਏਗਾ ਜਦੋਂ ਉਹ ਉਨ੍ਹਾਂ ਤਿੰਨ ਉਦੇਸ਼ਾਂ ਨੂੰ ਇਕੱਠਾ ਕਰ ਪਾਉਣ ਵਿਚ ਕਾਮਯਾਬ ਹੋਏ ਜਿਨ੍ਹਾਂ ਦੇ ਆਲੇ-ਦੁਆਲੇ ਇਨ੍ਹਾਂ ਬਗਾਵਤਾਂ ਨੂੰ ਸੰਗਠਿਤ ਕੀਤਾ ਗਿਆ ਸੀ : ਸਮਾਜ ਅਤੇ ਰਾਜਨੀਤੀ ਦੇ ਲੋਕਤੰਤਰੀਕਰਨ ਦੀ ਨਿਰੰਤਰਤਾ, ਪ੍ਰਗਤੀਸ਼ੀਲ ਸਮਾਜਿਕ ਵਿਕਾਸ ਅਤੇ ਰਾਸ਼ਟਰੀ ਅਧਿਕਾਰ ਦੀ ਸਕਾਰਾਤਮਕ ਪੁਸ਼ਟੀ।

ਅਸੀਂ ਹਾਲੇ ਇਸ ਮੰਜਿਲ ਤੋਂ ਦੂਰ ਹਾਂ। ਇਸ ਲਈ ਨੇੜਲੇ ਭਵਿੱਖ ਵਿਚ ਇਕ ਤੋਂ ਜਿਆਦਾ ਬਦਲ ਸੰਭਵ ਵਿਖਾਈ ਦੇ ਰਹੇ ਹਨ। ਕੀ ਬਾਡੁੰਗ ਦੌਰ ਦੇ ਹਰਮਨਪਿਆਰੇ ਰਾਸ਼ਟਰੀ ਮਾਡਲ ਵੱਲ ਸੰਭਾਵਿਤ ਵਾਪਸੀ ਕੀਤੀ ਜਾ ਸਕਦੀ ਹੈ, ਜਿਸ ਵਿਚ ਲੋਕਤੰਤਰ ਦਾ ਵੀ ਇਕ ਦਾਇਰਾ ਹੋਵੇ ? ਜਾਂ ਫਿਰ ਲੋਕਤੰਤਰਿਕ, ਲੋਕਪ੍ਰਿਅਤਾਵਾਦੀ ਅਤੇ ਰਾਸ਼ਟਰ ਦਾ ਕਿਤੇ ਜਿਆਦਾ ਠੋਸ ਕੋਈ ਰੂਪ ? ਜਾਂ ਫਿਰ ਇਕ ਪ੍ਰਤੀਗਾਮੀ ਭਰਮ ਦੇ ਖੂਹ ਵਿਚ ਛਲਾਂਗ, ਜੋ ਇਸ ਸੰਦਰਭ ਵਿਚ, ਰਾਜਨੀਤੀ ਅਤੇ ਸਮਾਜ ਦੇ ਇਸਲਾਮੀਕਰਨ ਦਾ ਰੂਪ ਅਖਿਤਿਆਰ ਕਰ ਲੈਂਦਾ ਹੈ?

ਇਨ੍ਹਾਂ ਤਿੰਨ ਸੰਭਾਵਨਾਵਾਂ ਦੇ ਦਵੰਦ ਵਿਚ ਪੱਛਮੀ ਤਾਕਤਾਂ ਨੇ (ਅਮਰੀਕਾ ਅਤੇ ਉਸਦੇ ਸੇਵਾਦਾਰ ਯੂਰਪੀ ਸਹਿਯੋਗੀ) ਆਪਣੇ ਲਈ ਚੋਣ ਕਰ ਲਈ ਹੈ; ਉਹਨਾਂ ਨੇ ਮੁਸ਼ਲਿਮ ਬ੍ਰਦਰਹੁੱਡ ਅਤੇ ਜਾਂ ਰਾਜਨੀਤਿਕ ਇਸਲਾਮ ਦੇ ਹੋਰ 'ਸਲਾਫੀ' ਸੰਗਠਨਾਂ ਨੂੰ ਆਪਣਾ ਤਰਜੀਹੀ ਸਮਰਥਣ ਦੇ ਦਿੱਤਾ ਹੈ। ਇਸਦੀ ਵਜ੍ਹਾ ਬਹੁਤ ਜਾਹਰ ਅਤੇ ਸਹਿਜ ਹੈ; ਇਹ ਪਿਛਾਖੜੀ ਰਾਜਨੀਤਿਕ ਤਾਕਤਾਂ ਵਿਸ਼ਵੀਕ੍ਰਿਤ ਉਦਾਰਵਾਦ ਦੇ ਦਾਇਰੇ ਵਿਚ ਰਹਿੰਦੇ ਹੋਏ ਹੀ ਆਪਣੀ ਸੱਤਾ ਚਲਾਉਣਾ ਸਵੀਕਾਰ ਕਰਦੀਆਂ ਹਨ (ਇਸ ਤਰ੍ਹਾਂ ਸਮਾਜਿਕ ਨਿਆਂ ਤੇ ਰਾਸ਼ਟਰੀ ਅਜ਼ਾਦੀ ਦੀ ਕਿਸੇ ਵੀ ਗੁਜਾਇੰਸ਼ ਦਾ ਖਾਤਮਾ ਕਰ ਦਿੰਦੀਆਂ ਹਨ)। ਸਾਮਰਾਜਵਾਦੀ ਤਾਕਤਾਂ ਦੇ ਫੈਸਲੇ ਦੇ ਪਿੱਛੇ ਇਕੱਲਾ ਇਹੀ ਉਦੇਸ਼ ਕੰਮ ਕਰ ਰਿਹਾ ਹੈ।

ਸਿੱਟੇ ਦੇ ਤੌਰ ਤੇ, ਰਾਜਨੀਤਿਕ ਇਸਲਾਮ ਦਾ ਪ੍ਰੋਜੈਕਟ ਨਿਰਭਰ ਪੂੰਜੀਵਾਦ ਵਿਚ ਪਾਏ ਜਾਣ ਵਾਲੇ ਫਾਸ਼ੀਵਾਦ ਵਿਚ ਆਏਗਾ। ਅਸਲ ਵਿਚ, ਇਹ ਹਰ ਕਿਸਮ ਦੇ ਫਾਸ਼ੀਵਾਦ ਦੇ ਨਾਲ ਉਨ੍ਹਾਂ ਦੇ ਦੋ ਬੁਨਿਆਦੀ ਕਾਰਕਾਂ ਨੂੰ ਸਾਂਝਾ ਕਰਦਾ ਹੈ ; (1) ਪੂੰਜੀਵਾਦ ਪ੍ਰਬੰਧ ਦੇ ਜਰੂਰੀ ਵਿਸਥਾਰਾਂ ਖਿਲਾਫ ਕਿਸੇ ਵੀ ਚੁਣੌਤੀ ਦਾ ਨਾ ਹੋਣਾ (ਤੇ ਇਸ ਸੰਦਰਭ ਵਿਚ ਇਸ ਦਾ ਅਰਥ ਇਹ ਹੈ ਕਿ ਵਿਸ਼ਵੀ ਨਵਉਦਾਰਵਾਦੀ ਪੂੰਜੀਵਾਦ ਵਿਚ ਜੁੜੇ ਲੰਪਟ ਵਿਕਾਸ ਮਾਡਲ ਨੂੰ ਕੋਈ ਚੁਣੌਤੀ ਨਾ ਦਿੱਤੇ ਜਾਣਾ) ; ਅਤੇ (2) ਰਾਜਨੀਤਿਕ ਪ੍ਰਬੰਧਨ ਦੇ ਲੋਕਤੰਤਰ ਵਿਰੋਧੀ, ਪੁਲਸੀਆ ਰਾਜ ਜਿਹੇ ਰੂਪ ਦੀ ਚੋਣ (ਜਿਵੇਂ ਕਿ ਪਾਰਟੀਆਂ ਅਤੇ ਸੰਗਠਨਾਂ ਉੱਤੇ ਪਾਬੰਧੀ ਅਤੇ ਇਸਲਾਮਿਕ ਸੰਹਿਤਾਵਾਂ ਨੂੰ ਜਬਰੀ ਲਾਗੂ ਕੀਤਾ ਜਾਣਾ)।

ਇਸ ਤਰ੍ਹਾਂ ਸਾਮਰਾਜਵਾਦੀ ਤਾਕਤਾਂ ਦੁਆਰਾ ਚੁਣਿਆ ਗਿਆ ਇਹ ਲੋਕਤੰਤਰ ਵਿਰੋਧੀ ਬਦਲ (ਜੋ ਉਨ੍ਹਾਂ ਦੇ ਲੋਕਤੰਤਰ ਸਮਰਥਕ ਮੁਹਾਵਰੇ ਨੂੰ ਸਾਫ ਤੌਰ ਤੇ ਰੱਦ ਕਰਦਾ ਹੈ ਜੋ ਕੂੜ ਪ੍ਰਚਾਰ ਦੇ ਸੈਲਾਬ ਤੱਕ ਸਾਡੇ ਤੱਕ ਪਹੁੰਚਾਇਆ ਜਾਂਦਾ ਹੈ) ਇਸਲਾਮਕ ਸੱਤਾਵਾਂ ਦੁਆਰਾ ਕੀਤੀਆਂ ਜਾਣ ਵਾਲੀਆਂ ਸੰਭਾਵਿਤ ਵਧੀਕੀਆਂ ਨੂੰ ਸਵੀਕਾਰ ਕਰ ਲੈਂਦਾ ਹੈ। ਫਾਸ਼ੀਵਾਦ ਦੀਆਂ ਦੂਜੀਆਂ ਕਿਸਮਾਂ ਦੀ ਤਰ੍ਹਾਂ ਤੇ ਬਿਲਕੁਲ ਉਨ੍ਹਾਂ ਹੀ ਕਾਰਨਾਂ ਦੇ ਚੱਲਦੇ ਇਹ ਵਧੀਕੀਆਂ ਦਰਅਸਲ ਉਨ੍ਹਾਂ ਦੀ ਵਿਚਾਰ ਵਿਧੀ ਵਿਚ 'ਅਨੁਵੰਸ਼ਕ' (ਪੀੜ੍ਹੀ-ਦਰ-ਪੀੜ੍ਹੀ) ਤੌਰ ਤੇ ਪਰਿਪੂਰਨ ਹਨ : ਜਿਵੇਂ, ਨੇਤਾ ਦੇ ਸਾਹਮਣੇ ਕੋਈ ਸਵਾਲ ਕੀਤੇ ਬਗੈਰ ਸਮਰਪਣ ਕਰ ਦੇਣਾ, ਰਾਜਕੀ ਧਰਮ ਪ੍ਰਤੀ ਆਧੀਨਤਾ ਦਾ ਸਨਕਪੂਰਨ ਉਤਸ਼ਾਹ ਅਤੇ ਇਸ ਆਧੀਨਤਾ ਨੂੰ ਥੋਪਣ ਲਈ ਨਾਗਰਿਕ ਸੈਨਾ ਜੱਥਿਆਂ ਦਾ ਗਠਨ। ਅਸਲ ਵਿਚ, ਇਸ ਗੱਲ ਨੂੰ ਸਮਝਣ ਵਿਚ ਅੜਚਨ ਨਹੀਂ ਹੋਣੀ ਚਾਹੀਦੀ ਕਿ 'ਇਸਲਾਮਿਕ' ਮੁਹਿੰਮ ਦੇ ਬਦਲੇ ਹੋਏ ਵਿਕਾਸ ਇਕ ਘਰੇਲੂ ਯੁੱਧ ਦੇ ਤੌਰ ਤੇ ਹੀ ਹੋਣੀ ਹੈ (ਸੁੰਨੀ ਅਤੇ ਸ਼ੀਆ ਸਮੇਤ ਹੋਰਾਂ ਵਿਚ) ਅਤੇ ਇਸਦਾ ਨਤੀਜਾ ਇਕ ਸਥਾਈ ਅਪ੍ਰਬੰਧ ਤੋਂ ਇਲਾਵਾ ਕੁਝ ਵੀ ਨਹੀਂ ਨਿਕਲਣਾ ਹੈ। ਇਸ ਦਾ ਅਰਥ ਕਿ ਅਜਿਹੀਆਂ ਇਸਲਾਮਿਕ ਤਾਕਤਾਂ ਇਸ ਗੱਲ ਦੀ ਗਰੰਟੀ ਦਿੰਦੀਆਂ ਹਨ ਕਿ ਇਸਦੇ ਆਧੀਨ ਜੋ ਸਮਾਜ ਹੋਵੇਗਾ ਉਹ ਵਿਸ਼ਵ ਪਰਦੇ ਤੇ ਆਪਣੀ ਅਵਾਜ਼ ਉਠਾਉਣ ਤੋਂ ਬਿਲਕੁਲ ਅਸਮਰੱਥ ਹੋਣਗੇ। ਯਾਨਿ ਇਹ ਸਾਫ ਹੈ ਕਿ ਪਤਨਮੁੱਖ ਅਮਰੀਕਾ ਨੇ ਇਕ ਸਥਿਰ ਅਤੇ ਕੰਮਜ਼ੋਰ ਸਥਾਨਕ ਸਰਕਾਰ ਦੇ ਰੂਪ ਵਿਚ ਕੁਝ ਬੇਹਤਰ ਦੇਣ ਦਾ ਕੰਮ ਹੀ ਛੱਡ ਦਿੱਤਾ ਹੈ ਕਿਉਂਕਿ ਉਸਦਾ ਸਮਰਥਨ 'ਦੂਸਰੇ ਬਿਹਤਰ' ਨੂੰ ਹੈ।

ਕੁਝ ਅਜਿਹੀ ਗਤੀ ਅਰਬ-ਮੁਸਲਿਮ ਜਗਤ ਦੇ ਬਾਹਰ ਵੀ ਵੇਖਣ ਨੂੰ ਮਿਲ ਰਹੀ ਹੈ, ਜਿਵੇਂ ਭਾਰਤ ਵਿੱਚ। ਹਾਲ ਹੀ ਵਿਚ ਆਪ ਚੋਣਾਂ ਜਿੱਤੀ ਭਾਰਤੀ ਜਨਤਾ ਪਾਰਟੀ ਇਕ ਪਿਛਾਖੜੀ ਹਿੰਦੂ ਧਾਰਮਿਕ ਪਾਰਟੀ ਹੈ ਜੋ ਵਿਸ਼ਵੀ ਨਵਉਦਾਰਵਾਦ ਦੇ ਅੰਦਰ ਆਪਣੀ ਸਰਕਾਰ ਦੇ ਦਖਲ ਨੂੰ ਸਵੀਕਾਰ ਕਰਦੀ ਹੈ। ਉਹ ਇਸ ਗੱਲ ਦੀ ਗਰੰਟੀ ਦਿੰਦੀ ਹੈ ਕਿ ਉਸਦੀ ਸਰਕਾਰ ਦੇ ਅੰਤਰਗਤ ਭਾਰਤ ਉਭਰਦੀ ਹੋਈ ਤਾਕਤ ਬਣਨ ਦੇ ਆਪਣੇ ਪ੍ਰੋਜੈਕਟ ਤੋਂ ਪਿੱਛੇ ਹਟ ਜਾਏਗਾ। ਇਸਦਾ ਮਤਲਬ ਕਿ ਇਸਨੂੰ ਫਾਸ਼ੀਵਾਦੀ ਕਹਿਣਾ ਅਸਲ ਵਿਚ ਬਹੁਤ ਗਲਤ ਨਹੀਂ ਹੋਵੇਗਾ।

ਸਿੱਟੇ ਦੇ ਤੌਰ ਤੇ ਕਿਹਾ ਜਾਵੇ ਤਾਂ ਪੱਛਮ, ਪੂਰਬ ਅਤੇ ਦੱਖਣ ਵਿਚ ਫਾਸ਼ੀਵਾਦ ਵਾਪਸ ਆ ਗਿਆ ਹੈ ਅਤੇ ਉਹ ਵਾਪਸੀ ਸੁਭਾਵਕ ਤੌਰ ਤੇ ਵਿੱਤੀਕ੍ਰਿਤ ਵਿਸ਼ਵੀਕ੍ਰਿਤ ਏਕਾਧਿਕਾਰੀ ਪੂੰਜੀਵਾਦ ਦੇ ਅੰਦਰੂਨੀ ਸੰਕਟਾਂ ਦੇ ਵਿਸਥਾਰ ਨਾਲ ਜੁੜੀ ਹੈ। ਭਾਰੀ ਦਬਾਅ ਹੇਠ ਕੰਮ ਕਰ ਰਹੇ ਇਸ ਪ੍ਰਬੰਧ ਪਸਾਰਵਾਦੀ ਕੇਂਦਰਾਂ ਦੁਆਰਾ ਅਸਲ ਵਿਚ ਜਾਂ ਸੁਭਾਵਿਕ ਤੌਰ ਤੇ ਵੀ ਫਾਸ਼ੀਵਾਦੀ ਅੰਦੋਲਨਾਂ ਦੇ ਔਜਾਰਾਂ ਵੱਲ ਕੋਈ ਵੀ ਵਾਪਸੀ ਸਾਡੇ ਵੱਲੋਂ ਸਭ ਤੋਂ ਜਿਆਦਾ ਚੁਕੰਨੇ ਹੋਣ ਦੀ ਮੰਗ ਕਰਦੀ ਹੈ। ਇਸ ਸੰਕਟ ਦੀ ਨੀਤੀ ਹੈ ਕਿ ਇਹ ਹੋਰ ਬੁਰਾ ਹੋਵੇਗਾ, ਵਧੇਗਾ ਅਤੇ ਨਤੀਜਨ ਫਾਸ਼ੀਵਾਦੀ ਹੱਲ ਦੀ ਪਨਾਹ 'ਚ ਜਾਣ ਦਾ ਭੈਅ ਇਕ ਅਸਲ ਖਤਰਾ ਬਣਦਾ ਜਾਵੇਗਾ। ਨੇੜਲੇ ਭਵਿੱਖ ਵਿਚ ਫਿਲਹਾਲ ਅਮਰੀਕਾ ਦੁਆਰਾ ਯੁੱਧ ਥੋਪਣ ਦੀ ਇਛਾ ਨੂੰ ਹਿਲੇਰੀ ਕਲਿੰਟਨ ਦਾ ਸਮਰਥਨ ਬੁਰੀ ਖਬਰ ਲੈ ਕੇ ਆ ਰਿਹਾ ਹੈ।

**'ਸਮਕਾਲੀ ਤੀਸਰੀ ਦੁਨੀਆ' 'ਚੋਂ ਧੰਨਵਾਦ ਸਹਿਤ**

# ਸੇਵੇਵਾਲਾ ਦੀ ਸ਼ਹੀਦ ਮਾਤਾ ਸਦਾਂ ਕੌਰ ਦਾ ਇਤਿਹਾਸ ਪੇਸ਼ਾਵਰ 'ਚ ਮੁੜ ਦੁਹਰਾਇਆ ਗਿਆ

**ਹਰਿੰਦਰ ਕੁਮਾਰ ਜੀਤ**

ਸੇਵੇਵਾਲਾ ਦੀ ਦਲਿਤ ਧਰਮਸਾਲਾ 'ਚ ਜਦੋਂ ਜਬਰ ਅਤੇ ਫਿਰਕਾਪ੍ਰਸਤੀ ਵਿਰੋਧੀ ਫ੍ਰੰਟ ਦੇ ਇਕ ਸਭਿਆਚਾਰਕ ਪ੍ਰੋਗ੍ਰਾਮ ਚ ਜੁੜੇ ਮੇਹਨਤਕਸ਼ ਅਤੇ ਕਮਾਊ ਲੋਕਾਂ ਤੇ ਏ ਕੇ ਸੰਤਾਲੀਆਂ ਨਾਲ ਲੈਸ ਖਾਲਿਸਤਾਨੀ ਦਰਿੰਦਿਆਂ ਨੇਂ ਹਮਲਾ ਕਰਕੇ ਲੋਕਾਂ ਤੇ ਅੰਨ੍ਹੇਵਾਹ ਮੌਤ ਦੀ ਵਾਛੜ ਕਰਨੀ ਸ਼ੁਰੂ ਕੀਤੀ ਸੀ ਤਾਂ ਖੇਤ ਮਜ਼ਦੂਰ ਲਹਿਰ ਦੀ ਵਿਰਾਂਗਨਾ ਮਾਤਾ ਸਦਾਂ ਕੌਰ ਨੇ ਖਾਲਿਸਤਾਨੀਆਂ ਨੂੰ ਵੰਗਾਰਦੇ ਹੋਏ ਹਿੱਕ ਤਾਣ ਕੇ ਕਿਹਾ ਸੀ, "ਮੇਰੇ ਪੁੱਤਾਂ ਨੂੰ ਮਾਰਨ ਤੋਂ ਪੈਹਲਾਂ ਮੇਰੀ ਹਿੱਕ ਚ ਗੋਲੀ ਮਾਰੋ" ਅਤੇ ਉਹ ਪੂਰੇ ਜੋਰ ਨਾਲ "ਖਾਲਿਸਤਾਨੀ ਦਹਿਸ਼ਤਗਰਦ – ਮੁਰਦਾਬਾਦ" ਦੇ ਨਾਹਰੇ ਲਾਉਣ ਲਗ ਪਈ ਸੀ? ਵੈਹਿਸ਼ੀ ਦਰਿੰਦਿਆਂ ਨੇਂ ਉਹਦੀ ਹਿੱਕ ਏ ਕੇ ਸੰਤਾਲੀ ਦੀਆਂ ਗੋਲੀਆਂ ਨਾਲ ਛਾਨਣੀ ਕਰ ਦਿੱਤੀ ਸੀ? ਮਰਦੇ ਦਮ ਤਕ ਉਹ ਦਹਿਸ਼ਤ ਗਰਦਾਂ ਨੂੰ ਵੰਗਾਰਦੀ ਰਹੀ ਸੀ ?

ਪਿਸ਼ਾਵਰ ਦੇ ਆਰਮੀ ਪਬਲਿਕ ਸਕੂਲ ਦੀ ਇੱਕ ਅਧਿਆਪਕਾ - ਅਫਸ਼ਾ ਅਹਿਮਦ, ਜਿਸ ਦੀ ਉਮਰ ਸਿਰਫ ਚੌਵੀ ਸਾਲ ਸੀ, ਨੇਂ ਵੀ ਬੁਜ਼ਦਿਲ ਪਰ ਵਹਿਸ਼ੀ ਕਾਤਲਾਂ ਦਾ ਓਸੇ ਧੜਲੇ ਨਾਲ ਸਾਹਮਣਾ ਕੀਤਾ ਜਿਸ ਤਰਾਂ ਮਾਤਾ ਸਦਾਂ ਕੌਰ ਨੇਂ ਕੀਤਾ ਸੀ? ਉਸਨੇ ਗਰਜਦਿਆਂ ਦਹਿਸ਼ਤਗਰਦਾਂ ਨੂੰ ਚੁਨੌਤੀ ਦਿੰਦਿਆਂ ਕਿਹਾ ''ਤੁਹਾਨੂੰ ਪਹਿਲਾਂ ਮੈਨੂੰ ਮਾਰਨਾ ਪਵੇਗਾ ਕਿਉਂਕਿ ਮੈਂ ਆਪਣੇ ਬੱਚਿਆਂ ਦੀਆਂ ਲਾਸ਼ਾਂ ਦਾ ਢੇਰ ਸਾਹਮਣੇ ਲੱਗਿਆ ਨਹੀਂ ਵੇਖਣਾ।" ਦਰਿੰਦਿਆਂ ਨੇਂ ਉਸ ਨੂੰ ਮਾਰ ਦਿੱਤਾ, ਜਿਊਂਦਿਆਂ ਸਾੜ ਦਿੱਤਾ ਪਰ ਮਨੁੱਖਤਾ ਦੇ ਬਦਤਰੀਨ ਤੇ ਬੇਹਤਰੀਨ



ਜਜ਼ਬਿਆਂ ਵਿਚਕਾਰ ਜੰਗ ਹਾਲੇ ਮੁੱਕੀ ਨਹੀਂ ਸੀ। ਬਚ ਗਿਆ ਇੱਕ ਜਖਮੀ ਵਿਦਿਆਰਥੀ ਦਸਦਾ ਹੈ, "ਜਦੋਂ ਉਹ ਬਲ ਰਹੀ ਸੀ, ਉਦੋਂ ਵੀ ਉਹ ਸਾਨੂੰ ਦੌੜ ਜਾਣ ਅਤੇ ਆਸਰਾ ਤਲਾਸ਼ਣ ਲਈ ਚੀਖ ਰਹੀ ਸੀ।"

ਦੋਸਤ ਸੁਦੀਪ ਸਿੰਘ ਬਿਲਕੁਲ ਠੀਕ ਕੈਹੰਦਾ ਹੈ, "ਅਫਸ਼ਾ ਅਹਿਮਦ, ਤੂੰ ਸਾਡੀ ਸ਼ਹੀਦ ਹੈਂ। ਤੂੰ ਮਨੁੱਖਤਾ ਦੀ ਸ਼ਹੀਦ ਹੈਂ। ਸਾਨੂੰ ਇਹ ਦੱਸਣ ਲਈ ਸ਼ੁਕਰੀਆ ਕਿ ਮਨੁੱਖੀ ਇਖਲਾਕ ਏ.ਕੇ 47 ਦੇ ਗਰੂਰ ਨਾਲੋਂ ਵੱਧ ਤਾਕਤਵਰ ਹੁੰਦਾ ਹੈ।"

ਸੇਵੇਵਾਲਾ ਚ ਵੀ ਇਹੀ ਹੋਇਆ ਸੀ, ਨੌਜਵਾਨ ਜਗਪਾਲ ਕਾਤਲਾਂ ਤੋਂ ਬਚ ਸਕਦਾ ਸੀ ਪਰ ਉਹਨੇ ਮਾਸੂਮ ਬੱਚਿਆਂ ਨੂੰ ਕੰਧ ਤੋਂ ਟਪਾ ਕੇ ਬਚਾਉਂਦਿਆਂ ਸ਼ਹੀਦੀ ਜਾਮ ਪੀਤਾ ? ਮੇਘ ਰਾਜ





ਭਗਤੂਆਨਾ ਨੇਂ ਲੋਕਾਂ ਦੀ ਰਾਖੀ ਕਰਦਿਆਂ ਆਵਦੀ ਜਾਨ ਕੁਰਬਾਨ ਕੀਤੀ ?

ਪੰਜਾਬ, ਦਿੱਲੀ, ਗੁਜਰਾਤ ਅਤੇ ਪੇਸ਼ਾਵਰ ਗਵਾਹ ਹਨ ਇਸ ਗੱਲ ਦੇ ਕੇ ਫਿਰਕੂ ਫਾਸ਼ੀ ਟੋਲਿਆਂ ਦੀ ਖਸਲਤ ਇਕੋ ਜੇਹੀ ਹੈ, ਮਾਸੂਮਾਂ ਪ੍ਰਤੀ ਉਹਨਾਂ ਦੀ ਦਰਿੰਦਗੀ ਅਤੇ ਵੈਹਸ਼ਿਤ ਇੱਕੋ ਜੇਹੀ ਹੈ? ਪੰਜਾਬ ਚ ਬਸਾਂ ਗਡੀਆਂ ਅਤੇ ਬਜਾਰਾਂ ਆਦ ਚ ਮਾਰੇ ਲੋਕਾਂ ਦਾ, ਦਿੱਲੀ ਚ ਗਲਾਂ ਚ ਟਾਇਰ ਪਾ ਕੇ ਸਾੜੇ ਲੋਕਾਂ ਦਾ, ਗੁਜਰਾਤ ਦੇ ਨਰੋੜਾ ਪਟੀਆ, ਬੇਸਟ ਬੇਕਰੀ ਅਤੇ ਗੁਲਬਰਗ ਸੁਸਾਈਟੀ ਆਦ ਥਾਵਾਂ ਤੇ ਮਾਰੇ ਲੋਕਾਂ ਦੇ ਖੂਨ ਦਾ ਰੰਗ ਇੱਕੋ ਹੈ ?

ਆਓ ਨਿਰਦੋਸ਼ ਅਤੇ ਮਾਸੂਮਾਂ ਦੇ ਇਸ ਪਵਿੱਤਰ ਖੂਨ ਦੀ ਕਸਮ ਖਾ ਕੇ ਇਹ ਪ੍ਰਣ ਕਰੀਏ, ਕਿ ਅਸੀਂ ਫਿਰਕੂ ਦੇਹਿਸ਼ਤ ਗਰਦੀ - ਚਾਹੇ ਉਹ ਕਿਸੇ ਵੀ ਵੰਨਗੀ ਦੀ ਹੋਵੇ, ਨੂੰ ਲੱਕ ਤੋੜਵੀਂ ਹਾਰ ਦੇਵਾਂਗੇ ? ਹਰ ਉਹ ਸਿਆਸਤ ਜੋ ਲੋਕਾਂ ਚ ਫਿਰਕੂ ਵੰਡੀਆਂ ਪਾਉਂਦੀ ਹੋਵੇ ਨੂੰ ਭਾਂਜ ਦੇਵਾਂਗੇ, ਪੰਜਾਬ, ਦਿੱਲੀ, ਗੁਜਰਾਤ, ਅਤੇ ਪੇਸ਼ਾਵਰ ਆਦ ਮੁੜ ਦੁਹਰਾਉਣ ਨਹੀਂ ਦੇਵਾਂਗੇ।



## ਊਧਮ ਸਿੰਘ ਦੇ ਜਨਮ ਦਿਨ ਤੇ ਵਿਸ਼ੇਸ਼

# ਭਗਤ ਸਿੰਘ ਮੇਰਾ ਸਭ ਤੋਂ ਵਧੀਆ ਦੋਸਤ : ਊਧਮ ਸਿੰਘ

**ਰਾਕੇਸ਼ ਕੁਮਾਰ**

ਊਧਮ ਸਿੰਘ ਭਗਤ ਸਿੰਘ ਨੂੰ ਆਪਣਾ ਸਭ ਤੋਂ ਵਧੀਆ ਦੋਸਤ ਸਮਝਦਾ ਸੀ। ਉਸ ਨੇ 30 ਮਾਰਚ 1940 ਨੂੰ ਬਰਿਕਸਟਨ ਜੇਲ੍ਹ ਚੋਂ ਅਪਣੇ ਦੋਸਤ ਜ਼ੋਹਲ ਸਿੰਘ ਨੂੰ ਲਿਖੇ ਪੱਤਰ 'ਚ ਲਿਖਿਆ ਸੀ।

"ਮੈਂ ਮਰਨ ਤੋਂ ਕਦੇ ਵੀ ਨਹੀਂ ਡਰਿਆ ਸੋ ਮੈਂ ਜਲਦੀ ਹੀ ਮੌਤ ਨਾਲ ਵਿਆਹ ਕਰਲਵਾਂਗਾ। ਮੈਨੂੰ ਇਸ ਬਾਰੇ ਕੋਈ ਅਫਸੋਸ ਨਹੀਂ ਕਿਉਂਕਿ ਮੈਂ ਅਪਣੇ ਦੇਸ਼ ਦਾ ਸਿਪਾਹੀ ਹਾਂ ਇਸ ਨੂੰ 10 ਸਾਲ ਹੋ ਗਏ ਹਨ। ਜਦੋਂ ਮੇਰਾ ਸਭ ਤੋਂ ਵਧੀਆਂ ਦੋਸਤ ਮੈਨੂੰ ਪਿੱਛੇ ਛੱਡ ਕੇ ਚਲਾ ਗਿਆ ਅਤੇ ਮੇਰਾ ਯਕੀਨ ਹੈ ਕਿ ਮੇਰੇ ਮਰਨ ਤੋਂ ਬਾਅਦ ਮੈਂ ਉਸ ਨੂੰ ਮਿਲਾਂਗਾ ਕਿਉਂਕਿ ਉਹ ਮੇਰਾ ਇੰਤਜ਼ਾਰ ਕਰ ਰਿਹਾ ਹੈ ਇਹ 23 ਤਾਰੀਕ ਸੀ ਅਤੇ ਮੇਰੀ ਉਮੀਦ ਹੈ ਕਿ ਇਹ ਮੈਨੂੰ ਵੀ ਉਸੇ ਤਾਰੀਕ ਨੂੰ ਫਾਂਸੀ ਦੇਣਗੇ।"

ਊਧਮ ਸਿੰਘ ਨੇ 5 ਅਪ੍ਰੈਲ 1940 ਨੂੰ ਬਰਿਕਸਟਨ ਜੇਲ੍ਹ 'ਚੋ ਲਿਖੇ ਇੱਕ ਹੋਰ ਪੱਤਰ 'ਚ ਭਗਤ ਸਿੰਘ ਸਬੰਧੀ ਲਿਖਿਆ।

"ਮੇਰਾ ਪਿਆਰਾ ਦੋਸਤ ਸਿਰਫ ਇੱਕ ਹੀ ਜਿਹੜਾ ਮੈਂ ਬਣਾਇਆ ਮੈਨੂੰ ਪਿੱਛੇ ਛੱਡ ਗਿਆ ਹੈ। ਮੈਂ ਨਹੀਂ ਕਿਹਾ ਪਰ ਕਹਿਣਾ ਚਾਹਾਂਗਾ ਅਤੇ ਆਪਣੀ ਜ਼ਿੰਦਗੀ ਵਿੱਚ ਕਦੇ ਵੀ ਨਹੀਂ ਦੱਸਿਆ ਪਰ ਉਸ ਤੋਂ ਬਿਨਾ ਜਿਉਣ ਦਾ ਕੋਈ ਫਾਇਦਾ ਨਹੀਂ ਉਸ ਨੂੰ ਫਾਂਸੀ ਦਿੱਤੀ ਗਈ ਸੀ ਅਤੇ ਉਹ ਆਪਣੇ ਵਧੀਆਂ ਦੋਸਤ ਨੂੰ ਪਿੱਛੇ ਛੱਡ ਗਿਆ। ਇਸ ਕਰਕੇ ਜਿਵੇਂ ਉਹ ਗਿਆ ਮੈਂ ਵੀ ਉਵੇਂ ਹੀ ਮਰਨਾ ਚਾਹੁੰਦਾ ਹਾਂ ਪਰ ਉਸ ਨੂੰ ਰਾਤ ਨੂੰ ਫਾਂਸੀ ਦਿੱਤੀ ਗਈ ਸੀ। ਮੈਨੂੰ ਹੋ ਸਕਦਾ ਹੈ ਸਵੇਰੇ ਮਿਲੇ"।

ਅਸੈਂਬਲੀ ਬੰਬ ਕੇਸ ਪਿੱਛੋਂ ਭਗਤ ਸਿੰਘ ਤੇ ਬੀ. ਕੇ.ਦੱਤ ਨੂੰ ਉਮਰ ਕੈਦ ਦੀ ਸਜ਼ਾ ਹੋਣ ਤੋ ਬਾਅਦ ਭਗਤ ਸਿੰਘ ਨੂੰ ਮੀਆਂਵਾਲੀ ਜੇਲ੍ਹ ਤੇ ਬੀ. ਕੇ. ਦੱਤ ਨੂੰ ਕੇਂਦਰੀ ਜੇਲ੍ਹ ਲਾਹੌਰ ਵਿੱਚ ਹੀ ਰਹਿਣ ਦਿੱਤਾ ਗਿਆ। ਜੇਲ੍ਹ ਅੰਦਰ ਵੀ ਇਹਨਾਂ ਇਨਕਲਾਬੀਆਂ ਦਾ ਸੰਘਰਸ਼ ਜਾਰੀ ਰਿਹਾ। ਸਿਆਸੀ ਕੈਦੀ ਦੀਆਂ ਸਹੂਲਤਾਂ, ਚੰਗੀ ਖੁਰਾਕ, ਹਰ ਤਰ੍ਹਾਂ ਦਾ ਸਾਹਿਤ (ਇਤਿਹਾਸ, ਅਰਥ ਸ਼ਾਸਤਰ, ਰਾਜਨੀਤਕ, ਵਿਗਿਆਨ, ਕਵਿਤਾ ਅਖਬਾਰ) ਆਦਿ ਮਿਲਣ ਦੀ ਮੰਗ ਨੂੰ ਲੈ ਕੇ 15 ਜੂਨ 1929 ਨੂੰ ਭਗਤ ਸਿੰਘ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਸੀ। ਭਗਤ ਸਿੰਘ ਦੀ ਭੁੱਖ ਹੜਤਾਲ ਦਾ ਪਤਾ ਲੱਗਣ ਤੇ ਬੀ. ਕੇ. ਦੱਤ ਨੇ ਵੀ ਅਪਣੀ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ, 13 ਜੁਲਾਈ 1929 ਤੋਂ ਲਾਹੌਰ ਸਾਜ਼ਿਸ ਕੇਸ ਦੇ ਦੂਸਰੇ ਸਾਥੀਆਂ ਜੋ ਬੋਰਸਟਲ ਜੇਲ੍ਹ ਲਾਹੌਰ ਵਿੱਚ ਸਨ ਨੇ ਵੀ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ।

ਜੇਲ੍ਹ ਵਿੱਚ ਊਧਮ ਸਿੰਘ ਨੇ ਵੀ ਭਗਤ ਸਿੰਘ ਦਾ ਰਾਹ ਚੁਣਿਆ। ਉਸਨੇ ਜੇਲ੍ਹ ਵਿੱਚ ਭੁੱਖ ਹੜਤਾਲ ਕਰ ਦਿੱਤੀ ਮੰਗਾ ਰੱਖੀਆਂ ਕਿ ਉਸ ਨੂੰ 10 ਦਿਨਾਂ ਦੀ ਥਾਂ ਹਰ ਰੋਜ਼ ਨਹਾਉਣ ਦੀ ਸਹੂਲਤ ਦਿੱਤੀ ਜਾਵੇ, ਉਸ ਦੇ ਦੋਸਤਾਂ ਵੱਲੋਂ ਭੇਜੀਆਂ ਕਿਤਾਬਾਂ ਉਸਨੂੰ ਪੜ੍ਹਨ ਦਿੱਤੀਆਂ ਜਾਣ, ਲਿਖਣ ਤੇ ਪੜ੍ਹਨ ਲਈ ਉਸ ਦੀਆਂ ਐਨਕਾਂ ਵਾਪਸ ਕੀਤੀਆਂ ਜਾਣ ਆਦਿ ਉਹ 26 ਅਪ੍ਰੈਲ 1940 ਤੋਂ 6 ਜੂਨ 1940 ( 42 ਦਿਨ) ਭੁੱਖ ਹੜਤਾਲ ਤੇ ਰਿਹਾ। 6 ਜੂਨ 1940 ਨੂੰ ਜੇਲ੍ਹ 'ਚ ਡਾਕਟਰਾਂ ਵਲੋਂ ਉਸ ਨੂੰ ਜਬਰਦਸਤੀ ਭੋਜਨ ਨਲੀ ਵਾਲੀ ਪਾਈਪ ਰਾਹੀਂ ਖਾਣਾ ਦੇਣਾ ਸ਼ੁਰੂ ਕੀਤਾ ਗਿਆ।

ਭਗਤ ਸਿੰਘ ਦੀ ਮਾਤਾ ਵਿੱਦਿਆਵਤੀ ਦਾ ਕਹਿਣਾ ਸੀ ਕਿ ਭਗਤ ਸਿੰਘ ਘਰ ਕੰਮ ਕਰਦਾ ਇਧਰ ਉਧਰ ਫਿਰਦਿਆਂ ਕਰਤਾਰ ਸਿੰਘ ਸਰਾਭਾ ਦੀਆਂ ਇਹ ਸਤਰਾ

**"ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ**
**ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ**
**ਜਿਨ੍ਹਾਂ ਦੇਸ਼ ਸੇਵਾ ਵਿੱਚ ਪੈਰ ਧਰਏ**
**ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ"**

ਗਾਉਂਦਾ ਸੀ ਤੇ ਪਿਆਰ ਨਾਲ ਕਹਿੰਦਾ ਸੀ ਕਿ ਬੇਬੇ ਜੀ ਇਹ ਸ਼ੇਅਰ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਹੈ। ਕਰਤਾਰ ਸਿੰਘ ਸਰਾਭਾ ਊਧਮ ਸਿੰਘ ਦਾ ਵੀ ਆਦਰਸ਼ ਸੀ। ਊਧਮ ਸਿੰਘ ਜਿਹੜੇ ਕਾਗਜ਼ 5 ਜੂਨ 1940 ਨੂੰ ਅਦਾਲਤ ਵਿੱਚ ਲੈਕੇ ਗਿਆ ਉਸ ਵਿੱਚ ਵੀ ਇਹ ਲਾਈਨਾਂ ਗੁਰਮੁੱਖੀ 'ਚ ਊਧਮ ਸਿੰਘ ਨੇ ਆਪਣੇ ਹੱਥ ਨਾਲ ਲਿਖੀਆਂ ਸਨ।



ਸੰਨ 1930 'ਚ ਭਗਤ ਸਿੰਘ ਨੇ ਸ਼ਿਵ ਵਰਮਾ ਨੂੰ ਕਿਹਾ ਸੀ।

ਇਨਕਲਾਬ ਤੋਂ ਸਾਡਾ ਕੀ ਮੰਤਵ ਹੈ, ਸਪਸ਼ਟ ਹੈ। ਇਸ ਸਦੀ ਵਿੱਚ ਇਸਦਾ ਸਿਰਫ ਇੱਕ ਹੀ ਮਤਲਬ ਹੋ ਸਕਦਾ ਹੈ ਜਨਤਾ ਲਈ, ਜਨਤਾ ਦਾ ਰਾਜਨੀਤਕ ਤਾਕਤ ਤੇ ਕਬਜ਼ਾ। ਅਸਲ ਵਿੱਚ ਇਹ ਹੈ 'ਇਨਕਲਾਬ' ਬਾਕੀ ਸਭ ਬਗਾਵਤਾਂ ਤਾਂ ਸਿਰਫ ਮਾਲਕਾਂ ਦੀ ਤਬਦੀਲੀ ਕਰਕੇ ਪੂੰਜੀਵਾਦੀ ਸੜਿਆਂਦ ਨੂੰ ਹੀ ਅੱਗੇ ਤੋਰਦੀਆਂ ਹਨ। ਵਿੱਚ ਵੀ ਅਸੀਂ ਭਾਰਤੀ ਕਿਰਤੀ ਦੇ ਰਾਜ ਤੋਂ ਘੱਟ ਕੁੱਝ ਨਹੀਂ ਚਾਹੁੰਦੇ ਹਾਂ ਭਾਰਤੀ ਕਿਰਤੀ ਨੇ, ਭਾਰਤ ਅੰਦਰ ਸਾਮਰਾਜੀਵਾਦੀ ਅਤੇ ਉਨ੍ਹਾਂ ਮਦਦਗਾਰਾਂ ਨੂੰ, ਜੋ ਕਿ ਉਸ ਆਰਥਿਕ ਸਿਸਟਮ ਜਿਸ ਦੀਆਂ ਜੜ੍ਹਾਂ ਲੁੱਟ 'ਤੇ ਆਧਾਰਿਤ ਹਨ, ਦੇ ਪੈਰੋਕਾਰ ਹਨ, ਹਟਾ ਕੇ ਅੱਗੇ ਆਉਣਾ ਹੈ। ਸਾਮਰਾਜਵਾਦ ਨੂੰ ਗੱਦੀਉਂ ਲਾਹੁਣ ਲਈ ਭਾਰਤ ਦਾ ਇੱਕੋ ਇੱਕ ਹਥਿਆਰ ਕਿਰਤੀ ਇਨਕਲਾਬ ਹੈ। ਕੋਈ ਹੋਰ ਚੀਜ਼ ਉਸ ਉਦੇਸ਼ ਦੀ ਪੂਰਤੀ ਨਹੀਂ ਕਰ ਸਕਦੀ।

ਇਨਕਲਾਬ ਮਿਹਨਤੀ ਵਿਚਾਰਕਾਂ ਅਤੇ ਮਿਹਨਤੀਕਾਰਕੁਨਾਂ ਦੀ ਪੈਦਾਇਸ਼ ਹੁੰਦਾ ਹੈ ਬਦਕਿਸਮਤੀ ਨੂੰ ਭਾਰਤੀ ਇਨਕਲਾਬ ਦਾ ਬੌਧਿਕ ਪੱਖ ਹਮੇਸ਼ਾ ਕਮਜ਼ੋਰ ਰਿਹਾ ਹੈ ਇਸ ਲਈ ਇਨਕਲਾਬ ਦੀਆਂ ਜ਼ਰੂਰੀ ਗੱਲਾਂ ਅਤੇ ਕੀਤੇ ਗਏ ਕਾਰਜ ਦੇ ਪ੍ਰਭਾਵ ਵੱਲ ਧਿਆਨ ਨਹੀਂ ਦਿੱਤਾ ਗਿਆ। ਇਸ ਵਾਸਤੇ ਇੱਕ ਇਨਕਲਾਬੀ ਨੂੰ ਅਧਿਐਨ ਅਤੇ ਚਿੰਤਨ ਨੂੰ ਆਪਣੀ ਪਵਿੱਤਰ ਜ਼ਿੰਮੇਵਾਰੀ ਬਣਾ ਲੈਣਾ ਚਾਹੀਦਾ ਹੈ।

ਭਗਤ ਸਿੰਘ ਤੇ ਉਸ ਦੇ ਸਾਥੀਆਂ ਦਾ ਕਹਿਣਾ ਸੀ ਕਿ ਅਸੀ ਵਰਤਮਾਨ ਢਾਂਚੇ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਪੱਖਾਂ ਵਿੱਚ ਇਨਕਲਾਬੀ ਤਬਦੀਲੀਆਂ ਲਿਆਉਣ ਦੇ ਹੱਕ ਵਿੱਚ ਹਾਂ ਅਸੀ ਚਾਹੁੰਦੇ ਹਾਂ ਕਿ ਵਰਤਮਾਨ ਸਮਾਜ ਨੂੰ ਪੂਰੀ ਤਰ੍ਹਾਂ ਇੱਕ ਨਵੇਨਰੋਲੇ ਸਮਾਜ ਵਿੱਚ ਬਦਲਿਆ ਜਾਵੇ। ਇਸ ਤਰ੍ਹਾਂ ਮਨੁੱਖ ਦੇ ਹੱਥੋਂ ਮਨੁੱਖ ਦੀ ਲੁੱਟ ਅਸੰਭਵ ਬਣਾ ਕੇ ਸਾਰੇ ਲੋਕਾਂ ਲਈ ਸਭ ਖੇਤਰਾਂ ਵਿੱਚ ਪੂਰੀ ਆਜ਼ਾਦੀ ਯਕੀਨੀ ਬਣਾਈ ਜਾਵੇ।

ਊਧਮ ਸਿੰਘ ਨੇ 5 ਜੂਨ 1940 ਨੂੰ ਅਦਾਲਤ ਵਿੱਚ ਲੈਕੇ ਗਏ ਕਾਗਜਾਂ 'ਚੋਂ ਜਿਸ ਵਿਚੋਂ ਉਹ 25 ਮਿੰਟ ਬੋਲਦਾ ਰਿਹਾ। ਦੇਸ਼ ਦੀ ਆਜ਼ਾਦੀ ਬਾਰੇ ਲਿਖਿਆ ਮੈਂ ਮੌਤ ਦੀ ਸਜ਼ਾ ਤੋਂ ਨਹੀਂ ਡਰਦਾ। ਇਹ ਮੇਰੇ ਵਾਸਤੇ ਕੁਝ ਵੀ ਨਹੀਂ ਹੈ। ਮੈਨੂੰ ਮਰ ਜਾਣ ਦੀ ਵੀ ਕੋਈ ਪ੍ਰਵਾਹ ਨਹੀਂ ਇਸ ਬਾਰੇ ਮੈਨੂੰ ਫਿਕਰ ਨਹੀਂ ਮੈਂ ਕਿਸੇ ਮਕਸਦ ਲਈ ਮਰ ਰਿਹਾ ਹਾਂ ਅਸੀਂ ਬ੍ਰਿਟਿਸ਼ ਸਾਮਰਾਜ ਦੇ ਹੱਥੋਂ ਸਤਾਏ ਹੋਏ ਹਾਂ ਮੈਨੂੰ ਮਰਨ ਤੇ ਮਾਣ ਹੈ ਆਪਣੀ ਜਨਮ ਭੂਮੀ ਨੂੰ ਆਜ਼ਾਦ ਕਰਵਾਉਣ ਲਈ ਮੈਨੂੰ ਆਪਣੇ ਮਰਨ ਤੇ ਵੀ ਮਾਣ ਹੋਵੇਗਾ। ਮੈਨੂੰ ਉਮੀਦ ਹੈ ਕਿ ਜਦੋਂ ਮੈਂ ਚਲਾ ਗਿਆ ਤਾਂ ਮੇਰੇ ਹਜ਼ਾਰਾਂ ਦੇਸ਼ ਵਾਸੀ ਤੁਹਾਨੂੰ ਗੰਦੇ ਕੁੱਤਿਆਂ ਨੂੰ ਬਾਹਰ ਧੱਕਣਗੇ ਅਤੇ ਮੇਰੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਅੱਗੇ ਆਉਣਗੇ।

ਵੱਡੇ ਜ਼ਿੰਮੀਦਾਰ ਅਤੇ ਭਾਰਤ ਦੇ ਮਾਲਕ ਅਸਲ ਵਿੱਚ ਜਿਹੜੇ ਮੇਰੇ ਦੇਸ਼ ਦੇ ਜ਼ਰੂਰੀ ਉਦਯੋਗ ਦੇ ਮਾਲਕ ਹਨ ਅਤੇ ਉਨ੍ਹਾਂ ਦਾ ਉਦਯੋਗ ਤੇ ਕਬਜ਼ਾ ਹੈ ਇਹ ਆਪਣੀ ਲਾਲਸਾ ਅਤੇ ਲਾਲਚ ਲਈ ਮੇਰੇ ਦੇਸ਼ ਦੀ ਉਪਜ ਲੈ ਜਾਂਦੇ ਹਨ ਅਤੇ ਕਾਮਿਆਂ ਨੂੰ ਜਿਉਣ ਦੇ ਹੱਕ ਤੋਂ ਵਾਂਝਾਂ ਕਰ ਦਿੰਦੇ ਹਨ ਅਤੇ ਉਨ੍ਹਾਂ ਦੀ ਜ਼ਮੀਨੀ ਜਾਇਦਾਦ ਦਾ ਆਨੰਦ ਮਾਣਦੇ ਹਨ। ਇਹ ਮੇਰੇ ਦੇਸ਼ ਵਾਸੀਆ ਲਈ ਨਫਰਤ ਯੋਗ ਹੈ।

ਆਖੀਰ 'ਚ ਉਹ ਤਿੰਨ ਵਾਰ ਬੋਲਿਆ।

ਇਨਕਲਾਬ ਇਨਕਲਾਬ ਇਨਕਲਾਬ ਅਤੇ ਫੇਰ ਉੱਚੀ ਆਵਾਜ਼ 'ਚ ਬੋਲਿਆ ਬ੍ਰਿਟਿਸ ਸਾਮਰਾਜਵਾਦ ਮੁਰਦਾਬਾਦ, ਅੰਗਰੇਜ਼ ਕੁੱਤੇ ਮੁਰਦਾਬਾਦ, ਭਾਰਤ ਅਮਰ ਰਹੇ।

**ਮੋਬਾ: 97792-32276**

---

ਜਦ ਖਬਰ ਸੁਣੀ ਇਹ ਭੈੜੀ ਤਾਂ
ਸਾਡੀ ਅੱਖਾ ਚੋ ਨੀਰ ਬੈਹ ਗਿਆ
ਉਹ ਦੁੱਖ ਸੀ ਵਾਂਗ ਤਲਵਾਰ ਦੇ
ਦਿਲ ਸੀਨੇ ਚੋ ਚੀਰ ਲੈ ਗਿਆ
ਹੱਥ ਭਰੇ ਸੀ ਸਾਡੇ ਖੁਸੀਆ ਦੇ
ਕਿਉ ਹੱਥ ਖਾਲੀ ਬਾਟਾ ਰਹਿ ਗਿਆ
ਚਕਰ ਨੂੰ ਕਦੇ ਨਾ ਪੂਰਾ ਹੋਣ ਵਾਲਾ
ਕਿਉ ਰੱਬਾ ਘਾਟਾ ਪੈ ਗਿਆ
ਕਿਉ ਰੱਬਾ ਘਾਟਾ ਪੈ ਗਿਆ

(ਅਜਮੇਰ ਅਕਲ ਜੀ ਤੁਸੀ ਹਮੇਸਾ ਸਾਡੇ ਦਿਲਾ ਚ ਵੱਸਦੇ ਰਹੋਗੇ ਬੜੇ ਹੀ ਭਰੇ ਹੋਏ ਮਨ ਨਾਲ ਬਹੁਤ ਹੀ ਅਫਸੋਸ ਵਾਲੀ ਖਬਰ ਸਾਂਝੀ ਕਰ ਰਿਹਾਂ ਮੇਰੇ ਪਿੰਡ ਚਕਰ ਤੋਂ ਅੰਕਲ ਜੀ ਸਰਦਾਰ ਅਜਮੇਰ ਸਿੰਘ ਸਿੱਧੂ ਜ਼ਿਗਰ ਦੇ ਕੈਂਸਰ ਦੀ ਬੀਮਾਰੀ ਕਾਰਨ ਅੱਜ ਸਾਨੂੰ ਹਮੇਸ਼ਾਂ ਲਈ ਵਿਛੋੜਾ ਦੇ ਗਏ। ਪਿਛਲੇ ਕੁੱਝ ਦਿਨਾਂ ਤੋਂ ਓਹਨਾਂ ਦੇ ਦੁਬਾਰਾ ਸਿਹਤਮੰਦ ਹੋਣ ਲਈ ਪਿੰਡ ਦੇ ਹਰ ਛੋਟੇ ਬੱਚੇ ਤੋਂ ਲੈ ਕੇ ਹਰ ਬਜ਼ੁਰਗ ਨੇ ਅਰਦਾਸਾਂ ਕੀਤੀਆਂ ਪਰ ਓਸ ਉਪਰਵਾਲੇ ਨੂੰ ਅਜਮੇਰ ਅੰਕਲ ਦੀ ਜ਼ਿਆਦਾ ਹੀ ਜ਼ਰੂਰਤ ਸੀ। ਉਹਨਾ ਦੀ ਚੜ੍ਹਦੀ ਕਲ਼ਾ ਵਾਲੀ ਸ਼ਖਸ਼ੀਅਤ ਹਮੇਸ਼ਾਂ ਸਾਡੇ ਦਿਲਾਂ ਵਿੱਚ ਰਹੇਗੀ। **- ਕਰਮਜੀਤ ਸੰਧੂ**

## ਅਜਮੇਰ ਸਿੰਘ ਸਿੱਧੂ ਚੱਕਰ ਦੀ ਮੌਤ ਹੋਣ ਨਾਲ ਦੇਸ਼ਾਂ-ਵਿਦੇਸ਼ਾਂ 'ਚ ਸੋਗ ਦੀ ਲਹਿਰ

**- ਹਰਵਿੰਦਰ ਸਿੰਘ ਸੱਗੂ**

ਪੰਜਾਬ ਵਿੱਚੋਂ ਜਗਰਾਓਂ ਦੇ ਲਾਗੇ ਪਿੰਡ ਚਕਰ ਨੂੰ ਆਪਣੇ ਪੱਧਰ 'ਤੇ ਇਕ ਮਾਡਲ ਅਤੇ ਆਧੁਨਿਕ ਸਹੂਲਤਾਂ ਨਾਲ ਲੈੱਸ ਆਦਰਸ਼ ਪਿੰਡ ਬਣਾਉਣ ਵਾਲੇ ਉੱਘੇ ਸਮਾਜਸੇਵੀ ਅਜਮੇਰ ਸਿੰਘ ਸਿੱਧੂ ਦੀ ਸੋਮਵਾਰ ਨੂੰ ਕੈਨੇਡਾ ਵਿੱਚ ਅਚਾਨਕ ਮੌਤ ਦੀ ਖਬਰ ਆਉਣ ਨਾਲ ਪੰਜਾਬ ਹੀ ਨਹੀ ਬਲਕਿ ਵਿਦੇਸ਼ਾਂ ਵਿੱਚ ਵੀ ਉਨ੍ਹਾਂ ਦੇ ਸੁਨੇਹੀਆਂ ਵਿੱਚ ਭਾਰੀ ਸੋਗ ਦੀ ਲਹਿਰ ਫ਼ੈਲ ਗਈ ਹੈ। ਇਹ ਪਹਿਲਾ ਮੌਕਾ ਦੇਖਣ ਵਿਚ ਸਾਹਮਣੇ ਆ ਰਿਹਾ ਹੈ ਜਦੋਂ ਇਕ ਵਿਅਕਤੀ ਦੀ ਮੌਤ ਹੋਣ 'ਤੇ ਸਾਰੇ ਪਿੰਡ ਦੀਆਂ ਸੱਥਾਂ ਵਿਚ ਦਰੀਆਂ ਵਿਛ ਜਾਣ ਅਤੇ ਸਮੁੱਚਾ ਪਿੰਡ ਉਸ ਲਈ ਸੋਗਮਈ ਹੋ ਜਾਵੇ।



ਜ਼ਿਕਰਯੋਗ ਹੈ ਕਿ ਅਜਮੇਰ ਸਿੰਘ ਸਿੱਧੂ (60ਸਾਲ) ਨੇ ਜੋ ਬਹੁਤ ਹੀ ਥੋੜ੍ਹੇ ਸਮੇਂ ਅੰਦਰ ਪਿੰਡ ਦੇ ਵੱਡੇ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਿਆ ਹੈ, ਉਹ ਆਪਣੇ ਆਪ ਵਿਚ ਇਕ ਮਿਸਾਲ ਹੈ। ਪਿੰਡ ਦੇ ਵਿਕਾਸ ਵਿਚ ਅਜਮੇਰ ਸਿੰਘ ਵਲੋਂ ਸਮੁੱਚੇ ਪਿੰਡ ਵਿਚ ਸੀਵਰੇਜ ਪਾਉਣਾ, ਪਿੰਡ ਦੇ ਛੱਪੜਾਂ ਦਾ ਆਧੁਨੀਕਰਨ ਕਰਕੇ ਵਾਟਰ ਟਰੀਟਮੈਂਟ ਪਲਾਂਟ ਸਥਾਪਤ ਕਰਨੇ। ਇਸਤੋਂ ਇਲਾਵਾ ਇਲਾਕੇ ਦੇ ਨੌਜਵਾਨ ਵਰਗ ਨੂੰ ਨਸ਼ੇ ਤੋਂ ਦੂਰ ਕਰਨ ਲਈ ਪਿੰਡ ਵਿਚ ਵਰਲਡ ਕਲਾਸ ਫੁੱਟਬਾਲ ਅਤੇ ਬਾਸਕਟਬਾਲ ਦੀ ਅਕੈਡਮੀ ਤਿਆਰ ਕਰਵਾਉਣੀ ਅਹਿਮ ਹਨ। ਇਸ ਐਨ. ਆਰ. ਆਈ. ਵਲੋਂ ਪਿੰਡ ਨੂੰ ਬਿਨਾਂ ਸਰਕਾਰ ਦੀ ਕਿਸੇ ਵੀ ਤਰ੍ਹਾਂ ਨਾਲ ਸਹਾਇਤਾ ਪ੍ਰਾਪਤ ਕੀਤੇ ਆਪਣੇ ਪੱਧਰ 'ਤੇ ਕਰੋੜਾਂ ਰੁਪਏ ਖਰਚ ਕਰਕੇ ਬਦਲੀ ਗਈ ਨੁਹਾਰ ਦੀਆਂ ਧੁੰਮਾ ਪੰਜਾਬ ਹੀ ਨਹੀਂ ਸਗੋਂ ਭਾਰਤ ਅਤੇ ਵਿਦੇਸ਼ ਵਿਚ ਵੀ ਪਈਆਂ। ਇਸ ਪਿੰਡ ਨੂੰ ਦੇਖਣ ਲਈ ਪੰਜਾਬ ਅਤੇ ਭਾਰਤ ਸਰਕਾਰ ਦੇ ਨੁਮਾਇੰਦੇ ਅਤੇ ਅਫਸਰਸ਼ਾਹੀ ਅਕਸਰ ਦੇਖਣ ਲਈ ਪਿੰਡ ਪਹੁੰਚਦੇ ਰਹੇ ਹਨ। ਅਜਮੇਰ ਸਿੰਘ ਸਿੱਧੂ ਦੀ ਅਚਾਨਕ ਮੌਤ 'ਤੇ ਸ਼ੇਰੇ ਪੰਜਾਬ ਅਕਰੈਡਮੀ ਦੇ ਸੰਚਾਲਕ ਪ੍ਰੋ. ਬਲਵੰਤ ਸਿੰਘ ਸੰਧੂ, ਮਾ. ਨਿਰਮਲ ਸਿੰਘ ਕਿੰਗਰਾ, ਸਰਪੰਚ ਮੇਜਰ ਸਿੰਘ, ਜਥੇ.ਦਲੀਪ ਸਿੰਘ ਚੱਕਰ, ਸੂਬੇਦਾਰ ਗੁਰਮੇਲ ਸਿੰਘ, ਚਮਕੌਰ ਸਿੰਘ ਚਕਰ ਅਤੇ ਸਾਬਕਾ ਸਰਪੰਚ ਹਰਚੰਦ ਸਿੰਘ ਨੇ ਕਿਹਾ ਕਿ ਸ੍ਰੀ ਸਿੱਧੂ ਪਿੰਡ ਦੇ ਉਹ ਅਨਮੋਲ ਹੀਰੇ ਸਨ, ਜਿਨ੍ਹਾਂ ਨੇ ਆਪਣੇ ਪੱਲਿਓ ਲੱਖਾਂ-ਕਰੋੜਾਂ ਰੁਪਏ ਖਰਚ ਕੇ ਪਿੰਡ ਵਿੱਚ ਸੀਵਰੇਜ ਸਿਸਟਮ ਪਾਇਆ, ਗਲੀਆਂ ਪੱਕੀਆਂ ਕਰਵਾਈਆਂ, ਸੱਥਾਂ, ਝੀਲਾਂ ਅਤੇ ਪਿੰਡ ਦੇ ਛੱਪੜਾਂ ਨੂੰ ਟਰੀਟਮੈਂਟ ਪਲਾਂਟ ਬਣਾਇਆ ਅਤੇ ਪਿੰਡ ਦੇ ਨੌਜਵਾਨ ਵਰਗ ਲਈ ਸੇਰ-ਏ-ਪੰਜਾਬ ਸਪੋਰਟਸ ਅਕੈਡਮੀ ਦੀ ਸਥਾਪਨਾ ਕਰਕੇ ਪੰਜਾਬ ਵਿੱਚੋਂ ਇੱਕ ਨਮੂਨੇ ਦਾ ਪਿੰਡ ਬਣਵਾਇਆ। ਅੱਜ ਉਨ੍ਹਾਂ ਦਾ ਨਾਮ ਸਾਰੀਆਂ ਦੁਨੀਆਂ ਵਿੱਚ ਅਮਰ ਰਹੇਗਾ ਅਤੇ ਸਾਡੀ ਨੌਜਵਾਨ ਪੀੜ੍ਹੀ ਲਈ ਹਮੇਸ਼ਾ ਉਹ ਪ੍ਰੇਰਣਾ ਸਰੋਤ ਰਹਿਣਗੇ। ਉਨ੍ਹਾਂ ਨੂੰ ਸੇਜਲ ਅੱਖਾਂ ਨਾਲ ਆਖਰੀ ਸ਼ਰਧਾਂਜਲੀ ਬਰੈਂਪਟਨ ਵਿਚ ਸੈਂਕੜੇ ਅੱਖਾਂ ਨੇ ਭੇਟ ਕੀਤੀ। ਅਦਾਰਾ 'ਸਰੋਕਾਰਾਂ ਦੀ ਆਵਾਜ਼' ਉਨ੍ਹਾਂ ਦੇ ਵਿਛੋੜੇ 'ਤੇ ਦੁੱਖ ਦਾ ਇਜ਼ਹਾਰ ਕਰਦਿਆਂ ਇਨ੍ਹਾਂ ਪਰਿਵਾਰਾਂ, ਉਨ੍ਹਾਂ ਦੇ ਸਕੇ-ਸਬੰਧੀਆਂ ਤੇ ਸੰਗੀ-ਸਾਥੀਆਂ ਦੇ ਦੁੱਖ 'ਚ ਸ਼ਰੀਕ ਹੁੰਦਾ ਹੈ।

# ਭਾਰਤੀ ਇਤਿਹਾਸ ਨੂੰ ਸੋਧ ਕੇ ਲਿਖਣ ਦੀ ਲੋੜ?



ਇਤਿਹਾਸ ਨੂੰ ਸਮਾਜ ਦਾ ਸੀਸਾ ਕਿਹਾ ਜਾਂਦਾ ਹੈ ਕਿਉਂਕਿ ਇਤਿਹਾਸ ਵਿਚੋਂ ਸਮਾਜ ਦੇ ਹੂ-ਬ-ਹੂ ਦਰਸ਼ਨ ਕੀਤੇ ਜਾ ਸਕਦੇ ਹਨ। ਕਿਸੇ ਦੇਸ਼, ਵਰਗ ਅਤੇ ਦੇਸ਼ ਦੀ ਤਰੱਕੀ ਅਤੇ ਗਿਰਾਵਟ ਦਾ ਮੁੱਖ ਕਾਰਨ ਵੀ ਇਤਿਹਾਸ ਹੀ ਹੈ ਕਿਉਂਕਿ ਇਹ ਆਉਣ ਵਾਲੀਆਂ ਪੀੜ੍ਹੀਆਂ ਲਈ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ। ਇਤਿਹਾਸ ਕੇਵਲ ਉਚ ਵਰਗਾਂ ਜਾਂ ਰਾਜੇ ਮਹਾਂਰਾਜਿਆਂ ਦਾ ਜੀਵਨ ਬਿਰਤਾਂਤ ਹੀ ਨਹੀਂ ਹੁੰਦਾ ਸਗੋਂ ਆਮ ਲੋਕਾਂ ਦੇ ਜੀਵਨ ਅਤੇ ਉਸ ਨੂੰ ਬੇਹਤਰ ਬਣਾਉਣ ਲਈ ਯਤਨਸ਼ੀਲ ਅਤੇ ਸੰਘਰਸ਼ਸ਼ੀਲ ਬਹਾਦਰਾਂ ਅਤੇ ਸ਼ਹੀਦਾਂ ਵਲੋਂ ਰਾਜੇ ਮਹਾਂਰਾਜਿਆਂ ਦੇ ਗੈਰ ਮਨੁੱਖੀ ਜੁਲਮਾਂ ਵਿਰੁੱਧ ਡਟਣ ਦਾ ਵੀ ਹੁੰਦਾ ਹੈ, ਜਿਨ੍ਹਾਂ ਦੇ ਜੀਵਨ ਸੰਘਰਸ਼ਾਂ ਤੋਂ ਪ੍ਰੇਰਣਾ ਲੈ ਕੇ ਆਉਣ ਵਾਲੀਆਂ ਪੀੜ੍ਹੀਆਂ ਖੁਦ ਸੰਘਰਸ਼ ਕਰਕੇ ਸਨਮਾਨਜਨਕ ਹੋ ਜਾਂਦੀਆਂ ਹਨ ਜਿਸ ਵਰਗ ਸਮਾਜ ਦਾ ਇਤਿਹਾਸ ਨਸ਼ਟ ਹੋ ਜਾਂਦਾ ਹੈ ਉਸ ਨੂੰ ਜਿਉਂਦੇ ਨਹੀਂ ਕਿਹਾ ਜਾ ਸਕਦਾ।

ਪ੍ਰਾਚੀਨ ਕਾਲ ਅਤੇ ਮੱਧ ਕਾਲ ਵਿਚ ਲਿਖੇ ਗਏ ਇਤਿਹਾਸਕ ਗ੍ਰੰਥ ਲਗਭਗ ਬ੍ਰਾਹਮਣ ਪ੍ਰੋਹਿਤਾਂ ਦੁਆਰਾ ਹੀ ਲਿਖੇ ਗਏ ਹਨ ਜੋ ਕਿ ਕਾਲਪਨਿਕ ਕਥਾਵਾਂ (ਮਿਥਿਹਾਸ) ਤੋਂ ਸਿਵਾਏ ਕੁਝ ਵੀ ਨਹੀਂ ਹਨ। ਇਨ੍ਹਾਂ ਮਿਥਿਹਾਸਕ ਗ੍ਰੰਥਾਂ ਵਿਚ ਭਾਰਤ ਦੇ ਆਦਿ ਵਾਸੀ ਦਲਿਤਾਂ ਦੀ ਸਭਿਅਤਾ, ਧਰਮ, ਰਾਜਨੀਤੀ, ਯੋਧਿਆਂ ਅਤੇ ਮਹਾਨ ਪੁਰਸ਼ਾਂ ਦੀਆਂ ਮਨੁੱਖੀ ਕਦਰਾਂ ਕੀਮਤਾਂ ਤੇ ਸਦਾਚਾਰ ਨੂੰ ਜਾਂ ਤਾਂ ਮਿਟਾ ਦਿੱਤਾ ਗਿਆ ਹੈ ਜਾਂ ਫਿਰ ਤੋੜ ਮਰੋੜਕੇ ਆਪਣਾ ਬਣਾ ਲਿਆ ਗਿਆ ਹੈ। ਮਜ਼ਬੂਰਨ ਜੇ ਕਿਧਰੇ ਉਨ੍ਹਾਂ ਦਾ ਜ਼ਿਕਰ ਜ਼ਰੂਰੀ ਹੋ ਹੀ ਗਿਆ ਤਾਂ ਉਨ੍ਹਾਂ ਨੂੰ ਅਛੂਤ, ਨੀਚ, ਚੰਡਾਲ, ਗੁਲਾਮ, ਵਿਅੰਗ ਤੇ ਕਾਰਟੂਨ ਬਣਾ ਕੇ ਪੇਸ਼ ਕੀਤਾ ਗਿਆ ਹੈ। ਦਲਿਤ ਇਤਿਹਾਸ, ਸਭਿਅਤਾ ਆਦਿ ਨੂੰ ਸਾਜ਼ਿਸ਼ਾਂ ਅਤੇ ਜਬਰ ਜੁਲਮ ਨਾਲ ਨਸ਼ਟ ਕਰ ਦਿੱਤਾ ਗਿਆ, ਜਦੋਂ ਕਿ ਇਤਿਹਾਸ ਨਾਲ ਹੀ ਸਭਿਆਚਾਰਕ ਵਿਰਸੇ ਬਣਦੇ ਅਤੇ ਢਹਿੰਦੇ ਹਨ। ਗਿਆਨ ਤੇ ਅਨੁਮਾਨ ਰਾਹੀਂ ਪ੍ਰਾਪਤ ਖੋਜਾਂ ਤੋਂ ਇਹ ਪਤਾ ਲਗਦਾ ਹੈ ਕਿ ਧਾੜਵੀ ਆਰੀਆ ਲੋਕਾਂ ਨੇ ਭਾਰਤ ਦੀ ਸੱਤਾ ਹਥਿਆਉਣ ਤੋਂ ਬਾਅਦ, ਇਥੋਂ ਦੇ ਆਦਿਵਾਸੀ ਅਤੇ ਇਨ੍ਹਾਂ ਵਿਚੋਂ ਸਮੇਂ ਸਮੇਂ ਬਣੇ ਮੁਸਲਮਾਨ ਸਿੱਖ, ਇਸਾਈ, ਬੋਧੀ ਅਤੇ ਔਰਤਾਂ ਨੂੰ ਅਣਗਿਣਤ ਬੰਧਨਾਂ ਵਿਚ ਜਕੜਕੇ ਅਤੇ ਸਮਾਜ 'ਚੋਂ ਬਾਹਰ ਕੱਢਕੇ ਭਾਰਤੀ ਇਤਿਹਾਸ, ਸਮਾਜ ਅਤੇ ਸਭਿਅਤਾ ਦੀ ਬੇਹੱਦ ਹਾਨੀ ਕੀਤੀ।

ਮੰਨੂਵਾਦੀ ਬ੍ਰਾਹਮਣਵਾਦੀਆਂ ਦਾ ਸਥਾਪਤ ਸਾਹਿਤ-ਇਤਿਹਾਸ-ਧਰਮ-ਸਭਿਅਤਾ-ਰਾਜਨੀਤੀ-ਆਰਥਿਕਤਾ ਦਲਿਤ ਸ਼ੋਸ਼ਿਤ ਮਜ਼ਦੂਰਾਂ ਨੂੰ ਅਪਰਾਧੀ ਘੋਸ਼ਿਤ ਕਰਦਾ ਹੈ। ਇਨ੍ਹਾਂ ਵਲੋਂ (ਮਨੂੰਵਾਦੀਆਂ) ਭਾਰਤ ਦੇ ਆਦਿਵਾਸੀ ਯੋਧਿਆਂ, ਸੂਰਬੀਰਾਂ ਅਤੇ ਮਹਾਂਪੁਰਸ਼ਾਂ ਨੂੰ ਚੋਰ, ਡਾਕੂ, ਨੀਚ, ਦਾਸ, ਚੰਡਾਲ ਅਤੇ ਰਾਖਸ਼ਿਸ਼ ਐਲਾਨਿਆਂ ਹੈ, ਜਦਕਿ ਆਰੀਆ ਅਖੌਤੀ ਉਚ ਜਾਤੀਆਂ, ਕੁਸ਼ੱਤਰੀ ਤੇ ਬ੍ਰਾਹਮਣ ਨੂੰ ਗੁਰੂ ਤੇ ਦੇਵ ਐਲਾਨਿਆ ਹੈ। ਆਰੀਆ ਨੇ ਸਰਵਸ੍ਰੀ ਚਰਿਚੀ ਵੰਤ, ਸੰਭਰ, ਸਿਧ ਬਲੀ ਚਾਨੋ, ਚੁਮਰੀ, ਸ਼ੁਕਰਾਚਾਰੀਆ, ਰਾਜਾ ਅਸ਼ੋਕ, ਰਾਜਾ ਮਲਿੰਦ, ਭੰਤੇ, ਨਾਗਸੈਨ, ਰਾਜਾ ਕਨਿਸ਼ਕ, ਵਿਦਵਾਨ ਅਸੰਗ ਤੇ ਵਸੂਬੰਧੂ, ਕਪਿਲ ਫਿਲਾਸਫਰ, ਸਿਕੰਦਰ ਦਾ ਮੂੰਹ ਮੋੜਨ ਵਾਲੇ ਭਿਖਸ਼ੂ ਸਾਧੂ, ਰਾਵਣ, ਮੇਘਨਾਥ, ਦੇਵਯਾਨੀ, ਜਰਾਸੰਧ, ਹਰਨਾਖਸ, ਸ਼ੰਬੂਕ, ਇਕਲੱਵਿਆ, ਬਬਰੀਕ, ਖੁਸਰੋ ਆਦਿ ਨੂੰ ਸ਼ਹੀਦ ਕੀਤਾ ਪਰ ਸਾਹਿਤ ਇਤਿਹਾਸ ਵਿਚ ਉਹ ਕਿਧਰੇ ਵਿਖਾਈ ਨਹੀਂ ਦਿੰਦੇ। ਜੇ ਕਿਧਰੇ ਇਕ ਦੋ ਦਾ ਜ਼ਿਕਰ ਹੈ ਤਾਂ ਉਸ ਦੇ ਜੀਵਨ ਨੂੰ ਤਰੋੜ ਮਰੋੜ ਕੇ ਆਪਣੇ ਅਨੁਸਾਰ ਪੇਸ਼ ਕੀਤਾ ਗਿਆ ਹੈ।

ਇਸੇ ਤਰ੍ਹਾਂ ਬੁੱਧ ਨੂੰ ਪਹਾੜੀ ਤੋਂ ਪੱਥਰ ਸੁੱਟਕੇ ਮਾਰਨ ਦੀ ਕੋਸ਼ਿਸ਼ ਕੀਤੀ ਗਈ। ਲੋਕ ਹਿਤੈਸ਼ੀ ਰਾਜਾ ਹਰਸ਼ਵਰਧਨ ਦੀ ਲੜਕੀ ਦੀ ਸ਼ਾਦੀ ਮੌਕੇ ਪੰਡਾਲ ਨੂੰ ਅੱਗ ਲਾ ਕੇ ਹੱਤਿਆ ਕਰਨ ਦੀ ਸਾਜ਼ਿਸ਼ ਰਚੀ ਗਈ। ਤਕਸ਼ਲਾ ਅਤੇ ਨਾਲੰਦਾ ਵਿਸ਼ਵ ਵਿਦਿਆਲਿਆਂ ਨੂੰ ਬੇਰਹਿਮੀ ਨਾਲ ਸਾੜਿਆ ਗਿਆ, ਸੰਤ ਤੁੱਕਾ ਰਾਮ ਨੂੰ ਸ਼ਹੀਦ ਕਰਕੇ ਇਹ ਪ੍ਰਚਾਰ ਕੀਤਾ ਗਿਆ ਕਿ ਉਹ ਬੇਕੁੰਠ (ਕਾਲਪਨਿਕ ਸਵਰਗ) ਚਲੇ ਗਏ। ਗੁਰੂ ਰਵੀਦਾਸ ਨੂੰ ਸ਼ਹੀਦ ਕਰਕੇ ਇਹ ਪ੍ਰਚਾਰਿਆ ਗਿਆ ਕਿ ਉਹ ਧਰਤੀ ਵਿਚ ਸਮਾ ਗਏ। ਮੀਰਾ ਬਾਈ ਨੂੰ ਜਬਰਨ ਜ਼ਹਿਰ ਪਿਆਇਆ ਗਿਆ। ਸੰਤ ਨੰਤ ਨਾਰ ਨੂੰ ਚਿੰਦਬਰਨ ਮੰਦਰ ਸਾਹਮਣੇ ਜਿੰਦਾ ਜਲਾਕੇ ਸ਼ਹੀਦ ਕੀਤਾ ਗਿਆ। ਸੰਤ ਚੋਖਾ ਮੈਲਾ ਨੂੰ ਪੰਡਰਪੁਰ ਦੀਆਂ ਗਲੀਆਂ ਵਿਚ ਗੱਡੇ ਪਿਛੇ ਬੰਨ੍ਹ ਕੇ ਸ਼ਹੀਦ ਕੀਤਾ ਗਿਆ। ਘਾਸੀ ਦਾਸ, ਮੁਨੀਵਾਰਨ, ਗੋਰਾ, ਪੰਨਾ ਦਾਈ, ਸੁਲਤਾਨਾ ਭੰਤੂ, ਸੈਨਾਪਤੀ ਜ਼ੋਰਾਵਰ ਸਿੰਘ, ਵਿਰਸਾ ਮੁੰਡਾ ਅਤੇ ਜੋਧਪੁਰ ਦੇ ਕਿਲ੍ਹੇ ਦੀਆਂ ਨੀਹਾਂ ਵਿਚ ਜਿੰਦਾ ਚੁਣਵਾਈ ਗਈ ਰਜੀਆ ਬੰਬੀ, ਝਲਕਾਰੀ ਬਾਈ, ਮਾਤਾ ਦੀਨ, ਰਾਮਪਤੀ ਤੇ ਸਮਪਤੀ, ਮਹਾਂਵੀਰੀ ਦੇਵੀ ਆਦਿ ਸਮੇਤ ਜਲਿਆਂ ਵਾਲੇ ਬਾਗ ਦੇ ਸ਼ਹੀਦ ਦੁਨੀਆ ਅਤੇ ਨੱਥੂ ਜਾਨਕੀ ਬਾਈ ਆਦਿ ਦਾ ਸਥਾਪਤ ਸਾਹਿਤ ਇਤਿਹਾਸ ਵਿਚ ਕਿਧਰੇ ਜ਼ਿਕਰ ਨਹੀਂ ਮਿਲਦਾ। ਇਸੇ ਤਰ੍ਹਾਂ ਭਾਈ ਗਿਰਜਾ ਸਿੰਘ ਜਿਨ੍ਹਾਂ ਹਰਿਮੰਦਰ ਸਾਹਿਬ ਨੂੰ ਮਨੂੰਵਾਦੀਆਂ ਤੋਂ ਆਜ਼ਾਦ ਕਰਵਾਉਣ ਲਈ ਮੱਸਾ ਰੰਗੜ ਦਾ ਸਿਰ ਵੱਢਕੇ ਲਿਆਏ, ਭਾਈ ਨਿਭਾਹੂ ਸਿੰਘ ਜੋ ਦੀਵਾਨ ਜਸਪਤ ਰਾਏ ਦਾ ਸਿਰ ਕੱਟਕੇ ਲਿਆਇਆ ਅਤੇ ਚਾਰ ਵਾਰ ਹਰਿਮੰਦਰ ਸਾਹਿਬ ਦੀ ਕੀਤੀ ਗਈ ਬੇਅਦਬੀ ਦਾ ਬਦਲਾ ਲਿਆ ਆਦਿ ਦਲਿਤ ਯੋਧਿਆਂ ਦੀਆਂ ਸ਼ਾਨਾਮੱਤੀ ਕੁਰਬਾਨੀਆਂ ਨੂੰ ਛੁਪਾਇਆ ਗਿਆ ਹੈ।

ਇੰਨਾ ਹੀ ਨਹੀਂ, ਉਨ੍ਹਾਂ ਅਣਗਿਣਤ ਮਨੁੱਖਾਂ ਦਾ, ਜਿਨ੍ਹਾਂ ਆਪਣੇ ਖੂਨ ਦੇ ਗਾਰੇ ਨਾਲ ਤਾਜ ਮਹੱਲ, ਲਾਲ ਕਿਲਾ, ਜੈਪੁਰ ਦਾ ਹਵਾ ਮਹਿਲ, ਹਾਵੜਾ ਬਰਿਜ, ਕੁੱਤਬ ਮੀਨਾਰ ਅਤੇ ਢਾਕੇ ਦੀ ਮਖਮਲ ਬਣਾਉਣ ਵਾਲੇ ਮਜ਼ਦੂਰਾਂ ਤੇ ਕਾਰੀਗਰਾਂ, ਜਿਨ੍ਹਾਂ ਦੇ ਬਣਾਉਣ ਉਪਰੰਤ ਹੱਥ ਪੈਰ ਕੱਟ ਦਿੱਤੇ ਗਏ, ਉਨ੍ਹਾਂ ਦੀਆਂ ਸ਼ਹੀਦੀਆਂ ਦੀ ਗਾਥਾ ਇਸ ਸਥਾਪਤ ਸਾਹਿਤ ਇਤਿਹਾਸ ਵਿਚ ਦਿਖਾਈ ਨਹੀਂ ਦਿੰਦੀ।

ਪ੍ਰਿਥਵੀ ਰਾਜ ਜੰਗ ਦੇ ਮੈਦਾਨ ਵਿਚੋਂ ਭੱਜਦਿਆਂ ਹੋਇਆਂ ਸਰਸਵਤੀ ਨਦੀ ਦੇ ਕੰਢੇ ਉਤੇ ਮਾਰਿਆ ਜਾਣ 'ਤੇ ਵੀ ਹਿੰਦੂ ਇਤਿਹਾਸ ਵਿਚ ਹੀਰੋ ਹੈ। ਜਦਕਿ ਜੈ ਚੰਦ ਅਣਖ ਖਾਤਰ ਆਪਣੀ ਮੁੱਠ ਕੁ ਭਰ ਫੌਜ ਨਾਲ ਅੱਸੀ ਸਾਲ ਦੇ ਬੁਢਾਪੇ ਵਿਚ ਚੰਦਾਵਰ ਦੇ ਮੈਦਾਨ ਵਿਚ ਸ਼ਹੀਦ ਹੋ ਕੇ ਵੀ ਹਿੰਦੂ ਇਤਿਹਾਸ ਵਿਚ ਕਾਇਰ ਤੇ ਦੇਸ਼ ਧਰੋਹੀ ਦਾ ਪ੍ਰਤੀਕ ਬਣਿਆ ਹੋਇਆ ਹੈ ਕਿਉਂਕਿ ਉਹ ਹਿੰਦੂ ਨਹੀਂ, ਉਹ ਬੋਧ ਮਿੱਤਰ ਪਾਦ ਨੂੰ ਆਪਣਾ ਗੁਰੂ ਮੰਨਦਾ ਸੀ, ਇਸ ਕਰਕੇ ਉਹ ਗਦਾਰ ਹੈ। ਰਾਣਾ ਸਾਂਗਾ, ਜਿਸ ਨੇ ਬਾਬਰ ਨੂੰ ਭਾਰਤ ਉਤੇ ਹਮਲਾ ਕਰਨ ਲਈ ਪੱਤਰ ਲਿਖਿਆ, ਉਹ ਇਸ ਕਰਕੇ ਮਹਾਨ ਹੈ ਕਿਉਂਕਿ ਉਹ ਮਨੂੰਵਾਦੀ ਦੀ ਵਰਣ-ਵਿਵਸਥਾ ਤੇ ਜਾਤ ਪਾਤ ਦਾ ਧਾਰਨੀ ਸੀ। ਦਲਿਤਾਂ ਦੁਆਰਾ ਛੋਹੇ ਜਾਣ ਉਤੇ ਸਣੇ ਕੱਪੜੀਂ ਨਹਾਉਣ ਵਾਲਾ ਰਾਜਾ ਰਾਮ ਮੋਹਨ ਰਾਏ ਆਧੁਨਿਕ ਭਾਰਤ ਦਾ ਨਾਇਕ ਹੈ, ਦਲਿਤਾਂ ਦੇ ਮਨੁੱਖੀ ਅਧਿਕਾਰ ਹੜੱਪਣ ਵਾਲਾ ਮੋਹਨ ਦਾਸ ਗਾਂਧੀ ਰਾਸ਼ਟਰਪਿਤਾ ਹੈ। ਜਦੋਂ ਕਿ ਦਲਿਤਾਂ ਅਤੇ ਔਰਤਾਂ ਲਈ ਸਿੱਖਿਆ ਦੇ ਦਰਵਾਜ਼ੇ ਖੋਲ੍ਹਣ ਵਾਲੇ ਜੋਤੀ ਰਾਓ ਫੂਲੇ ਇਤਿਹਾਸ ਵਿਚ ਕਿਧਰੇ ਦਿਖਾਈ ਨਹੀਂ ਦਿੰਦੇ।

1948 ਵਿਚ ਜਦੋਂ ਮਾਰਕਸ ਨੇ ਦੁਨੀਆ ਨੂੰ ਆਪਣਾ ਕਮਿਊਨਿਸਟ ਮੈਨੀਫੈਸਟੋ ਦਿਲਾ ਅਤੇ ਅਮਰੀਕਾ ਵਿਚ ਔਰਤਾਂ ਦੇ ਅਧਿਕਾਰਾਂ ਲਈ ਪਹਿਲੀ ਕਾਨਫਰੰਸ ਹੋਈ ਤਾਂ ਉਸ ਸਮੇਂ ਹੀ ਜੋਤੀ ਰਾਓ ਫੂਲੇ ਨੇ ਭਾਰਤੀ ਔਰਤ ਅਤੇ ਦਲਿਤਾਂ ਨੂੰ ਜਾਤੀਵਾਦੀ ਪ੍ਰਬੰਧ ਵਿਚੋਂ ਕੱਢਣ ਲਈ ਆਪਣਾ ਬਹੁਜਨ ਹਿਤਾਇ ਦਰਸ਼ਨ ਦਿੱਤਾ। ਉਨ੍ਹਾਂ ਬ੍ਰਾਹਮਣਵਾਦੀ ਗ੍ਰੰਥਾਂ ਦੇ ਵਿਰੁੱਧ 'ਗੁਲਾਮਗਿਰੀ' ਨਾਮ ਦਾ ਗ੍ਰੰਥ ਲਿਖਕੇ ਮਜ਼ਦੂਰ ਸਮਾਜ ਨੂੰ ਦਿੱਤਾ। ਜਿਸ ਵਿਚ ਸਿਰਫ਼ ਚੇਤਨਾ ਹੀ ਪੈਦਾ ਨਹੀਂ ਕੀਤੀ, ਸਗੋਂ ਬਹੁਜਨ ਸਭਿਅਤਾ ਦੀ ਸਥਾਪਨਾ ਲਈ 'ਸਤਿਆ ਸੋਧਕ ਸਮਾਜ' ਦੀ ਸਿਰਜਣਾ ਕਰਕੇ ਮਨੂੰਵਾਦੀਆਂ ਨੂੰ ਬਖਤ ਪਾ ਦਿੱਤਾ। ਫੂਲੇ ਦੇ ਸਭਿਆਚਾਰਕ ਇਨਕਲਾਬ ਨੂੰ ਫੇਲ੍ਹ ਕਰਨ ਲਈ ਸੁਆਮੀ ਦਯਾਨੰਦ ਨੇ ਪਹਿਲਾਂ 'ਗੁਲਾਮਗਿਰੀ' ਨੂੰ ਪ੍ਰਭਾਵਹੀਣ ਕਰਨ ਲਈ 'ਸਭਿਆਰਥ ਪ੍ਰਕਾਸ਼' ਤੇ ਫੇਰ 'ਸਤਿਆ ਸੋਧਕ ਸਮਾਜ' ਨੂੰ ਅਸਫ਼ਲ ਕਰਨ ਲਈ 'ਆਰੀਆ ਸਮਾਜ' ਦੀ ਸਥਾਪਨਾ ਕਰਕੇ ਵਰਣ ਵਿਵਸਥਾ ਦਾ ਪੁਨਰ ਜਨਮ ਕਰਨ ਦੀ ਕੋਸ਼ਿਸ਼ ਕੀਤੀ। ਪ੍ਰੰਤੂ ਫੂਲੇ ਦੀ ਵਿਚਾਰਧਾਰਾ ਨੂੰ ਅਮਲੀਜਾਮਾ ਪਹਿਨਾਉਂਦੇ ਹੋਏ ਸ਼ਾਹੂ ਮਹਾਰਾਜੇ ਨੇ ਆਪਣੇ ਰਾਜ ਵਿਚ ਦਲਿਤਾਂ ਨੂੰ 50% ਭਾਗੀਦਾਰੀ ਦੇ ਕੇ ਬ੍ਰਾਹਮਣਵਾਦ ਪੂੰਜੀਵਾਦ ਦੀ ਇਜਾਰੇਦਾਰੀ ਨੂੰ ਅਧਰੰਗ ਕਰ ਦਿੱਤਾ। ਅਜਿਹੀਆਂ ਘਟਨਾਵਾਂ ਦਾ ਮਨੂੰਵਾਦੀਆਂ ਦੇ ਸਾਹਿਤ ਇਤਿਹਾਸ ਵਿਚ ਜ਼ਿਕਰ ਨਹੀਂ ਮਿਲਦਾ।

455 ਈ. ਤੋਂ 1857 ਤੱਕ ਵੱਖ-ਵੱਖ ਧਾੜਵੀਆਂ ਨੇ ਭਾਰਤ ਉਪਰ ਕਰੀਬ 40 ਵੱਡੇ ਹਮਲੇ ਕੀਤੇ। ਇਸ ਦੌਰਾਨ ਹਿੰਦੂ ਰਾਜੇ ਵਾਰ-ਵਾਰ ਬੁਰੀ ਤਰ੍ਹਾਂ ਆਪਣਿਆਂ ਦੀ ਹੀ ਬੇਫਵਾਈ ਕਾਰਨ ਹਾਰਦੇ ਰਹੇ ਤੇ ਦੇਸ਼ ਗੁਲਾਮ ਹੁੰਦਾ ਰਿਹਾ। ਇਸ ਕੌੜੀ ਸਚਿਆਈ ਨੂੰ ਹਿੰਦੂ ਸਾਹਿਤ-ਇਤਿਹਾਸ 'ਚ ਕਿਉਂ ਨਹੀਂ ਦਰਸਾਇਆ ਗਿਆ? ਦੇਸ਼ ਵਾਰ-ਵਾਰ ਗੁਲਾਮ ਕਿਉਂ ਹੋਇਆ? ਸਾਨੂੰ ਇੰਨੀ ਲੰਬੀ ਵਿਦੇਸ਼ੀ ਰਾਜ ਦੀ ਗੁਲਾਮੀ ਵਿਚ ਕਿਉਂ ਰਹਿਣਾ ਪਿਆ? ਇਸ ਦੇ ਜਵਾਬ ਵਿਚ ਡਾ. ਅੰਬੇਡਕਰ ਕਹਿੰਦੇ ਹਨ ਕਿ ਇਸ ਦਾ ਕਾਰਨ ਇਹ ਹੈ ਕਿ ਇਹ ਦੇਸ਼ ਦੁਸ਼ਮਣ ਦੇ ਮੁਕਾਬਲੇ ਕਦੇ ਇਕੱਠਾ ਹੋ ਕੇ ਲੜਿਆ ਹੀ ਨਹੀਂ। ਹਮੇਸ਼ਾ ਸਮਾਜ ਦੇ ਇਕ ਭਾਗ ਅਰਥਾਤ 3% ਕਸ਼ੱਤਰੀ ਜਾਤ ਨੇ ਹੀ ਦੁਸ਼ਮਣ ਦਾ ਮੁਕਾਬਲਾ ਕੀਤਾ। ਇਨ੍ਹਾਂ ਵਿਚੋਂ ਵੀ ਅੱਧੀਆਂ ਔਰਤਾਂ, ਬੁੱਢੇ ਤੇ ਬੱਚੇ ਜੰਗ ਵਿਚ ਭਾਗ ਨਹੀਂ ਲੈਂਦੇ ਸਨ। ਸਿੱਟੇ ਵਜੋਂ ਉਹ ਵਾਰ ਵਾਰ ਹਾਰਦੇ ਰਹੇ। ਕਿਉਂਕਿ ਜਾਤ-ਪਾਤ ਸਿਸਟਮ ਸਾਂਝੀ ਸਰਗਰਮੀ ਨੂੰ ਰੋਕਦਾ ਹੈ। ਬ੍ਰਹਮਣਵਾਦ ਨੇ ਇਸ ਸਾਂਝੀ ਸਰਗਰਮੀ ਨੂੰ ਰੋਕਕੇ ਭਾਰਤੀਆਂ ਨੂੰ ਇਕ ਅਜਿਹਾ ਸਮਾਜ ਬਣਨ ਤੋਂ ਰੋਕ ਦਿੱਤਾ ਜਿਨ੍ਹਾਂ ਦਾ ਏਕਤਾ ਭਰਿਆ ਜੀਵਨ ਹੋਵੇ ਅਤੇ ਉਨ੍ਹਾਂ ਨੂੰ ਆਪਣੇ ਸੰਗਠਨ ਅਤੇ ਸ਼ਕਤੀ ਦਾ ਅਹਿਸਾਸ ਹੋਵੇ। ਪਿਛਲੇ 12 ਸੌ ਸਾਲ ਦੇ ਇਤਿਹਾਸ ਨੂੰ ਹੀ ਲਈਏ ਤਾਂ ਪਤਾ ਲਗਦਾ ਹੈ ਕਿ ਹਿੰਦੋਸਤਾਨੀ ਲੋਕ ਵਿਦੇਸ਼ੀਆਂ ਦੇ ਪੈਰਾਂ ਹੇਠ ਵਾਰ ਵਾਰ ਇਸ ਲਈ ਦਰੜੇ ਜਾਂਦੇ ਰਹੇ ਅਤੇ ਦੇਸ਼ ਵਾਰ ਵਾਰ ਇਸ ਲਈ ਗੁਲਾਮ ਹੁੰਦਾ ਰਿਹਾ ਕਿਉਂਕਿ ਇਨ੍ਹਾਂ 'ਚ ਜਾਤੀ-ਪਾਤੀ ਭੇਦ ਭਾਵ ਸੀ ਜੋ ਉਨ੍ਹਾਂ ਨੂੰ ਇਕੱਠੇ ਨਹੀਂ ਹੋਣ ਦਿੰਦਾ। ਮਨੂੰਵਾਦੀ ਚਾਰਵਰਣੀ ਵਿਵਸਥਾ ਦੇ ਕਾਰਨ ਉਹ ਕੋਈ ਵਿਦਿਆ ਗ੍ਰਹਿਣ ਨਹੀਂ ਕਰ ਸਕਦੇ ਸਨ ਅਤੇ ਇਸ 'ਚੋਂ ਬਚ ਨਿਕਲਣ ਦਾ ਰਾਹ ਨਾ ਮਿਲਣ ਕਰਕੇ ਅਤੇ ਬਚ ਨਿਕਲਣ ਦੇ ਸਾਧਨ ਨਾ ਹੋਣ ਕਾਰਨ ਉਨ੍ਹਾਂ ਨੇ ਸਦੀਵੀ ਗੁਲਾਮੀ ਨਾਲ ਸਮਝੌਤਾ ਕਰ ਲਿਆ ਅਤੇ ਇਸ ਗੁਲਾਮੀ ਨੂੰ ਉਨ੍ਹਾਂ ਨੇ ਆਪਣੀ ਕਿਸਮਤ ਮੰਨ ਲਿਆ ਜਿਸ ਤੋਂ ਛੁਟਕਾਰਾ ਨਾ ਹੋਵੇ।

ਹਿਟਲਰ ਨਾਜੀਆ ਦਾ ਇਹ ਅਖਾਣ ਮਸ਼ਹੂਰ ਹੈ ਕਿ ਜੇਕਰ ਇਕ ਝੂਠ ਨੂੰ ਸੱਚ ਬਣਾ ਕੇ 99ਵੇਂ ਵਾਰ ਬੋਲ ਦਿੱਤਾ ਜਾਵੇ ਤਾਂ ਉਹ 100ਵੀਂ ਵਾਰ ਸੱਚ ਬਣ ਜਾਂਦਾ ਹੈ। ਇਸੇ ਤਰ੍ਹਾਂ ਜੇਕਰ ਇਕ ਸੱਚ ਨੂੰ ਝੂਠ ਬਣਾਕੇ 99ਵੇਂ ਵਾਰ ਬੋਲ ਦਿੱਤਾ ਜਾਵੇ ਤਾਂ 100ਵੀਂ ਵਾਰ ਉਹ ਝੂਠ ਬਣ ਜਾਂਦਾ ਹੈ। ਇਸੇ ਸੋਚ ਦੇ ਆਧਾਰ 'ਤੇ ਪਿਛਲੇ ਸਮੇਂ ਤੋਂ ਮਨੂੰਵਾਦੀ ਲੇਖਕ ਅਤੇ ਇਤਿਹਾਸਕਾਰ ਭਾਰਤ ਦੇ ਅਸਲੀ ਇਤਿਹਾਸ ਨੂੰ ਪੁੱਠਾ ਗੇੜਾ ਦੇ ਕੇ ਇਹ ਭਰਮ ਫੈਲਾ ਰਹੇ ਹਨ ਕਿ ਉਨ੍ਹਾਂ ਦੇ ਰਾਜੇ ਬੜੇ ਬਹਾਦਰ ਸਨ ਤੇ ਉਨ੍ਹਾਂ 1206 ਈਂ ਤੱਕ ਮੁਸਲਿਮ ਹਮਲਾਵਰਾਂ ਨੂੰ ਦਿੱਲੀ ਨਹੀਂ ਜਿੱਤਣ ਦਿੱਤੀ ਜਿਸ ਕਰਕੇ ਮੁਸਲਮਾਨ ਸਿਰਫ਼ 500 ਸਾਲ ਹੀ ਭਾਰਤ ਉਤੇ ਰਾਜ ਕਰ ਸਕੇ। ਕਿੰਨੀ ਹਾਸੋਹੀਣੀ ਗੱਲ ਹੈ ਕਿ 5-7 ਸੌ ਸਾਲ ਦੀ ਗੁਲਾਮੀ 'ਤੇ ਵੀ ਅਸੀਂ ਫ਼ਖਰ ਕਰਦੇ ਹਾਂ। ਜਦੋਂ ਕਿ ਸੱਚਾਈ ਇਹ ਹੈ ਕਿ 712 ਈਸਵੀ ਤੋਂ 1857 ਤੱਕ ਭਾਰਤ ਤੇ ਮੁਸਲਮਾਨ ਰਾਜ ਕਰਦੇ ਰਹੇ। ਰਹੀ ਰਾਜਿਆਂ ਦੀ ਬਹਾਦਰੀ ਦੀ, ਉਹ ਵੀ ਉਪਰੋਕਤ ਹੋਏ ਹਮਲਿਆਂ 'ਚ ਹੋਈ ਵਾਰ ਵਾਰ ਹਾਰ ਇਹ ਸਾਬਤ ਕਰਦੀ ਹੈ ਕਿ ਇਹ ਬਹਾਦਰੀ ਨਹੀਂ ਕਾਇਰਤਾ ਸੀ।

ਵਿਦੇਸ਼ੀ ਹਮਲਾਵਰ ਆਰੀਆ ਨੇ ਆਪਣੀ ਤਾਨਾਸ਼ਾਹੀ ਤੇ ਦਬ ਦਬਾਅ ਜਾਰੀ ਰੱਖਣ ਲਈ ਬ੍ਰਹਮਾ ਨੂੰ ਇਸ ਸ੍ਰਿਸ਼ਟੀ ਦਾ ਰਚਣਹਾਰਾ ਦੱਸਕੇ, ਭੋਲੇ ਭਾਲੇ ਲੋਕਾਂ ਦੇ ਮਨ ਵਿਚ ਬ੍ਰਹਮਾ ਦਾ ਡਰ ਤੇ ਖੌਫ ਪੈਦਾ ਕਰ ਦਿੱਤਾ ਕਿ ਬ੍ਰਹਮਾਂ ਨੇ ਬ੍ਰਾਹਮਣ ਮੂੰਹ ਵਿਚੋਂ, ਕਸ਼ੱਤਰੀ ਬਾਹਾਂ ਵਿਚੋਂ, ਵੈਸ਼ ਪੇਟ ਵਿਚੋਂ ਅਤੇ ਸ਼ੂਦਰ ਪੈਰਾਂ ਵਿਚੋਂ ਪੈਦਾ ਕੀਤੇ ਹਨ। ਸੱਤਾ, ਸੰਮਤੀ ਅਤੇ ਸਮਾਜ ਤੇ ਆਪਣੀ ਸਰਦਾਰੀ ਕਾਇਮ ਰੱਖਣ ਲਈ ਫਿਰ ਉਨ੍ਹਾਂ ਕਰਮ-ਕਾਂਡ ਦਾ ਸਿਧਾਂਤ ਰਚਿਆ ਅਤੇ ਪੁਨਰ ਜਨਮ ਦੇ ਸਿਧਾਂਤ ਰਾਹੀਂ ਇਹ ਪ੍ਰਚਾਰਿਆ ਕਿ ਮਨੁੱਖ ਦਾ ਹਰ ਕੰਮ, ਹਰ ਸਰਗਰਮੀ ਪਹਿਲੇ ਹੀ ਨਿਸ਼ਚਿਤ ਹੈ। ਮਨੁੱਖ ਦੇ ਦੁੱਖ ਸੁੱਖ, ਉਸ ਦੇ ਪਿਛਲੇ ਜਨਮ ਦੇ ਪਾਪ ਪੁੰਨ ਦੇ ਕਾਰਨ ਹਨ। ਵੱਖ-ਵੱਖ ਜਾਤਾਂ ਲਈ ਵੱਖ-ਵੱਖ ਰੀਤੀ ਰਿਵਾਜਾਂ, ਨਿਯਮ ਅਤੇ ਕੰਮ ਪਿਛੋਂ ਹੀ 'ਬਿਹੁਮਾਤਾ' ਨੇ ਲਿਖੇ ਹਨ। ਵੇਦ, ਸ਼ਾਸਤਰਾਂ, ਸਿਮਰਤੀਆਂ 'ਚ ਇਹ ਵੀ ਸਪਸ਼ਟ ਕਰ ਦਿੱਤਾ ਗਿਆ ਕਿ ਇਹ ਵੰਡ ਗੁਣਾ ਦੇ ਆਧਾਰ ਉਤੇ ਨਹੀਂ, ਸਿਰਫ਼ ਜਨਮ ਦੇ ਆਧਾਰ 'ਤੇ ਕੀਤੀ ਗਈ ਹੈ। ਭਾਵ ਅਖੌਤੀ ਨੀਵੀਂ ਜਾਤ 'ਚ ਪੈਦਾ ਹੋਣ ਵਾਲਾ ਮਨੁੱਖ ਭਾਵੇਂ ਕਿੰਨਾ ਵੀ ਗੁਣਵਾਨ ਕਿਉਂ ਨਾ ਹੋਵੇ, ਫਿਰ ਵੀ ਉਸ ਦੀ ਸਮਾਜਿਕ ਸਥਿਤੀ ਨੀਵੀਂ ਹੀ ਰਹੇਗੀ। ਇਸ ਦੀ ਪਾਲਣਾ ਜ਼ਰੂਰੀ ਹੈ। ਆਰੀਆ ਬ੍ਰਾਹਮਣਵਾਦੀਆਂ (ਰਾਜਾ ਅਤੇ ਪ੍ਰੋਹਿਤ) ਨੇ ਆਪਣੇ ਤਾਨਸ਼ਾਹੀ ਰਾਜ ਨੂੰ ਬਰਕਰਾਰ ਰੱਖਣ ਲਈ ਦਲਿਤ ਸੋਸ਼ਿਤ ਮਜ਼ਦੂਰ, ਕਿਸਾਨ ਅਤੇ ਔਰਤਾਂ ਨੂੰ ਸਿੱਖਿਆ ਤੋਂ ਮਨੂੰ ਸਿਮਰਤੀ ਰਾਹੀਂ ਕਾਨੂੰਨਨ ਵੰਚਿਤ ਕਰ ਦਿੱਤਾ ਅਤੇ ਆਪਣੇ ਲਈ ਸਿੱਖਿਆ ਨੂੰ ਰਿਜ਼ਰਵ ਕਰ ਲਿਆ। ਸਿੱਖਿਆ ਪ੍ਰਾਪਤ ਕਰਨਾ ਸਿਰਫ਼ ਬ੍ਰਾਹਮਣ ਦਾ ਅਧਿਕਾਰ ਬਣਾ ਦਿੱਤਾ ਗਿਆ।

ਗੌਤਮ ਬੁੱਧ ਨੇ ਇਸ ਨਾ ਬਰਾਬਰਤਾ ਅਤੇ ਬੇਇਨਸਾਫ਼ੀ ਵਾਲੀ ਸਮਾਜਿਕ ਵਿਵਸਥਾ ਨੂੰ ਨਕਾਰ ਕੇ ਮਾਨਵ ਮੁਕਤੀ ਲਈ ਆਜ਼ਾਦੀ, ਸਮਾਨਤਾ, ਭਾਈਚਾਰਾ ਤੇ ਨਿਆਂ ਵਾਲੀ ਨਵੀਂ ਤਰ੍ਹਾਂ ਦੀ ਵਿਵਸਥਾ ਦਾ ਸੰਕਲਪ ਹੀ ਨਹੀਂ ਉਭਾਰਿਆ, ਬਲਕਿ ਸਥਾਪਤ ਬ੍ਰਾਹਮਣਵਾਦੀ ਵਿਵਸਥਾ ਦੀ ਫੂਹੜੀ ਬਣੇ। ਮਿਥਿਹਾਸਕ ਕਿਸਮਤ, ਕਰਮ ਕਾਂਡ, ਨਰਕ-ਸਵਰਗ, ਆਤਮਾ-ਪ੍ਰਮਾਤਮਾ, ਵਰਣ-ਵਰਗ ਤੇ ਇਨ੍ਹਾਂ ਦੀ ਪੋਸ਼ਕ ਇਕ ਵਿਸ਼ੇਸ਼ ਵਰਗ ਦੀ ਭਾਸ਼ਾ 'ਸੰਸਕ੍ਰਿਤ' ਨੂੰ ਵੀ ਅਸਵੀਕਾਰ ਕਰ ਦਿੱਤਾ ਸੀ। ਸਿੱਟੇ ਵਜੋਂ ਆਜ਼ਾਦੀ, ਸਮਾਨਤਾ, ਭਾਈਚਾਰਾ ਅਤੇ

ਨਿਆਂ ਆਧਾਰਤ ਜਾਤੀ-ਜਮਾਤੀ ਸਮਾਜ ਦੀ ਸਿਰਜਣਾ ਹੋਈ ਅਤੇ ਭਾਰਤ ਸੋਨੇ ਦੀ ਚਿੜੀ ਬਣਿਆ। ਬੁੱਧ ਦੇ ਇਸ ਸਿਧਾਂਤ ਨੂੰ ਤਹਿਸ-ਨਹਿਸ ਕਰਨ ਲਈ ਪਹਿਲਾਂ ਬ੍ਰਾਹਮਣਵਾਦੀਆਂ ਨੇ ਗੌਤਮ ਬੁੱਧ ਨੂੰ ਵਿਸ਼ਨੂੰ ਦੇ ਦਸ ਅਵਤਾਰਾਂ ਵਿਚ ਸ਼ਾਮਲ ਕਰਕੇ ਉਨ੍ਹਾਂ ਦੇ ਤਰਕ ਨੂੰ ਪੂਰੀ ਤਰ੍ਹਾਂ ਮਿਟਾ ਦੇਣ ਦਾ ਭਰਪੂਰ ਯਤਨ ਕੀਤਾ। ਫਿਰ ਮਨੂੰ ਸਿਮਰਤੀ ਰਾਹੀਂ ਕਠੋਰ ਨਿਯਮ ਬਣਾਏ। ਦਲਿਤ ਸਮਾਜ ਨੂੰ ਛੂਤ ਅਤੇ ਅਛੂਤ ਵਿਚ ਵੰਡ ਦਿੱਤਾ। ਅਛੂਤ ਬੋਧੀਆਂ ਦੇ ਵਿਕਾਸ ਉਤੇ ਹਰ ਪ੍ਰਕਾਰ ਦੀਆਂ ਪਾਬੰਦੀਆਂ ਲਾ ਦਿੱਤੀਆਂ ਗਈਆਂ। ਉਨ੍ਹਾਂ ਨੂੰ ਨਗਰਾਂ ਤੇ ਪਿੰਡਾਂ ਵਿਚੋਂ ਬਾਹਰ ਕੱਢ ਦਿੱਤਾ ਗਿਆ। ਉਨ੍ਹਾਂ ਆਪਸੀ ਮੇਲ ਮਿਲਾਪ ਤੇ ਸਖਤ ਪਾਬੰਦੀਆਂ ਲਗਾਈਆਂ ਗਈਆਂ। ਸਿੱਖਿਆ, ਸੰਗਠਨ ਤੇ ਸੰਘਰਸ਼ ਕਰਨ ਨੂੰ ਬਗਾਵਤ ਗਰਦਾਨਿਆਂ ਗਿਆ।

ਹਿੰਦੂਆਂ ਨੂੰ ਹਰਾਕੇ ਮੁਸਲਮਾਨ ਇਥੋਂ ਦੇ ਸਾਸ਼ਕ ਬਣੇ। ਮੁਸਲਮਾਨ ਬਾਦਸ਼ਾਹਾਂ ਨਾਲ ਇਥੋਂ ਦੇ ਹਿੰਦੂ ਰਾਜ ਘਰਾਣਿਆਂ ਦੇ ਸ਼ਾਹੀ ਸਬੰਧ, ਸ਼ਾਦੀ-ਵਿਆਹ, ਧੀਆਂ ਦੇ ਡੋਲੇ, ਲੜਕੇ ਲੜਕੀਆਂ ਦੇ ਪ੍ਰੇਮ ਬੰਧਨ, ਬ੍ਰਾਹਮਣਵਾਦ ਤੋਂ ਪੀੜਤ ਦਲਿਤਾਂ 'ਚੋਂ ਬਣੇ ਮੁਸਲਮਾਨ, ਹਿੰਦੂਆਂ 'ਚੋਂ ਲਾਲਚ 'ਚ ਬਣੇ ਮੁਸਲਮਾਨ ਆਦਿ ਦੇ ਸਬੰਧ ਕੁਝ ਲਿਖਿਆ ਜਾਣਾ ਚਾਹੀਦਾ ਸੀ, ਜੋ ਕਿ ਨਹੀਂ ਲਿਖਿਆ ਮਿਲਦਾ।

ਫਿਰ ਅੰਗਰੇਜ਼ ਆਏ, ਉਹ ਹਿੰਦੂ ਅਤੇ ਮੁਸਲਮਾਨਾਂ ਦੋਹਾਂ ਨੂੰ ਹਰਾਕੇ ਇਥੋਂ ਦੇ ਸੱਤਾਧਾਰੀ ਬਣੇ। ਉਨ੍ਹਾਂ ਨੇ ਕਾਨੂੰਨ ਦਾ ਰਾਜ ਸਥਾਪਤ ਕੀਤਾ। ਉਨ੍ਹਾਂ ਦਾ ਗਿਆਨ ਤੇ ਵਿਗਿਆਨ ਆਇਆ। ਇਨ੍ਹਾਂ ਦੇ ਰਾਜ ਦੌਰਾਨ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਮਹਾਤਮਾ ਗਾਂਧੀ ਨੇ ਪੂੰਜੀਪਤੀਆਂ, ਸੰਮਤਾ, ਪ੍ਰੋਹਿਤਾਂ ਤੇ ਧਨੀ ਕਿਸਾਨਾਂ ਨੂੰ ਆਜ਼ਾਦੀ ਦੇ ਅੰਦੋਲਨ ਵਿਚ ਨਾਇਕਤਵਾ ਦੇ ਕੇ ਬ੍ਰਿਟਿਸ਼ ਸਾਮਰਾਜ ਦੇ ਖਿਲਾਫ਼ ਉਠੇ ਗ਼ਦਰ ਤੇ ਭਗਤ ਸਿੰਘ ਹੁਣਾਂ ਦੇ ਇਨਕਲਾਬ ਨੂੰ ਲੰਗੜਾ ਕਰ ਦਿੱਤਾ। ਡਾਕਟਰ ਅੰਬੇਡਕਰ ਬ੍ਰਿਟਿਸ਼ ਸਾਮਰਾਜ ਤੇ ਗਾਂਧੀਵਾਦੀ ਬ੍ਰਾਹਮਣਵਾਦੀਆਂ ਦੇ ਸੰਘਰਸ਼ ਦੌਰਾਨ, ਸੰਪੂਰਨ ਆਜ਼ਾਦੀ ਲਈ ਆਪਣਾ ਅਲੱਗ ਸੰਘਰਸ਼ ਅਰੰਭਿਆ। ਇਸੇ ਦਰਮਿਆਨ ਉਠੀ ਕ੍ਰਾਂਤੀਕਾਰੀ ਪ੍ਰਗਤੀਸ਼ੀਲ ਲਹਿਰ ਦੇ ਆਗੂਆਂ ਨੇ ਲੁੱਟਮਈ ਵਿਵਸਥਾ ਦੇ ਬਦਲ 'ਚ ਵਰਗ ਰਹਿਤ ਸਮਾਜ ਦੀ ਸਥਾਪਨਾ ਨੂੰ ਆਪਣਾ ਲਕਸ਼ ਘੋਸ਼ਿਤ ਕੀਤਾ। ਲਾਲਾ ਹਰਦਿਆਲ ਅਤੇ ਸ਼ਹੀਦ ਭਗਤ ਸਿੰਘ ਨੇ ਦਲਿਤ ਸਮੱਸਿਆ ਨੂੰ ਸਮਝਿਆ ਹੀ ਨਹੀਂ, ਸਗੋਂ ਇਸ ਦੇ ਖਾਤਮੇ ਲਈ ਉਨ੍ਹਾਂ ਨੇ 'ਗੁਲਾਮੀ ਦਾ ਜਹਿਰ' ਅਤੇ 'ਅਛੂਤ ਦਾ ਸਵਾਲ' ਜ਼ੋਰ ਸ਼ੋਰ ਨਾਲ ਮੁੱਦੇ ਵੀ ਉਠਾਏ। ਪਰ ਦਲਿਤ ਸਮੱਸਿਆ ਨੂੰ ਜਲਦੀ ਹੀ ਫਾਂਸੀ ਲੁਆ ਦਿੱਤਾ ਗਈ। ਭਾਰਤੀ ਪੂੰਜੀਪਤੀਆਂ ਅਤੇ ਅੰਗਰੇਜ਼ਾਂ ਦਰਮਿਆਨ ਸੱਤਾ ਤਬਦੀਲੀ ਦੀ ਜੋ ਅੰਦਰਖਾਤੇ ਗੱਲਬਾਤ ਚਲ ਰਹੀ ਸੀ ਉਸ ਨੂੰ ਸ਼ਹੀਦ ਭਗਤ ਸਿੰਘ ਨੇ ਆਪਣੀਆਂ ਲਿਖਤਾਂ ਵਿਚ ਸਪਸ਼ਟ ਕਰਦਿਆਂ ਕਿਹਾ ਕਿ ਅੰਗਰੇਜ਼ ਭਾਵੇਂ ਇਥੋਂ ਚਲੇ ਜਾਣਗੇ ਪਰ ਉਨ੍ਹਾਂ ਦੀ ਥਾਂ ਉਸ ਕੁਰਸੀ 'ਤੇ ਜੋ ਭਾਰਤੀ ਹਾਕਮ ਬੈਠਣਗੇ, ਉਹ ਅੰਗਰੇਜ਼ਾਂ ਦੇ ਹੀ ਪਦ ਚਿੰਨ੍ਹਾਂ 'ਤੇ ਚੱਲਣਗੇ ਜਿਸ ਨਾਲ ਭਾਰਤੀ ਮਿਹਨਤਕਸ਼ਾਂ ਨੂੰ ਕੋਈ ਫਰਕ ਨਹੀਂ ਪਏਗਾ। ਸੋ ਅੱਜ ਤੱਕ ਉਸੇ ਤਰ੍ਹਾਂ ਹੁੰਦਾ ਆ ਰਿਹਾ ਹੈ ਜਿਸ ਨੂੰ ਭਾਰਤੀ ਜਨ ਸਮੂਹ ਲਈ ਸਮਝਣਾ ਬੇਹੱਦ ਜ਼ਰੂਰੀ ਹੈ। ਮੌਜੂਦਾ ਹੁਕਮਰਾਨਾ ਵਲੋਂ ਰਾਜਨੀਤੀ ਅਤੇ ਸਿੱਖਿਆ ਦਾ ਭਗਵਾਂਕਰਨ ਕਰਨ ਦੇ ਮਿਥਿਹਾਸਕ ਏਜੰਡੇ ਨੂੰ ਠੱਲ ਪਾਉਣ ਦਾ ਇਹੋ ਇਕੋ ਇਕ ਹੱਲ ਹੈ।

ਜਸਵੰਤ ਜੀਰਖ

**ਸਰੋਤ : ਦਲਿਤ ਸ਼ਹੀਦਾਂ ਦਾ ਇਤਿਹਾਸ 'ਚੋਂ ਧੰਨਵਾਦ ਸਹਿਤ ਲੇਖਕ ਐਸ. ਐਲ. ਵਿਰਦੀ**

# ਹਰ ਬਾਗੀ ਜਗਤਾਰ ਬਣੇਗਾ....

ਇਤਿਹਾਸ ਦੇ ਪੱਤਰੇ ਫਰੋਲਦਿਆਂ 12 ਦਸੰਬਰ,1968 ਦਾ ਦਿਨ ਸਾਹਮਣੇ ਆ ਗਿਆ ਹੈ। ਮਨ ਆਪ ਮੁਹਾਰੇ ਹੀ ਸ਼ਹੀਦ ਜਗਤਾਰ ਨੂੰ ਸਲਾਮ ਕਹਿ ਰਿਹਾ ਹੈ। ਜਿਸ ਨੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਇਤਿਹਾਸ ਦੇ ਪਹਿਲੇ ਪੱਤਰਿਆਂ ਨੂੰ ਆਪਣੇ ਸੂਹੇ ਰੱਤ ਨਾਲ ਰੰਗ ਕੇ ਲਾਲ ਸੂਹਾ ਕੀਤਾ ਸੀ। ਇਹ ਉਹ ਸਮਾਂ ਸੀ ਜਦੋਂ ਪੰਜਾਬ ਦੇ ਵਿਦਿਆਰਥੀਆਂ ਨੇ ਪੰਜਾਬ ਸਟੂਡੈਂਟਸ ਯੂਨੀਅਨ ਦੀ ਅਗਵਾਈ 'ਚ, ਉਸ ਸਮੇਂ ਦੇ ਹਾਕਮਾਂ ਦੇ ਜਾਬਰ ਵਾਰਾਂ ਦੇ ਖਿਲਾਫ਼, ਆਪਣੀ ਜਥੇਬੰਦ ਸ਼ਕਤੀ ਨਾਲ ਟਾਕਰਾ ਦਾ ਹੋਕਾ ਦਿੰਦਿਆਂ 'ਜੈ ਸੰਘਰਸ਼' ਦਾ ਨਾਹਰਾ ਦਿੱਤਾ ਸੀ। ਜਬਰ ਵਿਰੋਧੀ ਇਸ ਘੋਲ ਦੌਰਾਨ ਪੁਲਿਸ ਨੇ ਤਰਨ ਤਾਰਨ ਦੇ ਵਿਦਿਆਰਥੀਆਂ ਉਪਰ ਗੋਲੀਆਂ ਚਲਾ ਕੇ ਕਈ ਵਿਦਿਆਰਥੀਆਂ ਨੂੰ ਜ਼ਖ਼ਮੀ ਕਰ ਦਿੱਤਾ ਸੀ। ਉਸ ਤੋਂ ਕੁਝ ਦਿਨ ਬਾਅਦ ਸੁਧਾਰ ਕਾਲਜ ਦੇ ਵਿਦਿਆਰਥੀਆਂ ਉਪਰ ਗੋਲੀਆਂ ਚਲਾ ਕੇ ਸ਼ਹੀਦ ਜਗਤਾਰ ਨੂੰ ਸ਼ਹੀਦ ਕਰ ਦਿੱਤਾ ਸੀ।

ਸ਼ਹੀਦ ਜਗਤਾਰ ਦੀ ਸ਼ਹੀਦੀ 'ਤੇ ਮਰਹੂਮ ਕਾ. ਹਰਭਜਨ ਸਿੰਘ ਸੋਹੀ ਨੇ, ਉਸ ਵੇਲੇ ਦੇ ਜਾਬਰਾਂ ਨੂੰ ਲਲਕਾਰਦਿਆਂ ਇੱਕ ਭਾਵਪੂਰਨ ਕਵਿਤਾ ਲਿਖੀ ਸੀ:

**ਜਬਰ ਨਕਾਮੀ ਹੋਰ ਜਬਰ**
**ਜਦੋਂ ਪੀਕ ਨਾ ਮਿਲੇ ਕਬਰ**
**ਹਰ ਜਾਬਰ ਦੀ ਇਹੋ ਕਹਾਣੀ**
**ਕਰਨਾ ਜਬਰ ਤੇ ਮੂੰਹ ਦੀ ਖਾਣੀ**
**ਖੁਸ਼ੀ ਕਰੋ ਗੋਲੀ ਦੀ ਬਾਛੜ**
**ਖੁਸ਼ੀ ਸੰਗੀਨਾਂ ਨੂੰ ਲਹਿਰਾਓ**
**ਖੁਸ਼ੀ ਰਚੋ ਸ਼ਬਦਾਂ ਦੀ ਮਾਲਾ**
**ਖੁਸ਼ੀ ਸ਼ੇਰਾਂ ਨੂੰ ਪਿੰਜਰੇ ਪਾਓ**
**ਹਰ ਮਿੱਟੀ ਦੀ ਆਪਣੀ ਖਸਲਤ**
**ਹਰ ਮਿੱਟੀ ਕੁੱਟਿਆਂ ਨਹੀਂ ਭੁਰਦੀ**
**ਹਰ ਫੱਟੜ ਮੱਥਾ ਨਹੀਂ ਝੁਕਦਾ**
**ਬੰਨ੍ਹ ਲਾਇਆ ਹਰ ਛੱਲ ਨਹੀਂ ਰੁੱਕਦੀ**
**ਹਰ ਗੁੰਗੇ ਫੱਟ ਨਾਰ੍ਹਾ ਫੁੱਟੂ**
**ਹਰ ਨਾਹਰਾ ਲਲਕਾਰ ਬਣੇਗਾ**
**ਹਰ ਜਿਉਂਦਾ ਦਿਲ ਬਾਗੀ ਹੋਊ**
**ਹਰ ਬਾਗੀ ਜਗਤਾਰ ਬਣੇਗਾ।**

ਜਗਤਾਰ ਦੀ ਸ਼ਹੀਦੀ ਦੇ ਰੋਸ ਵਜੋਂ ਪੰਜਾਬ ਭਰ ਦੇ ਵਿਦਿਆਰਥੀਆਂ 'ਚ ਰੋਹ ਭੜਕ ਪਿਆ ਸੀ। 19 ਦਸੰਬਰ, 1968 ਨ ਪੰਜਾਬ ਭਰ 'ਚ ਇੱਕ ਲਾਮਿਸਾਲ ਹੜਤਾਲ ਹੋਈ ਸੀ। ਉਸੇ ਦਿਨ ਹੀ ਉਸ ਵੇਲੇ ਦੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਜਨਰਲ ਸਕੱਤਰ ਦਰਸ਼ਨ ਸਿੰਘ ਬਾਗੀ ਨੂੰ ਪੀ ਡੀ ਐਕਟ ਅਧੀਨ ਗ੍ਰਿਫਤਾਰ ਕਰਕੇ ਜੇਲ੍ਹ 'ਚ ਸੁੱਟ ਦਿੱਤਾ ਸੀ। ਦਰਸ਼ਨ ਸਿੰਘ ਬਾਗੀ ਦੀ ਨਜ਼ਰਬੰਦੀ ਖ਼ਿਲਾਫ 27 ਅਗਸਤ, 1968 ਨੂੰ ਪੰਜਾਬ ਭਰ'ਚ ਇੱਕ ਲਾਮਿਸਾਲ ਹੜਤਾਲ ਹੋਈ ਸੀ।

ਇਹ ਪੰਜਾਬ ਸਟੂਡੈਂਟਸ ਯੂਨੀਅਨ ਵੀਹਵੀਂ ਸਦੀ ਦੇ ਸੱਤਵੇਂ ਦਿਹਾਕੇ ਦੇ ਸ਼ੁਰੂਆਤੀ ਸਾਲਾਂ, ਜਾਣੀਕੇ 1963-64 'ਚ ਚੰਡੀਗੜ੍ਹ ਵਿਦਿਆਰਥੀਆਂ ਦੀਆਂ ਸੰਘਰਸ਼ੀ ਸਰਗਰਮੀਆਂ ਨਾਲ ਬਣਨੀ ਸ਼ੁਰੂ ਹੋਈ। ਮਾਰਚ 1964 'ਚ ਚੰਡੀਗੜ੍ਹ ਦੇ ਸਾਰੇ ਕਾਲਜਾਂ ਦੇ ਵਿਦਿਆਰਥੀਆਂ ਦੀ ਇੱਕ ਕਨਵੈਨਸ਼ਨ ਜਰਨਲਿਜ਼ਮ ਦੇ ਵਿਦਿਆਰਥੀ ਦਲਬੀਰ ਸਿੰਘ ਅਤੇ ਦਰਸ਼ਨ ਸਿੰਘ ਬਾਗੀ ਦੇ ਉਦਮ ਨਾਲ ਬੁਲਾਈ ਗਈ ਜਿਸ ਦੀ ਪ੍ਰਧਾਨਗੀ ਸ਼੍ਰੀਮਤੀ ਉਰੂਨਾ ਆਸਿਫ਼ ਅਲੀ ਨੇ ਕੀਤੀ ਤੇ ਪੰਜਾਬ ਯੂਨੀਵਰਸਿਟੀ ਕੈਂਪਸ ਦੇ ਡੀਨ ਸ਼੍ਰੀ ਅਚਾਰੀਆ ਹਜ਼ਾਰੀ ਪ੍ਰਸ਼ਾਦ ਦਿਵੇਦੀ ਨੇ ਇਸ ਕਨਵੈਨਸ਼ਨ ਦਾ ਉਦਘਾਟਨ ਕੀਤਾ। ਉਸ ਸਮੇਂ ਦਾ ਪੰਜਾਬ ਵਿਧਾਨ ਸਭਾ ਦਾ ਸਪੀਕਰ ਪ੍ਰਬੋਧ ਚੰਦਰ ਪ੍ਰਮੁੱਖ ਪ੍ਰਾਹੁਣਿਆਂ 'ਚੋਂ ਇੱਕ ਸੀ। ਇਸ ਕਨਵੈਨਸ਼ਨ 'ਚ ਚੰਡੀਗੜ੍ਹ ਸਟੂਡੈਂਟਸ ਯੂਨੀਅਨ ਦੀ ਨੀਂਹ ਰੱਖੀ ਗਈ। ਜਿਸ ਦੇ ਪਹਿਲੇ ਪ੍ਰਧਾਨ ਦਲਬੀਰ ਸਿੰਘ, ਮੀਤ ਪ੍ਰਧਾਨ ਦਰਸ਼ਨ ਸਿੰਘ ਬਾਗੀ ਤੇ ਜਨਰਲ ਸਕੱਤਰ ਮੋਹਨ ਸਿੰਘ ਚੁਣੇ ਗਏ। ਇੱਕ ਵਰਕਿੰਗ ਕਮੇਟੀ ਵੀ ਚੁਣੀ ਗਈ।

ਫਰਵਰੀ 1965 'ਚ ਚੰਡੀਗੜ੍ਹ ਸਟੂਡੈਂਟਸ ਯੂਨੀਅਨ ਦੀ ਐਗਜੈਕਟਿਵ ਨੇ ਫ਼ੈਸਲਾ ਕੀਤਾ ਕਿ ਪੰਜਾਬ ਪੱਧਰ ਦੇ ਵਿਦਿਆਰਥੀਆਂ ਦੀ ਇੱਕ ਕਨਵੈਨਸ਼ਨ ਬੁਲਾਕੇ ਪੰਜਾਬ ਪੱਧਰ ਦੀ ਜਥੇਬੰਦੀ ਦੀ ਸਥਾਪਨਾ ਕੀਤੀ ਜਾਵੇ। ਇਸ ਫ਼ੈਸਲੇ ਮੁਤਾਬਿਕ 28 ਫਰਵਰੀ, 1965 ਨੂੰ ਚੰਡੀਗੜ੍ਹ 'ਚ ਇੱਕ ਕਨਵੈਨਸ਼ਨ ਕੀਤੀ ਗਈ ਜਿਸ ਦੀ ਪ੍ਰਧਾਨਗੀ ਡਾ. ਰਾਮ ਮਨੋਹਰ ਲੋਹੀਆ ਨੇ ਕੀਤੀ। ਜਿਸ ਕਨਵੈਨਸ਼ਨ 'ਚ ਪੰਜਾਬ ਸਟੂਡੈਂਟਸ ਯੂਨੀਅਨ ਦੀ ਸਥਾਪਨਾ ਕੀਤੀ ਗਈ। ਐਗਜੈਕਟਿਵ ਦੀ ਚੋਣ ਪਿਛੋਂ ਉਸ ਵਿਚੋਂ ਹੀ ਕ੍ਰਿਸ਼ਨ ਮੁਰਾਰੀ ਨੂੰ ਪ੍ਰਧਾਨ ਤੇ ਜਨਰਲ ਸਕੱਤਰ ਦਰਸ਼ਨ ਸਿੰਘ ਬਾਗੀ ਨੂੰ ਚੁਣਿਆ ਗਿਆ। ਪੀ ਐਸ ਯੂ ਦੇ ਵਿਧਾਨ ਦਾ ਖਰੜਾ ਤਿਆਰ ਕੀਤਾ ਗਿਆ ਅਤੇ ਕੁਝ ਮੰਗਾਂ ਜਿਵੇਂ: ਪੜ੍ਹਾਈ ਸਸਤੀ ਕਰਨ, ਡਿਗਰੀ ਪਿੱਛੋਂ ਰੁਜ਼ਗਾਰ ਦੀ ਗਰੰਟੀ ਅਤੇ ਵਿਦਿਅਕ ਖੇਤਰ 'ਚੋਂ ਕੁਰੱਪਸ਼ਨ ਖ਼ਤਮ ਕਰਨ ਦੀ ਮੰਗ ਕੀਤੀ ਗਈ।

ਸੈਸ਼ਨ 1966-67 ਦੀਆਂ ਸਰਗਰਮੀਆਂ ਤਹਿਤ 26 ਅਗਸਤ, 1967 ਨੂੰ 16000 ਵਿਦਿਆਰਥੀਆਂ ਦੇ ਦਸਖ਼ਤ ਕਰਵਾਕੇ ਇੱਕ ਮਾਸ ਪਟੀਸ਼ਨ ਉਸ ਵੇਲੇ ਦੇ ਪੰਜਾਬ ਦੇ ਮੁੱਖ ਮੰਤਰੀ ਸ. ਗੁਰਨਾਮ ਸਿੰਘ ਨੂੰ ਦਿੱਤੀ ਗਈ। ਜਿਸ ਵਿਚ :-(1) ਵਧੀਆਂ ਫੀਸਾਂ ਵਾਪਸ ਲਈਆਂ ਜਾਣ; (2) ਡਿਗਰੀ ਤੱਕ ਸਾਰੀਆਂ ਪੁਸਤਕਾਂ ਕੌਮੀ ਕੀਤੀਆਂ ਜਾਣ; (3) 300 ਤੋਂ ਘੱਟ ਆਮਦਨ ਵਾਲੇ ਮਾਪਿਆਂ ਦੇ ਬੱਚਿਆਂ ਨੂੰ ਯੂਨੀਵਰਸਿਟੀ ਤੱਕ ਮੁਫ਼ਤ ਵਿਦਿਆ ਦਿੱਤੀ ਜਾਵੇ; (4) ਜਮਹੂਰੀ ਵਿਦਿਆਰਥੀ ਯੂਨੀਅਨਾਂ ਬਹਾਲ ਕੀਤੀਆ ਜਾਣ; (5) ਡਿਗਰੀ ਮਗਰੋਂ ਰੁਜ਼ਗਾਰ ਦੀ ਗਰੰਟੀ ਹੋਵੇ; (6) ਪੱਛਮੀਂ ਦੇਸ਼ਾਂ ਖ਼ਾਸ ਕਰਕੇ ਅਮਰੀਕਾ ਤੋਂ ਸਭਿਆਚਾਰਕ ਹਮਲਾ ਰੋਕਿਆ ਜਾਵੇ; (7) ਵਿਦਿਆਰਥੀਆਂ ਦੀਆਂ ਤਕਲੀਫ਼ਾਂ ਸੁਨਣ ਲਈ ਸਥਾਈ ਕਮਿਸ਼ਨ ਨਿਯੁਕਤ ਕੀਤਾ ਜਾਵੇ, ਆਦਿਕ ਮੰਗਾਂ ਰੱਖੀਆਂ ਗਈਆਂ।

ਉਸ ਤੋਂ ਬਾਅਦ ਪੀ ਐਸ ਯੂ ਦੀ ਉਸਾਰੀ ਲਈ ਜ਼ਿਲ੍ਹਾ ਕਨਵੈਨਸ਼ਨਾਂ ਕੀਤੀਆਂ ਗਈਆਂ। ਜਿਨ੍ਹਾਂ ਵਿਚ ਜਲੰਧਰ ਤੋਂ ਕੁਲਬੀਰ ਸਿੰਘ ਹੁੰਦਲ, ਅੰਮ੍ਰਿਤਸਰ ਤੋਂ ਸ਼ੇਰ ਸਿੰਘ ਸ਼ੇਰੀ, ਲੁਧਿਆਣੇ ਤੋਂ ਹਰਭਜਨ ਹਲਵਾਰਵੀ ਅਤੇ ਪਟਿਆਲੇ ਤੋਂ ਇੰਦਰਜੀਤ ਵਿਟੂ ਸਕੱਤਰ ਚੁਣੇ ਗਏ। ਜ਼ਿਲ੍ਹਾ ਕਨਵੈਨਸ਼ਨਾਂ ਤੋਂ ਬਾਅਦ 27 ਅਕਤੂਬਰ, 1967 ਨੂੰ ਪੰਜਾਬ ਪੱਧਰ ਦੀ ਇੱਕ ਕਾਨਫਰੰਸ ਪਟਿਆਲਾ ਵਿਖੇ ਹੋਈ ਜਿਸ ਵਿਚ ਸੂਬੇ ਪੱਧਰ ਦੀ ਨਵੀਂ ਚੋਣ ਹੋਈ। ਅਹੁਦੇਦਾਰ ਇਸ ਪ੍ਰਕਾਰ ਸਨ-ਪ੍ਰਧਾਨ-ਬਲਦੇਵ ਕ੍ਰਿਸ਼ਨ ਮਿਤਲ, ਜਨਰਲ ਸਕੱਤਰ-ਦਰਸ਼ਨ ਸਿੰਘ ਬਾਗੀ, ਪ੍ਰਚਾਰ ਸਕੱਤਰ ਸ਼ੇਰ ਸਿੰਘ ਸ਼ੇਰੀ, ਐਗਜੈਕਟਿਵ ਮੈਂਬਰ ਇੰਦਰਜੀਤ ਬਿੱਟੂ, ਕੁਲਬੀਰ ਹੁੰਦਲ, ਹਰਭਜਨ ਹਲਵਾਰਵੀ, ਮਲਕੀਤ ਸਿੰਘ ਆਦਿਕ ਸਨ। ਕਾਨਫਰੰਸ ਵਿਚ ਮਾਸ ਪਟੀਸ਼ਨ ਵਾਲੀਆਂ ਮੰਗਾਂ ਦੇ ਹੱਕ ਵਿਚ ਮਤੇ ਪਾਸ ਕੀਤੇ ਗਏ। ਇਸ ਤੋਂ ਬਾਅਦ ਪੰਜਾਬ ਸਟੂਡੈਂਟਸ ਯੂਨੀਅਨ ਪੰਜਾਬ ਪੱਧਰ 'ਤੇ ਸਰਗਰਮ ਰਹੀ। ਵਿਦਿਆਰਥੀ ਲਹਿਰ ਨਾਂ ਦਾ ਇੱਕ ਪਰਚਾ ਵੀ ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ ਗਿਆ।

ਦਰਸ਼ਨ ਸਿੰਘ ਦੀ ਨਜ਼ਰਬੰਦੀ ਤੋਂ ਬਾਅਦ ਸ਼ੇਰ ਸਿੰਘ ਸ਼ੇਰੀ ਨੂੰ ਐਕਟਿੰਗ ਜਨਰਲ ਸਕੱਤਰ ਚੁਣਿਆ ਗਿਆ। 3 ਜੁਲਾਈ, 1969 ਨੂੰ ਪੰਜਾਬ ਸਟੂਡੈਂਟਸ ਯੂਨੀਅਨ ਦਾ ਇਜਲਾਸ ਖੇਤੀ ਯੂਨੀਵਰਸਿਟੀ ਲੁਧਿਆਣਾ ਵਿਖੇ ਹੋਇਆ। ਜਿਸ ਵਿਚ ਸ਼ੇਰ ਸਿੰਘ ਸ਼ੇਰੀ ਜਨਰਲ ਸਕੱਤਰ, ਬਰਜਿੰਦਰ ਸਿੰਘ ਪ੍ਰਧਾਨ ਤੇ ਇੰਦਰਜੀਤ ਬਿੱਟੂ ਖ਼ਜ਼ਾਨਚੀ ਚੁਣੇ ਗਏ। ਯੂਨੀਅਨ ਦਾ ਘੋਸ਼ਣਾ ਪੱਤਰ ਅਤੇ ਸਵਿਧਾਨ ਵੀ ਪਾਸ ਕੀਤੇ ਗਏ। 27 ਅਗਸਤ ਨੂੰ ਦਰਸ਼ਨ ਸਿੰਘ ਬਾਗੀ ਦੀ ਰਿਹਾਈ ਲਈ ਪੰਜਾਬ ਭਰ 'ਚ ਇੱਕ ਲਾਮਿਸਾਲ ਹੜਤਾਲ ਹੋਈ।

ਜਨਵਰੀ 1970 'ਚ ਪੰਜਾਬ ਪੱਧਰ ਇੱਕ ਕਨਵੈਨਸ਼ਨ ਨਾਭੇ ਵਿਖੇ ਹੋਈ। ਜਿਸ ਵਿਚ ਗੁਰਦਿਆਲ ਸਿੰਘ ਪਹਾੜਪੁਰੀ ਨੂੰ ਜਨਰਲ ਸਕੱਤਰ, ਬਰਜਿੰਦਰ ਸਿੰਘ ਨੂੰ ਪ੍ਰਧਾਨ ਤੇ ਨਿਰੰਜਨ ਸਿੰਘ ਢੇਸੀ ਨੂੰ ਸੀਨੀਅਰ ਮੀਤ ਪ੍ਰਧਾਨ ਬਣਾਇਆ ਗਿਆ। ਪਰ ਉਸੇ ਹੀ ਸਮੇਂ 'ਚ ਯੂਨੀਅਨ ਮਾਅਰਕੇਬਾਜ਼ੀ ਦਾ ਸ਼ਿਕਾਰ ਹੋ ਕੇ ਬਿਖ਼ਰ ਗਈ। ਸ਼ੇਰ ਸਿੰਘ ਸ਼ੇਰੀ, ਗੁਰਦਿਆਲ ਸਿੰਘ ਪਹਾੜਪੁਰੀ ਵਰਗੇ ਅੰਡਰਗਰਾਊਂਡ ਹੋ ਗਏ। ਦਰਸ਼ਨ ਸਿੰਘ ਬਾਗ਼ੀ ਆਪਣੀ ਰਿਹਾਈ ਤੋਂ ਬਾਅਦ ਵਿਦੇਸ਼ ਚਲੇ ਗਏ।

ਫੇਰ ਦੁਬਾਰਾ ਜੁਲਾਈ, 1971 ਦੇ ਅਖ਼ੀਰਲੇ ਹਫ਼ਤੇ, ਰਾਮਪੁਰੇ ਕਾਲਜ 'ਚ ਕੁਝ ਕੁ ਵਿਦਿਆਰਥੀ: ਜਿਵੇਂ ਗੁਰਚਰਨ ਚੰਨਾ, ਨਿਰਭੈ ਸਿੰਘ ਢੁੱਡੀਕੇ, ਬਲਜੀਤ ਬੱਲੀ, ਸੁਰਜੀਤ ਸੰਧੂ ਆਦਿ ਇਕੱਠੇ ਹੋਏ। ਇਨ੍ਹਾਂ ਨੇ 6 ਅਗਸਤ, 1971 ਨੂੰ ਢੁੱਡੀਕੇ ਕਾਲਜ 'ਚ ਪੰਜਾਬ ਸਟੂਡੈਂਟਸ ਯੂਨੀਅਨ ਨੂੰ ਮੁੜ ਜਥੇਬੰਦ ਕਰਨ ਲਈ ਇੱਕ ਵੱਡੀ ਮੀਟਿੰਗ ਕਰਨ ਦਾ ਫ਼ੈਸਲਾ ਕੀਤਾ। 6 ਅਗਸਤ ਵਾਲੀ ਮੀਟਿੰਗ 'ਚ 12 ਸਤੰਬਰ, 1971 ਨੂੰ ਜਗਰਾਉਂ ਵਿਖੇ ਇਜਲਾਸ ਕਰਨ ਦਾ ਫ਼ੈਸਲਾ ਕੀਤਾ ਗਿਆ। ਗੁਰਚਰਨ ਚੰਨਾ ਨੂੰ ਕਨਵੀਨਰ ਥਾਪ ਕੇ ਇੱਕ ਐਡਹਾਕ ਕਮੇਟੀ ਬਣਾਈ ਗਈ। ਜਿਸ ਦੇ ਮੈਂਬਰ ਪ੍ਰਿਥੀਪਾਲ ਸਿੰਘ ਰੰਧਾਵਾ, ਬਲਜੀਤ ਬੱਲੀ, ਸੁਰਜੀਤ ਸਿੰਘ ਸੰਧੂ ਅਤੇ ਨਿਰਭੈ ਸਿੰਘ ਢੁੱਡੀਕੇ ਬਣੇ।

12 ਸਤੰਬਰ, 1971 ਨੂੰ ਜਗਰਾਉਂ ਵਿਖੇ ਇਜਲਾਸ ਵਿਚ ਇੱਕ ਸੂਬਾ ਕਮੇਟੀ ਬਣਾਈ ਗਈ। ਜਿਸ ਦੇ ਪ੍ਰਧਾਨ ਪ੍ਰਿਥੀਪਾਲ ਸਿੰਘ ਰੰਧਾਵਾ, ਸੁਰਜੀਤ ਸਿੰਘ ਸੰਧੂ ਸਕੱਤਰ, ਬਲਜੀਤ ਬੱਲੀ ਪ੍ਰਚਾਰ ਸਕੱਤਰ, ਪ੍ਰਵਿੰਦਰ ਸਿੰਘ ਜੈਲਦਾਰ ਖ਼ਜ਼ਾਨਚੀ ਅਤੇ ਸੋਹਣ ਸਿੰਘ, ਮੇਜਰ ਸਿੰਘ, ਬਿੰਦਰ ਸਿੰਘ, ਗੁਲਜ਼ਾਰ ਸਿੰਘ, ਤਾਰਾ ਸਿੰਘ, ਗੁਰਦੇਵ ਸਿੰਘ, ਹਰਬੰਸ ਸਿੰਘ, ਤਸਵੀਰ ਸਿੰਘ ਕਮੇਟੀ ਮੈਂਬਰ ਬਣੇ। ਯੂਨੀਅਨ ਦੇ ਐਲਾਨਨਾਮੇ ਅਤੇ ਸੰਵਿਧਾਨ ਦੇ ਖਰੜੇ ਵੀ ਪਾਸ ਕੀਤੇ ਗਏ।

ਪੰਜਾਬ ਸਟੂਡੈਂਟਸ ਯੂਨੀਅਨ ਦੇ ਮੁੜ-ਜਥੇਬੰਦ ਹੋਣ ਤੋਂ ਕੁਝ ਚਿਰ ਬਾਅਦ ਹੀ ਮੋਗਾ ਗੋਲੀ ਕਾਂਡ ਵਾਪਰ ਗਿਆ। ਪੰਜਾਬ ਪੁਲਿਸ ਨੇ ਇੱਕ ਸਨੇਮੇ ਦੀ ਰਾਖੀ ਕਰਦਿਆਂ 5 ਤੇ 7 ਅਕਤੂਬਰ, 1972 ਨੂੰ ਅੰਨ੍ਹੇਵਾਹ ਗੋਲੀਆਂ ਚਲਾ ਕੇ ਕਈ ਨੌਜਵਾਨ ਸ਼ਹੀਦ ਕਰ ਦਿੱਤੇ। ਇਸ ਗੋਲੀ ਕਾਂਡ ਦੇ ਵਿਰੋਧ 'ਚ ਉੱਠੀ ਪੰਜਾਬ ਭਰ 'ਚ ਇਨਕਲਾਬੀ ਜਮਹੂਰੀ ਲਹਿਰ 'ਚੋਂ ਪੰਜਾਬ ਸਟੂਡੈਂਟਸ ਯੂਨੀਅਨ ਇੱਕ ਮਜ਼ਬੂਤ ਜਥੇਬੰਦੀ ਵਜੋਂ ਉਭਰ ਕੇ ਸਾਹਮਣੇ ਆਈ। ਪ੍ਰਿਥੀਪਾਲ ਸਿੰਘ ਰੰਧਾਵਾ ਪੰਜਾਬ ਭਰ ਦੇ



ਨੌਜਵਾਨਾਂ ਦੇ ਨਾਇਕ ਬਣਕੇ ਉਭਰੇ। ਉਸ ਦੇ ਨਾਲ ਨਰਿੰਦਰ ਚਾਹਿਲ, ਨਿਰਭੈ ਸਿੰਘ ਢੁੱਡੀਕੇ, ਪ੍ਰੇਮ ਸਿੰਘ ਚੰਦੂਮਾਜਰਾ, ਮੁਖਤਿਆਰ ਪੂਹਲਾ, ਭੋਲਾ ਸਿੰਘ ਸਿਧਾਨਾ, ਦਰਸ਼ਨ ਪਿੱਥੋ, ਬਿੱਕਰ ਐਸ਼ੀ, ਕਿੱਕਰ ਸਿੰਘ, ਜਗਰੂਪ ਝਨੀਰ, ਮੱਘਰ ਕੂਲਰੀਆਂ ਵਰਗੇ ਅਨੇਕਾਂ ਹੋਰ ਵਿਦਿਆਰਥੀ ਲੀਡਰ ਵੀ ਉੱਭਰ ਕੇ ਸਾਹਮਣੇ ਆਏ। ਇਹ ਇੱਕ ਅਜੇਹਾ ਸਮਾਂ ਸੀ ਜਦੋਂ ਪੰਜਾਬ ਦਾ ਹਰ ਵਿਦਿਆਰਥੀ ਪੰਜਾਬ ਸਟੂਡੈਂਟਸ ਯੂਨੀਅਨ 'ਚ ਸ਼ਾਮਲ ਹੋਣਾ ਇੱਕ ਮਾਣ ਸਮਝਦਾ ਸੀ। ਇਸ ਸੰਘਰਸ਼ 'ਚੋਂ ਪੰਜਾਬ ਸਟੂਡੈਂਟਸ ਯੂਨੀਅਨ ਦੀ ਸਹਿਯੋਗੀ ਜਥੇਬੰਦੀ ਨੌਜਵਾਨ ਸਭਾ ਵੀ ਸਥਾਪਿਤ ਹੋਈ।

ਮੋਗਾ ਗੋਲੀ ਕਾਂਡ ਤੋਂ ਤਕਰਬਿਨ ਦੋ ਸਾਲ ਬਾਅਦ ਦੇਸ਼ ਭਰ 'ਚ ਜਦੋਂ ਜੇ ਪੀ ਲਹਿਰ ਚਲੀ ਤਾਂ ਪੰਜਾਬ ਸਟੂਡੈਂਟਸ ਯੂਨੀਅਨ ਨੇ ਮੋਗਾ ਵਿਖੇ ਇੱਕ ਵਿਸ਼ਾਲ ਸੰਗਰਾਮ ਰੈਲੀ ਕੀਤੀ। ਜਿਸ ਵਿਚ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ, ਵਿਦਿਆਰਥੀਆਂ ਅਤੇ ਨੌਜਵਾਨਾਂ ਦਾ ਸਾਂਝਾ ਮੋਰਚਾ ਬਣਾ ਕੇ, ਲੰਮੇ ਤੇ ਖਾੜਕੂ ਸੰਘਰਸ਼ਾਂ ਰਾਹੀਂ, ਚੋਰ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਤੋੜ ਕੇ ਆਪਣੀ ਤਕਦੀਰ ਆਪ ਬਣਾਉਣ ਦਾ ਐਲਾਨ ਕੀਤਾ ਗਿਆ। ਇਹ ਸੰਗਰਾਮ ਰੈਲੀ ਲੁੱਟ-ਘਸੁੱਟ ਵਾਲੇ ਨਿਜ਼ਾਮ ਨੂੰ ਤਬਾਹ ਕਰਕੇ, ਨਵੇਂ ਅਤੇ ਚੰਗੇਰੇ ਸਮਾਜ ਦੀ ਸਿਰਜਣਾ ਲਈ ਇੱਕ ਪੈਗ਼ਾਮ ਸੀ।

ਫੇਰ ਜੂਨ 1975 ਦੀ ਐਮਰਜੈਂਸੀ ਦੇ ਐਲਾਨ ਨਾਲ ਹੀ ਪ੍ਰਿਥੀਪਾਲ ਸਿੰਘ ਰੰਧਾਵਾ ਅਤੇ ਹੋਰ ਸੈਂਕੜੇ ਨੌਜਵਾਨਾਂ ਨੂੰ ਨਜ਼ਰਬੰਦ ਕਰ ਦਿੱਤਾ ਗਿਆ। ਪਰ ਐਮਰਜੈਂਸੀ ਦੇ ਖ਼ਤਮ ਹੋ ਜਾਣ ਤੋਂ ਬਾਅਦ ਪੰਜਾਬ ਸਟੂਡੈਂਟਸ ਯੂਨੀਅਨ ਨੇ ਮੁੜ ਆਪਣਾ ਪਰਚਮ ਲਹਿਰਾ ਦਿੱਤਾ ਅਤੇ ਲੰਮੇ ਤੇ ਖਾੜਕੂ ਸੰਘਰਸ਼ ਲੜੇ।

ਪਰ ਸਾਲ 1979 ਪੰਜਾਬ ਸਟੂਡੈਂਟਸ ਯੂਨੀਅਨ ਲਈ ਇੱਕ ਮਨਹੂਸ ਸਾਲ ਸੀ। ਇਸ ਸਾਲ ਉਸ ਸਮੇਂ ਦੀ ਸਰਕਾਰ ਵਲੋਂ, ਗੁੰਡਿਆਂ ਤੋਂ ਪ੍ਰਿਥੀਪਾਲ ਸਿੰਘ ਰੰਧਾਵਾ ਨੂੰ ਸ਼ਹੀਦ ਕਰਵਾ ਦਿੱਤਾ ਗਿਆ। ਕੁਝ ਸਮੇਂ ਬਾਅਦ ਪੀ ਏ ਯੂ ਦੇ ਇੱਕ ਹੋਰ ਯੂਨੀਅਨ ਦੇ ਕਾਰਕੁੰਨ ਪਿਆਰਾ ਸਿੰਘ ਨੂੰ ਵੀ ਗੁੰਡਿਆਂ ਨੇ ਕਤਲ ਕਰ ਦਿੱਤਾ ਗਿਆ। ਸ਼ਹੀਦ ਰੰਧਾਵਾ ਦੇ ਕਾਤਲਾਂ ਨੂੰ ਸਜ਼ਾ ਦਿਵਾਉਣ ਲਈ ਇੱਕ ਲੰਮਾਂ ਤੇ ਖਾੜਕੂ ਘੋਲ ਚੱਲਿਆ। ਉਸ ਘੋਲ 'ਚੋਂ ਮਾਲਵਿੰਦਰ ਸਿੰਘ ਮਾਲੀ ਜਿਹੜੇ ਰੰਧਾਵਾ ਤੋਂ ਬਾਅਦ ਯੂਨੀਅਨ ਦੇ ਜਨਰਲ ਸਕੱਤਰ ਬਣੇ ਸਨ, ਇੱਕ ਹਰਮਨ ਪਿਆਰੇ ਵਿਦਿਆਰਥੀ ਨੇਤਾ ਬਣੇ। ਉਸ ਦੇ ਨਾਲ ਸੁਖਦੇਵ ਪਟਵਾਰੀ, ਮਹਿੰਦਰ ਸਿੰਘ ਯੋਗੀ, ਬਚਿਤਰ ਸਿੰਘ, ਇਸ਼ਟਪਾਲ, ਹਰਤੇਜ ਮਹਿਤਾ, ਬਲਦੇਵ ਸਿਵੀਆਂ ਰਨਧੀਰ ਗਿੱਲਪੱਤੀ ਵਰਗੇ ਅਨੇਕਾਂ ਹੋਰ ਹੋਣਹਾਰ ਵਿਦਿਆਰਥੀ ਨੇਤਾਵਾਂ ਦੇ ਪੂਰਾਂ ਦੇ ਪੂਰ ਆਏ। ਕੁਝ ਕੁ ਸਰਫ਼ਰੋਸ਼ਾਂ ਨੇ ਰੰਧਾਵਾ ਅਤੇ ਪਿਆਰੇ ਦੇ ਕਾਤਲਾਂ ਤੋਂ ਵੀ ਬਦਲਾ ਲੈ ਲਿਆ।

## ਸਿਆਸੀ ਰੰਗਕਰਮੀ ਹੋਣ ਦੀ ਸਜ਼ਾ

# ਨਾਗਪੁਰ ਸੈਂਟਰਲ ਜੇਲ੍ਹ ਤੋਂ ਹੇਮ ਮਿਸ਼ਰਾ ਦਾ ਖਤ



*(ਨੋਟ :- ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਹੋਣਹਾਰ ਵਿਦਿਆਰਥੀ ਤੇ ਉੱਘੇ ਨੌਜਵਾਨ ਰੰਗਕਰਮੀ ਹੇਮ ਮਿਸ਼ਰਾ ਨੂੰ ਮਹਾਂਰਾਸ਼ਟਰ ਪੁਲਿਸ ਵੱਲੋਂ ਗੈਰ-ਕਾਨੂੰਨੀ ਢੰਗ ਨਾਲ ਅਗਵਾ ਕਰਕੇ, ਤਿੰਨ ਦਿਨ ਤੱਕ ਪੁਲਿਸ ਹਿਰਾਸਤ 'ਚ ਅੰਨ੍ਹਾ ਤਸ਼ੱਦਦ ਢਾਹ ਕੇ ਅਤੇ ਯੂ. ਏ. ਪੀ. ਏ. ਵਰਗੀਆਂ ਸੰਗੀਨ ਧਰਾਵਾਂ ਲਾ ਕੇ ਇਕ ਵਾਰ ਫੇਰ ਇਹ ਦਿਖਾ ਦਿੱਤਾ ਗਿਆ ਹੈ ਕਿ ਇਹ ਮੌਜੂਦਾ ਪ੍ਰਬੰਧ ਇਸ ਕਦਰ ਖੋਖਲਾ ਹੋ ਚੁਕਿਆ ਹੈ ਕਿ ਉਹ ਲੋਕਪੱਖੀ ਸੱਭਿਆਚਾਰ ਨੂੰ ਬਰਦਾਸਤ ਕਰਨ ਦੀ ਵੀ ਸਮਰੱਥਾ ਨਹੀਂ ਰੱਖਦਾ। ਇਸ ਤੋਂ ਪਹਿਲਾਂ ਲੋਕ ਸੰਘਰਸ਼ਾਂ ਦੇ ਕਿਸੇ ਨਾ ਕਿਸੇ ਰੂਪ 'ਚ ਸਮਰਥਕ ਰਹੇ ਕਬੀਰ ਕਲਾ ਮੰਚ ਦੇ ਕਲਾਕਾਰ ਜਤਿਨ ਮਰਾਂਡੀ, ਸ਼ੀਤਲ ਸਾਠੇ, ਉੱਘੇ ਪੱਤਰਕਾਰ ਪ੍ਰਫੁਲ ਝਾਅ, ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਡਾ. ਬਿਨਾਇਕ ਸੇਨ, ਪ੍ਰਸ਼ਾਂਤ ਰਾਹੀ, ਸੀਮਾ ਅਜਾਦ, ਪ੍ਰੋ. ਜੀ ਐਨ ਸਾਈਬਾਬਾ, ਸੁਧੀਰ ਡਵਲੇ, ਅਰੁਣ ਫਰੇਰਾ ਆਦਿ ਅਨੇਕਾਂ ਜਮਹੂਰੀ ਹੱਕਾਂ ਲਈ ਲੜਨ ਵਾਲੇ ਕਾਰਕੁੰਨਾਂ ਉਪਰ ਝੂਠੇ ਕੇਸ ਮੜ੍ਹਨ, ਜੇਲ੍ਹਾਂ 'ਚ ਸੁੱਟਣ ਤੇ ਮਾਨਸਿਕ ਤੇ ਸਰੀਰਕ ਤਸ਼ੱਦਦ ਕਰਕੇ ਜਮਹੂਰੀ ਹੱਕਾਂ ਦੀ ਅਵਾਜ ਨੂੰ ਬੰਦ ਕਰਨ ਦੇ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਭਾਰਤ ਦੇ ਵੱਖ-ਵੱਖ ਹਿੱਸਿਆਂ 'ਚ ਜਲ, ਜੰਗਲ, ਜਮੀਨ ਤੇ ਹੋਰ ਸਮਾਜਿਕ ਲੁੱਟ-ਜਬਰ ਤੇ ਦਾਬੇ ਖਿਲਾਫ ਚੱਲ ਰਹੇ ਹੱਕੀ ਤੇ ਜਾਇਜ ਸੰਘਰਸ਼ਾਂ ਦੇ ਨਾਲ-ਨਾਲ ਜਮਹੂਰੀ ਹੱਕਾਂ ਦੀ ਅਵਾਜ ਨੂੰ ਬੰਦ ਕਰਨ ਵਾਲੇ ਕਾਲੇ ਕਾਨੂੰਨਾਂ ਤੇ ਗੈਰਕਾਨੂੰਨੀ ਢੰਗ ਨਾਲ ਲੋਕ ਲਹਿਰਾਂ 'ਚ ਸਰਗਰਮ ਕਾਰਕੁੰਨਾਂ ਨੂੰ ਜੇਲ੍ਹੀਂ ਬੰਦ ਕਰਨ ਦੀ ਹਾਕਮ ਜਮਾਤਾਂ ਦੀ ਹਰ ਕਾਰਵਾਈ ਦਾ ਜੋਰਦਾਰ ਵਿਰੋਧ ਹੋਣਾ ਚਾਹੀਦਾ ਹੈ। ਸਮਾਜਿਕ ਜਮਹੂਰੀ ਕਾਰਕੁੰਨਾਂ ਨੂੰ ਕਿਵੇਂ ਝੂਠੇ ਕੇਸਾਂ ਵਿਚ ਫਸਾਇਆ ਜਾ ਰਿਹਾ ਹੈ ਇਸਦਾ ਖੁਲਾਸਾ ਕਰਦਾ ਹੋਇਆ ਨੌਜਵਾਨ ਰੰਗਕਰਮੀ ਹੇਮ ਮਿਸ਼ਰਾ ਦਾ ਨਾਗਪੁਰ ਦੀ ਜੇਲ੍ਹ 'ਚੋਂ ਲਿਖਿਆ ਖਤ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ - ਅਨੁਵਾਦਕ)*

ਦੋਸਤੋ,

ਪਿਛਲੇ ਮਹੀਨੇ ਦੀ ਅਗਸਤ ਦੀ 20 ਤਾਰੀਕ ਤੋਂ ਮਹਾਂਰਾਸ਼ਟਰ ਦੀ ਪੁਲਿਸ ਦੁਆਰਾ ਮੇਰੀ ਗ੍ਰਿਫਤਾਰੀ ਕੀਤੇ ਨੂੰ ਇਕ ਸਾਲ ਪੂਰਾ ਹੋ ਗਿਆ ਹੈ। ਇਕ ਰੰਗਕਰਮੀ ਅਤੇ ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਾ ਵਿਦਿਆਰਥੀ ਹੋਣ ਦੇ ਬਾਵਜੂਦ ਮੇਰੇ ਤੇ ਯੂ. ਏ. ਪੀ. ਏ. (ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਐਕਟ) ਦੀਆਂ ਵੱਖ-ਵੱਖ ਧਰਾਵਾਂ ਲਾਈਆਂ ਗਈਆਂ ਹਨ। ਅਤੇ ਨਾਗਪੁਰ ਸੈਂਟਰਲ ਜੇਲ੍ਹ ਦੇ ਅਤੀ ਸੁਰੱਖਿਆ ਵਿਭਾਗ (High Security Cell) 'ਆਂਡਾ ਸੈੱਲ' ਦੀ ਇਕੱਲਤਾ 'ਚ ਰੱਖਿਆ ਗਿਆ ਹੈ। ਮਹਾਂਰਾਸ਼ਟਰ ਦੀ ਗੜਚਿਰੌਲੀ ਅਦਾਲਤ ਨੇ 6 ਸਤੰਬਰ 2014 ਨੂੰ ਮੇਰੀ ਜਮਾਨਤ ਦੀ ਅਰਜੀ ਵੀ ਖਾਰਜ ਕਰ ਦਿੱਤੀ ਹੈ। ਨਾਗਪੁਰ ਸੈਂਟਰਲ ਜੇਲ੍ਹ ਦੀਆਂ ਇਨ੍ਹਾਂ ਬੰਦ ਦੀਵਾਰਾਂ ਵਿਚ ਮੈਨੂੰ ਅਦਾਲਤ ਦੇ ਨਿਆਂ ਦੀ ਕਿਰਨ ਜਾਗਣ ਦੀ ਉਮੀਦ ਸੀ। ਪਰ ਅਦਾਲਤ ਨੇ ਮੇਰੀ ਜਮਾਨਤ ਜਾਚਿਕਾ ਖਾਰਿਜ ਕਰਕੇ ਮੇਰੀਆਂ ਇਨ੍ਹਾਂ ਉਮੀਦਾਂ 'ਤੇ ਰੋਕ ਲਾ ਦਿੱਤੀ।

ਅਦਾਲਤ ਦਾ ਇਹ ਹੁਕਮ ਕੁਦਰਤ ਦੁਆਰਾ ਮੈਨੂੰ ਖੁਲ੍ਹੀ ਹਵਾ 'ਚ ਜਿਊਣ ਦੇ ਦਿੱਤੇ ਗਏ ਅਧਿਕਾਰ ਦੇ ਖਿਲਾਫ ਜਾਂਦਾ ਹੈ। ਅੱਜ ਲੋਕਤੰਤਰ ਤੇ ਨਿਆਂਪਸੰਦ ਲੋਕਾਂ ਦੇ ਸੰਘਰਸ਼ ਦੀ ਬਦੌਲਤ ਸੱਤਾ ਦੇ ਸ਼ਿਕਾਰ ਜੇਲ੍ਹਾਂ 'ਚ ਬੰਦ ਹਜ਼ਾਰਾਂ ਲੋਕਾਂ ਦੀ ਜ਼ਮਾਨਤ ਜਲਦੀ ਤੋਂ ਜਲਦੀ ਸੁਨਿਸ਼ਚਤ ਕੀਤੇ ਜਾਣ ਦੇ ਅਧਿਕਾਰ ਦਾ ਸਵਾਲ ਇਕ ਭਖਦਾ ਮੁੱਦਾ ਬਣਿਆ ਹੋਇਆ ਹੈ। ਜਿਸਦੇ ਚੱਲਦੇ ਸਰਵਉੱਚ ਅਦਾਲਤ ਵੀ ਇਸ ਨਤੀਜੇ ਤੇ ਪਹੁੰਚੀ ਹੈ ਕਿ ਸਾਰੇ ਨਿਆਂ ਅਧੀਨ ਬੰਦੀਆਂ ਦੀ ਜਮਾਨਤ ਦੇ ਇਸ ਅਧਿਕਾਰ ਨੂੰ ਸੁਨਿਸ਼ਚਿਤ ਕੀਤਾ ਜਾਣਾ ਚਾਹੀਦਾ ਹੈ। ਅਤੇ ਸਮੇਂ-ਸਮੇਂ ਤੇ ਉਹ ਆਪਣੇ ਅਧੀਨ ਅਦਾਲਤਾਂ ਨੂੰ ਇਸ ਸਬੰਧ 'ਚ ਦਿਸ਼ਾ-ਨਿਰਦੇਸ਼ ਵੀ ਦਿੰਦੀ ਰਹੀ ਹੈ। ਇਸ ਦੇ ਬਾਵਯੂਦ ਵੀ ਹੇਠਲੀ ਅਦਾਲਤ ਨੇ ਮੈਨੂੰ ਜਮਾਨਤ ਦੇਣ ਤੋਂ ਇਨਕਾਰ ਕਰਕੇ ਮੈਥੋਂ ਇਹ ਅਧਿਕਾਰ ਖੋਹ ਲਿਆ ਹੈ। ਅਤੇ ਮੇਰੇ ਵਰਗੇ ਰੰਗਕਰਮੀ ਨੂੰ ਜੇਲ੍ਹ ਦੀਆਂ ਇਨ੍ਹਾਂ ਬੰਦ ਦੀਵਾਰਾਂ ਦੀਆਂ ਤਨਹਾਈਆਂ ਵਿਚਕਾਰ ਰਹਿਣ ਲਈ ਮਜ਼ਬੂਰ ਕਰ ਦਿੱਤਾ ਹੈ।

ਪਿਛਲੇ ਸਾਲ ਅਗਸਤ ਮਹੀਨੇ 'ਚ ਆਪਣੀ ਗ੍ਰਿਫਤਾਰੀ ਤੋਂ ਪਹਿਲਾਂ ਮੈਂ ਨਵੀਂ ਦਿੱਲੀ ਸਥਿਤ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਾ ਵਿਦਿਆਰਥੀ ਸੀ। ਯੂਨੀਵਰਸਿਟੀ ਦੀ ਪੜ੍ਹਾਈ ਦੇ ਨਾਲ-ਨਾਲ, ਦੇਸ਼-ਦੁਨੀਆ ਦੇ ਭਖਦੇ ਵਿਸ਼ਿਆਂ ਤੇ ਹੋਣ ਵਾਲੇ ਸੈਮੀਨਾਰਾਂ, ਜਨਤਕ ਮੀਟਿੰਗਾਂ, ਚਰਚਾਵਾਂ, ਵਿਦਿਆਰਥੀਆਂ ਦੇ ਜਮਹੂਰੀ ਅਧਿਕਾਰਾਂ ਲਈ ਸੰਘਰਸ਼ ਤੇ ਜਾਤੀ ਦਾਬੇ, ਕਾਰਖਾਨੇ 'ਚ ਮਜ਼ਦੂਰਾਂ ਦੇ ਸੋਸ਼ਣ, ਜਮੀਨ ਅਧਿਗ੍ਰਹਿਣ ਕਰਕੇ ਕਿਸਾਨਾਂ ਨੂੰ ਉਹਨਾਂ ਦੀਆਂ ਜਮੀਨਾਂ ਤੋਂ ਬੇਦਖਲ ਕੀਤੇ ਜਾਣ, ਔਰਤਾਂ ਤੇ ਹੋ ਰਹੇ ਅੱਤਿਆਚਾਰ, ਲੋਕਪੱਖੀ ਸੰਘਰਸ਼ਾਂ 'ਤੇ ਦਮਨ ਅਤੇ ਸਾਮਰਾਜ ਦੁਆਰਾ ਲੋਕਾਂ ਤੇ ਥੋਪੀ ਜਾ ਰਹੀ ਜੰਗ ਖਿਲਾਫ ਹੋਣ ਵਾਲੇ ਸੰਘਰਸ਼ਾਂ 'ਚ ਹਿੱਸੇਦਾਰੀ ਮੇਰੇ ਵਿਦਿਆਰਥੀ ਜੀਵਨ ਦਾ ਹਿੱਸਾ ਸੀ। ਵਿਦਿਆਰਥੀਆਂ ਦੇ ਇਨ੍ਹਾਂ ਸੰਘਰਸ਼ਾਂ 'ਚ ਸੱਭਿਆਚਾਰਕ ਵਿਰੋਧ ਨੂੰ ਲਾਜਮੀ ਮੰਨਦੇ ਹੋਏ ਇਕ ਰੰਗਕਰਮੀ ਦੇ ਰੂਪ 'ਚ ਲੋਕਾਂ ਦੇ ਸੰਘਰਸ਼ 'ਚ ਗੀਤਾਂ ਤੇ ਨਾਟਕਾਂ ਰਾਹੀਂ ਮੇਰੀ ਹਿੱਸੇਦਾਰੀ ਰਹਿੰਦੀ ਸੀ।

ਇਕ ਰੰਗਕਰਮੀ ਦੇ ਰੂਪ 'ਚ ਮੇਰੇ ਇਸ ਸਫਰ ਦੀ ਸ਼ੁਰੂਆਤ ਉਤਰਾਖੰਡ ਰਾਜ ਦੇ ਅਲਮੋੜਾ ਸ਼ਹਿਰ ਤੋਂ ਹੋਈ। ਮੈਨੂੰ ਯਾਦ ਹੈ ਕਿ ਜਦ ਮੈਂ ਅਲਮੋੜਾ ਤੋਂ ਤਕਰੀਬਨ 30 ਕਿਲੋਮੀਟਰ ਦੂਰ ਇਕ ਅਤੀਅੰਤ ਪੱਛੜੇ ਹੋਏ ਆਪਣੇ ਪਿੰਡ ਤੋਂ ਸਕੂਲ ਦੀ ਪੜ੍ਹਾਈ ਲਈ ਸ਼ਹਿਰ 'ਚ ਆਇਆ ਸੀ, ਤਦ ਅਲੱਗ ਉਤਰਾਖੰਡ ਰਾਜ ਬਣਾਉਣ ਲਈ ਸੰਘਰਸ਼ ਚੱਲ ਰਿਹਾ ਸੀ। ਸੰਘਰਸ਼ 'ਚ ਸ਼ਾਮਲ ਨੌਜਵਾਨ ਅਕਸਰ ਸਕੂਲਾਂ ਨੂੰ ਵੀ ਬੰਦ ਕਰਵਾ ਕੇ ਹਜ਼ਾਰਾਂ ਦੀ ਗਿਣਤੀ 'ਚ ਸਕੂਲੀ ਵਿਦਿਆਰਥੀਆਂ ਦੀਆਂ ਰਾਜਕੀ ਅੰਦੋਲਨਾਂ ਦੀਆਂ ਰੈਲੀਆਂ 'ਚ ਹਿੱਸੇਦਾਰੀ ਕਰਵਾਉਂਦੇ ਸਨ। ਇਸ ਤਰ੍ਹਾਂ ਮੈਂ ਵੱਖਰਾ ਰਾਜ ਬਣਾਉਣ ਲਈ ਚੱਲ ਰਹੀ ਇਸ ਲੜਾਈ ਦਾ ਅੰਤਿਮ ਦੌਰ 'ਚ ਅੰਗ ਬਣ ਗਿਆ। ਉਸ ਅੰਦੋਲਨ 'ਚ ਸਮਾਜ ਦੇ ਹਰ ਤਬਕੇ ਦੇ ਲੋਕ ਸ਼ਾਮਲ ਸਨ। ਵਿਦਿਆਰਥੀ, ਅਧਿਆਪਕ, ਕਰਮਚਾਰੀ, ਔਰਤਾਂ, ਮਜ਼ਦੂਰ, ਕਿਸਾਨ, ਲੇਖਕ, ਪੱਤਰਕਾਰ, ਵਕੀਲ ਅਤੇ ਰੰਗਕਰਮੀ ਇਸ ਅੰਦੋਲਨ 'ਚ ਵੱਧ ਚੜ੍ਹਕੇ ਭਾਗ ਲੈ ਰਹੇ ਸਨ। ਵਿਕਾਸ ਤੋਂ ਕੋਹਾਂ ਦੂਰ ਉਤਰਾਖੰਡ ਦੀਆਂ ਔਰਤਾਂ ਦੇ ਦਰਦ, ਨੌਜਵਾਨਾਂ ਦੀ ਬੇਰੁਜਗਾਰੀ ਦੀ ਪੀੜਾ, ਪ੍ਰਵਾਸ, ਬਰਾਬਰੀ 'ਤੇ ਅਧਾਰਿਤ ਸਮਾਜ ਦੇ ਸੁਪਨੇ ਅਤੇ ਲੋਕਪੱਖੀ ਉੱਤਰਾਖੰਡ ਦੇ ਨਿਰਮਾਣ ਦੀ ਰੂਪਰੇਖਾ ਨੂੰ ਆਪਣੇ ਗੀਤਾਂ 'ਚ ਸਮੋਏ ਹੋਏ ਮਸ਼ਹੂਰ ਰੰਗਕਰਮੀ ਗਿਰੀਸ਼ ਤਿਵਾੜੀ ਗ੍ਰਿਧਾ ਨੂੰ ਹਜ਼ਾਰਾਂ ਲੋਕਾਂ ਵਿਚਕਾਰ ਗਾਉਂਦੇ ਹੋਏ ਵੇਖਣਾ ਮੈਨੂੰ ਇਨ੍ਹਾਂ ਸੱਭਿਆਚਾਰਕ ਗਤੀਵਿਧੀਆਂ ਵੱਲ ਖਿੱਚ ਲਿਆਇਆ।

ਸਕੂਲੀ ਪੜ੍ਹਾਈ ਦੇ ਬਾਅਦ ਜਦ ਮੈਂ ਉੱਚ ਸਿੱਖਿਆ ਲਈ ਕਾਲਜ 'ਚ ਆਇਆ ਮੈਂ ਵੇਖਿਆ ਕਿ ਕਾਲਜ 'ਚ ਉੱਤਰਾਖੰਡ ਰਾਜ ਅੰਦੋਲਨ ਤੋਂ ਪ੍ਰੇਰਿਤ ਕਈ ਨੌਜਵਾਨ ਆਪਣੀ ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀਆਂ ਦੇ ਹੱਕ ਦੀ ਲੜ੍ਹਾਈ ਤੇ ਇਕ ਲੋਕਤੰਤਰੀ ਉਤਰਾਖੰਡ ਦੇ ਨਿਰਮਾਣ ਦੀ ਲੜ੍ਹਾਈ 'ਚ ਹਿੱਸੇਦਾਰੀ ਕਰ ਰਹੇ ਸਨ। ਬਰਾਬਰਤਾ 'ਤੇ ਅਧਾਰਿਤ ਲੁੱਟ ਰਹਿਤ ਸਮਾਜ ਦਾ ਸੁਪਨਾ ਲੈ ਕੇ, ਇਨ੍ਹਾਂ ਵਿਦਿਆਰਥੀਆਂ ਨਾਲ ਮੈਂ ਵੀ ਉਨ੍ਹਾਂ ਸੰਘਰਸ਼ਾਂ 'ਚ ਹਿੱਸਾ ਲੈਣ ਲੱਗਿਆ। ਲੋਕਗੀਤ, ਨਾਟਕ ਤੇ ਹੋਰ ਸੱਭਿਆਚਾਰਕ ਗਤੀਵਿਧੀਆਂ ਇਨ੍ਹਾਂ ਸੰਘਰਸ਼ਾਂ ਦਾ ਮੁੱਖ ਹਿੱਸਾ ਬਣ ਗਈਆਂ ਸਨ, ਜਿਸਦੇ ਰਾਹੀਂ ਅਸੀਂ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਹੱਕਾਂ ਤੇ ਸਮਾਜ ਦੇ ਚਾਰੇ ਪਾਸੇ ਹੋ ਰਹੇ ਸ਼ੋਸ਼ਣ, ਅਨਿਆਂ ਤੇ ਦਾਬੇ ਬਾਰੇ ਚੇਤੰਨ ਕਰਦੇ ਸਾਂ।

ਵੱਖਰੇ ਰਾਜ ਬਣ ਜਾਣ ਦੇ ਬਾਅਦ ਵੀ ਉਤਰਾਖੰਡ ਦੇ ਪਹਾੜਾਂ 'ਚ ਕੁਝ ਵੀ ਨਹੀਂ ਬਦਲਿਆ। ਵੱਡੀਆਂ-ਵੱਡੀਆਂ ਮੁਨਾਫਾਖੋਰ ਕੰਪਨੀਆਂ ਦੁਆਰਾ ਇੱਥੋਂ ਦੇ ਕੁਦਰਤੀ ਸਾਧਨਾਂ ਦੀ ਲੁੱਟ-ਖਸੁੱਟ, ਲੋਕਾਂ ਨੂੰ ਉਨ੍ਹਾਂ ਦੀ ਜਮੀਨ ਤੋਂ ਬੇਦਖਲ ਕੀਤਾ ਜਾਣਾ, ਸਰਕਾਰਾਂ ਦੁਆਰਾ ਵੱਡੀਆਂ-ਵੱਡੀਆਂ ਯੋਜਨਾਵਾਂ ਤਿਆਰ ਕਰਕੇ ਨਦੀਆਂ ਨੂੰ ਦੇਸੀ-ਬਿਦੇਸ਼ੀ ਕੰਪਨੀਆਂ ਦੇ ਹਵਾਲੇ ਕਰ ਦੇਣਾ, ਵਾਤਾਵਰਨ ਦੇ ਨਾਮ ਤੇ ਵੱਡੇ ਪਾਰਕ ਬਣਾਕੇ ਲੋਕਾਂ ਨੂੰ ਉਨ੍ਹਾਂ ਦੇ ਜੰਗਲਾਂ ਤੇ ਅਧਿਕਾਰਾਂ ਤੋਂ ਲਾਂਭੇ ਕੀਤਾ ਜਾਣਾ, ਪੜ੍ਹੇ-ਲਿਖੇ ਨੌਜਵਾਨਾਂ ਦਾ ਬੇਰੁਜਗਾਰੀ ਦੇ ਚੱਲਦੇ ਪ੍ਰਵਾਸ, ਔਰਤਾਂ 'ਤੇ ਅੱਤਿਆਚਾਰ, ਜਾਤੀ ਦਾਬਾ, ਪ੍ਰਾਈਵੇਟ ਕੰਪਨੀਆਂ 'ਚ ਮਜ਼ਦੂਰਾਂ ਦੀ ਕਿਰਤ ਦੀ ਲੁੱਟ, ਇਹ ਸਭ ਕੁਝ ਪਹਿਲਾਂ ਦੀ ਤਰ੍ਹਾਂ ਜਾਰੀ ਰਿਹਾ। ਰਾਜਾਂ 'ਚ ਵੱਡੇ-ਵੱਡੇ ਭੋਂ-ਮਾਫੀਆ, ਸ਼ਰਾਬ ਦੇ ਤਸਕਰ, ਦਿਨ ਦੂਣੀ ਤੇ ਰਾਤ ਚੌਗੁਣੀ ਤੇਜੀ ਨਾਲ ਪੈਦਾ ਹੋਣ ਲੱਗੇ। ਸੱਤਾ ਦੇ ਨਸ਼ੇ 'ਚ ਚੂਰ ਸਰਕਾਰਾਂ ਲੋਕਾਂ ਦੇ ਦੁੱਖ-ਦਰਦਾਂ ਤੋਂ ਦੂਰ ਬੇਖਬਰ ਹੀ ਰਹੀਆਂ। ਉਤਰਾਖੰਡ ਰਾਜ ਸੰਘਰਸ਼ ਦੌਰਾਨ ਖਟੀਮਾ, ਮਾਸੂਰੀ ਤੇ ਮੁਜੱਫਰਾਨਗਰ 'ਚ ਅੰਦੋਲਨਕਾਰੀਆਂ 'ਤੇ ਗੋਲੀਆਂ ਚਲਾਉਣ ਤੇ ਔਰਤਾਂ ਨਾਲ ਬਲਾਤਕਾਰ ਕਰਵਾਉਣ ਵਾਲੇ ਜਿੰਮੇਵਾਰ ਅਧਿਕਾਰੀਆਂ ਦਾ ਕੁਝ ਨਹੀਂ ਹੋਇਆ ਬਲਕਿ ਉਨ੍ਹਾਂ ਨੂੰ ਤਰੱਕੀ ਦਿੱਤੀ ਗਈ।

ਇਸ ਸਭ ਤੋਂ ਪੈਦਾ ਹੋਏ ਅੰਸੰਤੋਸ਼ ਦੇ ਕਾਰਨ ਇਨ੍ਹਾਂ ਸਵਾਲਾਂ ਨੂੰ ਲੈ ਕੇ ਫਿਰ ਤੋਂ ਵੱਖ-ਵੱਖ ਸੰਘਰਸ਼ ਹੋਣ ਲੱਗੇ। ਮੇਰਾ ਵੀ ਇਨ੍ਹਾਂ ਸੰਘਰਸ਼ਾਂ 'ਚ ਹਿੱਸਾ ਲੈਣਾ ਜਾਰੀ ਰਿਹਾ। ਉਨ੍ਹਾਂ ਹੀ ਸੰਘਰਸ਼ਾਂ ਦੌਰਾਨ ਕਈ ਵਿਦਿਆਰਥੀ ਸਾਥੀਆਂ ਤੇ ਸਮਾਜਿਕ ਕਾਰਕੁੰਨਾ, ਬੇਜਮੀਨੇ ਕਿਸਾਨਾਂ, ਮਜ਼ਦੂਰਾ ਤੇ ਔਰਤਾਂ ਨੂੰ ਰਾਜ ਧ੍ਰੋਹ ਜਿਹੇ ਕਾਲੇ ਕਾਨੂੰਨਾਂ ਤਹਿਤ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ। ਇਨ੍ਹਾਂ ਸਾਥੀਆਂ ਦੀ ਰਿਹਾਈ ਲਈ ਹੋਏ ਸੰਘਰਸ਼ਾਂ 'ਚ ਵੀ ਮੈਂ ਬਰਾਬਰ ਭਾਗ ਲਿਆ।

ਉਤਰਾਖੰਡ ਦੇ ਕੁਮਾਊ ਯੂਨੀਵਰਸਿਟੀ ਦੇ ਗਣਿਤ ਵਿਸ਼ੇ ਨਾਲ ਸਬੰਧਤ ਤੇ ਪੱਤਰਕਾਰਤਾ ਅਤੇ ਜਨਸੰਚਾਰ 'ਚ ਪੀ. ਜੀ. ਡਿਪਲੋਮਾ ਕਰਨ ਤੋਂ ਬਾਅਦ ਮੈਂ ਸਾਲ 2010 'ਚ ਚੀਨੀ ਭਾਸ਼ਾ ਦੀ ਪੜ੍ਹਾਈ ਕਰਨ ਲਈ ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਆ ਗਿਆ। ਜੇ. ਐਨ. ਯੂ. 'ਚ ਪੜ੍ਹਾਈ ਦੌਰਾਨ ਮੈਨੂੰ ਮਸ਼ਹੂਰ ਚਕਿਤਸਿਕ ਡਾ. ਪ੍ਰਕਾਸ਼ ਆਮਟੇ ਬਾਰੇ ਪਤਾ ਲੱਗਿਆ। ਮਹਾਂਰਾਸ਼ਟਰ ਦੇ ਭੰਵਰਾਗੜ੍ਹ 'ਚ ਬੇਹੱਦ ਪੱਛੜੇ ਇਲਾਕਿਆਂ 'ਚ ਆਦੀਵਾਸੀਆਂ ਵਿਚਕਾਰ ਉਨ੍ਹਾਂ ਦੀ ਸਿਹਤ ਦੇ ਖੇਤਰ ਵਿਚ ਕੀਤੇ ਉਹਨਾਂ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਮੈਂ ਉਹਨਾਂ ਨੂੰ ਮਿਲਣ ਲਈ ਬਹੁਤ ਉਤਸੁਕ ਸੀ।

ਆਪਣੀ ਇਸ ਉਤਸੁਕਤਾ ਦੇ ਚੱਲਦੇ ਮੈਂ 19 ਅਗਸਤ 2013 ਨੂੰ ਉਨ੍ਹਾਂ ਨੂੰ ਮਿਲਣ ਲਈ ਦਿੱਲੀ ਚਲਾ ਆਇਆ। ਅਗਲੇ ਦਿਨ ਯਾਨਿ 20 ਅਗਸਤ 2013 ਨੂੰ ਕਰੀਬ ਸਵੇਰੇ 9.30 ਵਜੇ ਬੱਲਰਸ਼ਾਹ ਰੇਲਵੇ ਸ਼ਟੇਸ਼ਨ 'ਤੇ ਰੇਲ ਤੋਂ ਉਤਰਨ ਬਾਅਦ ਮੈਂ ਭੰਵਰਾਗੜ੍ਹ ਦੇ ਹੇਮਲਕਸਾ 'ਚ ਸਥਿਤ ਡਾ. ਆਮਟੇ ਦੇ ਹਸਪਤਾਲ ਜਾਣ ਲਈ ਸਾਧਨ ਲੱਭਣ ਲਈ ਸਟੇਸ਼ਨ ਤੋਂ ਬਾਹਰ ਜਾਣ ਹੀ ਵਾਲਾ ਸੀ ਤਦ ਹੀ ਕਿਸੇ ਨੇ ਅਚਾਨਕ ਮੇਰੇ ਪਿੱਛੋਂ ਦੀ ਆ ਕੇ ਮੈਨੂੰ ਆਪਣੇ ਹੱਥਾਂ ਨਾਲ ਮਜ਼ਬੂਤੀ ਨਾਲ ਫੜ ਲਿਆ ਇਸਤੋਂ ਪਹਿਲਾਂ ਕਿ ਮੈਂ ਕੁਝ ਸਮਝ ਪਾਉਂਦਾ ਕਿ ਮੈਨੂੰ ਕੋਈ ਇਸ ਤਰ੍ਹਾਂ ਕਿਉਂ ਫੜ ਰਿਹਾ ਹੈ ਇਕ ਤੋਂ ਬਾਅਦ ਇਕ ਦਸ-ਬਾਰ੍ਹਾਂ ਹੋਰ ਲੋਕ ਆ ਕੇ ਮੇਰੇ 'ਤੇ ਝਪਟ ਪਏ। ਇਸੇ ਹਾਲਤ 'ਚ ਮੈਂ ਆਪਣੇ ਨਾਲ ਕੁਝ ਬੁਰਾ ਹੋਣ ਵਾਲਾ ਸੋਚਕੇ ਮੈਂ ਜੋਰ-ਜੋਰ ਨਾਲ ਰੌਲਾ ਪਾਉਣ ਲੱਗਿਆ ਤਾਂ ਕਿ ਆਲੇ-ਦੁਆਲੇ ਤੋਂ ਕੋਈ ਮੇਰੀ ਮਦਦ ਲਈ ਆ ਜਾਵੇ। ਮੇਰੇ ਰੌਲਾ ਪਾਉਣ ਤੋਂ ਆਪਣੇ ਆਪ ਨੂੰ ਖਤਰਾ ਸਮਝ ਕੇ ਇਨ੍ਹਾਂ ਲੋਕਾਂ ਨੇ ਆਪਣੇ ਹੱਥਾਂ ਨਾਲ ਮੇਰਾ ਮੂੰਹ ਬੰਦ ਕਰ ਦਿੱਤਾ ਤੇ ਮੈਨੂੰ ਕੁਝ ਕਦਮਾਂ ਦੀ ਦੂਰੀ ਤੇ ਖੜੀ ਟਾਟਾ ਸੂਮੋ 'ਚ ਸੁੱਟਕੇ ਉਥੋਂ ਲੈ ਗਏ। ਮੈਨੂੰ ਪਤਾ ਨਹੀਂ ਸੀ ਕਿ ਇਹ ਲੋਕ ਕੌਣ ਹਨ ਅਤੇ ਮੈਨੂੰ ਇਸ ਤਰ੍ਹਾਂ ਅਗਵਾ ਕਰਕੇ ਕਿੱਥੇ ਲੈ ਕੇ ਜਾ ਰਹੇ ਹਨ। ਕੁਝ ਹੀ ਦੇਰ 'ਚ ਮੇਰੀਆਂ ਅੱਖਾਂ ਸਮੇਤ ਮੇਰੇ ਪੂਰੇ ਚਿਹਰੇ ਨੂੰ ਇਕ ਕਾਲੇ ਕੱਪੜੇ ਨਾਲ ਬੰਨ੍ਹ ਦਿੱਤਾ ਗਿਆ। ਉਨ੍ਹਾਂ 'ਚੋਂ ਇਕ ਨੇ ਮੇਰੇ ਦੋਵੇਂ ਹੱਥਾਂ ਨੂੰ ਘੁੱਟ ਕੇ ਫੜ ਲਿਆ ਤਾਂ ਕਿ ਨਾ ਮੈਂ ਵੇਖ ਸਕਾਂ ਕਿ ਮੈਨੂੰ ਕਿੱਥੇ ਲੈ ਕੇ ਜਾ ਰਹੇ ਹਨ ਤੇ ਨਾ ਹੀ ਆਪਣੇ ਹੱਥਾਂ ਨਾਲ ਉਨ੍ਹਾਂ ਦੀਆਂ ਲੱਤਾਂ-ਮੁੱਕੀਆਂ ਦਾ ਬਚਾ ਕਰ ਪਾਵਾਂ। ਚਲਦੇ ਹੋਏ ਵਾਹਨ 'ਚ ਮੈਨੂੰ ਇਸ ਤਰ੍ਹਾਂ ਫੜ ਲਏ ਜਾਣ ਅਤੇ ਕਿੱਥੇ ਲੈ ਕੇ ਜਾਇਆ ਜਾ ਰਿਹਾ ਹੈ ਇਹ ਜਾਣਨ ਦੀ ਕੋਸ਼ਿਸ਼ ਕਰਨ ਤੇ ਜਵਾਬ 'ਚ ਗਾਲਾਂ, ਧਮਕੀਆਂ ਅਤੇ ਘਸੁੰਨ-ਮੁੱਕਿਆਂ ਨਾਲ ਕੁੱਟ ਪੈਂਦੀ।

ਇਸੇ ਤਰ੍ਹਾਂ ਲਗਭਗ ਇਕ ਘੰਟੇ ਬਾਅਦ ਇਕ ਨੇ ਮੇਰੇ ਚਿਹਰੇ ਤੋਂ ਕਾਲੇ ਕੱਪੜੇ ਨੂੰ ਹਟਾ ਕੇ ਆਪਣਾ ਆਈ ਕਾਰਡ ਵਿਖਾਇਆ ਤਦ ਮੈਨੂੰ ਪਤਾ ਲਗਿਆ ਕਿ ਮੈਨੂੰ ਇਸ ਤਰ੍ਹਾਂ ਅਗਵਾ ਕਰਨ ਵਾਲੇ ਗੜਚਿਰੌਲੀ ਪੁਲਿਸ ਸਟੇਸ਼ਨ ਬਰਾਂਚ ਦੇ ਲੋਕ ਸਨ। ਮੈਨੂੰ ਕਿੱਥੇ ਲੈ ਕੇ ਜਾਇਆ ਜਾ ਰਿਹਾ ਹੈ ਮੈਨੂੰ ਹਾਲੇ ਵੀ ਇਸਦੀ ਜਾਣਕਾਰੀ ਨਹੀਂ ਦਿੱਤੀ ਗਈ। ਇਸਦੇ ਲਗਭਗ ਦੋ ਘੰਟਿਆਂ ਬਾਅਦ ਗੱਡੀ ਤੋਂ ਲਾਹ ਕੇ ਕਾਲੀ ਪੱਟੀ ਉਤਾਰ ਦਿੱਤੀ ਗਈ।

ਕਾਲੀ ਪੱਟੀ ਹਟਾ ਦਿਤੇ ਜਾਣ ਬਾਅਦ ਮੈ ਵੇਖਿਆ ਮੇਰੇ ਖੱਬੇ ਪਾਸੇ ਵੱਡੇ ਮੈਦਾਨ 'ਚ ਇਕ ਹੈਲੀਕਾਪਟਰ ਖੜਾ ਹੈ ਤੇ ਉਸਦੇ ਆਲੇ-ਦੁਆਲੇ ਕੁਝ ਪੁਲਿਸ ਦੇ

ਸਿਪਾਹੀ ਗਸ਼ਤ ਕਰ ਰਹੇ ਹਨ। ਮੇਰੇ ਸੱਜੇ ਪਾਸੇ ਕੁਝ ਸਰਕਾਰੀ ਇਮਾਰਤਾਂ ਤੇ ਮੇਰੇ ਸਾਹਮਣੇ ਵੱਲ ਵੀ ਕੁਝ ਇਮਾਰਤਾਂ ਸਨ। ਉਨ੍ਹਾਂ ਵਿਚੋਂ ਇਕ ਇਮਾਰਤ ਦੀ ਪਹਿਲੀ ਮੰਜਿਲ ਤੇ ਮੈਨੂੰ ਲਿਜਾਇਆ ਗਿਆ ਅਤੇ ਕਮਰੇ 'ਚ ਥੋੜੀ ਦੇਰ ਰੱਖਣ ਤੋਂ ਬਾਅਦ ਇਕ ਹੋਰ ਕਮਰੇ ਵਿਚ ਲਿਜਾਇਆ ਗਿਆ। ਉਸ ਕਮਰੇ 'ਚ ਲਿਜਾਂਦੇ ਸਮੇਂ ਮੇਰੀ ਨਜ਼ਰ ਉਸ ਕਮਰੇ ਦੇ ਬਾਹਰ ਲੱਗੀ ਇਕ ਨਾਮ ਪਲੇਟ ਤੇ ਪਈ। ਤਾਂ ਕਿਤੇ ਜਾ ਕੇ ਮੈਨੂੰ ਪਤਾ ਲੱਗਿਆ ਕਿ ਮੈਨੂੰ ਗੜਚਿਰੌਲੀ ਪੁਲਿਸ ਹੈਡਕੁਆਟਰ 'ਚ ਤਤਕਾਲੀ ਐਸ ਪੀ ਸੁਵੇਜ ਹੱਕ ਦੇ ਕੈਬਿਨ 'ਚ ਲਿਜਾਇਆ ਜਾ ਰਿਹਾ ਹੈ। ਕੈਬਿਨ ਵਿਚ ਇਕ ਆਲੀਸ਼ਾਨ ਕੁਰਸੀ ਤੇ ਬੈਠੇ ਸੁਵੇਜ ਹੱਕ ਨੂੰ ਮੈਂ ਆਪਣੀ ਬਾਰੇ ਦੱਸਿਆ। ਅਤੇ ਮੈਨੂੰ ਬਿਨਾਂ ਕਾਰਨ ਇਸ ਤਰ੍ਹਾਂ ਗੈਰ-ਕਾਨੂੰਨੀ ਤਰੀਕੇ ਨਾਲ ਫੜੇ ਜਾਣ ਦਾ ਕਾਰਨ ਪੁੱਛਿਆ। ਸੁਵੇਜ ਹੱਕ ਵੀ ਖੁਦ ਮੈਨੂੰ ਧਮਕੀਆਂ ਦੇਣ ਲੱਗਿਆ। ਥੋੜੀ ਹੀ ਦੇਰ ਬਾਅਦ ਦੋ ਸਥਾਨਕ ਪੇਂਡੂ ਨੌਜਵਾਨਾਂ ਨੂੰ ਉੱਥੇ ਲਿਆਂਦਾ ਗਿਆ। ਦਰਅਸਲ, ਇਨ੍ਹਾਂ ਨੌਜਵਾਨਾਂ ਨੂੰ ਮੇਰੇ ਵਾਂਗ ਹੀ ਕਿਤੋਂ ਫੜਕੇ ਇੱਥੇ ਲਿਆਂਦਾ ਗਿਆ ਸੀ। ਇਹ ਉਹੀ ਆਦਿਵਾਸੀ ਨੌਜਵਾਨ ਹਨ ਜਿਨ੍ਹਾਂ ਨੂੰ ਪੁਲਿਸ ਮੇਰੇ ਨਾਲ ਗ੍ਰਿਫਤਾਰ ਕਰਨ ਦਾ ਦਾਅਵਾ ਕਰ ਰਹੀ ਹੈ। ਮੇਰੇ ਸਾਹਮਣੇ ਉਨ੍ਹਾਂ ਨੌਜਵਾਨਾਂ ਨਾਲ ਜਿਸ ਤਰ੍ਹਾਂ ਦਾ ਵਿਵਹਾਰ ਕੀਤਾ ਜਾ ਰਿਹਾ ਸੀ ਉਸਤੋਂ ਮੈਂ ਸਮਝ ਗਿਆ ਸੀ ਕਿ ਪੁਲਿਸ ਦੁਆਰਾ ਮੈਨੂੰ ਇਸ ਤਰ੍ਹਾਂ ਫੜਨ ਪਿੱਛੇ ਕੀ ਇਰਾਦੇ ਹਨ।

ਇਸ ਤੋਂ ਬਾਅਦ ਮੈਨੂੰ ਦੂਸਰੇ ਕਮਰੇ ਵਿਚ ਲਿਜਾਇਆ ਗਿਆ ਉੱਥੇ ਅਗਲੇ ਤਿੰਨ ਦਿਨਾਂ ਤੱਕ ਮੇਰੇ ਉੱਤੇ ਪੁਲਸੀ ਤਸ਼ੱਦਦ ਦੇ ਸਾਰੇ ਤਰੀਕੇ ਵਰਤੇ ਗਏ। ਬਾਜੀਰਾਵ (ਜਿਸ ਨੂੰ ਮਾਰਨ ਨਾਲ ਸਰੀਰ ਤੇ ਬਹੁਤ ਜਿਆਦਾ ਚੋਟ ਲਗਦੀ ਹੈ ਪਰ ਜਖਮ ਦਿਖਾਈ ਨਹੀਂ ਦਿੰਦੇ) ਨਾਲ ਮਾਰਿਆ ਗਿਆ। ਪੈਰਾਂ ਦੀਆਂ ਤਲੀਆਂ ਨੂੰ ਡੰਡਿਆਂ ਨਾਲ ਕੁੱਟਿਆ ਗਿਆ। ਲੱਤਾਂ-ਘਸੁੰਨਾਂ ਨਾਲ ਕੁੱਟਿਆ ਗਿਆ ਅਤੇ ਹੱਥਾਂ ਨਾਲ ਪੂਰੇ ਸਰੀਰ ਨੂੰ ਨੋਚਿਆ ਜਾਂਦਾ। ਉਨ੍ਹਾਂ ਸਾਰਿਆਂ ਤਰੀਕਿਆਂ ਨਾਲ ਤਿੰਨ ਦਿਨ ਤੱਕ ਬੇਹੋਸ਼ੀ ਦੀ ਹਾਲਤ ਤੱਕ ਹਰ ਰੋਜ ਕੁੱਟਿਆ ਜਾਂਦਾ ਸੀ। ਇਨ੍ਹਾਂ ਤਿੰਨਾ ਦਿਨਾਂ 'ਚ ਇਕ ਪਲ ਲਈ ਵੀ ਸੌਣ ਨਹੀਂ ਦਿੱਤਾ ਗਿਆ। ਇਨ੍ਹਾਂ ਕਰੂਰ ਤਸੀਹਿਆਂ ਭਰੇ ਤਿੰਨ ਦਿਨਾਂ ਤੱਕ ਗੈਰ-ਕਾਨੂੰਨੀ ਹਿਰਾਸਤ 'ਚ ਰੱਖਣ ਤੋਂ ਬਾਅਦ ਮੈਨੂੰ ਮਿਤੀ 23/8/2013 ਨੂੰ ਆਹੇਰੀ ਪੁਲਿਸ ਥਾਣੇ ਦੀ ਹਾਵਾਲਾਤ 'ਚ ਲਿਆ ਸੁੱਟਿਆ। ਇਸ ਤਰ੍ਹਾਂ ਫੜੇ ਜਾਣ ਦੇ ਲਗਭਗ ਅੱਸੀ ਘੰਟਿਆਂ ਦੇ ਬਾਅਦ ਆਹੇਰੀ ਦੇ ਮਜਿਸਟਰੇਟ ਕੋਰਟ 'ਚ ਪੇਸ਼ ਕੀਤਾ ਗਿਆ। ਮੇਰੇ ਦੁਆਰਾ ਵਾਰ-ਵਾਰ ਕਹਿਣ ਦੇ ਬਾਵਜੂਦ ਪੁਲਿਸ ਨੇ ਹੁਣ ਤੱਕ ਮੇਰੇ ਘਰ ਮੇਰੇ ਫੜੇ ਜਾਣ ਦੀ ਸੂਚਨਾ ਵੀ ਨਹੀਂ ਦਿੱਤੀ ਸੀ। ਜਦੋਂ ਮੈ ਅਦਾਲਤ 'ਚ ਜੱਜ ਨੂੰ ਖੁਦ ਮੇਰੇ ਘਰ ਸੂਚਨਾ ਦੇਣ ਦੀ ਗੱਲ ਕਹੀ ਤਾਂ ਪੁਲਿਸ ਨੂੰ ਅਦਾਲਤ ਤੋਂ ਹੀ ਮੇਰੇ ਸਬੰਧੀਆਂ ਨੂੰ ਸੂਚਨਾ ਦੇਣੀ ਪਈ। ਇਸ ਦਿਨ ਮਜਿਸਟਰੇਟ ਅਦਾਲਤ ਤੋਂ ਮੈਨੂੰ ਦਸ ਦਿਨ ਲਈ ਪੁਲਿਸ ਹਿਰਾਸਤ ਵਿਚ ਲੈ ਲਿਆ ਗਿਆ। ਮੈਨੂੰ 20 ਅਗਸਤ 2013 ਨੂੰ ਬੱਲਰਸ਼ਾਹਾ ਰੇਲਵੇ ਸਟੇਸ਼ਨ ਤੋਂ ਫੜ ਕੇ ਤਿੰਨ ਦਿਨਾਂ ਤੱਕ ਗੈਰਕਾਨੂੰਨੀ ਤੌਰ ਤੇ ਪੁਲਿਸ ਹਿਰਾਸਤ ਵਿਚ ਰੱਖਣ ਬਾਅਦ ਪੁਲਿਸ ਨੇ ਅਦਾਲਤ ਅਤੇ ਮੀਡੀਆ ਨੂੰ ਮੈਨੂੰ ਬੱਲਰਸ਼ਾਹ ਤੋਂ ਲਗਭਗ ਤਿੰਨ ਸੌ ਕਿਲੋਮੀਟਰ ਦੂਰ ਆਹੇਰੀ ਬੱਸ ਸਟੈਂਡ ਕੋਲੋਂ ਗ੍ਰਿਫਤਾਰ ਕੀਤੇ ਜਾਣ ਦਾ ਦਾਅਵਾ ਕੀਤਾ। ਦਰਅਸਲ, ਪੂਰੀ ਤਰ੍ਹਾਂ ਨਾਲ ਝੂਠੇ ਇਸ ਦਾਅਵੇ ਦਾ ਮਕਸਦ ਤਿੰਨ ਦਿਨ ਤੱਕ ਮੈਨੂੰ ਗੈਰਕਾਨੂੰਨੀ ਹਿਰਾਸਤ 'ਚ ਰੱਖੇ ਜਾਣ ਨੂੰ ਅਦਾਲਤ ਅਤੇ ਮੀਡੀਆ ਰਾਹੀਂ ਦੁਨੀਆਂ ਸਾਹਮਣੇ ਮੇਰੇ ਗ੍ਰਿਫਤਾਰੀ ਨੂੰ ਕਾਨੂੰਨੀ ਦਿਖਾਉਣਾ ਸੀ।

2 ਸਤੰਬਰ 2013 ਨੂੰ ਪੁਲਿਸ ਦੁਆਰਾ ਅਦਾਲਤੀ ਪੇਸ਼ੀ 'ਚ ਜੱਜ ਨੇ ਮੇਰੀ ਪੁਲਿਸ ਹਿਰਾਸਤ ਨੂੰ 14 ਦਿਨ ਲਈ ਹੋਰ ਵਧਾ ਦਿੱਤਾ। ਇਸ ਤਰ੍ਹਾਂ ਕੁਲ 24 ਦਿਨਾਂ ਤੱਕ ਮੈਨੂੰ ਪੁਲਿਸ ਹਿਰਾਸਤ ਵਿਚ ਰੱਖਿਆ ਗਿਆ। ਇਨ੍ਹਾਂ 24 ਦਿਨਾਂ ਤੱਕ ਮੈਨੂੰ ਆਹੇਰੀ ਪੁਲਿਸ ਥਾਣੇ ਦੇ ਇਕ ਬਹੁਤ ਹੀ ਬਦਬੂ ਭਰੀ ਹਾਵਾਲਾਤ ਵਿਚ ਰੱਖਿਆ ਗਿਆ। ਹਾਵਾਲਾਤ ਵਿਚ ਮੈਨੂੰ ਸਿਰਫ ਜਿਉਂਦਾ ਰੱਖਣ ਲਈ ਖਾਣਾ ਦਿੱਤਾ ਜਾਂਦਾ ਸੀ। ਪਹਿਲੇ ਦਸ ਦਿਨ ਤੱਕ ਨਾ ਤਾਂ ਮੈਨੂੰ ਨਹਾਉਣ ਦਿੱਤਾ ਗਿਆ ਤੇ ਨਾ ਹੀ ਮੈਨੂੰ ਬੁਰਸ਼ ਕਰਨ ਦਿੱਤਾ ਗਿਆ। ਮੇਰੇ ਤੋਂ ਮੇਰੇ ਕੱਪੜੇ, ਬੁਰਸ਼, ਪੈਸੇ, ਆਈ ਕਾਰਡ ਸਭ ਕੁਝ ਗ੍ਰਿਫਤਾਰੀ ਦੇ ਸਮੇਂ ਹੀ ਖੋਹ ਲਿਆ ਗਿਆ ਸੀ। 2 ਸਤੰਬਰ ਨੂੰ ਅਦਾਲਤੀ ਪੇਸ਼ੀ ਦੇ ਦਿਨ ਮੇਰੇ ਪਿਤਾ ਅਤੇ ਦੋਸਤਾਂ ਦੁਆਰਾ ਕੱਪੜੇ, ਬੁਰਸ਼, ਸਾਬਣ ਅਤੇ ਰੋਜ਼ਾਨਾ ਜਰੂਰਤ ਦੀਆਂ ਚੀਜਾਂ ਦਿੱਤੀਆਂ ਗਈਆਂ ਤਾਂ ਕਿਤੇ ਜਾ ਕੇ ਨਹਾਉਣਾ, ਬੁਰਸ਼ ਕਰਨਾ ਅਤੇ ਐਨੇ ਦਿਨਾਂ ਤੋਂ ਪਸੀਨੇ ਨਾਲ ਭਿੱਜ ਚੁੱਕੇ ਗੰਦੇ ਕੱਪੜਿਆਂ ਨੂੰ ਬਦਲਣਾ ਨਸੀਬ ਹੋਇਆ।

ਪੁਲਿਸ ਹਿਰਾਸਤ ਦੇ 24 ਦਿਨਾਂ ਵਿਚ ਮਹਾਂਰਾਸ਼ਟਰ ਪੁਲਿਸ, ਐਸ. ਟੀ. ਐਸ, ਆਈ. ਬੀ. ਅਤੇ ਦਿੱਲੀ, ਉਤਰਾਖੰਡ, ਯੂ. ਪੀ., ਛਤੀਸਗੜ੍ਹ, ਆਂਧਰਾ ਪ੍ਰਦੇਸ਼ ਦੀਆਂ ਇੰਟੈਲੀਜੈਂਸ ਏਜੰਸੀਆਂ ਮੈਨੂੰ ਠੀਕ ਉਸ ਤਰ੍ਹਾਂ ਸਰੀਰਕ ਤੇ ਮਾਨਸਿਕ ਤਸੀਹੇ ਦਿੰਦੀਆਂ ਰਹੀਆਂ ਜਿਸ ਤਰ੍ਹਾਂ ਤਿੰਨ ਦਿਨਾਂ ਦੀ ਗੈਰ-ਕਾਨੂੰਨੀ ਹਿਰਾਸਤ ਵਿਚ ਦਿੱਤੀਆਂ ਗਈਆਂ। ਪੁਲਿਸ ਦੁਆਰਾ ਮੇਰੇ ਫੇਸਬੁਕ, ਜੀਮੇਲ, ਰੈਡਿਫਮੇਲ ਦੀ ਆਈ ਡੀ ਲੈ ਕੇ ਇਸਦਾ ਪਾਸਵਰਡ ਵੀ ਟਰੇਸ ਕਰ ਲਿਆ ਗਿਆ। ਮੈਨੂੰ ਪੂਰਾ ਯਕੀਨ ਹੈ ਕਿ ਪੁਲਿਸ ਤੇ ਇੰਟੈਲੀਜੈਂਸ ਏਜੰਸੀਆਂ ਹੁਣ ਵੀ ਮੇਰੇ ਫੇਸਬੁਕ ਤੇ ਈਮੇਲ ਅਕਾਉਂਟ ਦਾ ਦੁਰਉਪਯੋਗ ਕਰ ਰਹੀਆਂ ਹਨ। ਪੂਰੇ ਦੇਸ਼ ਤੇ ਦੁਨੀਆਂ 'ਚ ਮੇਰੀ ਗ੍ਰਿਫਤਾਰ ਦਾ ਵਿਰੋਧ ਹੋਣ ਦੇ ਬਾਵਜੂਦ ਵੀ ਮੈਨੂੰ ਪੁਲਿਸ ਹਿਰਾਸਤ ਵਿਚ ਤਸੀਹੇ ਦੇਣ ਦਾ ਕੰਮ ਜਾਰੀ ਰਿਹਾ। ਇਨ੍ਹਾਂ ਹੀ ਨਹੀਂ ਪੁਲਿਸ ਦੀ ਯੋਜਨਾ ਵਿਚ ਮੈਨੂੰ ਹੋਰ ਵੀ ਜਿਆਦਾ ਪੁਲਿਸ ਹਿਰਾਸਤ ਵਿਚ ਰੱਖਣਾ ਸੀ। ਅਤੇ ਇਸ ਲਈ ਉਨ੍ਹਾਂ ਨੇ 16 ਸਤੰਬਰ 2013 ਨੂੰ ਮੇਰੀ ਅਦਾਲਤੀ ਪੇਸ਼ੀ ਦੌਰਾਨ ਕੋਸ਼ਿਸ਼ ਵੀ ਕੀਤੀ ਪਰ ਮੇਰੇ ਵਕੀਲ ਦੁਆਰਾ ਦਖਲ ਦੇਣ ਤੇ ਕਿਤੇ ਜਾ ਕੇ ਇਨ੍ਹਾਂ ਦੀ ਇਹ ਕੋਸ਼ਿਸ਼ ਸਫਲ ਨਹੀਂ ਹੋਈ। ਉਸ ਦਿਨ ਜੱਜ ਨੇ ਮੈਨੂੰ ਇਸ ਤਸੀਹਾ ਕੇਂਦਰ (ਪੁਲਿਸ ਹਿਰਾਸਤ) 'ਚ ਨਾ ਭੇਜ ਕੇ ਨਿਆਂਇਕ ਹਿਰਾਸਤ 'ਚ ਸੈਂਟਰਲ ਜੇਲ੍ਹ ਭੇਜ ਦਿੱਤਾ।

ਨਾਗਪੁਰ ਸੈਂਟਰਲ ਜੇਲ੍ਹ ਤੇ ਮੈਨੂੰ ਜੇਲ੍ਹ ਦੀ ਬੈਰਕ ਸੰਖਿਆ-8 'ਚ ਭੇਜ ਦਿੱਤਾ ਗਿਆ। ਇਹ ਉਹੀ ਬੈਰਕ ਹੈ ਜਿੱਥੇ ਮੇਰੇ ਵਾਂਗ ਹੀ ਦੇਸ਼-ਧ੍ਰੋਹ ਅਤੇ ਯੂ. ਏ. ਪੀ. ਏ. ਵਾਂਗ ਲੋਕ ਵਿਰੋਧੀ ਕਾਨੂੰਨਾਂ 'ਚ ਗ੍ਰਿਫਤਾਰ ਕੀਤੇ ਗਏ ਮਹਾਂਰਾਸ਼ਟਰ ਦੀਆਂ ਯੂਨੀਵਰਸਿਟੀਆਂ 'ਚ ਪੜ੍ਹਨ ਵਾਲੇ ਵਿਦਿਆਰਥੀ ਕਾਰਕੁੰਨਾਂ, ਦਲਿਤ ਅਤੇ ਲਗਭਗ 40 ਆਦਿਵਾਸੀ ਨੌਜਵਾਨਾਂ ਨੂੰ ਰੱਖਿਆ ਗਿਆ ਸੀ। ਝੂਠੇ ਮਾਮਲਿਆਂ 'ਚ ਫਸਾਏ ਗਏ ਇਨ੍ਹਾਂ ਆਦਿਵਾਸੀ ਨੌਜਵਾਨਾਂ ਦੀ ਗਿਣਤੀ ਸਮੇਂ ਦੇ ਨਾਲ-ਨਾਲ ਘੱਟਦੀ-ਵੱਧਦੀ ਰਹਿੰਦੀ ਹੈ। ਜੇਲ੍ਹ ਵਿਚ ਹੌਲੀ-ਹੌਲੀ ਸਮਾਂ ਬੀਤਣ ਤੇ ਮੈਨੂੰ ਇਨ੍ਹਾਂ ਆਦਿਵਾਸੀ ਨੌਜਵਾਨਾਂ ਨਾਲ ਗੱਲਬਾਤ ਦੇ ਦੌਰਾਨ, ਇਨ੍ਹਾਂ ਨੂੰ ਮਹੀਨਿਆਂ ਤੱਕ ਪੁਲਿਸ ਹਿਰਾਸਤ ਵਿਚ ਅਣਮਨੁੱਖੀ ਤੇ ਕਰੂਰ ਤਰੀਕੇ ਨਾਲ ਦਿੱਤੇ ਗਏ ਤਸੀਹਿਆਂ ਦੀ ਕਹਾਣੀ ਸੁਣਨ ਨੂੰ ਮਿਲੀ।

ਕਾਨੂੰਨ ਦੀਆਂ ਕਿਤਾਬਾਂ ਵਿਚ ਤੇਜ ਗਤੀ ਨਾਲ ਟਰਾਇਲ (Speedy Trial) ਚਲਾਏ ਜਾਣ ਦਾ ਅਧਿਕਾਰ ਦਿੱਤਾ ਗਿਆ ਹੈ, ਪਰ ਇਨ੍ਹਾਂ ਆਦੀਵਾਸੀਆਂ ਵਿਚੋਂ ਕੋਈ ਦੋ, ਕੋਈ ਤਿੰਨ ਅਤੇ ਕੋਈ ਪੰਜਾਂ ਸਾਲਾਂ ਤੋਂ ਜੇਲ੍ਹ ਵਿਚ ਤਸੀਹੇ ਝੱਲਣ ਲਈ ਮਜ਼ਬੂਰ ਹਨ। ਘੱਟ ਤੋਂ ਘੱਟ ਛੇ ਤੋਂ ਲੈ ਕੇ ਵੱਧ ਤੋਂ ਵੱਧ 40 ਮਾਮਲਿਆਂ ਵਿਚ ਜੇਲ੍ਹ 'ਚ ਬੰਦ ਕੀਤੇ ਇਨ੍ਹਾਂ ਨੌਜਵਾਨਾਂ ਲਈ ਜਮਾਨਤ ਦੀ ਆਸ ਕਰਨੀ ਤਾਂ ਬੇਈਮਾਨੀ ਹੋਵੇਗੀ। ਅਦਾਲਤ ਵਿਚ ਇਨ੍ਹਾਂ ਦੀ ਕਈ ਮਹੀਨਿਆਂ ਤੱਕ ਪੇਸ਼ੀ ਨਹੀਂ ਹੁੰਦੀ। ਕਦੇ ਇਕ-ਦੋ ਪੇਸ਼ੀਆਂ ਸਮੇਂ 'ਤੇ ਹੋ ਵੀ ਜਾਣ ਅਗਲੀ ਪੇਸ਼ੀ ਕਦੋਂ ਹੋਵੇਗੀ ਇਸਦਾ ਕੁਝ ਪਤਾ ਨਹੀਂ ਲਗਦਾ। ਇਨ੍ਹਾਂ 'ਚੋਂ ਜਿਆਦਾਤਰ ਨੌਜਵਾਨਾਂ ਦੇ ਕੇਸ ਗੜਚਿਰੌਲੀ ਸ਼ੈਸ਼ਨ ਕੋਰਟ ਵਿਚ ਚੱਲ ਰਹੇ ਹਨ। ਮੇਰਾ ਕੇਸ ਵੀ ਇਸੇ ਅਦਾਲਤ ਵਿਚ ਚੱਲ ਰਿਹਾ ਹੈ। ਇਸ ਅਦਾਲਤ ਵਿਚ ਪ੍ਰਤੱਖ ਅਦਾਲਤੀ ਪੇਸ਼ੀ ਦੀ ਸੁਵਿਧਾ ਬੰਦ ਕਰ ਦਿੱਤੀ ਗਈ ਹੈ। ਪ੍ਰਤੱਖ ਅਦਾਲਤੀ ਪੇਸ਼ੀ ਦੀ ਜਗ੍ਹਾ ਵੀਡੀਓ ਕਾਨਫਰੰਸ ਜਰੀਏ ਅਦਾਲਤੀ ਪੇਸ਼ੀ ਕੀਤੀ ਜਾਂਦੀ ਹੈ ਜਿਸਦੇ ਚੱਲਦੇ ਕੈਦੀਆਂ ਨੂੰ ਨਾ ਤਾਂ ਆਪਣੇ ਕੇਸ ਦੇ ਸਬੰਧ ਵਿੱਚ ਆਪਣੇ ਵਕੀਲ ਨਾਲ ਗੱਲ ਕਰਨ ਦਾ ਮੌਕਾ ਮਿਲਦਾ ਹੈ ਤੇ ਨਾ ਹੀ ਜੱਜ ਨਾਲ।

ਇਸ ਢੰਗ ਨਾਲ ਹੋਣ ਵਾਲੀ ਅਦਾਲਤੀ ਪੇਸ਼ੀ ਨਾਲ ਅਗਲੀ ਹੋਣ ਵਾਲੀ ਅਦਾਲਤੀ ਪੇਸ਼ੀ ਦੀ ਤਰੀਕ ਦਾ ਪਤਾ ਹੀ ਲੱਗਦਾ ਹੈ। ਅਕਸਰ ਤਕਨੀਕੀ ਖਰਾਬੀ ਰਹਿਣ ਨਾਲ ਇਹ ਸੰਭਾਵਨਾ ਵੀ ਖਤਮ ਹੋ ਜਾਂਦੀ ਹੈ। ਵੀਡੀਓ ਕਾਨਫਰੰਸ ਰਾਹੀਂ ਨਿਰਪੱਖ ਟਰਾਇਲ (Fair Trial) ਸੰਭਵ ਨਹੀਂ ਹੈ ਜਿਸਦੇ ਸਿੱਟੇ ਵਜੋਂ ਇੰਨ੍ਹੀ ਦਿਨੀਂ ਦੋ ਆਦੀਵਾਸੀਆਂ ਨੂੰ ਸਜਾ ਵੀ ਹੋ ਗਈ ਹੈ।

ਜੇਲ੍ਹ ਵਿਚ ਬੰਦ ਕੈਦੀਆਂ ਲਈ ਆਪਣੇ ਸਬੰਧੀਆਂ ਤੇ ਜਾਂ ਆਪਣੇ ਵਕੀਲ ਨਾਲ ਮੁਲਾਕਾਤ ਜਾਲੀ ਲੱਗੀ ਖਿੜਕੀ ਰਾਹੀਂ ਹੁੰਦੀ ਹੈ। ਜੇਲ੍ਹ ਅੰਦਰ ਆ ਕੇ ਕੈਦੀਆਂ ਨਾਲ ਮੁਲਾਕਾਤ ਦੀ ਕੋਈ ਸਹੂਲਤ ਨਾ ਹੋਣ ਕਾਰਨ ਜਾਲੀ ਲੱਗੀ ਇਸ ਅਤੀਅੰਤ ਭੀੜ-ਭਾੜ ਵਾਲੀ ਇਸ ਖਿੜਕੀ ਰਾਹੀਂ 15-20 ਮਿੰਟ ਦੇ ਸਮੇਂ ਵਿਚ ਕੈਦੀਆਂ ਦੀ ਦੂਰ-ਦੂਰ ਤੋਂ ਆਉਣ ਵਾਲੇ ਸਬੰਧੀਆਂ ਤੇ ਆਪਣੇ ਵਕੀਲਾਂ ਨਾਲ ਕੇਸ ਦੇ ਸਬੰਧ ਵਿਚ ਵਿਸਥਾਰਪੂਰਵਕ ਚਰਚਾ ਹੋਣੀ ਬਿਲਕੁਲ ਵੀ ਸੰਭਵ ਨਹੀਂ ਹੈ।

ਇਸ ਸਾਲ 31 ਜਨਵਰੀ ਤੋਂ ਜੇਲ੍ਹ ਵਿੱਚ ਤਰ੍ਹਾਂ-ਤਰ੍ਹਾਂ ਦੇ ਤਸੀਹੇ ਝੱਲ ਰਹੇ 169 ਜੇਲ੍ਹ ਕੈਦੀਆਂ ਨੇ ਆਪਣੀ ਚਾਰ ਨੁਕਾਤੀ ਮੰਗਾਂ ਨੂੰ ਲੈ ਕੇ ਅਣਮਿੱਥੇ ਸਮੇਂ ਤੱਕ ਭੁੱਖ ਹੜਤਾਲ ਕੀਤੀ। ਇਸ ਸੰਘਰਸ਼ ਵਿਚ ਯੂ. ਏ. ਪੀ. ਏ., ਮਾਕੋਕਾ, ਅਤੇ ਕਤਲ ਦੇ ਦੋਸ਼ ਵਿਚ ਜੇਲ੍ਹ ਵਿਚ ਬੰਦ ਵਿਚਾਰ ਅਧੀਨ ਕੈਦੀ ਸ਼ਾਮਲ ਸੀ। ਇਸ ਅੰਦੋਲਨ ਵਿਚ ਯੂ. ਏ. ਪੀ. ਏ. ਦੇ ਕੇਸ ਝੱਲ ਰਹੀਆਂ ਸੱਤ ਔਰਤਾਂ ਨੇ ਵੀ ਹਿੱਸਾ ਲਿਆ। ਸੰਘਰਸ਼ ਦੀਆਂ ਮੰਗਾਂ ਤੇਜ ਗਤੀ ਨਾਲ ਟਰਾਇਲ ਚਲਾਏ ਜਾਣ, ਵਿਚਾਰ ਅਧੀਨ ਕੈਦੀਆਂ ਦੀਆਂ ਪ੍ਰਤੱਖ ਅਦਾਲਤੀ ਪੇਸ਼ੀਆਂ ਕੀਤੇ ਜਾਣ, ਜਮਾਨਤ ਦੇ ਸੰਦਰਭ ਵਿਚ ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ 'ਬੇਲ ਨਾਟ ਜੇਲ੍ਹ' ਨੂੰ ਲਾਗੂ ਕਰਕੇ ਸਾਰੇ ਵਿਚਾਰ ਅਧੀਨ ਕੈਦੀਆਂ ਨੂੰ ਜਲਦ ਤੋਂ ਜਲਦ ਜਮਾਨਤ ਦਿੱਤੇ ਜਾਣ ਦੀਆਂ ਮੰਗਾਂ ਸ਼ਾਮਲ ਸਨ। ਸੰਘਰਸ਼ ਦੇ ਪਹਿਲੇ ਦਿਨ ਸੰਘਰਸ਼ ਵਿਚ ਭਾਗ ਲੈ ਰਹੇ ਯੂ. ਏ. ਪੀ. ਏ. ਦੇ ਕੇਸ ਵਾਲੇ ਕੈਦੀਆਂ ਨੂੰ ਜੇਲ੍ਹ ਦੇ ਅੱਤ ਸੁੱਰਖਿਆ ਵਿਭਾਗ ਆਂਡਾ ਸੈੱਲ ਵਿਚ ਭੇਜ ਦਿੱਤਾ ਗਿਆ। ਜਿਨ੍ਹਾਂ ਵਿਚ ਸੱਤ ਬੰਦੀਆਂ (ਜਿਨ੍ਹਾਂ ਵਿਚ ਇਕ ਮੈਂ ਵੀ ਹਾਂ) ਨੂੰ ਸੱਤ ਮਹੀਨੇ ਤੋਂ ਵੀ ਵੱਧ ਸਮੇਂ ਤੋਂ ਹੁਣ ਤੱਕ ਆਂਡਾ ਸੈੱਲ ਵਿਚ ਹੀ ਰੱਖਿਆ ਗਿਆ ਹੈ। ਸਾਡੇ ਕੋਲ ਜੇਲ੍ਹ ਅੰਦਰ ਹੋਰ ਕੈਦੀਆਂ ਨੂੰ ਮਿਲਣ ਦਾ ਕੋਈ ਸਮਾਂ ਨਹੀਂ ਹੈ। ਆਂਡਾ ਸੈੱਲ ਦੇ ਅੰਦਰ ਬੰਦ ਦੀਵਾਰਾਂ ਵਿਚ ਬਣੇ ਅਤੀਅੰਤ ਛੋਟੇ-ਛੋਟੇ ਬੈਰਕ ਅਤੇ ਉਨ੍ਹਾਂ ਵਿਚ ਚਾਲੀ ਮੀਟਰ ਘੁੰਮਣ ਦੀ ਜਗ੍ਹਾਂ ਹੀ ਸਾਡਾ ਸੰਸਾਰ ਹੈ।

ਪਿਛਲੇ ਇਕ ਸਾਲ ਤੋਂ ਪੁਲਿਸ ਹਿਰਾਸਤ ਦੇ ਤਸੀਹੇ ਅਤੇ ਜੇਲ੍ਹ ਦੀ ਇਕੱਲਤਾ ਦੇ ਅਨੁਭਵ ਅਤੇ ਮੇਰੀ ਤਰ੍ਹਾਂ ਜੇਲ੍ਹ ਵਿਚ ਬੰਦ ਹੋਰ ਲੋਕਾਂ ਦੀਆਂ ਕਹਾਣੀਆਂ ਜਾਣ ਕੇ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਉਹ ਸਾਰੀਆਂ ਸਿਆਸੀ ਅਤੇ ਸੱਭਿਆਚਾਰਕ ਗਤੀਵਿਧੀਆਂ ਸਮਾਜ ਅਤੇ ਮੇਰੇ ਹੀ ਤਰ੍ਹਾਂ ਜੇਲ੍ਹ ਵਿਚ ਬੰਦ ਕੈਦੀਆਂ ਦੀ ਰਿਹਾਈ ਲਈ ਕਿੰਨੀਆਂ ਜਰੂਰੀ ਹਨ। ਮੇਰੀ ਤੁਹਾਨੂੰ ਸਾਰਿਆਂ ਨੂੰ ਬੇਨਤੀ ਹੈ ਕਿ ਤੁਸੀਂ ਮੇਰੀ ਅਤੇ ਹੋਰ ਜੇਲ੍ਹਾਂ 'ਚ ਹਜਾਰਾਂ ਦੀ ਗਿਣਤੀ ਵਿਚ ਬੰਦ ਆਦੀਵਾਸੀਆਂ, ਦਲਿਤਾਂ, ਔਰਤਾਂ, ਗਰੀਬ ਮਜ਼ਦੂਰ-ਕਿਸਾਨਾਂ, ਕਾਰਕੁੰਨਾਂ ਦੀ ਰਿਹਾਈ ਲਈ ਅਵਾਜ ਉਠਾਵੋਂ।

ਇਸੇ ਵਿਸ਼ਵਾਸ ਨਾਲ-

**ਹੇਮ ਮਿਸ਼ਰਾ**
**ਯੂ. ਟੀ. ਐਨ. 56,**
**ਅਤੀ ਸੁਰੱਖਿਆ ਵਿਭਾਗ**
**ਆਂਡਾ ਸੈੱਲ, ਨਾਗਪੁਰ ਸੈਂਟਰਲ ਜੇਲ੍ਹ,**
**ਨਾਗਪੁਰ, ਮਹਾਂਰਾਸ਼ਟਰ।**
**'ਸਮਕਾਲੀ ਤੀਸਰੀ ਦੁਨੀਆ' 'ਚੋਂ**
**ਧੰਨਵਾਦ ਸਹਿਤ**
**ਅਨੁਵਾਦ- ਮਨਦੀਪ, 98764-42052**

# ਦਿੱਲੀ ਵਿਧਾਨ ਸਭਾ ਚੋਣਾਂ ਤੋਂ ਬਾਅਦ ਪੰਜਾਬ 'ਚ ਆਪਣੇ ਪੱਤੇ ਖੋਲ੍ਹੇਗੀ 'ਆਪ'




'ਆਮ ਆਦਮੀ ਪਾਰਟੀ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਬਾਅਦ ਪੰਜਾਬ ਵਿੱਚ ਹੋਣ ਵਾਲੀਆਂ ਨਗਰ ਨਿਗਮ ਤੇ ਕੌਂਸਲ ਚੋਣਾਂ ਸਬੰਧੀ ਆਪਣੇ ਪੱਤੇ ਖੋਲ੍ਹੇਗੀ।' ਇਸ ਗੱਲ ਦਾ ਪ੍ਰਗਟਾਵਾ ਪਾਰਟੀ ਦੇ ਸੀਨੀਅਰ ਆਗੂ ਤੇ ਪਟਿਆਲਾ ਤੋਂ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਵਿਸ਼ੇਸ਼ ਗੱਲਬਾਤ ਦੌਰਾਨ ਕੀਤਾ।

ਇੱਕ ਸਵਾਲ ਦਾ ਜਵਾਬ ਦਿੰਦਿਆਂ ਡਾ. ਗਾਂਧੀ ਨੇ ਕਿਹਾ ਕਿ ਇਸ ਵੇਲੇ ਪਾਰਟੀ ਹਾਈਕਮਾਂਡ ਦਾ ਸਾਰਾ ਧਿਆਨ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਹੈ। ਪੰਜਾਬ ਦੀ ਸਮੁੱਚੀ ਲੀਡਰਸ਼ਿਪ ਵੀ ਦਿੱਲੀ ਵਿੱਚ ਚੋਣ ਪ੍ਰਚਾਰ ਮੁਹਿੰਮ ਵਿੱਚ ਡਟੀ ਹੋਈ ਹੈ 'ਆਪ' ਐਤਕੀਂ ਫਿਰ ਤੋਂ ਦਿੱਲੀ ਵਿੱਚ ਝਾੜੂ ਫੇਰਨ ਦੀ ਆਸ ਲੈ ਕੇ ਚੋਣ ਮੈਦਾਨ ਵਿੱਚ ਉਤਰੀ ਹੈ ਤੇ ਪਾਰਟੀ ਨੂੰ ਭਾਰੀ ਸਮਰਥਨ ਮਿਲ ਰਿਹਾ ਹੈ ਜਿਸ ਕਾਰਨ ਅਕਾਲੀ-ਭਾਜਪਾ ਗੱਠਜੋੜ ਸਮੇਤ ਕਾਂਗਰਸ ਦੀ ਨੀਂਦ ਉਡੀ ਹੋਈ ਹੈ।

ਸਿਆਸੀ ਗੱਠਜੋੜ ਬਾਰੇ ਪੁੱਛੇ ਜਾਣ 'ਤੇ ਡਾ. ਗਾਂਧੀ ਨੇ ਕਿਹਾ ਕਿ ਫ਼ਿਲਹਾਲ ਸੂਬੇ ਵਿੱਚ ਨਿਗਮ ਚੋਣਾਂ ਸਬੰਧੀ ਕਿਸੇ ਪਾਰਟੀ ਨਾਲ ਗੱਠਜੋੜ ਦੀ ਸੰਭਾਵਨਾ ਨਜ਼ਰ ਨਹੀਂ ਆਉਂਦੀ। ਇਸ ਸਬੰਧੀ ਅੰਤਿਮ ਫ਼ੈਸਲਾ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਪ੍ਰਧਾਨ ਸੁੱਚਾ ਸਿੰਘ ਛੋਟੇਪੁਰ ਨੂੰ ਲੈਣ ਦਾ ਅਧਿਕਾਰ ਹੈ। ਹਾਈਕਮਾਂਡ ਦਾ ਆਦੇਸ਼ ਸਾਰਿਆਂ ਨੂੰ ਮੰਨਣਯੋਗ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਕਾਂਗਰਸ ਅਤੇ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਨੂੰ ਚੰਗੀ ਤਰ੍ਹਾਂ ਪਰਖ ਚੁੱਕੇ ਹਨ। ਇਨ੍ਹਾਂ ਪਾਰਟੀਆਂ ਨੇ ਪੰਜਾਬੀਆਂ ਨੂੰ ਦੁੱਖਾਂ ਤੋਂ ਬਿਨਾਂ ਕੁਝ ਨਹੀਂ ਦਿੱਤਾ ਹੈ। ਇਸ ਵਾਰ ਲੋਕ 'ਆਪ' ਨੂੰ ਮੌਕਾ ਦੇਣਗੇ। ਇਸ ਮੌਕੇ 'ਆਪ' ਦੇ ਆਗੂ ਬਲਵਿੰਦਰ ਸਿੰਘ ਕੁੰਭੜਾ, ਕਾਨੂੰਨੀ ਸਲਾਹਕਾਰ ਬਲਦੇਵ ਸਿੰਘ ਸਿੱਧੂ, ਪ੍ਰੋ. ਨਾਨਕ ਸਿੰਘ, ਦਲਪ੍ਰੀਤ ਸਿੰਘ, ਮਨਜੀਤ ਸਿੰਘ ਮੇਵਾ, ਅਵਤਾਰ ਸਿੰਘ, ਸੁਰਿੰਦਰ ਸਿੰਘ ਤੇ ਰਣਜੀਤ ਸਿੰਘ ਮੌਜੂਦ ਸਨ।

# ਤਰਲੋਚਨ ਸਿੰਘ ਗਿੱਲ ਨਹੀਂ ਰਹੇ



ਪੰਜਾਬੀ ਸਾਹਿਤ ਨੂੰ ਲੰਮੇ ਸਮੇਂ ਤੋਂ ਆਪਣੀਆਂ ਲਿਖਤਾਂ ਅਤੇ ਪੁਸਤਕਾਂ ਖੁਦ ਪ੍ਰਕਾਸ਼ਤ ਕਰਕੇ ਪਾਠਕਾਂ ਦੇ ਸਪੁਰਦ ਕਰਨ ਵਾਲੇ ਤਰਲੋਚਨ ਸਿੰਘ ਗਿੱਲ ਫਾਨੀ ਦੁਨੀਆ ਨੂੰ ਅਲਵਿਦਾ ਕਰ ਗਏ ਹਨ। ਸ. ਗਿੱਲ ਸਾਡੇ ਅਜੀਜ਼ ਅਤੇ ਸ਼ੋਅ ਪ੍ਰਮੋਟਰ ਜਸਵਿੰਦਰ ਸਿੰਘ ਖੋਸਾ ਦੇ ਮਾਮਾ ਜੀ ਸਨ। ਤਰਲੋਚਨ ਸਿੰਘ ਗਿੱਲ ਅਪਰੈਲ 1935 ਵਿੱਚ ਪੈਦਾ ਹੋਏ ਸਨ ਅਤੇ ਉਹ 19 ਦਸੰਬਰ 2014 ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਕੇ ਚਲੇ ਗਏ ਹਨ। ਉਹ ਆਪਣੇ ਪਿਛੇ ਦੋ ਧੀਆਂ ਸੁਜੇਤ ਕੌਰ ਗਿੱਲ ਅਤੇ ਸੁਚੇਤ ਕੌਰ ਗਿੱਲ ਤੋਂ ਇਲਾਵਾ ਤਿੰਨ ਸਪੁੱਤਰ ਸੁਤੇਜ ਸਿੰਘ, ਸਵਰਗਵਾਸੀ ਸੁਹੇਜ ਸਿੰਘ ਅਤੇ ਸੁਦੀਪ ਸਿੰਘ ਗਿੱਲ ਅਤੇ ਪੁੱਤਾਂ ਦੋਹਤਿਆਂ ਦਾ ਹਰਾ ਭਰਿਆ ਪ੍ਰੀਵਾਰ ਛੱਡ ਗਏ ਹਨ। ਅਦਾਰਾ ਸਰੋਕਾਰਾਂ ਦੀ ਅਵਾਜ਼ ਵਲੋਂ ਅਸੀਂ ਤਰਲੋਚਨ ਸਿੰਘ ਗਿੱਲ ਅਤੇ ਗਿੱਲ ਪ੍ਰੀਵਾਰ ਦੇ ਦੁੱਖ ਵਿੱਚ ਸ਼ਰੀਕ ਹੁੰਦੇ ਹੋਏ ਦੁਖ 'ਚੋ ਸਿਰਕਤ ਕਰਦਾ ਹੈ।

# ਸਿੱਖ ਸੰਕਲਪ ਬਨਾਮ ਜਾਤ-ਪਾਤ ਦਾ ਵਰਤਾਰਾ



ਡਾ. ਧਰਮਵੀਰ ਗਾਂਧੀ
ਸੰਪਰਕ: 090138-69336

ਪੰਜਾਬ ਦੇ ਪਿੰਡਾਂ ਦੇ ਜਾਤ-ਪਾਤ ਆਧਾਰਿਤ ਪਿਛਾਂਹ-ਖਿੱਚੂ ਸਮਾਜਿਕ ਤਾਣੇ-ਬਾਣੇ ਪਿੱਛੇ 67 ਸਾਲਾਂ ਤੋਂ ਰਾਜ ਕਰਦੀਆਂ ਪਾਰਟੀਆਂ ਅਤੇ ਉਨ੍ਹਾਂ ਵੱਲੋਂ ਆਮ ਲੋਕਾਂ ਵਿੱਚ ਵੰਡੀਆਂ ਪਾ ਕੇ ਸੱਤਾ 'ਤੇ ਕਾਬਜ਼ ਰਹਿਣ ਦੀ ਸੌੜੀ ਸਿਆਸੀ ਸੋਚ ਜ਼ਿੰਮੇਵਾਰ ਹੈ। ਪੰਜਾਬ ਵਿੱਚ ਜਾਤ-ਪਾਤ ਦੇ ਚਲਨ ਦਾ ਅਹਿਸਾਸ ਤਾਂ ਪਹਿਲਾਂ ਵੀ ਸੀ ਪਰ ਜਿਸ ਕਰੂਰ ਰੂਪ ਵਿੱਚ ਇਹ ਹੁਣ ਸਾਹਮਣੇ ਆ ਰਿਹਾ ਹੈ ਉਹ ਚੁਣੌਤੀ ਬਣ ਚੁੱਕਿਆ ਹੈ। ਇਹ ਸਮਝਣ ਦੀ ਜ਼ਰੂਰਤ ਹੈ ਕਿ ਵਰਨ ਵਿਵਸਥਾ ਦੀ ਪੈਰਵੀ ਕਰਨ ਵਾਲੇ ਧਰਮਾਂ ਜਾਂ ਲੋਕਾਂ ਕੋਲੋਂ ਜਾਤ-ਪਾਤ ਦੇ ਖ਼ਾਤਮੇ ਦੀ ਆਸ ਕਦੇ ਨਹੀਂ ਕੀਤੀ ਜਾ ਸਕਦੀ ਸੀ। ਹਿੰਦੁਸਤਾਨ/ਪੰਜਾਬ ਦੇ ਸੰਦਰਭ ਵਿੱਚ ਸਿੱਖ ਧਰਮ ਹੀ ਇੱਕ ਅਜਿਹਾ ਧਾਰਮਿਕ ਫ਼ਲਸਫ਼ਾ ਹੈ ਜੋ ਇਸ ਕੋਹੜ ਨੂੰ ਮੁੱਢੋਂ-ਸੁੱਢੋਂ ਖ਼ਤਮ ਕਰਨ ਦੀ ਸਮਰੱਥਾ ਰੱਖਦਾ ਹੈ।

ਸਿੱਖ ਧਰਮ ਦੇ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਿਰਫ਼ ਉਸ ਧਰਮ ਦੇ ਗੁਰੂਆਂ ਜਾਂ ਮਹਾਂਪੁਰਸ਼ਾਂ ਦੀ ਬਾਣੀ ਹੀ ਦਰਜ ਕੀਤੀ ਨਹੀਂ ਮਿਲਦੀ ਸਗੋਂ ਇਸ ਵਿੱਚ 36 ਹੋਰ ਰੂਹਾਨੀ ਮਹਾਂਪੁਰਸ਼ਾਂ ਦੀ ਬਾਣੀ ਵੀ ਦਰਜ ਹੈ। ਇਸ ਵਿੱਚ ਛੇ ਸਿੱਖ ਗੁਰੂ ਸਾਹਿਬਾਨ, 15 ਭਗਤਾਂ (ਜਿਨ੍ਹਾਂ ਵਿੱਚ ਭਗਤ ਰਵਿਦਾਸ, ਭਗਤ ਕਬੀਰ, ਭਗਤ ਨਾਮਦੇਵ ਆਦਿ), 11 ਭੱਟਾਂ ਅਤੇ ਗੁਰੂ ਘਰ ਦੇ ਪ੍ਰੇਮੀ ਚਾਰ ਸਿੱਖਾਂ ਦੀ ਬਾਣੀ ਦਰਜ ਹੈ। ਇਨ੍ਹਾਂ ਵਿੱਚ ਗੁਰੂ ਨਾਨਕ ਸਾਹਿਬ ਦੇ ਮੁੱਢਲੇ ਅਤੇ ਚਿਰੰਜੀਵ ਸਾਥੀ ਭਾਈ ਮਰਦਾਨਾ, ਸੱਤਾ ਬਲਵੰਡ ਆਦਿ ਦੀ ਬਾਣੀ ਵੀ ਸ਼ਾਮਲ ਹੈ। ਦੁਨੀਆਂ ਦੇ ਪੈਗ਼ੰਬਰਾਂ ਅਤੇ ਧਰਮ ਗ੍ਰੰਥਾਂ ਦੀ ਤੁਲਨਾ ਵਿੱਚ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਸਿਰਫ਼ ਸਿੱਖ ਧਰਮ ਦੇ ਪੈਰੋਕਾਰਾਂ ਲਈ ਨਹੀਂ ਸਗੋਂ ਇਹ ਤਾਂ ਸਰਬ-ਸਾਂਝੀਵਾਲਤਾ, ਬਰਾਬਰੀ, ਆਜ਼ਾਦੀ, ਮਨੁੱਖੀ ਭਾਈਚਾਰੇ ਦਾ ਸਰਬ ਸਾਂਝਾ ਗ੍ਰੰਥ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬ੍ਰਾਹਮਣ ਅਤੇ ਸ਼ੂਦਰ, ਹਿੰਦੂ ਅਤੇ ਮੁਸਲਮਾਨ, ਭਾਰਤ ਦੇ ਪ੍ਰਸੰਗ ਵਿੱਚ ਉੱਤਰ/ਦੱਖਣ ਜਾਂ ਪੂਰਬ ਅਤੇ ਪੱਛਮ ਨਾਲ ਬਾਣੀ ਨੂੰ ਜੋੜਦਿਆਂ ਹਰ ਪ੍ਰਕਾਰ ਦੇ ਵਿਤਕਰੇ ਨੂੰ ਖ਼ਤਮ ਕਰਦਿਆਂ "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨਾ ਦਿਸਹਿ ਬਾਹਰਾ ਜੀਉ" ਅਤੇ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦੀ ਮਹਾਨ ਸਿੱਖਿਆ ਦਿੱਤੀ ਗਈ ਹੈ।

ਹਿੰਦੂ ਧਰਮ ਵਿੱਚ ਜਾਤ-ਪਾਤ ਨੂੰ ਮਨੁੱਖ ਦੇ ਕਰਮ ਨਾਲ ਜੋੜਨ ਦੀ ਥਾਂ ਮਨੁੱਖ ਦੇ ਜਨਮ ਨਾਲ ਜੋੜਨ ਦੀ, ਜੋ ਅਣਮਨੁੱਖੀ ਰੀਤ ਇਸ ਧਰਮ ਦੇ ਆਗੂਆਂ ਅਤੇ ਮਨੂੰਸਿਮਰਿਤੀ ਵਰਗੇ ਧਰਮ ਗ੍ਰੰਥਾਂ, ਪੁਰਾਣਾਂ, ਸ਼ਾਸਤਰਾਂ ਰਾਹੀਂ ਪੱਕੀ ਕੀਤੀ ਗਈ, ਇਸ ਨਾਲ ਭਾਰਤੀ ਸਮਾਜ ਦਾ ਇੱਕ ਵੱਡਾ ਹਿੱਸਾ ਅਨਪੜ੍ਹਤਾ, ਅਗਿਆਨਤਾ, ਜ਼ਲਾਲਤ ਤੇ ਜਹਾਲਤ ਦਾ ਸ਼ਿਕਾਰ ਹੁੰਦਿਆਂ, ਹੱਥੀਂ ਕਿਰਤ ਕਰਨ ਦੇ ਬਾਵਜੂਦ ਇੱਕ ਅਣਮਨੁੱਖੀ ਹੀਣ ਭਾਵਨਾ ਦਾ ਸ਼ਿਕਾਰ ਹੋ ਗਿਆ। ਇਸ ਧਰਮ ਨੇ ਜਾਤ-ਪਾਤ ਦੇ ਆਧਾਰ 'ਤੇ ਸਮਾਜ ਵਿੱਚ ਵੰਡੀਆਂ ਪਾ ਕੇ ਅਤੇ ਪੁਜਾਰੀ ਸ਼੍ਰੇਣੀ ਅਤੇ ਰਾਜਾ ਸ਼੍ਰੇਣੀ ਨੇ ਆਪਣੇ ਨਾਪਾਕ ਗੱਠਜੋੜ ਰਾਹੀਂ, ਸਦੀਆਂ ਤੋਂ ਕਿਰਤੀ ਅਤੇ ਗ਼ਰੀਬ ਲੋਕਾਂ ਤੇ ਲਾਦੂ ਹੋ ਕੇ ਉਨ੍ਹਾਂ ਦੀ ਲੁੱਟ-ਖਸੁੱਟ ਜਾਰੀ ਰੱਖੀ। ਇਸ ਦੇ ਉਲਟ ਗੁਰੂ ਨਾਨਕ ਸਾਹਿਬ ਨੇ ਆਪਣਾ ਪਹਿਲਾ ਸਾਥੀ ਹੀ ਭਾਈ ਮਰਦਾਨੇ ਨੂੰ ਚੁਣਿਆ। ਮਰਦਾਨਾ ਧਰਮ ਤੋਂ ਮੁਸਲਮਾਨ ਸੀ ਅਤੇ ਅੱਜ-ਕੱਲ੍ਹ ਦੀ ਬੋਲੀ ਵਿੱਚ ਕਹਿਣਾ ਹੋਵੇ ਤਾਂ ਦਲਿਤ ਬਲਕਿ ਦਲਿਤਾਂ ਨਾਲੋਂ ਵੀ ਸਮਾਜਿਕ ਪੌੜੀ ਦੇ ਸਭ ਤੋਂ ਹੇਠਲੇ ਡੰਡੇ ਉੱਤੇ ਖੜ੍ਹਾ ਸੀ।

ਗੁਰੂ ਨਾਨਕ ਦੇਵ ਜੀ ਨੇ ਉਸ ਦੀ ਜਾਤ ਨਹੀਂ ਵੇਖੀ। ਉਸ ਦਾ ਕਰਮ, ਵਿਹਾਰ, ਵਿਚਾਰ ਅਤੇ ਪਿਆਰ ਵੇਖਿਆ। ਸਾਰੀ ਉਮਰ ਉਸ ਨੂੰ ਆਪਣੇ ਨਾਲ ਰੱਖਿਆ। ਗੁਰੂ ਸਾਹਿਬ ਦੀ ਸਾਰੀ ਉਮਰ ਸਾਰੇ ਧਰਮਾਂ ਵਿੱਚ ਫੈਲੇ ਅੰਧ ਵਿਸ਼ਵਾਸਾਂ, ਫ਼ਜ਼ੂਲ ਧਾਰਮਿਕ ਰੀਤਾਂ, ਪੁਜਾਰੀ ਸ਼੍ਰੇਣੀ ਵੱਲੋਂ ਕੀਤੀ ਲੁੱਟ ਦੇ ਵਿਰੋਧ ਵਿੱਚ, ਉਨ੍ਹਾਂ ਹਰ ਧਰਮ ਵਿੱਚ ਫੈਲੀ ਤਰਕਹੀਣਤਾ ਅਤੇ ਪ੍ਰਚਲਿਤ ਅੰਧਵਿਸ਼ਵਾਸਾਂ ਨੂੰ ਖ਼ਤਮ ਕਰਨ ਲਈ ਹਰ ਧਰਮ ਦੇ ਕੇਂਦਰ 'ਤੇ ਜਾ ਕੇ ਉਨ੍ਹਾਂ ਗ਼ਲਤ ਰਸਮਾਂ ਨੂੰ ਵੰਗਾਰਿਆ, ਜੋ ਮਨੁੱਖਤਾ ਨੂੰ ਕੁਰਾਹੇ ਪਾ ਰਹੀਆਂ ਸਨ। ਇਹ ਰਸਮ ਭਾਵੇਂ ਹਰਿਦੁਆਰ ਜਾ ਕੇ ਸੂਰਜ ਨੂੰ ਪਾਣੀ ਦੇਣ ਦੀ ਸੀ ਜਾਂ ਮੱਕੇ ਵਿੱਚ ਹਾਜੀ ਦੇ ਰੂਪ ਵਿੱਚ ਜਾ ਕੇ ਉੱਥੇ ਮੱਕੇ ਵੱਲ ਪੈਰ ਪਸਾਰ ਕੇ ਸੌਣ ਦੀ ਜਾਂ ਕੁਰੂਕਸ਼ੇਤਰ ਵਿੱਚ ਸੂਰਜ ਗ੍ਰਹਿਣ ਦੇ ਵੇਲੇ ਤੀਰਥ ਉੱਪਰ ਜਾ ਕੇ ਮਾਸ ਰਿੰਨ੍ਹਣ ਦੀ ਸੀ। ਗੁਰੂ ਸਾਹਿਬ ਨੇ ਤਰਕ ਨਾਲ ਸਵਾਲ-ਜਵਾਬ ਕਰ ਕੇ ਬਿਨਾਂ ਕਿਸੇ ਦੇ ਧਰਮ ਦੀ ਬੇਅਦਬੀ ਕੀਤਿਆਂ, ਬਿਨਾਂ ਕਿਸੇ ਭੀੜ ਵੱਲੋਂ ਦੂਜਿਆਂ 'ਤੇ ਹਮਲਾ ਜਾਂ ਹਿੰਸਾ ਕੀਤਿਆਂ, ਆਪਣੀ ਗੱਲ ਮਨਵਾਈ ਪਰ ਅਸੀਂ ਅੱਜ ਵੀ ਉਨ੍ਹਾਂ ਅੰਨ੍ਹੀਆਂ ਗਲੀਆਂ ਵਿੱਚੋਂ ਬਾਹਰ ਨਹੀਂ ਨਿਕਲ ਸਕੇ ਸਗੋਂ ਇਹ ਅੰਧਵਿਸ਼ਵਾਸ ਪਹਿਲਾਂ ਨਾਲੋਂ ਵੀ ਭਾਰੂ ਹੋ ਗਏ ਹਨ।

ਗੁਰੂ ਨਾਨਕ ਦਾ ਗਿਆਨ ਸਿਰਫ਼ ਆਪਣੇ ਧਰਮ ਦੇ ਲੋਕਾਂ ਜਾਂ ਆਪਣੇ ਪੈਰੋਕਾਰਾਂ ਲਈ ਨਹੀਂ ਸਗੋਂ ਇਹ ਤਾਂ ਸਾਰੀ ਦੁਨੀਆਂ ਵਿੱਚ ਚੰਗੇ ਮਨੁੱਖ ਅਤੇ ਸਮਾਜ ਦੀ ਸਿਰਜਣਾ ਲਈ ਸੀ। ਇਸੇ ਕਾਰਨ ਆਪਣੀ ਮਹਾਨ ਬਾਣੀ ਜਪੁਜੀ ਸਾਹਿਬ ਵਿੱਚ ਉਨ੍ਹਾਂ ਆਪਣਾ ਗਿਆਨ ਸ਼ੁਰੂ ਹੀ ਇਸ ਪ੍ਰਸ਼ਨ ਨਾਲ ਕੀਤਾ ਕਿ "ਕਿਵ ਸਚਿਆਰਾ ਹੋਈਐ ਕਿਵਿ ਕੂੜੈ ਤੁਟੈ ਪਾਲਿ" ਭਾਵ ਮਨੁੱਖ ਦੇ ਦੁਆਲ਼ੇ ਉਸਰੀ ਕੂੜ ਅਤੇ ਮਾਇਆ ਦੀ ਕੰਧ ਕਿਵੇਂ ਤੋੜਨੀ ਹੈ ਅਤੇ ਉਸ ਨੂੰ ਇੱਕ ਸਚਿਆਰ ਮਨੁੱਖ ਕਿਵੇਂ ਬਣਾਉਣਾ ਹੈ? ਉਨ੍ਹਾਂ ਦੀ ਸਾਰੀ ਬਾਣੀ ਇਸ ਸਮੱਸਿਆ ਦੇ ਹੱਲ ਲਈ ਹੀ ਯਤਨਸ਼ੀਲ ਹੈ।

ਗੁਰੂ ਸਾਹਿਬ ਦੀ ਚਿੰਤਾ ਕਿਸੇ ਇੱਕ ਧਰਮ, ਇਲਾਕੇ, ਫ਼ਿਰਕੇ ਜਾਂ ਦੌਰ ਲਈ ਨਹੀਂ ਸੀ ਸਗੋਂ ਸਾਰੀ ਮਨੁੱਖਤਾ ਲਈ ਸੀ। ਇਸੇ ਕਾਰਨ ਗੁਰੂ ਨਾਨਕ ਸਾਹਿਬ ਨੇ ਹਰ ਧਰਮ ਦੇ ਆਗੂਆਂ ਅਤੇ ਪੈਰੋਕਾਰਾਂ ਨਾਲ ਸੰਵਾਦ ਰਚਾਇਆ:

**"ਜਬਿ ਲਗੁ ਦੁਨੀਆ ਰਹੀਐ**
**ਨਾਨਕ ਕਿਛੁ ਸੁਣੀਐ ਕਿਛੁ ਕਹੀਐ॥"**




ਅਜੋਕੇ ਸੰਸਾਰ ਵਿੱਚ ਸਮੇਤ ਹਿੰਦੁਸਤਾਨ ਦੇ, ਵੱਖ-ਵੱਖ ਧਰਮਾਂ-ਫ਼ਿਰਕਿਆਂ ਵਿੱਚ ਸੰਵਾਦ ਦੀ ਥਾਂ ਅਸਹਿਣਸ਼ੀਲਤਾ ਤੇ ਕੁੜੱਤਣ ਵਿਖਾਈ ਦੇ ਰਹੀ ਹੈ। ਗ਼ਰੀਬਾਂ ਅਤੇ ਨਿਮਨ ਜਾਤਾਂ ਨਾਲ ਗੁਰੂ ਨਾਨਕ ਸਾਹਿਬ ਨੂੰ ਬੇਹੱਦ ਪਿਆਰ ਸੀ। ਇਸ ਗੱਲ ਦਾ ਅੰਦਾਜ਼ਾ ਇਸ ਤੱਥ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਏਮਨਾਬਾਦ ਵਿਖੇ ਮਲਿਕ ਭਾਗੋ ਦੇ ਸ਼ਾਹੀ ਪਕਵਾਨਾਂ ਨੂੰ ਠੁਕਰਾ ਕੇ ਕਿਰਤੀ ਪਰਿਵਾਰ ਅਤੇ ਤਰਖਾਣ ਜਾਤੀ ਨਾਲ ਸਬੰਧਿਤ ਭਾਈ ਲਾਲੋ ਦੇ ਘਰ ਖਾਣਾ ਖਾਧਾ। ਗ਼ਰੀਬ ਭਾਈ ਮਰਦਾਨੇ ਦੀ ਬੇਟੀ ਦੀ ਸ਼ਾਦੀ ਦੀ ਜ਼ਿੰਮੇਵਾਰੀ ਆਪ ਜੀ ਨੇ ਆਪਣੇ ਇੱਕ ਮਿੱਤਰ ਭਾਈ ਭਾਗੀਰਥ ਨੂੰ ਹੁਕਮ ਦੇ ਕੇ ਨਿਭਾਈ। ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿੱਚ ਨੀਚ ਸਮਝੇ ਜਾਣ ਵਾਲੇ ਲੋਕਾਂ ਲਈ ਆਪਣਾ ਪਿਆਰ ਇਨ੍ਹਾਂ ਸ਼ਬਦਾਂ ਰਾਹੀਂ ਪ੍ਰਗਟ ਕੀਤਾ ਹੈ:

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥**
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥**

ਸਿੱਖ ਲਹਿਰ ਦੇ ਨਾਲ-ਨਾਲ ਭਗਤੀ ਲਹਿਰ ਨਾਲ ਜੁੜੇ ਭਗਤਾਂ ਨੇ ਵੀ, ਜਾਤ-ਪਾਤ ਪ੍ਰਬੰਧ ਉੱਪਰ ਤਾਬੜਤੋੜ ਹਮਲੇ ਕੀਤੇ। ਕਬੀਰ ਜੀ ਨੇ ਤਾਂ ਬ੍ਰਾਹਮਣ ਦੀ ਜਾਤ-ਪਾਤ ਹਉਮੈ ਉੱਪਰ ਕਰਾਰੀ ਸੱਟ ਮਾਰਦਿਆਂ ਇੱਥੋਂ ਤਕ ਪੁੱਛ ਲਿਆ ਕਿ:

**'ਜੌ ਤੂੰ ਬ੍ਰਾਹਮਣੁ ਬ੍ਰਾਹਮਣੀ ਜਾਇਆ॥**
**ਤਉ ਆਨ ਬਾਟ ਕਾਹੇ ਨਹੀ ਆਇਆ॥**
**ਤੁਮ ਕਤ ਬ੍ਰਾਹਮਣ ਹਮ ਕਤ ਸੂਦ॥**
**ਹਮ ਕਤ ਲੋਹੂ ਤੁਮ ਕਤ ਦੂਧ॥'**

ਗੁਰੂ ਗ੍ਰੰਥ ਸਾਹਿਬ ਦਾ ਉਪਦੇਸ਼ ਕਿਸੇ ਇੱਕ ਜਾਤ, ਵਰਨ ਜਾਂ ਫ਼ਿਰਕੇ ਲਈ ਨਹੀਂ ਸੀ। ਸ੍ਰੀ ਹਰਿਮੰਦਰ ਸਾਹਿਬ ਦਾ ਨੀਵੀਂ ਥਾਂ 'ਤੇ ਸਥਿਤ ਹੋਣਾ ਸਿੱਖ ਧਰਮ ਵਿੱਚ ਨਿਮਰਤਾ ਅਤੇ ਹਲੀਮੀ ਦੀ ਸਭ ਤੋਂ ਵੱਡੀ ਮਿਸਾਲ ਹੈ। ਜਿੱਥੇ ਕੁੱਲ ਦੁਨੀਆਂ ਦੇ ਮੰਦਰਾਂ ਵਿੱਚ ਪ੍ਰਵੇਸ਼ ਕਰਨ ਲਈ ਪੌੜੀਆਂ ਚੜ੍ਹ ਕੇ ਹੇਠੋਂ ਉੱਪਰ ਨੂੰ ਜਾਣਾ ਪੈਂਦਾ ਹੈ ਉੱਥੇ ਸਿੱਖ ਧਰਮ ਦੇ ਇਸ ਕੇਂਦਰੀ ਅਸਥਾਨ, ਸਿੱਖਾਂ ਦੇ ਮੱਕੇ ਦੇ ਦਰਸ਼ਨਾਂ ਲਈ ਉੱਪਰੋਂ ਹੇਠਾਂ ਨੂੰ ਨੀਵੇਂ ਹੋ ਕੇ ਜਾਣਾ ਪੈਂਦਾ ਹੈ। ਚਾਰੇ ਦਰਵਾਜ਼ੇ ਚਾਰਾਂ ਵਰਨਾਂ ਲਈ ਖੋਲ੍ਹ ਕੇ ਗੁਰੂ ਸਾਹਿਬਾਨ ਨੇ ਸਾਰੇ ਮਨੁੱਖਾਂ ਅਤੇ ਵਰਨਾਂ ਦੀ ਬਰਾਬਰੀ ਦਾ ਸੰਦੇਸ਼ ਦਿੱਤਾ ਹੈ। ਇਸ ਤੋਂ ਵੀ ਵੱਧ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਾਰਿਆਂ ਨੂੰ ਕੁਦਰਤ ਵੱਲੋਂ ਬਰਾਬਰ ਦੇ ਮਨੁੱਖ ਹੋਣ ਦਾ ਦਰਜਾ ਦਿੱਤੇ ਜਾਣ ਦਾ ਮਾਨਵਤਾਵਾਦੀ ਸੰਦੇਸ਼ ਦਿੰਦੀ ਹੈ:

**"ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥"**

ਸਿੱਖ ਧਰਮ ਵਿੱਚ ਜਾਤ-ਪਾਤ ਦੇ ਵਿਤਕਰੇ ਨੂੰ ਕਿਤੇ ਵੀ ਪ੍ਰਵਾਨ ਨਹੀਂ ਕੀਤਾ ਗਿਆ ਪਰ ਜਿਹੜੇ ਲੋਕ ਵੱਖ-ਵੱਖ ਜਾਤਾਂ, ਭਗਤਾਂ ਦੇ ਨਾਂ ਉੱਤੇ ਗੁਰਦੁਆਰੇ ਬਣਾ ਰਹੇ ਹਨ ਜਾਂ ਸਮਾਜ ਵਿੱਚ ਵਿਤਕਰੇ ਪੈਦਾ ਕਰ ਰਹੇ ਹਨ, ਗੁਰਬਾਣੀ ਵੱਲੋਂ ਦਿੱਤੀ ਸਿੱਖਿਆ ਦੀ ਰੋਸ਼ਨੀ ਵਿੱਚ ਉਨ੍ਹਾਂ ਦੇ ਇਸ ਕਰਮ ਨੂੰ ਬਾਣੀ ਅਨੁਸਾਰ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਗੁਰਬਾਣੀ ਅਨੁਸਾਰ ਕਿਸੇ ਬੰਦੇ ਦੇ ਹਿੰਦੂ ਜਾਂ ਮੁਸਲਮਾਨ ਹੋਣ ਵਿੱਚ ਕੋਈ ਵਡਿਆਈ ਨਹੀਂ ਸਗੋਂ ਉਸ ਦੇ ਚੰਗੇ ਇਨਸਾਨ ਅਤੇ ਮਨੁੱਖ ਵਜੋਂ ਕੀਤੇ ਚੰਗੇ ਕਰਮਾਂ ਵਿੱਚ ਉਸ ਦੀ ਵਡਿਆਈ ਸਮੋਈ ਹੋਈ ਹੈ। ਸਿੱਖ ਧਰਮ ਦਾ ਵੱਡਾ ਇਤਿਹਾਸਕ ਯੋਗਦਾਨ ਸਮੂਹ ਲੋਕਾਈ ਨੂੰ ਰੂਹਾਨੀ ਅਗਵਾਈ ਦੇਣ ਦੇ ਨਾਲ-ਨਾਲ ਸਮਾਜ ਵਿੱਚ ਪਸਰੇ ਹਰ ਵਿਤਕਰੇ ਨੂੰ ਸਮਾਪਤ ਕਰਨ ਲਈ ਲੋਕਾਂ ਨੂੰ ਸਮਾਜਿਕ ਜੱਦੋ-ਜਹਿਦਾਂ ਦੇ ਰਾਹ ਪਾਉਣ ਵਿੱਚ ਹੈ। ਇਸੇ ਪ੍ਰਸੰਗ ਵਿੱਚ ਗੁਰੂ ਨਾਨਕ ਸਾਹਿਬ ਨੇ ਬਾਬਰ ਵਰਗੇ ਜਾਬਰ ਅਤੇ ਲੋਕਾਂ ਦੇ ਕਾਤਲ ਰਾਜਿਆਂ ਨੂੰ "ਪਾਪ ਕੀ ਜੰਞ ਲੈ ਕਾਬਲਹੁ ਧਾਇਆ" ਰਾਹੀਂ ਮੁਖ਼ਾਤਬ ਕੀਤਾ। ਰਾਜਿਆਂ ਨੂੰ ਸੀਂਹ ਅਤੇ ਮੁਕੱਦਮਾਂ ਨੂੰ ਕੁੱਤੇ ਕਹਿਣ ਦੀ ਇਤਿਹਾਸਕ ਦਲੇਰੀ ਵੀ ਸਿਰਫ਼ ਗੁਰੂ ਨਾਨਕ ਪਾਤਸ਼ਾਹ ਨੇ ਹੀ ਕੀਤੀ। ਦਸਮ ਗੁਰੂ ਸਾਹਿਬ ਨੇ:

**"ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥**
**ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥"**

ਦਾ ਸੰਕਲਪ ਦੇ ਕੇ, ਖ਼ਾਲਸਾ ਪੰਥ ਦੀ ਸਥਾਪਨਾ ਕਰਦਿਆਂ ਵਿਲੱਖਣ ਮਨੁੱਖ ਖ਼ਾਲਸਾ ਸਿਰਜ ਕੇ ਖ਼ੁਦ ਸ਼ਸਤਰ ਧਾਰਨ ਕੀਤੇ ਅਤੇ ਗੁਰੀਲਾ ਫ਼ੌਜੀ ਕਾਰਵਾਈ ਰਾਹੀਂ ਹੱਕ-ਸੱਚ ਨੂੰ ਸਥਾਪਤ ਕਰਨ ਲਈ ਔਰੰਗਜ਼ੇਬ ਵਰਗੇ ਸਮੇਂ ਦੇ ਜ਼ਾਲਮ ਹਾਕਮਾਂ ਨਾਲ ਹਥਿਆਰਬੰਦ ਟੱਕਰ ਲਈ। ਗੁਰੂ ਨਾਨਕ ਦੇਵ ਜੀ ਨੇ ਆਮ ਲੋਕਾਈ ਨੂੰ ਕੁਰਾਹੇ ਪਾਉਣ ਵਿੱਚ ਲੱਗੀਆਂ ਵੱਖ-ਵੱਖ ਤਾਕਤਾਂ ਦੇ ਅਸਲੀ ਚਰਿੱਤਰ ਨੂੰ ਨੰਗਾ ਕਰਦਿਆਂ ਇੱਥੋ ਤਕ ਕਿਹਾ:

**'ਕਾਜ਼ੀ ਕੂੜੁ ਬੋਲਿ ਮਲੁ ਖਾਇ॥**
**ਬ੍ਰਾਹਮਣੁ ਨਾਵੈ ਜੀਆ ਘਾਇ॥**
**ਜੋਗੀ ਜੁਗਤਿ ਨ ਜਾਣੈ ਅੰਧੁ॥**
**ਤੀਨੇ ਓਜਾੜੇ ਕਾ ਬੰਧੁ॥'**

ਇੰਜ ਗੁਰੂ ਸਾਹਿਬ ਨੇ ਕਾਜ਼ੀ, ਬ੍ਰਾਹਮਣ ਅਤੇ ਜੋਗੀ ਦੀ ਧਾਰਮਿਕ/ਸਮਾਜਿਕ ਸੱਤਾ ਨੂੰ ਵੰਗਾਰਿਆ ਕਿਉਂਕਿ ਤਿੰਨੋਂ ਸਮਾਜ ਨੂੰ ਬਿਹਤਰ ਬਣਾਉਣ ਦੀ ਥਾਂ ਲੁੱਟਣ ਅਤੇ ਗੁਮਰਾਹ ਕਰਨ ਵਿੱਚ ਲੱਗੇ ਹੋਏ ਸਨ। ਜਾਤ-ਪਾਤ 'ਤੇ ਕਰਾਰੀ ਚੋਟ ਮਾਰਦਿਆਂ ਗੁਰੂ ਸਾਹਿਬਾਨ ਨੇ ਸਪਸ਼ਟ ਸ਼ਬਦਾਂ ਵਿੱਚ ਸਾਨੂੰ ਸਿੱਖਿਆ ਦਿੱਤੀ ਸੀ ਕਿ ਜਾਤ-ਪਾਤ ਦੀ ਫ਼ੋਕੀ ਹੈਂਕੜ ਕਿਸੇ ਕੰਮ ਦੀ ਨਹੀਂ:

**"ਜਾਤਿ ਕਾ ਗਰਬੁ ਨਾ ਕਰੀਅਹੁ ਕੋਈ॥**
**ਬ੍ਰਹਮ ਬਿੰਦੇ ਸੋ ਬ੍ਰਾਹਮਣ ਹੋਈ॥੧॥**
**ਜਾਤਿ ਕਾ ਗਰਬੁ ਨਾ ਕਰ ਮੂਰਖ ਗਵਾਰਾ॥**
**ਇਸੁ ਗਰਬ ਤੇ ਚਲਹਿ ਬਹੁਤ ਵਿਕਾਰਾ॥"**

ਇਸ ਤੋਂ ਵੀ ਅੱਗੇ ਗੁਰਬਾਣੀ ਕਿਸੇ ਮਨੁੱਖ ਦੀ ਜਾਤ, ਉਸ ਦੇ ਕਿਸੇ ਵਿਸ਼ੇਸ਼ ਜਾਤ ਵਿੱਚ ਜੰਮਣ ਨੂੰ ਪ੍ਰਵਾਨਗੀ ਨਹੀਂ ਦਿੰਦੀ ਸਗੋਂ ਇਸ ਦੇ ਉਲਟ ਗੁਰਬਾਣੀ ਕਿਸੇ ਬੰਦੇ ਵੱਲੋਂ ਕੀਤੇ ਕੰਮਾਂ ਨੂੰ ਉਸ ਦੀ ਹੋਣੀ ਲਈ ਜ਼ਿੰਮੇਵਾਰ ਪ੍ਰਵਾਨ ਕਰਦੀ ਹੈ:

**"ਜਾਤਿ ਜਨਮ ਨਹੁ ਪੂਛੀਐ ਸਚੁ ਘਰੁ ਲੇਹੁ ਬਤਾਇ॥**
**ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥"**

ਗੁਰਬਾਣੀ ਵਿੱਚ "ਸੋ ਪੰਡਿਤ ਜੋ ਮਨੁ ਪ੍ਰਬੋਧੈ" ਦੀ ਸਿੱਖਿਆ ਦੇਣ ਦੇ ਨਾਲ-ਨਾਲ ਉਸ ਨੂੰ ਪੰਡਤ ਪ੍ਰਵਾਨ ਕੀਤਾ ਗਿਆ ਹੈ ਜਿਹੜਾ ਹਰ ਪ੍ਰਕਾਰ ਦੇ ਜਾਤ-ਪਾਤ ਦੇ ਵਿਤਕਰੇ ਤੋਂ ਮੁਕਤ ਹੋ ਕੇ ਚਾਰਾਂ ਵਰਨਾਂ ਦੇ ਲੋਕਾਂ ਨੂੰ ਸਾਂਝਾ ਉਪਦੇਸ਼ ਦੇਣ ਦਾ ਯਤਨ ਕਰਦਾ ਹੈ। ਸਿੱਖ ਧਰਮ ਵਿੱਚ ਲੰਗਰ ਦੀ ਪ੍ਰਥਾ ਨੇ ਜਾਤ-ਪਾਤ ਨੂੰ ਤੋੜਨ ਵਿੱਚ ਫ਼ੈਸਲਾਕੁਨ ਅਤੇ ਇਤਿਹਾਸਕ ਭੂਮਿਕਾ ਨਿਭਾਈ ਹੈ। ਲੰਗਰ ਪ੍ਰਥਾ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਅਰੰਭ ਹੋ ਗਈ ਸੀ ਪਰ ਇਸ ਨੂੰ ਇੱਕ ਸੰਸਥਾ ਦਾ ਰੂਪ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਦਿੱਤਾ। ਉਨ੍ਹਾਂ ਦੇ ਦਰਸ਼ਨਾਂ ਨੂੰ ਆਉਣ ਵਾਲੀ ਸੰਗਤ ਨੂੰ ਬਾਕਾਇਦਾ ਇਹ ਤਾਕੀਦ ਕੀਤੀ ਗਈ ਸੀ ਕਿ, "ਪਹਿਲੇ ਪੰਗਤ ਪਾਛੈ ਸੰਗਤ।" ਜਾਤਪਾਤ ਵਿੱਚ ਬੁਰੀ ਤਰ੍ਹਾਂ ਫਸੇ ਭਾਰਤੀ ਸਮਾਜ ਵਿੱਚ ਇਹ ਇੱਕ ਬਹੁਤ ਵੱਡਾ ਇਨਕਲਾਬ ਸੀ। ਇਸ ਉੱਦਮ ਨੇ ਜਾਤ-ਪਾਤ ਦੇ ਕੋਹੜ ਨੂੰ ਸਮਾਜ ਵਿੱਚੋਂ ਪੂਰੀ ਤਰ੍ਹਾਂ ਖ਼ਤਮ ਤਾਂ ਭਾਵੇਂ ਨਾ ਕੀਤਾ ਪਰ ਇਸ ਨਾਲ ਕਥਿਤ ਨੀਵੀਆਂ ਜਾਤਾਂ ਨਾਲ ਹੋਣ ਵਾਲੇ ਧਾਰਮਿਕ ਵਿਤਕਰੇ ਨੂੰ ਗੁਰਦੁਆਰਿਆਂ ਦੀ ਲੰਗਰ ਦੀ ਸੰਸਥਾ ਵਿੱਚ ਸਮਾਪਤ ਕਰ

ਦਿੱਤਾ ਗਿਆ। ਇੱਥੋਂ ਤਕ ਕਿ ਅਕਬਰ ਵਰਗੇ ਬਾਦਸ਼ਾਹ ਨੂੰ ਵੀ ਗੋਇੰਦਵਾਲ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਤੋਂ ਪਹਿਲਾਂ ਪੰਗਤ ਵਿੱਚ ਬੈਠ ਕੇ ਪ੍ਰਸ਼ਾਦ ਛਕਣਾ ਪਿਆ। ਇੰਜ ਇਸ ਸੰਸਥਾ ਨੇ ਰਾਜਾ-ਰੰਕ ਦੀ ਬਰਾਬਰੀ ਲਈ ਰਾਹ ਪੱਧਰਾ ਕੀਤਾ।

ਸਾਡੇ ਲਈ ਇਸ ਤੋਂ ਵੱਡੀ ਨਮੋਸ਼ੀ ਦੀ ਗੱਲ ਹੋਰ ਕੋਈ ਹੋ ਹੀ ਨਹੀਂ ਸਕਦੀ ਕਿ ਗੁਰੂ ਸਾਹਿਬਾਨਾਂ ਵੱਲੋਂ ਜਾਤ-ਪਾਤ ਦੇ ਕੋਹੜ ਦਾ ਮੁੱਢੋਂ ਹੀ ਫਾਹਾ ਵੱਢ ਦੇਣ ਵਾਲੀ ਦਿੱਤੀ ਸਿੱਖਿਆ ਦੇ ਬਾਵਜੂਦ ਅਸੀਂ ਸਿੱਖ ਧਰਮ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਰਾ ਦਿੱਤੀ ਮਹਾਨ ਸਿੱਖਿਆ ਨੂੰ ਮੂਲੋਂ ਤਿਲਾਂਜਲੀ ਦੇ ਕੇ ਮੁੜ ਸਮਾਜ ਨੂੰ ਵੰਡਣ ਅਤੇ ਟੁਕੜੇ-ਟੁਕੜੇ ਕਰਨ ਵਾਲੀ ਪਿਛਾਂਹਖਿੱਚੂ ਸੋਚ ਦੇ ਰਾਹ ਪੈ ਚੁੱਕੇ ਹਾਂ। ਗੁਰੂ ਨਾਨਕ ਸਾਹਿਬ ਨੇ ਚਾਰ ਉਦਾਸੀਆਂ ਰਾਹੀਂ ਮਨੁੱਖਤਾ ਨੂੰ ਜਗਾਉਣ ਅਤੇ ਧਰਮ, ਜਾਤ, ਇਲਾਕੇ, ਬੋਲੀ ਅਤੇ ਆਰਥਿਕ ਨਾ-ਬਰਾਬਰੀ ਵਿੱਚ ਫਸੇ ਲੋਕਾਂ ਨੂੰ ਮਨੁੱਖੀ ਬਰਾਬਰੀ, ਸਾਂਝੀਵਾਲਤਾ ਅਤੇ ਭਾਈਚਾਰੇ ਦੀ ਜਿਹੜੀ ਮਹਾਨ ਸਿੱਖਿਆ ਸਾਰੀ ਉਮਰ ਦਿੱਤੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਸਰਬੰਸ ਵਾਰ ਕੇ 'ਗ਼ਰੀਬ ਸਿੰਘਾਂ' ਨੂੰ ਜਿਹੜੀ ਪਾਤਸ਼ਾਹੀ ਦਿੱਤੀ ਸੀ, ਉਸ ਨੂੰ ਅਸੀਂ ਭੁੱਲੀ ਬੈਠੇ ਹਾਂ। ਗੁਰੂ ਗੋਬਿੰਦ ਸਿੰਘ ਜੀ ਨੇ ਸਮਾਜ ਵਿੱਚ ਨੀਵੀਆਂ ਸਮਝੀਆਂ ਜਾਣ ਵਾਲੀਆਂ ਜਾਤਾਂ ਵਿੱਚੋਂ ਪੰਜ ਸਿੰਘਾਂ ਨੂੰ ਚੁਣ ਕੇ ਨਾ ਕੇਵਲ ਕੁੱਲ, ਜਾਤ ਦੇ ਵਿਤਕਰੇ ਨੂੰ ਖ਼ਤਮ ਕੀਤਾ ਸਗੋਂ ਇਨ੍ਹਾਂ ਨੀਚ ਸਮਝੇ ਜਾਣ ਵਾਲੇ ਸਿੰਘਾਂ ਤੋਂ ਖ਼ੁਦ ਮੰਗ ਕੇ ਅੰਮ੍ਰਿਤ ਛਕਿਆ। ਇੰਜ ਗੁਰੂ-ਚੇਲੇ ਵਿਚਲੇ ਫ਼ਰਕ ਨੂੰ ਸਮਾਪਤ ਕਰਦਿਆਂ "ਆਪੇ ਗੁਰ ਚੇਲਾ" ਬਣ ਕੇ ਵਿਖਾਇਆ। ਇਨਕਲਾਬੀ ਲੋਕ ਕਵੀ ਸੰਤ ਰਾਮ ਉਦਾਸੀ ਨੇ ਗੁਰੂ-ਚੇਲੇ ਵਿਚਲੇ ਫ਼ਰਕ ਨੂੰ ਗੁਰੂ ਜੀ ਵੱਲੋਂ ਖ਼ਤਮ ਕਰ ਦੇਣ ਬਾਰੇ ਬਿਲਕੁਲ ਸਹੀ ਲਿਖਿਆ ਹੈ ਕਿ:

**'ਮੈਂ ਏਸੇ ਲਈ ਸੀ ਜੰਗ ਗੜ੍ਹੀ ਚਮਕੌਰ ਦਾ ਲੜਿਆ,**
**ਕਿ ਕੱਚੇ ਕੋਠੇ ਸਾਹਵੇਂ ਮਹਿਲ ਤੇ ਮੀਨਾਰ ਝੁਕ ਜਾਵੇ।**
**ਮੈਂ ਇਸੇ ਲਈ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਸੀ,**
**ਕਿ ਰਿਸ਼ਤਾ ਜੱਗ ਤੋਂ ਮਾਲਕ ਤੇ ਸੇਵਾਦਾਰ ਦਾ ਮੁੱਕ ਜਾਵੇ।'**

ਅੱਜ ਇੰਨੀ ਵੱਡੀ ਗ਼ਰੀਬ ਪੱਖੀ ਤੇ ਜਾਤ-ਪਾਤ ਵਿਰੋਧੀ ਵਿਰਾਸਤ ਨੂੰ ਛੱਡ ਕੇ ਅਸੀਂ ਮੁੜ ਜਾਤ-ਪਾਤ ਅਤੇ ਸਮਾਜਿਕ ਵੰਡ ਦੀ ਉਸੇ ਦਲਦਲ ਵਿਚ ਖੁੱਭਣ ਲੱਗੇ ਹਾਂ ਜਿੱਥੋਂ ਗੁਰੂ ਸਾਹਿਬਾਨ ਅਤੇ ਭਗਤਾਂ ਨੇ ਸਾਨੂੰ ਕੱਢਿਆ ਸੀ। ਸਿੱਖ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਦੀ ਮਹਾਨ ਸਿੱਖਿਆ ਤੋਂ ਮੂੰਹ ਮੋੜਦਿਆਂ, ਅਸੀਂ ਜਾਤਾਂ 'ਤੇ ਆਧਾਰਿਤ ਗੁਰਦੁਆਰੇ ਬਣਾ ਲਏ ਹਨ। ਧਰਮਸ਼ਾਲਾਵਾਂ ਵੱਖ-ਵੱਖ ਕਰ ਲਈਆਂ ਹਨ। ਅਸੀਂ ਇਨ੍ਹਾਂ ਮਾਰੂ ਰੀਤਾਂ ਅਤੇ ਵਿਤਕਰੇ ਪੈਦਾ ਕਰਨ ਵਾਲੀ ਸੋਚ ਦੇ ਸ਼ਿਕਾਰ ਹੋ ਕੇ ਹੁਣ ਸਿਵੇ ਵੀ ਵੱਖ-ਵੱਖ ਬਣਾ ਲਏ ਹਨ। ਸਾਰੇ ਸੰਸਾਰ ਵਿੱਚ ਅਤੇ ਭਾਰਤ ਦੀ ਰਾਜਧਾਨੀ ਦਿੱਲੀ ਜਾਂ ਹੋਰ ਮਹਾਂਨਗਰਾਂ, ਇੱਥੋਂ ਤਕ ਕਿ ਪਟਿਆਲੇ ਵਿੱਚ, ਬੀਰ ਜੀ ਦਸੌਂਧੀ ਰਾਮ ਯਾਦਗਾਰੀ ਸ਼ਮਸ਼ਾਨ ਘਾਟ ਸਮੇਤ ਸਾਰੀਆਂ ਸ਼ਮਸ਼ਾਨ ਘਾਟਾਂ ਵਿੱਚ ਸਾਰੇ ਮ੍ਰਿਤਕ ਸਰੀਰਾਂ ਦਾ ਬਿਨਾਂ ਕਿਸੇ ਵਿਤਕਰੇ ਤੋਂ ਬੜੇ ਅਦਬ ਨਾਲ ਸਸਕਾਰ ਕੀਤਾ ਜਾਂਦਾ ਹੈ। ਕਦੀ ਵੀ ਕਿਸੇ ਦੁਆਰਾ ਕਿਸੇ ਦੇ ਦਲਿਤ, ਬਾਲਮੀਕੀ ਜਾਂ ਜਾਤ ਆਧਾਰਿਤ ਕਿਸੇ ਹੋਰ ਵਿਤਕਰੇ ਦੀ ਕੋਈ ਗੱਲ ਨਹੀਂ ਕੀਤੀ ਜਾਂਦੀ। ਸੋਚਣ ਵਾਲੀ ਗੱਲ ਇਹ ਹੈ ਕਿ ਜਦੋਂ ਬੰਦਾ ਚਲਾ ਹੀ ਗਿਆ ਤਾਂ ਸਸਕਾਰ ਕਰਨ ਨਾਲ ਅੱਧੇ ਘੰਟੇ ਬਾਅਦ ਰਾਖ਼ ਤੋਂ ਬਿਨਾਂ ਉਸ ਦਾ ਕੁਝ ਵੀ ਬਾਕੀ ਨਹੀਂ ਬਚਦਾ। ਕੀ ਜਾਤ-ਪਾਤ ਦੇ ਕੋਹੜ ਨੂੰ ਅਸੀਂ 'ਪਰਲੋਕ' ਵਿੱਚ ਵੀ ਨਾਲ ਲੈ ਕੇ ਜਾਣਾ ਚਾਹੁੰਦੇ ਹਾਂ? ਇਸ ਤੋਂ ਵੀ ਵੱਧ ਚਿੰਤਾਜਨਕ ਗੱਲ ਇਹ ਹੈ ਕਿ ਛੂਤ-ਛਾਤ 'ਤੇ ਆਧਾਰਿਤ, ਅਜਿਹੇ ਵਿਤਕਰੇ ਭਰੇ ਸਮਾਜਿਕ ਵਿਹਾਰ ਰਾਹੀਂ ਆਪਣੇ ਨੌਜਵਾਨਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਅਸੀਂ ਸਿੱਖੀ ਦੇ ਕਿਹੜੇ ਆਦਰਸ਼ਾਂ ਦੀ ਤਸਵੀਰ ਪੇਸ਼ ਕਰ ਰਹੇ ਹਾਂ? ਮੇਰੀ ਸਾਰੇ ਧਰਮਾਂ, ਵਰਗਾਂ, ਜਾਤਾਂ ਤੇ ਇਲਾਕਿਆਂ ਦੇ ਲੋਕਾਂ ਨੂੰ, ਸਿੱਖ ਧਰਮ ਦੇ ਧਾਰਮਿਕ ਆਗੂਆਂ ਅਤੇ ਵਿਸ਼ੇਸ਼ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਤਿਕਾਰਯੋਗ ਜਥੇਦਾਰ ਸਾਹਿਬ ਅਤੇ ਸਿੱਖਾਂ ਦੇ ਪੰਜਾਂ ਤਖ਼ਤਾਂ ਦੇ ਜਥੇਦਾਰਾਂ, ਸਿੱਖ ਸੰਤਾਂ, ਮਹਾਂਪੁਰਸ਼ਾਂ, ਬੁੱਧਜੀਵੀਆਂ, ਚਿੰਤਕਾਂ, ਸਿਧਾਂਤਕਾਰਾਂ ਅਤੇ ਸਿੱਖ ਧਰਮ ਵਿੱਚ ਸੱਚੀ ਸ਼ਰਧਾ ਅਤੇ ਵਿਸ਼ਵਾਸ ਰੱਖਣ ਵਾਲੇ ਵੀਰਾਂ-ਭੈਣਾਂ ਨੂੰ ਅਪੀਲ ਹੈ ਕਿ ਆਓ ਆਪਾਂ ਸਾਰੇ ਇਕੱਠੇ ਹੋ ਕੇ ਇੱਕ ਮੱਤ ਅਤੇ ਸਾਂਝੀ ਸਹਿਮਤੀ ਨਾਲ ਸਿੱਖ ਧਰਮ ਦੀ ਮਹਾਨ ਮਾਨਵਵਾਦੀ ਵਿਰਾਸਤ ਉੱਪਰ ਮੁੜ ਤੋਂ ਲੱਦੀ ਜਾ ਰਹੀ ਜਾਤ-ਪਾਤ ਦੀ ਇਸ ਅਮਰਵੇਲ ਨੂੰ ਲਾਹ ਮਾਰੀਏ। ਸਾਰੇ ਸਮਾਜ ਨੂੰ ਨਾਲ ਲੈ ਕੇ ਇੱਕਮੁੱਠ ਹੋ ਕੇ ਵਿਚਾਰਧਾਰਕ, ਸਿਧਾਂਤਕ, ਧਾਰਮਿਕ ਅਤੇ ਸਮਾਜਿਕ ਤੌਰ 'ਤੇ ਸੰਗਠਿਤ ਹੋ ਕੇ ਇਸ ਲਾਹਨਤ ਦਾ 'ਕੀਰਤਨ ਸੋਹਿਲਾ' ਪੜ੍ਹੀਏ ਅਤੇ ਹਰ ਪਿੰਡ ਵਿੱਚ ਸਾਰੀਆਂ ਜਾਤਾਂ ਲਈ ਇੱਕੋ-ਇੱਕ ਸਾਂਝਾ ਗੁਰਦੁਆਰਾ, ਧਰਮਸ਼ਾਲਾਵਾਂ ਅਤੇ ਸ਼ਮਸ਼ਾਨ ਘਾਟ ਉਸਾਰਨ ਲਈ ਸੁਚੇਤ ਯਤਨ ਅਰੰਭ ਕਰੀਏ। ਸਮਾਜ ਨੂੰ ਜੋੜੀਏ ਅਤੇ ਸਮਾਜ ਵਿੱਚੋਂ ਵਿਤਕਰੇ, ਛੂਤ-ਛਾਤ ਨੂੰ ਖ਼ਤਮ ਕਰੀਏ। ਜੰਮਣ, ਮਰਨ, ਵਿਆਹ ਨਾਲ ਜੁੜੀਆਂ ਖ਼ਰਚੀਲੀਆਂ ਰਸਮਾਂ ਅਤੇ ਰੀਤਾਂ ਨੂੰ ਸਮਾਪਤ ਕਰਦਿਆਂ, ਇੱਕ ਸਿਹਤਮੰਦ, ਜਾਗਰੂਕ ਅਤੇ ਸੱਚ ਉੱਤੇ ਪਹਿਰਾ ਦੇਣ ਵਾਲੇ ਤੇ ਗ਼ਰੀਬਾਂ ਦੀ ਬਾਂਹ ਫੜਨ ਵਾਲੇ ਸਮਾਜ ਦੀ ਸਿਰਜਣਾ ਵਿੱਚ ਆਪਣਾ ਯੋਗਦਾਨ ਪਾਈਏ। ਇੱਥੇ ਇਹ ਜ਼ਿਕਰ ਕਰਨਾ ਵਾਜਬ ਹੋਵੇਗਾ ਕਿ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਹਕੂਮਤੀ ਜਬਰ ਨੂੰ ਵੰਗਾਰਦਿਆਂ ਇਹ ਭਾਈ ਜੈਤਾ ਹੀ ਸੀ, ਜਿਸ ਨੇ ਗੁਰੂ ਸਾਹਿਬ ਦੇ ਸੀਸ ਨੂੰ ਆਪਣੀ ਜਾਨ ਤਲੀ 'ਤੇ ਧਰ ਕੇ ਸ੍ਰੀ ਆਨੰਦਪੁਰ ਸਾਹਿਬ ਲਿਆ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਅੰਤਿਮ ਦਰਸ਼ਨ ਕਰਾਏ। ਗੁਰੂ ਸਾਹਿਬ ਨੇ ਭਾਈ ਜੈਤੇ ਨੂੰ 'ਰੰਘਰੇਟੇ ਗੁਰੂ ਕੇ ਬੇਟੇ' ਦਾ ਰੁਤਬਾ ਦਿੱਤਾ। ਗੁਰੂ ਦੇ ਬੇਟਿਆਂ ਦੇ ਮ੍ਰਿਤਕ ਸਰੀਰ ਦਾ ਸਸਕਾਰ ਵੀ ਸਾਂਝੇ ਸ਼ਮਸ਼ਾਨ ਘਾਟ ਵਿੱਚ ਕਰਨ ਤੋਂ ਹੁਣ ਸਾਡੇ ਮਨਾਂ ਵਿੱਚ ਵਿਤਕਰਾ ਕਿਉਂ ਪੈਦਾ ਹੁੰਦਾ ਹੈ? ਇਹ ਸਵਾਲ ਸਾਰੇ ਸਮਾਜ ਲਈ ਵਿਸ਼ੇਸ਼ ਕਰਕੇ ਸਿੱਖ ਭਾਈਚਾਰੇ ਲਈ ਇੱਕ ਚੁਣੌਤੀ ਹੈ। ਦੇਖਣ ਵਾਲੀ ਗੱਲ ਇਹ ਹੈ ਕਿ ਇਸ ਚੁਣੌਤੀ ਦਾ ਉੱਤਰ ਅਸੀਂ ਗੁਰਬਾਣੀ ਦੇ ਚਾਨਣ ਰਾਹੀਂ ਗੁਰਮੁਖਤਾ ਨਾਲ ਦਿੰਦੇ ਹਾਂ ਜਾਂ ਜਾਤ-ਪਾਤ, ਹਉਮੈ ਵਿੱਚ ਗ੍ਰਸੀ ਆਪਣੀ ਮਨਮੁਖਤਾ ਨਾਲ। ਜਿਹੜੇ ਲੋਕ ਅੱਜ 'ਸਿੱਖ ਧਰਮ ਨੂੰ ਖ਼ਤਰੇ' ਦੀ ਦੁਹਾਈ ਦਿੰਦੇ ਹਨ, ਉਹ ਸਿੱਖ ਧਰਮ ਅਤੇ ਸਿੱਖੀ ਨੂੰ, ਫ਼ਲਸਫ਼ੇ ਅਤੇ ਅਮਲ ਦੇ ਪੱਧਰ 'ਤੇ ਇੱਕ ਸੀਮਤ ਦਾਇਰੇ ਵਿੱਚ ਰੱਖ ਕੇ ਦੇਖਦੇ ਹਨ। ਉਹ ਜਾਣਦੇ ਹੀ ਨਹੀਂ ਕਿ ਸਿੱਖ ਧਰਮ ਸਿਰਫ਼ ਸਿੱਖਾਂ ਲਈ ਨਹੀਂ ਸਗੋਂ ਸਮੂਹ ਜਗਤ ਲੋਕਾਈ ਲਈ ਹੈ। ਉਹ ਨਹੀਂ ਜਾਣਦੇ ਕਿ ਸਿੱਖ ਧਰਮ ਮਹਿਜ਼ ਜੀਵਨ ਦਰਸ਼ਨ ਹੀ ਨਹੀਂ, ਨਿਆਰਾ ਜੀਵਨ ਢੰਗ ਤੇ ਜੀਵਨ ਜਾਚ ਵੀ ਹੈ। ਅਜੋਕੇ ਸੰਸਾਰ ਵਿੱਚ ਜੇ ਸਿੱਖ ਧਰਮ ਦੇ ਸਰਬ-ਸਾਂਝੀਵਾਲਤਾ ਅਤੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਵਰਗੇ ਸਮੂਹ ਲੋਕਾਈ ਨੂੰ ਆਪਣੇ ਕਲਾਵੇ ਵਿੱਚ ਲੈਣ ਅਤੇ ਨਿਮਾਣਿਆਂ ਦੇ ਮਾਣ, ਨਿਓਟਿਆਂ ਦੀ ਓਟ, ਨਿਆਸਰਿਆਂ ਦਾ ਆਸਰਾ ਵਰਗੇ ਸਮਾਜਿਕ ਇਨਕਲਾਬੀ ਉਦੇਸ਼ਾਂ ਤੇ ਆਦਰਸ਼ਾਂ 'ਤੇ ਚੱਲ ਕੇ ਲੋਕਾਂ ਦੀ ਅਗਵਾਈ ਕੀਤੀ ਜਾਵੇ ਤਾਂ ਖ਼ਤਰਾ ਸਿੱਖ ਧਰਮ ਨੂੰ ਨਹੀਂ ਸਗੋਂ ਵਿਤਕਰਿਆਂ 'ਤੇ ਉੱਸਰੀ ਸੱਤਾ-ਸਥਾਪਤੀ ਅਤੇ ਮਨੁੱਖਤਾ ਵਿਰੋਧੀ ਧਰਮਾਂ ਨੂੰ ਜ਼ਰੂਰ ਖੜ੍ਹਾ ਹੋ ਸਕਦਾ ਹੈ।

ਇਹ ਨਹੀਂ ਮੰਨਿਆ ਜਾ ਸਕਦਾ ਕਿ ਸਿੱਖ ਧਰਮ ਦੇ ਅਗਵਾਨ, ਸਿੱਖ ਚਿੰਤਕ, ਬੁੱਧਜੀਵੀ ਤੇ ਸਿਧਾਂਤਕਾਰ, ਸਿੱਖੀ ਦੇ ਇਸ ਪੱਖ ਤੋਂ ਅਣਜਾਣ ਹਨ। ਅਸਲੀਅਤ ਇਹ ਹੈ ਕਿ ਉਹ ਸਿੱਖੀ ਦੇ ਇਸ ਪੱਖ ਨੂੰ ਉਜਾਗਰ ਕਰ ਕੇ ਆਪਣੀ ਆਰਾਮਪ੍ਰਸਤ ਜ਼ਿੰਦਗੀ ਵਿੱਚ ਖ਼ਲਲ ਪੈਣ ਦੇ ਡਰੋਂ, ਜਾਣ ਬੁੱਝ ਕੇ ਅੱਖਾਂ ਮੀਟੀ ਬੈਠੇ ਹਨ। ਸਿੱਖ ਧਰਮ ਦੀ ਵਿਸ਼ਾਲਤਾ ਨੂੰ ਅਰਥ ਦੇਣ ਅਤੇ ਬਿਖੜੇ ਪੈਂਡਿਆਂ ਦੇ ਰਾਹੀ ਬਣਨ ਤੋਂ ਬਚਦੇ, ਉਹ ਇਸ ਨੂੰ ਕੇਵਲ ਸਿੱਖ ਜਗਤ ਤਕ ਹੀ ਸੀਮਤ ਰੱਖਣ ਦਾ ਆਸਾਨ ਰਸਤਾ ਚੁਣੀ ਬੈਠੇ ਹਨ। ਉਹ ਇਸ ਨੂੰ ਇਸ ਦੇ ਬਾਹਰੀ ਰੂਪ ਜਾਂ ਸਾਖੀਆਂ/ਸਤਿਸੰਗਾਂ/ਦੀਵਾਨਾਂ ਤਕ ਹੀ ਸੀਮਤ ਕਰ ਕੇ ਰੱਖਣਾ ਚਾਹੁੰਦੇ ਹਨ। ਸਿੱਖ ਧਰਮ ਵਿੱਚ ਬੁਰੀ ਤਰ੍ਹਾਂ ਪੈਰ ਪਸਾਰ ਚੁੱਕੀ ਬ੍ਰਾਹਮਣਵਾਦੀ ਸੋਚ ਤੇ ਕਰਮਕਾਂਡੀ ਧਾਰਮਿਕ ਅਭਿਆਸ ਸਬੰਧੀ ਉਨ੍ਹਾਂ ਜਾਣ ਬੁੱਝ ਕੇ ਸਾਜ਼ਿਸ਼ੀ ਚੁੱਪ ਧਾਰੀ ਹੋਈ ਹੈ। ਸੰਗਤ ਤੇ ਪੰਗਤ ਵਰਗੇ ਮਹਾਨ ਸੰਕਲਪਾਂ ਵਿੱਚ ਆਏ ਨਿਘਾਰ ਅਤੇ ਪ੍ਰਤੱਖ ਵਿਗਾੜਾਂ ਤੋਂ ਉਹ ਅੱਖਾਂ ਮੁੰਦੀ ਬੈਠੇ ਹਨ। ਸਿੱਖ ਧਰਮ ਵਿੱਚ ਮੁੜ ਜੜ੍ਹਾਂ ਪਸਾਰ ਚੁੱਕੀ ਜਾਤ-ਪਾਤ ਵਿਵਸਥਾ ਕਾਰਨ ਨੀਵੀਆਂ ਜਾਤਾਂ ਦੇ ਸਿੱਖ ਧਰਮ ਤੋਂ ਦੂਰ ਹੋਣ ਅਤੇ ਪੰਜਾਬ ਵਿੱਚ ਵਧ ਰਹੇ ਡੇਰਾਵਾਦ ਦੇ ਰਿਸ਼ਤੇ ਨੂੰ ਵੀ ਉਹ ਜਾਣਬੁੱਝ ਕੇ ਅਣਗੌਲਿਆਂ ਕਰਨ ਦੇ ਰੌਂਅ ਵਿੱਚ ਜਾਪਦੇ ਹਨ। ਇਹੀ ਕਾਰਨ ਹੈ ਕਿ ਹੌਲ਼ੀ-ਹੌਲ਼ੀ ਸਿੱਖ ਧਰਮ ਦਾ ਬ੍ਰਾਹਮਣੀਕਰਨ ਹੁੰਦਾ ਜਾ ਰਿਹਾ ਹੈ।

ਫਿਰ ਵੀ ਮੈਂ ਆਸ ਕਰਦਾ ਹਾਂ ਕਿ ਸਿੱਖ ਸੰਗਤ ਦਾ ਵਿਸ਼ਾਲ ਹਿੱਸਾ, ਸਿੱਖੀ ਤੇ ਸਿੱਖ ਧਰਮ ਦੇ ਮਾਨਵਤਾਵਾਦੀ ਅਤੇ ਸਰਬੱਤ ਦੇ ਭਲੇ ਵਾਲੇ ਇਨਕਲਾਬੀ ਵਿਰਸੇ ਨੂੰ ਬਚਾਉਣ ਲਈ ਸਿੱਖ ਜਗਤ ਵਿੱਚ ਪੈਰ ਪਸਾਰ ਚੁੱਕੀ ਜਾਤ-ਪਾਤ ਵਿਵਸਥਾ ਦੇ ਖ਼ਿਲਾਫ਼ ਸ਼ੁਰੂ ਕੀਤੇ ਜਾ ਰਹੇ ਜਾਗਰੂਕਤਾ ਅਭਿਆਨ ਵਿੱਚ, ਉਹ ਮੇਰੇ ਵਰਗੇ ਅਨੇਕਾਂ ਹੋਰ ਨਿਮਾਣੇ ਜਿਹੇ ਵਿਅਕਤੀਆਂ ਦਾ ਸਾਥ ਜ਼ਰੂਰ ਦੇਵੇਗਾ।

# May Peshawar refuse tears in eyes

ਕਾਸ਼, ਪੇਸ਼ਾਵਰ ਅੱਖਾਂ 'ਚ ਹੰਝੂ ਥੰਮ ਲਵੇ। ਹਾਂ, ਇਹ ਕਹਿਰ ਵਰ੍ਹਿਆ ਹੈ ਪਰ ਕਾਸ਼ ਪੇਸ਼ਾਵਰ ਆਪਣੇ ਵੈਣ ਥੰਮ ਲਵੇ। ਕਾਸ਼, ਪੇਸ਼ਾਵਰ ਦਹਿਸ਼ਤ ਦੇ ਵਣਜਾਰਿਆਂ ਨੂੰ ਉਹਨਾਂ ਦੇ ਮਕਸਦ ਤੋਂ ਵਾਂਝਾ ਕਰ ਦੇਵੇ – ਕਾਸ਼... ਪੇਸ਼ਾਵਰ ਦਹਿਸ਼ਤ ਤੇ ਨਿਰਾਸ਼ਾ ਅੱਗੇ ਗੋਡੇ ਟੇਕਣ ਤੋਂ ਇਨਕਾਰ ਕਰ ਦੇਵੇ।

ਹਾਲਾਂਕਿ ਮੈਂ ਸਮਝਦਾ ਹਾਂ ਕਿ ਜੋ ਫੌਜੀਆਂ ਦੇ ਇਹਨਾਂ ਬੱਚਿਆਂ ਨੇ ਝੱਲਿਆ ਉਹ ਹਰ ਰੋਜ਼ ਬਲੋਚਿਸਤਾਨ ਤੇ ਉੱਤਰੀ ਪਛਮੀ ਸੂਬੇ ਦੇ ਸਿਵਲੀਅਨ ਬੱਚਿਆਂ ਨੂੰ ਫੌਜੀ ਬਲਾਂ ਹੱਥੋਂ ਵੀ ਝੱਲਣਾ ਪੈਂਦਾ ਹੈ। ਮੈਂ ਸਮਝਦਾ ਹਾਂ ਕਿ ਦੱਖਣੀ ਏਸ਼ੀਆ ਦੀਆਂ ਸਭੇ ਹਕੂਮਤਾਂ ਬਾਗੀ ਵਸੋਂ ਖਿਲਾਫ ਸਮੂਹਕ ਸਜਾਵਾਂ, ਵਿਰੋਧੀਆਂ ਦੇ ਪਰਿਵਾਰਾਂ ਨੂੰ ਮਾਰ-ਮੁਕਾਉਣ, ਬਲਾਤਕਾਰਾਂ ਦੀ ਨੀਤੀ ਅਪਣਾ ਰਹੀਆਂ ਹਨ ਤੇ ਇਹ ਪੇਸ਼ਾਵਰ 'ਚ ਵਾਪਰੇ ਦੁਖਾਂਤ ਨਾਲੋਂ ਕਿਤੇ ਵਸੀਹ ਪੈਮਾਨੇ ਤੇ ਵਾਪਰ ਰਿਹਾ ਹੈ।

ਪਰ, ਧਾਰਮਕ-ਤੰਗਨਜਰ ਸਿਆਸਤ ਵੀ, ਚਾਹੇ ਉਹ ਬਾਗੀ ਪਾਸੇ ਹੀ ਕਿਉਂ ਨਾ ਹੋਵੇ, ਸਮੂਹਕ ਸਜਾਵਾਂ ਤੇ ਦਹਿਸ਼ਤ ਦੀ ਇਹੀ ਨੀਤੀ ਅਪਣਾਉਂਦੀ ਹੈ-ਹਰ ਕਿਤੇ ਤੇ ਹਮੇਸ਼ਾ।


ਪੇਸ਼ਾਵਰ, ਉਹਨਾਂ ਲੋਕਾਂ ਨੂੰ ਚੇਤਾਵਨੀ ਹੈ ਜੋ ਕਿਸੇ ਵੀ ਤਰ੍ਹਾਂ ਦੀ ਧਾਰਮਕ ਤੰਗਨਜਰ ਸਿਆਸਤ ਵਾਸਤੇ ਨਰਮਗੋਸ਼ਾ ਪਾਲਦੇ ਹਨ ਜਾਂ ਜਿਹਨਾਂ ਨੂੰ ਰਤੀ ਭਰ ਵੀ ਭੁਲੇਖਾ ਹੈ ਕਿ ਕਿਸੇ ਵੀ ਫਿਰਕੂ ਸਿਆਸਤ ਦੇ ਯੋਧੇ ਉਹਨਾਂ ਵਾਸਤੇ ਕੀ ਲੈ ਕੇ ਆਉਣਗੇ – ਇਹ ਹਮੇਸ਼ਾ ਦਹਿਸ਼ਤ ਤੇ ਬੇਤਹਾਸ਼ਾ ਬੇਮਤਲਬ ਕਤਲੋਗਾਰਦ ਹੀ ਹੋਵੇਗੀ।

ਪੇਸ਼ਾਵਰ ਦੂਰ ਨਹੀਂ ਵਾਪਰਿਆ – ਇਹ ਪਲ ਪਲ ਸਾਡੇ ਮਨਾਂ ਅੰਦਰ ਵਾਪਰਦਾ ਹੈ ਜਦੋਂ ਕਦੇ ਅਸੀਂ ਕਿਸੇ ਵੰਨਗੀ ਦੀ ਧਾਰਮਕ ਤੰਗਨਜਰ ਸਿਆਸਤ ਦਾ ਪੱਖ ਪੂਰਦੇ ਹਾਂ।

**Sudeep Singh**

May Peshawar refuse tears in eyes! Yes, pain of unbearable dimensions have been inflicted but may Peshawar refuse cries of mourns! May Peshawar deprive 'them' o...f what 'they' have wanted to achieve - terror, subjugation and demoralization!

Yes, I understand what those children of Military personals have suffered is no way different from what other




children of Blochistan or NWP are suffering. I understand all governments in South Asia are implementing policy of collective punishment towards insurgent populations- killing, raping, maiming families of opponents and ordinary civilians in insurgencies, revolts and sectarian movements at much larger scale than what happened in Peshawar.

But religious sectarian politics, even if on insurgent side, also adopts same policy of collective punishment and terror on ordinary population. It has always and everywhere.

Peshawar is reminder to those who have iota of soft corner for any brand of sectarian religious politics, who have any illusion about what crusaders of any religion may bring - it is terror always.

Peshawar has not happened far away - it is happening in our minds when we take sides with this or that sectarianism.

Chaman Lal Jnu : First bowing my head in memory of innocent children of Pakhtunwa-Religious fundamentalism and religion oriented politics-armed or parliamentary-both are dangerous and anti people, rather enemy of the people. What is happening around all over the world is fast tolling the bells of dangers of religious politics. No word are enough to express the anguish of hundred plus innocent children being butchered by religiously maddened butchers. But what USA has sowed early all over the world-killings through drone attacks-killing Saddam and Gaddafi through so called 'democracy export' but really arms industry and oil grab politics, this is the fruition now in Pakhtunwa or so called ISIS formed stateless 'Islamic State'. East Punjab suffered it at the hands of Khalistanis and West Punjab is now suffering in the name of Jihadis-Sydney or anywhere else-violence and killings-Boko Harm-Nigeria...Kenya, Somalia...But be warned the so called Hindutva forces are no less than Pakistani grown up terrorists-the so called 'Ghar Vapsi'-conversions to Hinduism, the shrills of Adityanaths are breeding grounds for tomorrow is violent killing fields in India! Are we doomed for the same fate as Pakistan has got condemned?!

**Malkeet Singh**
**Perpetrators**

-Shocking reprehensible barbaric insane act of terrorism in Pakistan school my heart aches and sheds tears of blood .poor humanity in the claws of vulture capitalism facing the onslaught of merchants of destruction .no one dares to name the real perpetrators ,the creators of the Taliban the bush administration in early nineties to fight the Soviet Peace Keeping Forces in Afganistan .these days they are everywhere in Iraq,Libya ,Syria ,Nigeria ,Mali ,Somalia Uganda Kenia .in India why only the school ,s .why should,nt the entire nation mourn the colossal loss for three days. I will on my own.

## ਖੁਸ਼ੀ ਨਵੇਂ ਸਾਲ ਦੀ

ਨਵਾਂ ਵਰ੍ਹਾ ਆਇਆ ਲੋਕੀਂ ਖੁਸ਼ੀਆਂ 'ਚ ਖੀਵੇ ਨੇ
ਵੰਡਦੇ ਮਿਠਾਈਆਂ ਬਾਲ ਸਧਰਾਂ ਦੇ ਦੀਵੇ ਨੇ
ਪਰ ਮਿਲਦੀ ਨੀ ਸ਼ੁੱਧ ਚੀਜ਼ ਕਿਸੇ ਵੀ ਸਟਾਲ ਦੀ
ਫੇਰ ਵੀ ਮਨਾਉਂਦੇ ਲੋਕੀਂ ਖੁਸ਼ੀ ਨਵੇਂ ਸਾਲ ਦੀ।

ਭੁੱਖ ਦੇ ਸਤਾਏ ਬੱਚੇ ਗਲੀਆਂ 'ਚ ਰੁਲਦੇ
ਨੰਗੇ ਨੇ ਜਿਸਮ ਇਕ ਕੱਪੜੇ ਦੀ ਥੁੜ ਦੇ
ਕਿਥੇ ਗਿਆ ਬਾਲ, ਮਾਂ ਫਿਰਦੀ ਏ ਭਾਲਦੀ
ਫੇਰ ਵੀ....

ਵੇਚ ਕੇ ਵਪਾਰੀ ਖਾਗੇ ਤੀਜੀ ਅੱਖ ਵਿਦਿਆ
ਹਰ ਕੋਈ ਟੁਕੜੇ ਬੇਗਾਨਿਆਂ ਤੇ ਗਿੱਝਿਆ
ਕਿਹੜੀ ਗੱਲ ਕਰਦੇ ਹੋ ਰੱਖਿਆ ਲਈ ਢਾਲ ਦੀ
ਫੇਰ ਵੀ....

ਦਵਾਈ ਨਾਲੋਂ ਵੱਧ ਹੁੰਦੀ ਲੋੜ ਕੁਝ ਖਾਣ ਦੀ
ਵੱਧ ਗਈ ਮਹਿੰਗਾਈ ਹਰ ਉੱਘੀ ਅੱਖ ਜਾਣਦੀ
ਨਾ ਮਰੀਜ਼ਾਂ ਤਾਈਂ ਮਿਲੇ, ਅੱਜ ਕੜਛੀ ਕੁ ਦਾਲ ਦੀ
ਫੇਰ ਵੀ....

ਰਾਜਨੀਤੀ ਵੰਡ ਦਿੱਤੇ ਭਾਈ ਵਿਚ ਧੜਿਆਂ ਦੇ
ਸਾਂਝੇ ਨਾ ਸਿਵੇ ਹੁੰਦੇ, ਇਕ ਵਾਰੀ ਲੜਿਆਂ ਦੇ
ਦਲਬੀਰ ਸੋਚੇ ਸੋਚ ਹੈ, ਨੇਤਾਵਾਂ ਦੇ ਕਮਾਲ ਦੀ
ਫੇਰ ਵੀ ਮਨਾਉਂਦੇ ਲੋਕੀ ਖੁਸ਼ੀ ਨਵੇਂ ਸਾਲ ਦੀ।

**ਦਲਬੀਰ ਬੀਰ ਔਲਖ**
95010-13036

## ਪੇਸ਼ਾਵਰ 'ਚ ਕਤਲ ਹੋਏ ਬੱਚਿਆਂ ਦੇ ਨਾਮ

ਜੋ ਅੱਤਿਆਚਾਰ ਹੋਇਆ ਹੈ ਨਾ ਹੋਇਆ ਸੀ ਨਾ ਹੋਵੇਗਾ
ਜੋ ਨਰ ਸੰਘਾਰ ਹੋਇਆ ਹੈ ਨਾ ਹੋਇਆ ਸੀ ਨਾ ਹੋਵੇਗਾ

ਚਿਣੇ ਦੀਵਾਰ ਵਿਚ ਬੱਚਿਆਂ ਦਾ ਗ਼ਮ ਵੀ ਸੀ ਬੜਾ ਦਿਲ ਨੂੰ
ਜੋ ਗ਼ਮ ਇਸ ਵਾਰ ਹੋਇਆ ਹੈ ਨਾ ਹੋਇਆ ਸੀ ਨਾ ਹੋਵੇਗਾ

ਬੁਰਾ ਹੋਵੇ ਸਿਆਸਤ ਦਾ ਨਾ ਬਖ਼ਸ਼ੇ ਬਾਲ ਵੀ ਜਿਸ ਨੇ
ਜੋ ਕੋਝਾ ਵਾਰ ਹੋਇਆ ਹੈ ਨਾ ਹੋਇਆ ਸੀ ਨਾ ਹੋਵੇਗਾ

ਲਹੂ ਪੀਂਦਾ ਰਿਹਾ ਹੈ ਆਦਮੀ ਦਾ ਆਦਮੀ ਐਪਰ
ਜੋ ਅੱਜ ਖੂੰਖਾਰ ਹੋਇਆ ਹੈ ਨਾ ਹੋਇਆ ਸੀ ਨਾ ਹੋਵੇਗਾ

ਪਸ਼ੂ ਨਾਲੋਂ ਵੀ ਕੋਝੀ ਹੋ ਗਈ ਕਰਤੂਤ ਮਾਨਸ ਦੀ
ਜੋ ਅੱਜ ਕਿਰਦਾਰ ਹੋਇਆ ਹੈ ਨਾ ਹੋਇਆ ਸੀ ਨਾ ਹੋਵੇਗਾ

ਜਨੂੰਨ ਏਨਾ ਹੈ ਮਜ਼੍ਹਬਾਂ ਦਾ ਕਿ ਦੁਨੀਆਂ ਹੋ ਗਈ ਪਾਗਲ
ਜੋ ਭੂਤ ਅਸਵਾਰ ਹੋਇਆ ਹੈ ਨਾ ਹੋਇਆ ਸੀ ਨਾ ਹੋਵੇਗਾ

ਸੁਣੇ ਜਾਂਦੇ ਨਹੀਂ ਰੋਣੇ ਗਮਾਂ ਮਾਰੀ ਲੁਕਾਈ ਦੇ
ਜੋ ਦਿਲ ਬੇਜ਼ਾਰ ਹੋਇਆ ਹੈ ਨਾ ਹੋਇਆ ਸੀ ਨਾ ਹੋਵੇਗਾ।

**-ਉਲਫ਼ਤ ਬਾਜਵਾ**

## ਵਿਛੜੀਆਂ ਰੂਹਾਂ ਦੇ ਸਵਾਲ

ਬੱਚੇ ਮਨ ਕੇ ਸੱਚੇ, ਏਹ ਸੱਚ ਸਿਆਣੇ ਕਹਿ ਗਏ ਨੇ...
ਕੀ ਮਿਲਿਆ ..? ਸਾਨੂੰ ਮਾਰਨ ਤੇ, ਕੀ ਨਾਲ ਤੁਸੀਂ ਵੀ ਲੈ ਗਏ ਵੇ...

ਕਈ ਸੁਪਨੇ ਸੀਗੇ ਸਾਡੇ ਵੀ ,
ਕੁੱਝ ਬਾਲ ਹੋਣੇ ਤੁਹਾਡੇ ਵੀ....
ਸਭ ਉੱਜੜ ਗਿਆ... ਕੁੱਝ ਪੱਲੇ ਨਈ, ਹੋ ਦਿਲ ਦੇ ਚਾਅ ਬਰਬਾਦ ਗਏ ਨੇ...
ਕੀ ਮਿਲਿਆ ..? ਸਾਨੂੰ ਮਾਰਨ ਤੇ, ਕੀ ਨਾਲ ਤੁਸੀਂ ਵੀ ਲੈ ਗਏ ਵੇ....

ਥੋਨੂੰ ਲੋਕ ਕੀ ਤਾਹਨੇ ਮਾਰਨਗੇ,
ਕਿੰਞ..!!! ਮਾਂ-ਬਾਪ ਸਾਡੇ ਸਹਾਰਣਗੇ...
ਕੁੱਲ ਦੁਨੀਆਂ ਸੋਗ ਮਨਾਇਆ ਏ, ਹਰ-ਇੱਕ ਦੇ ਦਿਲ ਕੁਰਲਾਅ ਗਏ ਨੇ...
ਕੀ ਮਿਲਿਆ ..? ਸਾਨੂੰ ਮਾਰਨ ਤੇ,ਕੀ ਨਾਲ ਤੁਸੀਂ ਵੀ ਲੈ ਗਏ ਵੇ...

'ਜੀਤਇੰਦਰ' ਪੁੱਛਦੈ ਰੱਬ ਕੋਲੋਂ, ਕੀ.. ਏਹ ਤੂੰ ਕਹਿਰ ਕਮਾਇਆ ਏ...
ਹਰ ਰੂਹ .. ਵੇਖ ਬੇ-ਵੱਸ ਹੋਈ, ਤੇ ਉਨ੍ਹਾਂ ਦੇ ਮਨ ਨੂੰ ਕੰਬਣ ਲਾਇਆ ਏ...
ਹੁਣ ਕੀਹਦਾ ਸਹਾਰਾ ਤੱਕਾਂਗੇ, ਆ ਮਨ ਵਿੱਚ ਏਹ ਖਿਆਲ ਗਏ ਨੇ......
ਕੀ ਮਿਲਿਆ ..? ਸਾਨੂੰ ਮਾਰਨ ਤੇ, ਕੀ ਨਾਲ ਤੁਸੀਂ ਵੀ ਲੈ ਗਏ ਵੇ...

**-ਜੀਤਇੰਦਰ ਸਿੰਘ ਰੁਪਾਲ**
098761-95644

## ਬੇਲਚਕ

ਉਹ ਤਾਂ ਸਾਨੂੰ ਓਥੇ ਸੁੱਟਦੇ ਹਨ
ਜਿਥੇ ਸ਼ਹੀਦ ਡਿੱਗਿਆ ਕਰਦੇ ਨੇ
ਅਤੇ ਡਿੱਗਦੇ ਆਏ ਨੇ
ਨਹਿਰਾਂ ਦਰਿਆਵਾਂ ਵਿਚ ਜਿਹੜੇ,
ਉਹੀ ਸਾਡੇ ਹਨ
ਤੇ ਕਾਨੂੰਨ ਦੇ ਸਿਵਿਆਂ ਵਿਚ
ਜਿਹੜੇ ਉਹੀ,
ਅੰਗਰੇਜ਼ ਵਾਲੇ ਹਨ
ਓਥੇ ਲੱਖਾਂ ਕਰੋੜਾਂ
ਦੇਸ਼ ਭਗਤਾਂ ਦੀ ਰਾਖ ਹੈ
ਉਨ੍ਹਾਂ ਸਰਮਾਏਦਾਰ ਤਾਂ
ਇਕ ਵੀ ਨਹੀਂ ਜਾਲਿਆ
ਉਨ੍ਹਾਂ ਤਾਂ ਜੱਟਾਂ ਸੈਣੀਆਂ ਦੇ ਪੁੱਤ
ਤੇ ਝਿਉਰ ਪਾਣੀ ਢੋਂਦੇ ਹੀ ਜਲਾਏ ਨੇ
ਤੇ ਭੱਠਿਆਂ 'ਚ ਕੋਲਾ ਪਾਉਣ ਵਾਲੇ ਲੋਕ
ਕਾਲੇ ਕਾਲੇ ਪਿਆਰੇ ਨਕਸ਼ਾਂ ਵਾਲੇ ਪੂਰਬੀ
ਉਹ ਤਾਂ ਸਾਨੂੰ ਸੁੱਟਦੇ ਨੇ
ਸਾਵੀ ਲਚਕੀਲੀ ਕਾਹੀ ਵਿਚ
ਜਾਂ ਪਹਾੜੀ ਕਿੱਕਰਾਂ ਦੀ ਮਹਿਕ ਵਿਚ
ਅਸੀਂ ਉਨ੍ਹਾਂ ਨੂੰ
ਨਾਲੀਆਂ 'ਚ
ਗੋਹਿਆਂ 'ਚ
ਕੁੱਤਿਆਂ ਥੀਂ
ਲੋਕਾਂ ਦੀਆਂ ਜੁੱਤੀਆਂ ਦੇ
ਹੇਠੋਂ ਦੀ ਘੜੀਸਾਂਗੇ
ਡਾਕੂ ਵੀ ਜੋ ਗਰੀਬਾਂ ਨੂੰ ਲੁੱਟਦੇ ਹਨ
ਉਹ ਸੰਧਾਰੇ ਪੱਕਣ ਤੋਂ ਪਹਿਲਾਂ
ਰੋਟੀਆਂ ਖੇਤਾਂ ਵੱਲ ਤੁਰਨ ਤੋਂ
ਪਹਿਲਾਂ ਲੁੱਟ ਲੈਂਦੇ ਹਨ
ਨੱਥਾਂ, ਕੰਠੀਆਂ ਤੇ ਫੁੱਲ ਲਾਹੁਣ ਵੇਲੇ ਉਹ
ਉਨ੍ਹਾਂ ਨੂੰ ਖਿਚਦੇ ਹਨ
ਬੱਚਿਆਂ ਦੇ ਕੁੜਤੇ
ਬੁੱਢਿਆਂ ਦੇ ਚੋਲੇ
ਚੁੰਨੀਆਂ ਦੇ ਚੋਲੇ
ਚੁੰਨੀਆਂ ਉਹ ਨਹੀਂ ਛੱਡਦੇ
ਵੇਖੋ ਗੋਡੇ ਭਰਨੇ,
ਵੱਡੀ ਦਸਤਾਰ ਬੰਨ੍ਹੀ
ਕੌਣ ਬੈਠਾ ਹੈ
ਇਹੀ ਭੂਮੀਆਂ ਹੈ
ਜੋ ਡਾਕੂਆਂ ਤੋਂ ਲੁਟੀਂਦੀ ਕਿਰਤ
ਕੁਝ ਨਾ ਕੁਝ
ਮੁੜ ਖੋਂਦਾ ਹੈ ਤੇ ਵੰਡ ਦਿੰਦਾ ਹੈ।

**- ਲਾਲ ਸਿੰਘ ਦਿਲ**

## ਗ਼ਜ਼ਲ

ਇਹ ਕੈਸੀ ਅੱਗ ਨਫ਼ਰਤ ਦੀ, ਦਿਲਾਂ ਵਿਚ ਭਰ ਰਹੇ ਨੇ ਉਹ,
ਕਿ ਸਾਡੇ ਨਿੱਘ ਨੂੰ ਵੀ, ਸੇਕ ਵਰਗਾ ਕਰ ਰਹੇ ਨੇ ਉਹ।

"ਤੁਹਾਡੇ ਸਿਰ ਵੀ ਢੱਕਾਂਗੇ" ਇਹ ਹਾਮੀ ਭਰ ਰਹੇ ਨੇ ਉਹ,
ਅਜੇ ਤਾਂ ਆਪਣੇ ਹੱਥ-ਪੈਰ ਨਿੱਘੇ ਕਰ ਰਹੇ ਨੇ ਉਹ।

ਠਰ੍ਹੀ ਹੋਈ ਰਾਤ, ਲੋਈ ਲੈ ਕੇ ਉੱਤੇ ਪੋਹ ਦੇ ਚਾਨਣ ਦੀ,
ਕਿ ਸਦੀਆਂ ਤੋਂ ਹੀ ਏਦਾਂ ਜਿਸਮ ਨਿੱਘਾ ਕਰ ਰਹੇ ਨੇ ਉਹ।

ਖਲਾ ਵਿਚ ਭਟਕਦੇ ਫਿਰਦੇ, ਮੇਰੇ ਜਜ਼ਬਾਤ ਹਾਲੇ ਵੀ,
ਸਜ਼ਾ ਕਿਸ ਜੁਰਮ ਦੀ ਏਡੀ, ਨਿਮਾਣੇ ਜਰ ਰਹੇ ਨੇ ਉਹ।

ਪਰਿੰਦੇ ਦੇਸ਼ ਮੇਰੇ ਦੇ ਨੇ ਕਿੰਨੇ ਬੌਖਲਾ ਚੁੱਕੇ
ਬਿਨਾਂ ਸੋਚੇ, ਬਿਨਾਂ ਸਮਝੇ, ਉਡਾਰੀ ਭਰ ਰਹੇ ਨੇ ਉਹ।

ਬੁਝਾ ਕੇ ਚੰਨ, ਸੂਰਜ ਤਾਰਿਆਂ ਦੇ ਦੀਪ ਸਭ ਹੱਥੀਂ,
ਗਗਨ ਅੰਗਾਰਿਆਂ ਦੇ ਨਾਲ ਸਾਰਾ ਭਰ ਰਹੇ ਨੇ ਉਹ।

ਬਣੇ ਨੇ ਲੋਕ ਕੰਢੀ ਦੇ ਨਿਰੇ ਹੀ ਬਰਫ਼ ਦੇ ਪੁਤਲੇ
ਤੇ ਹੋਣਾ ਰੂ-ਬ-ਰੂ ਸੂਰਜ ਦੇ ਹਿੰਮਤ ਕਰ ਰਹੇ ਨੇ ਉਹ।

**- ਸੋਮ ਦੱਤ ਦਿਲਗੀਰ**

## ਸਿੰਘੋ ਸਰਦਾਰੋ !

ਸੰਤ ਸਿਪਾਹੀਓ! ਸਿੰਘੋ ਸਰਦਾਰੋ ਉਇ
ਤੁਸੀਂ ਰਾਖੇ ਕਿਰਤਾਂ ਦੇ, ਹਿੰਮਤ ਨਾ ਹਾਰੋ ਉਇ

ਹੁਣ 'ਨਾਨਕ' ਨੇ ਮੁੜਕੇ, ਨਨਕਾਣੇ ਆਉਣਾ ਨਹੀਂ।
'ਗੋਬਿੰਦ' ਨੇ ਪਟਨੇ ਵੀ ਮੁੜ ਫੇਰਾ ਪਾਉਣਾ ਨਹੀਂ।
ਹੁਣ ਕਿਸ ਨੂੰ ਉਡੀਕ ਰਹੇ? ਉੱਠੋ ਬਲ ਧਾਰੋ ਉਇ!
ਤੁਸੀਂ ਰਾਖੇ ਕਿਰਤਾਂ ਦੇ....

ਕੋਈ 'ਅਹਿਮਦ' ਆਵੇ ਨਾ, ਕੋਈ 'ਗ਼ਜ਼ਨਵੀ' ਧਾਉਂਦਾ ਨਹੀਂ।
ਦਿੱਲੀ ਨੂੰ ਲੁੱਟਣ ਲਈ, ਕੋਈ 'ਨਾਦਰ' ਆਉਂਦਾ ਨਹੀਂ।
ਇਥੇ ਹੀ ਲੁਟੇਰੇ ਨੇ, ਜ਼ਰਾ ਝਾਤੀ ਮਾਰੋ ਉਇ!
ਤੁਸੀਂ ਰਾਖੇ ਕਿਰਤਾਂ ਦੇ....

'ਔਰੰਗਜ਼ੇਬ' ਦੇ ਜਾਏ ਜੋ, ਕੋਈ ਘੱਟ ਨਾ ਕਰਦੇ ਨੇ।
ਮੁੱਲ-ਸਿੰਘ-ਸਿਰਾਂ ਦੇ ਤਾਂ, ਇਹ ਅੱਜ ਵੀ ਧਰਦੇ ਨੇ।
ਦੁਸ਼ਮਣ ਨੂੰ ਪਛਾਓ ਲਓ, ਵੇਲਾ ਨਾ ਵਸਾਰੋ ਉਇ।
ਤੁਸੀਂ ਰਾਖੇ ਕਿਰਤਾਂ ਦੇ.....

ਵਾਰਸ ਹੋ ਦੀਪ ਸਿੰਘ ਦੇ! ਸੰਤਾਨ ਸ਼ਹੀਦਾਂ ਦੀ।
ਕਿਉਂ ਗੀਤ ਭੁਲਾ ਬੈਠੇ? 'ਬੰਦੇ' ਜਹੇ ਮੁਰੀਦਾਂ ਦੀ।
ਉਹਿ ਵੀਰੋ "ਭਗਤ" ਦਿਉ, ਵੈਰੀ ਨੂੰ ਸ਼ੰਘਾਰੋ ਉਇ!
ਤੁਸੀਂ ਰਾਖੇ ਕਿਰਤਾਂ ਦੇ, ਹਿੰਮਤ ਨਾ ਹਾਰੋ ਉਇ!

• • •

## ਸੁਨੇਹਾ

ਐ ਸੂਰਮੇਂ ਜੁਝਾਰੋ! ਕੋਈ ਬੁਲਾ ਰਿਹਾ ਹੈ
ਗੋਬਿੰਦ ਦਾ ਸੁਨੇਹਾ, ਉੱਠੋ! ਜਗਾ ਰਿਹਾ ਹੈ।

ਪੀ ਖ਼ੂਨ ਦੇ ਪਿਆਲੇ, ਬੇਹੋਸ਼ ਹੋਇਆ ਸਾਕੀ,
ਗ਼ਮਾਂ ਤੇ ਨ੍ਹੇਰਿਆਂ ਦੀ, ਹਾਲਾਂ ਹੈ ਰਾਤ ਬਾਕੀ।
ਕਿਰਤੀ ਦੇ ਮੁੜ੍ਹਕੇ ਅੰਦਰ, ਵਿਹਲੜ ਨਹਾ ਰਿਹਾ ਹੈ।
ਗੋਬਿੰਦ ਦਾ ਸੁਨੇਹਾ, ਉਠੋ! ਜਗਾ ਰਿਹਾ ਹੈ।

ਖੁਸ਼ੀਆਂ ਨੇ ਡੇਰੇ ਲਾਏ, ਮਹਿਲਾਂ ਮੁਨਾਰਿਆਂ ਵਿਚ,
ਆਈ ਬਹਾਰ ਨਾਹੀ, ਕੱਖਾਂ ਦੇ ਢਾਰਿਆਂ ਵਿਚ।
ਲਾਲੋ ਦਾ ਖ਼ੂਨ ਭਾਗੋ, ਬੁੱਲ੍ਹਾਂ ਨੂੰ ਲਾ ਰਿਹਾ ਹੈ।
ਗੋਬਿੰਦ ਦਾ ਸੁਨੇਹਾ, ਉੱਠੋ! ਜਗਾ ਰਿਹਾ ਹੈ।

ਪੈਂਦੇ ਨੇ ਅੱਖਾਂ ਸਾਹਵੇਂ, ਨਿੱਤ ਮਿਹਨਤਾਂ ਦੇ ਡਾਕੇ,
ਮਨੁੱਖਤਾ ਦੇ ਕਾਤਲ, ਦੁਹਰਾਉਣ ਖ਼ੂਨੀ ਸਾਕੇ।
ਕਿਰਤਾਂ ਤੇ ਮਾਰ ਛਾਪੇ, ਕੋਈ ਜਸ਼ਨ ਮਨਾ ਰਿਹਾ ਹੈ।
ਗੋਬਿੰਦ ਦਾ ਸੁਨੇਹਾ, ਉੱਠੋ! ਜਗਾ ਰਿਹਾ ਹੈ।

ਬੈਠੇ ਕਿਉਂ ਅਣਖ ਵੇਚੀ? ਉਠੋ! ਤਾਂ ਜੇਰਾ ਕਰਕੇ,
ਐ ਸੂਰਬੀਰੇ ਜੁਝੇ! ਸਿਰ ਨੂੰ ਤਲੀ ਤੇ ਧਰ ਕੇ।
ਮੁੱਲ ਸਿੰਘਾਂ ਦੇ ਸਿਰ ਦੇ, ਅੱਜ ਵੀ ਕੋਈ ਪਾ ਰਿਹਾ ਹੈ।
ਗੋਬਿੰਦ ਦਾ ਸੁਨੇਹਾ, ਉੱਠੋ! ਜਗਾ ਰਿਹਾ ਹੈ।

**- ਜੈਮਲ ਪੱਡਾ**

For advertisement and donations contact
**DEVINDER TOOR 416-902-9372**
**HARBANS SINGH 416-817-7142**
Email: ppapmg@gmail.com
**Om Parkash Sharma**
**647-891-8500**
Email : omjagraon@yahoo.com
**Pro-People Arts Project Media Group**
**"Sarokaran Di Awaz" Newspaper**
29 Mapleview Ave Brampton Ontario
Canada L6R 1M2
Email: ppapmg@gmail.com
Website: www.ppapmg.com


## ਸੰਪਾਦਕ ਮੰਡਲ (ਆਨਰੇਰੀ)

ਮਾ. ਭਜਨ ਸਿੰਘ ਕੈਲਗਰੀ, ਅਲਬਰਟਾ
403-455-4220
ਹਰਬੰਸ ਸਿੰਘ
416-817-7142
ਦੇਵਿੰਦਰ ਤੂਰ
416-902-9372
ਸੁਖਵਿੰਦਰ ਸਿੰਘ ਢਿੱਲੋਂ
ਜਸਪ੍ਰੀਤ ਧਾਲੀਵਾਲ
ਸੁਖਦੇਵ ਸਿੰਘ ਸੰਧੂ

ਮਾਸਟਰ ਬਲਬੀਰ ਸਿੰਘ ਗਿੱਲ
ਹਰਨੇਕ ਧਾਲੀਵਾਲ, ਵਿਨੀਪੈਗ ਮਾਨੀਟੋਬਾ
204-488-6960
ਗੁਰਬਚਨ ਸਿੰਘ ਬਰਾੜ
403-470-2628
ਬਲਜਿੰਦਰ ਸਿੰਘ
ਗ੍ਰਾਫਿਕਸ ਡਿਜ਼ਾਇਨਰ
+91-92167-29598
akashdeep.1064@gmail.com

'ਸਰੋਕਾਰਾਂ ਦੀ ਆਵਾਜ਼' ਅਖ਼ਬਾਰ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਭੂਗੋਲਿਕ ਸਥਿਤੀਆਂ ਅਤੇ ਗ੍ਰਹਿਆਂ ਨਾਲ ਜੁੜੇ ਵਹਿਮ



ਜਸਪ੍ਰੀਤ ਕੌਰ

ਸਾਡੇ ਸਮਾਜ ਵਿੱਚ ਸਾਰੇ ਤਰ੍ਹਾਂ ਦੇ ਲੋਕ ਹੁੰਦੇ ਹਨ। ਇਨ੍ਹਾਂ ਲੋਕਾਂ ਵਿੱਚ ਹੀ ਕੁਝ ਅਜਿਹੇ ਵਿਅਕਤੀ ਵੀ ਹੁੰਦੇ ਹਨ ਜਿਹੜੇ ਇਮਾਨਦਾਰੀ ਨਾਲ ਕਮਾਈ ਕਰਨ ਦੀ ਥਾਂ ਲੋਕਾਂ ਨੂੰ ਅੰਧ-ਵਿਸ਼ਵਾਸ਼ਾਂ, ਅਖੌਤੀ ਕਰਾਮਾਤਾਂ, ਵਹਿਮਾਂ-ਭਰਮਾਂ ਅਤੇ ਕਥਿਤ ਗ਼ੈਬੀ ਸ਼ਕਤੀਆਂ ਦੇ ਗੁੰਮਰਾਹਕੁਨ ਪ੍ਰਚਾਰ ਵਿੱਚ ਫਸਾ ਕੇ ਬੇਈਮਾਨੀ ਅਤੇ ਧੋਖੇ ਨਾਲ ਉਨ੍ਹਾਂ ਦਾ ਆਰਥਿਕ, ਸਰੀਰਕ ਅਤੇ ਮਾਨਸਿਕ ਸ਼ੋਸ਼ਣ ਕਰਦੇ ਹਨ। ਇਸ ਦੇ ਉਲਟ ਕੁਝ ਅਜਿਹੇ ਵੀ ਹੁੰਦੇ ਹਨ ਜਿਹੜੇ ਵਿਗਿਆਨਕ ਦ੍ਰਿਸ਼ਟੀਕੋਣ ਰੱਖਦੇ ਹੋਏ ਸਮਾਜ ਨੂੰ ਅੰਧ-ਵਿਸ਼ਵਾਸਾਂ, ਚਮਤਕਾਰਾਂ ਅਤੇ ਸਮਾਜਿਕ ਬੁਰਾਈਆਂ ਵਿਰੁੱਧ ਲਗਾਤਾਰ ਜਾਗਰੂਕ ਕਰਦੇ ਰਹਿੰਦੇ ਹਨ। ਇਹ ਲੋਕਾਂ ਨੂੰ ਗੁੰਮਰਾਹ ਕਰਕੇ ਲੁੱਟਣ ਵਾਲੀਆਂ ਪਾਖੰਡੀ ਤਾਕਤਾਂ ਦਾ ਜਨਤਕ ਪੱਧਰ ਉੱਤੇ ਪਰਦਾਫਾਸ਼ ਵੀ ਕਰਦੇ ਹਨ। ਅਜਿਹੀ ਹੀ ਵਿਗਿਆਨਕ ਸੋਚ ਰੱਖਣ ਵਾਲੇ ਉੱਘੇ ਇਨਕਲਾਬੀ ਚਿੰਤਕ ਡਾਕਟਰ ਇਬਰਾਹਮ ਥਾਮਸ ਕਾਵੂਰ ਸਨ। ਡਾਕਟਰ ਕਾਵੂਰ ਦੁਨੀਆਂ ਦੇ ਪ੍ਰਸਿੱਧ ਮਨੋਚਕਿਤਸਕ ਤੇ ਸੁਚੇਤ ਵਿਗਿਆਨੀ ਸਨ ਜਿਨ੍ਹਾਂ ਨੇ ਲਗਾਤਾਰ 50 ਸਾਲ ਹਰ ਕਿਸਮ ਦੇ ਮਾਨਸਿਕ, ਅਰਧ ਮਾਨਸਿਕ ਅਤੇ ਆਤਮਿਕ ਚਮਤਕਾਰਾਂ ਦੀ ਡੂੰਘਾਈ ਨਾਲ ਖੋਜ ਕੀਤੀ। ਉਹ ਕੇਵਲ ਇੱਕੋ ਹੀ ਵਿਅਕਤੀ ਸਨ ਜਿਨ੍ਹਾਂ ਨੂੰ ਇਸ ਖੇਤਰ ਵਿੱਚ ਖੋਜ ਕਰਨ ਬਦਲੇ ਪੀ.ਐੱਚ.ਡੀ. ਦੀ ਡਿਗਰੀ ਪ੍ਰਾਪਤ ਹੋਈ।

ਡਾ. ਕਾਵੂਰ ਦਾ ਇਹ ਵਿਚਾਰ ਸੀ ਕਿ ਜਿਹੜਾ ਮਨੁੱਖ ਆਪਣੇ ਚਮਤਕਾਰਾਂ ਦੀ ਪੜਤਾਲ ਕਰਨ ਦੀ ਆਗਿਆ ਨਹੀਂ ਦਿੰਦਾ ਉਹ ਧੋਖੇਬਾਜ਼ ਹੈ, ਜਿਸ ਵਿੱਚ ਚਮਤਕਾਰਾਂ ਦੀ ਪੜਤਾਲ ਕਰਨ ਦਾ ਹੌਸਲਾ ਨਹੀਂ ਹੁੰਦਾ ਉਹ ਲਾਈਲਗ ਹੈ ਅਤੇ ਜਿਹੜਾ ਪੜਤਾਲ ਕੀਤੇ ਤੋਂ ਬਗੈਰ ਵਿਸ਼ਵਾਸ ਕਰਦਾ ਹੈ ਉਹ ਮੂਰਖ ਹੁੰਦਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਖੌਤੀ ਚਮਤਕਾਰਾਂ, ਅੰਧ-ਵਿਸ਼ਵਾਸਾ ਅਤੇ ਜੋਤਿਸ਼ ਰਾਸ਼ੀਫਲ ਦੇ ਚੱਕਰਾਂ ਵਿੱਚ ਪਾ ਕੇ ਲੁੱਟਣ ਵਾਲੇ ਵਿਅਕਤੀਆਂ ਨੂੰ 23 ਸ਼ਰਤਾਂ ਵਾਲੀ ਚੁਣੌਤੀ ਵੀ ਦਿੱਤੀ। ਇਹ ਚੁਣੌਤੀ ਸੰਨ 1963 ਵਿੱਚ ਦਿੱਤੀ ਗਈ ਸੀ ਅੱਜ ਤਕ ਕਿਸੇ ਨੇ ਵੀ ਇਸ ਚੁਣੌਤੀ ਨੂੰ ਕਬੂਲ ਕਰਨ ਦੀ ਜੁਰਤ ਨਹੀਂ ਕੀਤੀ। ਡਾ. ਕਾਵੂਰ ਦਾ ਅਨੁਸਾਰ ਪਦਾਰਥਵਾਦ ਅਤੇ ਨਾਸਤਿਕਤਾ ਦੀ ਵਿਚਾਰਧਾਰਾ ਅਧਿਆਤਮਵਾਦ ਤੇ ਆਸਤਿਕਤਾ ਦੇ ਮੁਕਾਬਲੇ ਜ਼ਿਆਦਾ ਮਾਨਵਤਾਵਾਦੀ ਅਤੇ ਵਿਕਾਸ ਪੱਖੀ ਹੁੰਦੀ ਹੈ। ਵਿਗਿਆਨਕ ਦ੍ਰਿਸ਼ਟੀਕੋਣ ਅਪਣਾਏ ਬਿਨਾ ਕਿਸੇ ਦੇਸ਼ ਦਾ ਆਰਥਿਕ ਤੇ ਸਮਾਜਿਕ ਵਿਕਾਸ ਹੋਣਾ ਸੰਭਵ ਨਹੀਂ ਹੈ।


ਇਹ ਅਕਸਰ ਸੁਣਨ ਨੂੰ ਮਿਲਦਾ ਹੈ ਕਿ ਸਾਡਾ ਕੰਮ ਗ੍ਰਹਿਆਂ ਦੀ ਖਰਾਬ ਸਥਿਤੀ ਕਾਰਨ ਠੀਕ ਨਹੀਂ ਹੋਇਆ ਜਾਂ ਫੇਰ ਕੋਈ ਗ੍ਰਹਿ ਦੋਸ਼ ਸਾਡੇ ਉੱਪਰ ਭਾਰੀ ਚੱਲ ਰਹੇ ਹਨ। ਗ੍ਰਹਿਆਂ ਅਤੇ ਤਾਰਿਆਂ ਨੂੰ ਧਰਮ ਨਾਲ ਕਿਵੇਂ ਜੋੜਿਆ ਜਾਂਦਾ ਹੈ ਅਤੇ ਇਸ ਨਾਲ ਕਿਸ ਤਰ੍ਹਾਂ ਦੇ ਵਹਿਮ ਭਰਮ ਭਵਿੱਖ ਸਬੰਧੀ ਜੁੜੇ ਹੋਏ ਹਨ।

ਅਣਗਿਣਤ ਤਾਰਿਆਂ ਦਾ ਇੱਕ ਸਮੂਹ ਮਿਲ ਕੇ ਤਾਰਾਮੰਡਲ ਕਹਾਉਂਦਾ ਹੈ। ਜਿਸ ਤਾਰਾਮੰਡਲ ਵਿੱਚ ਸਾਡਾ ਸੂਰਜ ਅਤੇ ਇਸ ਦਾ ਪਰਿਵਾਰ ਸਥਿਤ ਹੈ, ਉਸ ਦਾ ਨਾਂ ਆਕਾਸ਼ ਗੰਗਾ ਹੈ। ਅਜਿਹੇ ਅਨੇਕਾਂ ਤਾਰਾਮੰਡਲ ਇਸ ਬ੍ਰਹਿਮੰਡ ਵਿੱਚ ਹਨ। ਵਿਗਿਆਨ ਅਨੁਸਾਰ ਸੂਰਜ ਦੇ ਆਲੇ-ਦੁਆਲੇ ਇਸ ਦੇ ਨੌਂ ਗ੍ਰਹਿ ਚੱਕਰ ਲਗਾਉਂਦੇ ਹਨ ਪਰ ਪੌਰਾਨਿਕ ਸ਼ਾਸ਼ਤਰਾਂ ਵਿੱਚ ਬ੍ਰਹਿਮੰਡ ਦਾ ਰੂਪ ਕੁਝ ਹੋਰ ਹੈ। ਉਨ੍ਹਾਂ ਅਨੁਸਾਰ ਪ੍ਰਿਥਵੀ ਕੇਂਦਰ ਹੈ ਅਤੇ ਸੂਰਜ, ਚੰਦ, ਮੰਗਲ, ਬੁੱਧ, ਗੁਰੂ, ਸ਼ੁਕਰ, ਸ਼ਨੀ ਤੇ ਦੋ ਹੋਰ ਕਾਲਪਨਿਕ ਨਾਂ ਦੇ ਰਾਹੂ ਤੇ ਕੇਤੂ ਗ੍ਰਹਿ ਹਨ ਤੇ ਇਹ ਸਾਰੇ ਧਰਤੀ ਦੀ ਪਰਕਰਮਾ ਕਰਦੇ ਹਨ। ਸੂਰਜ ਇੱਕ ਗੋਲਾਕਾਰ ਰਸਤੇ ਵਿੱਚ ਇਸ ਦੇ ਦੁਆਲੇ ਚੱਕਰ ਲਗਾ ਰਿਹਾ ਹੈ। ਸੂਰਜ ਦੇ ਇਸ ਸੰਕੇਤਕ ਨੂੰ ਕਾਂਤੀ ਵ੍ਰਤ ਕਿਹਾ ਜਾਂਦਾ ਹੈ। ਕਾਂਤੀ ਵ੍ਰਤ ਨੂੰ 12 ਬਰਾਬਰ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਹਰ ਹਿੱਸਾ 30 ਦਾ ਹੁੰਦਾ ਹੈ। ਇਹ ਬਰਾਬਰ ਹਿੱਸੇ ਰਾਸ਼ੀਆਂ ਕਹਾਉਂਦੇ ਹਨ।

ਜੋਤਸ਼ੀ ਤਾਰਿਆਂ ਦੇ ਸਮੂਹ ਨੂੰ ਨਛੱਤਰ ਕਹਿੰਦੇ ਹਨ। ਰਾਤ ਨੂੰ ਜੇ ਤਾਰਿਆਂ ਦੇ ਝੁੰਡ ਨੂੰ ਗਹੁ ਨਾਲ ਵੇਖੀਏ ਤਾਂ ਕੋਈ ਸ਼ਕਲ ਜਿਹੀ ਬਣਦੀ ਨਜ਼ਰ ਆਉਂਦੀ ਹੈ, ਇਸੇ ਸ਼ਕਲ ਨੂੰ ਹੀ ਨਛੱਤਰ ਕਹਿੰਦੇ ਹਨ। ਅਜਿਹੇ 88 ਦੇ ਕਰੀਬ ਨਛੱਤਰ ਹਨ, ਜਿਨਾਂ ਦੇ ਨਾਂ ਹਰ ਦੇਸ਼ ਅਤੇ ਭਾਸ਼ਾ 'ਚ ਵੱਖ-ਵੱਖ ਹਨ। ਇਨ੍ਹਾਂ 88 ਨਛੱਤਰਾਂ ਚੋਂ ਹੀ 12 ਰਾਸ਼ੀਆਂ ਬਣਾਈਆਂ ਗਈਆਂ ਹਨ। ਇਹ 12 ਰਾਸ਼ੀਆਂ ਤਾਰਿਆਂ ਦੇ ਝੁੰਡਾਂ ਦੀਆਂ ਕਲਪਿਤ ਕੀਤੀਆਂ ਸ਼ਕਲਾਂ ਹਨ। ਇਸ ਰਾਸ਼ੀ ਚਿੰਨ੍ਹਾਂ ਦੇ ਅਗਿਆਨ ਵਿੱਚ ਅੱਜ ਦਾ ਪੜ੍ਹਿਆ ਲਿਖਿਆ ਵਰਗ ਵੀ ਬੁਰੀ ਤਰ੍ਹਾਂ ਫਸਿਆ ਹੋਇਆ ਹੈ। ਅਸਲ ਵਿੱਚ ਜਿਹੜਾ ਆਦਮੀ ਕਿਸੇ ਗ਼ੈਬੀ ਸ਼ਕਤੀ ਸਹਾਰੇ ਆਪਣਾ ਭਵਿੱਖ ਜਾਣਨ ਲਈ ਉਤਾਵਲਾ ਹੈ, ਉਸ ਵਿੱਚ ਸਵੈ ਵਿਸ਼ਵਾਸ਼ ਦੀ ਘਾਟ ਹੁੰਦੀ ਹੈ।

**ਰਾਸ਼ੀ ਕੀ ਹੈ** : ਰਾਸ਼ੀਫਲ ਖਾਲੀ ਅਸਮਾਨ ਦੀ ਫ਼ਰਜ਼ੀ ਵੰਡ ਹੈ। ਇਸੇ ਤਰ੍ਹਾਂ ਜਨਮ ਕੁੰਡਲੀ ਵੀ ਅਕਾਸ਼ੀ ਨਛੱਤਰਾਂ ਅਤੇ ਗ੍ਰਹਿਆਂ ਦਾ ਇੱਕ ਨਕਸ਼ਾ ਹੈ ਕਿ ਜਦੋਂ ਤੁਸੀਂ ਜਨਮ ਲਿਆ, ਉਦੋਂ ਅਕਾਸ਼ੀ ਗ੍ਰਹਿ ਤੇ ਨਛੱਤਰ ਕਿਸ ਸਥਿਤੀ ਵਿੱਚ ਹਨ। ਧਰਤੀ ਸੂਰਜ ਦੁਆਲੇ ਘੁੰਮਦੀ ਹੋਣ ਕਾਰਨ ਤਾਰਿਆਂ ਅਤੇ ਗ੍ਰਹਿਆਂ ਦੀ ਸੇਧ ਬਦਲਦੀ ਰਹਿੰਦੀ ਹੈ। ਜੋਤਸ਼ੀਆਂ ਨੇ ਖਾਲੀ ਪੁਲਾੜ ਨੂੰ 12 ਹਿੱਸਿਆਂ ਵਿੱਚ ਵੰਡ ਲਿਆ ਹੈ। ਹਰ ਰਾਸ਼ੀ ਖੰਡ ਦੇ ਨੌਂ ਭਾਗ ਕਰ ਦਿੱਤੇ ਗਏ ਹਨ। ਇਸ ਤਰ੍ਹਾਂ ਅਸਮਾਨ ਨੂੰ 108 ਭਾਗਾਂ 'ਚ ਵੰਡਿਆ ਗਿਆ ਹੈ। ਇੰਨੇ ਨਾਂ ਰੱਖਣੇ ਮੁਸ਼ਕਿਲ ਹੋਣ ਕਾਰਨ ਹਰ ਭਾਗ ਦੀ ਪਛਾਣ ਰੱਖਣ ਲਈ ਸੰਸਕ੍ਰਿਤ ਦੀਆਂ 108 ਧੁਨੀਆਂ ਲੈ ਕੇ ਹਰ ਭਾਗ ਦੀ ਪਛਾਣ ਇੱਕ ਧੁਨੀ ਨਾਲ ਕੀਤੀ ਗਈ ਹੈ। ਮਿਸਾਲ ਦੇ ਤੌਰ 'ਤੇ ਕੁੰਭ ਰਾਸ਼ੀ ਲਈ ਧੁਨੀ ਗੂ, ਗੇ, ਗੋ, ਸਾ, ਸੀ, ਸੁ, ਸੇ, ਸਾ ਆਦਿ। ਜੋਤਸ਼ੀਆਂ ਨੇ ਇਸੇ ਹਿਸਾਬ ਨਾਲ ਜਨਮ ਦੇਣ ਵੇਲੇ ਧਰਤੀ ਜਿਸ ਭਾਗ 'ਚ ਹੋਵੇ ਉਸੇ ਧੁਨੀ ਨਾਲ ਸਬੰਧਤ ਨਾਂ ਰੱਖਣ ਦੀ ਤਜਵੀਜ ਕੀਤੀ। ਭਾਵ ਰਾਸ਼ੀ ਪਹਿਲਾਂ ਨਾਂ ਬਾਅਦ ਵਿੱਚ। ਹੁਣ ਸਾਡੇ ਰਾਸ਼ੀਫਲ ਦੇਖਣ ਵਾਲੇ ਇਹ ਵੀ ਨਹੀਂ ਸਮਝਦੇ ਕਿ ਉਨ੍ਹਾਂ ਦਾ ਨਾਂ ਤਾਂ ਪਹਿਲਾਂ ਰੱਖਿਆ ਹੁੰਦਾ ਹੈ ਪਰ ਰਾਸ਼ੀ ਬਾਅਦ 'ਚ ਬਣਦੀ ਹੈ। ਬਹੁਤੇ ਰਾਸ਼ੀਫਲ ਦੇਖਣ ਵਾਲਿਆਂ ਨੂੰ ਇਹ ਵੀ ਗਿਆਨ ਨਹੀਂ ਕਿ ਰਾਸ਼ੀ ਬਣਦੀ ਕਿਵੇਂ ਹੈ। ਨਛੱਤਰਾਂ ਦੀ ਸ਼ਕਲ ਧਿਆਨ ਨਾਲ ਦੇਖੋ ਤਾਂ ਤਾਰਿਆਂ ਦੀਆਂ ਬਣਦੀਆਂ ਸ਼ਕਲਾਂ ਇਸ ਤਰ੍ਹਾਂ ਨਜ਼ਰ ਆਉਣਗੀਆਂ ਜਿਵੇਂ ਤੁਲਾ ਰਾਸ਼ੀ ਦੇ ਤਾਰੇ ਤੱਕੜੀ ਵਰਗੀ ਸ਼ਕਲ ਬਣਾਉਂਦੇ ਹਨ। ਇਸ ਤਰ੍ਹਾਂ ਦੂਜੀਆਂ ਰਾਸ਼ੀਆਂ ਟਾਰਸ-ਬੱਲਦ ਤੇ ਬੱਕਰੀ, ਮੀਨ-ਮੱਛੀ, ਸਿੰਘ ਰਾਸ਼ੀ ਦੇ ਤਾਰੇ ਸ਼ੇਰ ਵਰਗੀ ਅਤੇ ਕੰਨਿਆ ਰਾਸ਼ੀ ਦੇ ਤਾਰੇ ਕੁੜੀ ਵਰਗੀ ਸ਼ਕਲ ਬਣਾਉਂਦੇ ਲਗਦੇ ਹਨ। ਇਹ ਅਸੀਂ ਸਾਰੇ ਜਾਣਦੇ ਹੀ ਹਾਂ ਕਿ ਧਰਤੀ ਸੂਰਜ ਦੁਆਲੇ ਘੁੰਮਦੀ ਹੈ ਪਰ ਜੋਤਸ਼ੀ ਕਹਿੰਦੇ ਹਨ ਕਿ ਧਰਤੀ ਸਥਿਰ ਹੈ ਅਤੇ ਸੂਰਜ ਧਰਤੀ ਦੁਆਲੇ ਚੱਕਰ ਕੱਟਦਾ ਅਤੇ 12 ਮਹੀਨਿਆਂ 'ਚ ਵੱਖ-ਵੱਖ ਰਾਸ਼ੀਆਂ ਵਿੱਚ ਦੀ ਹੁੰਦਾ ਹੋਇਆ ਆਪਣਾ ਚੱਕਰ ਪੂਰਾ ਕਰਦਾ ਹੈ। ਜੋਤਸ਼ੀਆਂ ਅਨੁਸਾਰ ਕਿਸੇ ਵੀ ਰਾਸ਼ੀ ਦੇ ਲੱਛਣ ਉਸ ਰਾਸ਼ੀ ਦੇ ਚਿੰਨ ਨਾਲ ਮਿਲਦੇ-ਜੁਲਦੇ ਹੁੰਦੇ ਹਨ ਜਿਵੇਂ ਮੀਨ ਰਾਸ਼ੀ ਵਾਲੇ ਵਿੱਚ ਮੱਛੀ ਵਰਗੀ ਚੰਚਲਤਾ, ਸਿੰਘ ਸ਼ੇਰ ਵਾਂਗ ਦਲੇਰ ਹੁੰਦਾ ਹੈ ਆਦਿ ਪਰ ਸਾਰੇ ਤਾਰੇ ਇੱਕੋ ਤਲ ਵਿੱਚ ਨਹੀ ਹੁੰਦੇ। ਇਨ੍ਹਾਂ ਵਿੱਚੋਂ ਕਈ ਤਾਰੇ ਤਾਂ ਸਾਡੇ ਸੂਰਜ ਨਾਲੋਂ ਵੀ ਸੈਂਕੜੇ ਗੁਣਾਂ ਵੱਡੇ ਹਨ ਅਤੇ ਵੱਖ ਵੱਖ ਦੂਰੀਆਂ 'ਤੇ ਸਥਿਤ ਹਨ। ਬੇਸ਼ੱਕ ਧਰਤੀ ਤੋਂ ਦੇਖਿਆਂ ਇਨ੍ਹਾਂ ਨਛੱਤਰਾਂ ਦੀ ਇੱਕ ਖ਼ਾਸ ਸ਼ਕਲ ਨਜ਼ਰ ਆਉਂਦੀ ਹੈ ਪਰ ਪੁਲਾੜ 'ਚ ਜਾ ਕੇ ਦੇਖਣ 'ਤੇ ਇਹ ਸ਼ਕਲ ਖ਼ਤਮ ਹੋ ਜਾਂਦੀ ਹੈ। ਤਾਰਿਆਂ ਦੀ ਉਮਰ ਅਰਬਾਂ ਕਰੋੜਾਂ ਵਰ੍ਹੇ ਹੁੰਦੀ ਹੈ ਅਤੇ ਹਰ ਤਾਰਾ ਨਿਸ਼ਚਤ ਗਤੀ ਨਾਲ ਕਿਸੇ ਦਿਸ਼ਾ ਵੱਲ ਗਤੀਸ਼ੀਲ ਹੁੰਦਾ ਹੈ। ਅੱਜ ਦਾ ਯੁੱਗ ਵਿਗਿਆਨ ਅਤੇ ਤਰਕ ਦਾ ਯੁੱਗ ਹੈ ਪਰ ਲਕੀਰ ਦੇ ਫ਼ਕੀਰ ਅੱਖਾਂ ਬੰਦ ਕਰ ਕੇ ਹਨੇਰਿਆਂ ਵਿੱਚ ਰਹਿ ਕੇ ਹੀ ਖ਼ੁਸ਼ ਹਨ।

ਸਾਡੇ ਸਮਾਜ ਦੀ ਤਰਾਸਦੀ ਹੈ ਕਿ ਲੋਕ ਰੱਬ ਅਤੇ ਕੁਦਰਤ ਨੂੰ ਇੱਕੋ ਸ਼ਬਦ ਸਮਝ ਲੈਂਦੇ ਹਨ ਜਦੋਂਕਿ ਕੁਦਰਤ ਇੱਕ ਠੋਸ ਹਕੀਕਤ ਹੈ ਅਤੇ ਰੱਬ ਮਹਿਜ਼ ਕਲਪਨਾ। ਕੁਦਰਤ ਸਾਡੇ ਸਾਹਮਣੇ ਵਰਤ ਰਿਹਾ ਵਰਤਾਰਾ ਹੈ। ਰੌਲਾ ਉਦੋਂ ਪੈਂਦਾ ਹੈ ਜਦੋਂ ਕੁਦਰਤ ਦੇ ਨਾਲ ਇੱਕ ਕਾਦਰ ਸਿਰਜ ਲਿਆ ਜਾਂਦਾ ਹੈ ਅਤੇ ਕਹਿ ਦਿੱਤਾ ਜਾਂਦਾ ਹੈ ਕਿ ਰੱਬ ਦੇ ਹੁਕਮ ਬਿਨਾ ਪੱਤਾ ਵੀ ਨਹੀਂ ਹਿਲਦਾ। ਵਿਗਿਆਨ ਅਨੁਸਾਰ ਭੌਤਿਕ ਬ੍ਰਹਿਮੰਡ ਵਿੱਚ ਘਟਿਤ ਹੋ ਰਹੀਆਂ ਘਟਨਾਵਾਂ ਲਈ ਕੋਈ ਰੱਬ ਜਾਂ ਹੋਰ ਜ਼ਿੰਮੇਵਾਰ ਨਹੀਂ। ਕੁਦਰਤ ਆਪਣੇ-ਆਪ ਵਿੱਚ ਸੰਪੂਰਨ ਹੈ। ਕੁਦਰਤ ਦੇ ਨਿਯਮ ਆਪਣੇ ਆਪ ਮੌਜੂਦ ਹੁੰਦੇ ਹਨ ਅਤੇ ਹਰ ਵਸਤੂ ਦੇ ਆਪਣੇ ਨਿਯਮ ਹੁੰਦੇ ਹਨ ਭਾਵ ਨਿਯਮ ਵਸਤੂਗਤ ਹੁੰਦੇ ਹਨ। ਸੂਰਜ ਦੇ ਨੌਂ ਗ੍ਰਹਿ ਗੁਰੂਤਾ ਖਿੱਚ ਕਾਰਨ ਇੱਕ ਦੂਜੇ ਨਾਲ ਬੱਝ ਕੇ ਆਪੋ-ਆਪਣੇ ਮਾਰਗਾਂ 'ਤੇ ਚੱਲ ਰਹੇ ਹਨ। ਇਨ੍ਹਾਂ ਨੌਂ ਗ੍ਰਹਿਆਂ ਦੇ 63 ਉਪਗ੍ਰਹਿਆਂ ਦਾ ਗ੍ਰਹਿਆਂ ਦੁਆਲੇ ਅਤੇ 1600 ਤੋਂ ਵੱਧ ਲਘੂ ਗ੍ਰਹਿਆਂ ਅਤੇ ਪੂਛਲ ਤਾਰਿਆਂ ਆਦਿ ਦਾ ਸੂਰਜੀ ਪਰਿਵਾਰ 'ਚ ਘੁੰਮਣਾ ਕਰੋੜਾਂ ਵਰ੍ਹੇ ਪੁਰਾਣਾ ਵਰਤਾਰਾ ਹੈ। ਧਰਤੀ ਦਾ ਆਪਣੀ ਧੁਰੀ ਦੁਆਲੇ ਘੁੰਮਣਾ, ਦਿਨ ਅਤੇ ਰਾਤ, ਹਵਾ ਦਾ ਹਲਕੇ ਪਾਸੇ ਵੱਲ ਨੂੰ ਵਗਣਾ ਤੇ ਜਨਮ-ਮੌਤ ਆਦਿ ਸਭ ਕੁਦਰਤੀ ਨਿਯਮ ਹਨ ਦੈਵੀ ਜਾਂ ਅਲੌਕਿਕ ਸ਼ਕਤੀਆਂ ਦਾ ਇਸ ਵਿੱਚ ਕੋਈ ਹੱਥ ਨਹੀਂ।






# ਪਿਸ਼ਾਵਰ 'ਚ ਬਾਲ ਵਿਦਿਆਰਥੀਆਂ ਦੇ ਕਤਲੇਆਮ ਖਿਲਾਫ਼ ਦੇਸ਼ ਭਗਤ ਕਮੇਟੀ ਵੱਲੋਂ ਆਵਾਜ਼ ਉਠਾਉਣ ਦਾ ਸੱਦਾ



ਜਲੰਧਰ : ਪਾਕਿਸਤਾਨ ਦੇ ਪੇਸ਼ਾਵਰ ਸ਼ਹਿਰ 'ਚ ਇੱਕ ਸੈਨਿਕ ਸਕੂਲ ਵਿੱਚ ਨਿਹੱਥੇ, ਬੇਦੋਸ਼ੇ ਬਾਲ-ਵਿਦਿਆਰਥੀਆਂ ਉਪਰ ਅੰਨ੍ਹੇਵਾਹ ਗੋਲੀਆਂ ਦੀ ਵਾਛੜ ਕਰਕੇ ਵਹਿਸ਼ੀਆਨਾ ਕਤਲੇਆਮ ਮਚਾਉਣ ਦੀ ਕਾਰਵਾਈ ਦਾ ਤਿੱਖਾ ਵਿਰੋਧ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਨੇ ਇਸਨੂੰ ਸਿਰੇ ਦੀ ਅਣਮਨੁੱਖੀ ਕਾਰਵਾਈ ਕਰਾਰ ਦਿੰਦਿਆਂ ਮ੍ਰਿਤਕਾਂ ਦੇ ਪਰਿਵਾਰਾਂ ਅਤੇ ਸਾਕ-ਸਬੰਧੀਆਂ ਨਾਲ ਅਸਹਿ ਦੁੱਖ ਦੀ ਘੜੀ ਅੰਗ-ਸੰਗ ਖੜ੍ਹੇ ਹੋਣ ਦਾ ਅਹਿਦ ਕੀਤਾ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ, ਜਨਰਲ ਸਕੱਤਰ ਡਾ. ਰਘਬੀਰ ਕੌਰ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਮੇਟੀ ਤਰਫੋਂ ਲਿਖਤੀ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਸਿਰਫ਼ ਪੇਸ਼ਾਵਰ ਹੀ ਨਹੀਂ ਬਲੋਚਿਸਤਾਨ ਦਾ ਖੇਤਰ, ਫਲਸਤੀਨ ਅਤੇ ਵਿਸ਼ੇਸ਼ ਕਰਕੇ ਦੱਖਣੀ ਏਸ਼ੀਆ ਦਾ ਪੂਰਾ ਖਿੱਤਾ ਫ਼ਿਰਕੂ ਫਾਸ਼ੀ ਤਾਕਤਾਂ ਅਤੇ ਸਾਮਰਾਜੀ ਤਾਕਤਾਂ ਦੇ ਇਸ਼ਾਰਿਆਂ 'ਤੇ ਕੰਮ ਕਰਦੀਆਂ ਹਕੂਮਤਾਂ ਦੀ ਦੋਵੱਲੀ ਦਹਿਸ਼ਤਗਰਦੀ ਦੇ ਤੰਦੂਰ 'ਚ ਭੁੱਜ ਰਿਹਾ ਹੈ। ਇਸ ਫਸਵੇਂ ਟਕਰਾਅ 'ਚ ਇਹ ਤਾਕਤਾਂ ਆਪਣੇ ਸੌੜੇ, ਸਿਆਸੀ, ਲੋਕ-ਦੋਖੀ ਮੰਤਵਾਂ ਦੀ ਪੂਰਤੀ ਲਈ ਆਮ ਲੋਕਾਂ, ਔਰਤਾਂ, ਬੱਚਿਆਂ, ਬੇਗੁਨਾਹ ਲੋਕਾਂ ਅਤੇ ਜਮਹੂਰੀ, ਦੇਸ਼-ਭਗਤ ਤਾਕਤਾਂ ਨੂੰ ਆਪਣੇ ਹਮਲੇ ਦਾ ਨਿਸ਼ਾਨਾ ਬਣਾਉਂਦੀਆਂ ਹਨ।

ਦੇਸ਼ ਭਗਤ ਕਮੇਟੀ ਨੇ ਪੇਸ਼ਾਵਰ ਸਮੇਤ ਕਿਤੇ ਵੀ ਨਿਰਦੋਸ਼ ਲੋਕਾਂ ਉਪਰ ਕਿਸੇ ਧਿਰ ਵੱਲੋਂ ਵੀ ਅਜੇਹਾ ਕਹਿਰ ਢਾਹੁਣ ਵਿਰੁੱਧ ਸਮੇਂ ਸਮੇਂ ਆਵਾਜ਼ ਉਠਾਉਣ ਦੀ ਲੋਕਾਂ ਨੂੰ ਅਪੀਲ ਕੀਤੀ ਹੈ।







